Reo-Bankowned Properties
From San Jose to Sacramento
Call Master of Winners in Multiple Offers
510-304-9292
JASSI GILL
Broker/Owner
GOLDEN STATE REALTY

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
➡ਨੌਵੀਂ ਸਰਕਟ ਕੋਰਟ ➡ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ ➡ਇਮੀਗ੍ਰੇਸ਼ਨ ਕੋਰਟ ਦੇ ਕੇਸ
➡ਡਿਪੋਰਟੇਸ਼ਨ ਦੇ ਕੇਸ ➡ਫੈਮਿਲੀ ਪਟੀਸ਼ਨਾਂ ➡ਲੇਬਰ ਦੇ ਕੇਸ ➡ਅਮੈਰਿਕਨ ਅੰਬੈਸੀ ਦੇ ਕੇਸ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192
ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com

Tenth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 10, Issue 52, December 26, 2009 20451 N Plum Grove Rd. Palatine, IL 60074 Ph:847-359-0746, Fax:847-705-9388


## ਲੀਡਰਸ਼ਿਪ ਦੀ ਤਬਦੀਲੀ ਨਾਲ ਅਡਵਾਨੀ ਤੇ ਆਰ ਐਸ ਐਸ ਵਿਚ ਖਿੱਚੋਤਾਣ ਰੁਕੀ

**ਪੰਜਾਬ ਟਾਈਮਜ਼ ਬਿਊਰੋ**

**ਨਵੀਂ ਦਿੱਲੀ:** ਰਾਸ਼ਟਰੀ ਸਵੈਮ ਸੇਵਕ ਸੰਘ (ਆਰ ਐਸ ਐਸ) ਅਤੇ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਵਿਚਾਲੇ ਪਿਛਲੇ 7 ਮਹੀਨਿਆਂ ਤੋਂ ਚਲੀ ਆ ਰਹੀ ਖਿੱਚੋਤਾਣ ਲੀਡਰਸ਼ਿਪ ਵਿਚ ਤਬਦੀਲੀ ਕੀਤੇ ਜਾਣ ਨਾਲ ਘੱਟੋ ਘੱਟ ਹਾਲ ਦੀ ਘੜੀ ਮੁੱਕ ਗਈ ਜਾਪਦੀ ਹੈ। ਇਸ ਖਿੱਚੋਤਾਣ ਦਾ ਅੰਤ ਆਰ ਐਸ ਐਸ ਦੀ ਪਸੰਦ ਨਿਤਿਨ ਗਡਕਰੀ ਦੀ ਭਾਜਪਾ ਪ੍ਰਧਾਨ ਵਜੋਂ ਨਿਯੁਕਤੀ ਨਾਲ ਹੋਇਆ ਹੈ। ਭਾਰਤੀ ਜਨਤਾ ਪਾਰਟੀ ਵਿਚ ਲੀਡਰਸ਼ਿਪ ਦੀ ਤਬਦੀਲੀ ਸੰਬੰਧੀ ਚਲ ਰਹੀ ਖਿੱਤੋਚਾਣ ਨੇ ਆਪਣਾ ਸਿਖਰ ਉਦੋਂ ਛੋਹ ਲਿਆ ਜਦੋਂ ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਨੂੰ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਹਟਾ ਕੇ ਸੁਸ਼ਮਾ ਸਵਰਾਜ ਨੂੰ ਲੋਕ ਸਭਾ 'ਚ ਅਤੇ ਸ੍ਰੀ ਅਰੁਣ ਜੇਤਲੀ ਨੂੰ ਰਾਜ ਸਭਾ 'ਚ ਵਿਰੋਧੀ ਧਿਰ ਦਾ ਨੇਤਾ ਤੇ ਸ੍ਰੀ ਰਾਜਨਾਥ ਦੀ ਥਾਂ ਨੌਜਵਾਨ ਨੇਤਾ ਸ੍ਰੀ ਨਿਤਿਨ ਗਡਕਰੀ ਨੂੰ ਭਾਜਪਾ ਦਾ ਪ੍ਰਧਾਨ ਬਣਾ ਦਿੱਤਾ ਗਿਆ। ਇੰਜ ਸੰਘ ਦੇ ਮੁਖੀ ਸ੍ਰੀ ਮੋਹਨ ਭਾਗਵਤ ਨੇ ਆਪਣਾ ਏਜੰਡਾ ਪੂਰਾ ਕਰ ਲਿਆ।



ਨਿਤਿਨ ਗਡਕਰੀ



ਸੁਸ਼ਮਾ ਸਵਰਾਜ ਅਡਵਾਨੀ ਤੋਂ ਆਸ਼ੀਰਵਾਦ ਲੈਂਦੇ ਹੋਏ

ਸੰਘ ਆਗੂ ਸ੍ਰੀ ਮੋਹਨ ਭਾਗਵਤ ਜਦੋਂ ਤੋਂ ਸੰਘ ਦੇ ਮੁਖੀ ਬਣੇ ਹਨ, ਉਦੋਂ ਤੋਂ ਹੀ ਉਨ੍ਹਾਂ ਨੇ ਮੀਡੀਆ ਨਾਲ ਇੰਟਰਵਿਊ 'ਚ ਇਹ ਗੱਲ ਵਾਰ-ਵਾਰ ਕਹੀ ਕਿ ਸੰਘ ਭਾਜਪਾ ਦੇ ਮਾਮਲਿਆਂ 'ਚ ਕਿਸੇ ਤਰ੍ਹਾਂ ਦੀ ਦਖਲਅੰਦਾਜ਼ੀ ਨਹੀਂ ਕਰਦਾ, ਭਾਜਪਾ ਨੇਤਾ ਆਪਣਾ ਸੰਘ ਦਾ ਪਿਛੋਕੜ ਹੋਣ ਕਰਕੇ ਜ਼ਰੂਰ ਉਨ੍ਹਾਂ ਤੋਂ ਸਲਾਹ ਲੈਣ ਆ ਜਾਂਦੇ ਹਨ। ਨਾਲ ਹੀ ਉਹ ਇਹ ਵੀ ਕਹਿੰਦੇ ਰਹੇ ਕਿ ਭਾਜਪਾ ਵਿਚ ਹੁਣ ਯੂਥ ਲੀਡਰਸ਼ਿਪ ਨੂੰ ਲਿਆਂਦਾ ਜਾਣਾ ਚਾਹੀਦਾ ਹੈ ਤੇ ਇਹ ਲੀਡਰਸ਼ਿਪ ਦਿੱਲੀ ਤੋਂ ਬਾਹਰਲੀ ਤੇ 60 ਸਾਲ ਤੋਂ ਘੱਟ ਉਮਰ ਦੀ ਹੋਣੀ ਚਾਹੀਦੀ ਹੈ। ਇਨ੍ਹਾਂ ਹੀ ਚਰਚਿਆਂ ਦਰਮਿਆਨ ਨਿਤਿਨ ਗਡਕਰੀ ਨੂੰ ਭਾਜਪਾ ਦਾ ਨਵਾਂ ਪ੍ਰਧਾਨ ਬਣਾਏ ਜਾਣ ਦੇ ਚਰਚੇ ਵੀ ਸ਼ੁਰੂ ਹੋ ਗਏ ਸਨ। ਕਈ ਹੋਰਾਂ ਬਾਰੇ ਵੀ ਚਰਚਾ ਚਲਦੀ ਰਹੀ।

52 ਸਾਲਾ ਨਿਤਿਨ ਗਡਕਰੀ ਭਾਜਪਾ ਦੇ ਹੁਣ ਤਕ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਹਨ।

(ਬਾਕੀ ਸਫਾ 7 ਉਤੇ)

## ਮਹਿੰਗਾਈ ਨੇ ਅਤਿ ਚੁੱਕੀ

**ਨਵੀਂ ਦਿੱਲੀ:** ਆਲੂ ਅਤੇ ਦਾਲਾਂ ਦੀਆਂ ਵਧ ਰਹੀਆਂ ਕੀਮਤਾਂ ਨੇ ਦਸੰਬਰ ਦੇ ਪਹਿਲੇ ਹਫ਼ਤੇ ਵਿਚ ਖ਼ੁਰਾਕੀ ਵਸਤਾਂ ਦੀ ਮਹਿੰਗਾਈ ਦਰ ਨੂੰ ਵਧਾ ਕੇ 19.95 (ਕਰੀਬ 20 ਫੀਸਦੀ) ਤੱਕ ਪਹੁੰਚਾ ਦਿੱਤਾ ਹੈ। ਜ਼ਿਕਰਯੋਗ ਹੈ ਕਿ ਪਿਛਲੇ ਹਫ਼ਤੇ ਇਹ ਦਰ 19.05 ਫੀਸਦੀ ਸੀ। ਇਸ ਅਸਮਾਨ ਛੂੰਹਦੀ ਮਹਿੰਗਾਈ ਨੇ ਲੋਕਾਂ ਦੇ ਨੱਕ ਵਿਚ ਦਮ ਕਰ ਦਿੱਤਾ ਹੈ। ਸੰਸਦ ਵਿਚ ਵੀ ਪਿਛਲੇ ਹਫਤੇ ਮਹਿੰਗਾਈ ਦਾ ਮੁੱਦਾ ਭਾਰੂ ਰਿਹਾ ਅਤੇ ਮੰਤਰੀ ਵਧ ਰਹੀ ਮਹਿੰਗਾਈ ਦੇ ਕਾਰਨ ਲੱਭਣ ਲਈ ਅੱਕੀਂ ਪਲਾਹੀਂ ਹੱਥ ਮਾਰਦੇ ਦੇਖੇ ਗਏ।

ਦੱਸਣਯੋਗ ਹੈ ਕਿ ਆਲੂ ਦੀ ਕੀਮਤ ਸਾਲਾਨਾ ਆਧਾਰ 'ਤੇ 136 ਫੀਸਦੀ ਭਾਵ ਦੁੱਗਣੇ ਤੋਂ ਵੀ ਜ਼ਿਆਦਾ ਵਧੀ ਹੈ। ਇਸੇ ਦੌਰਾਨ ਦਾਲਾਂ ਵਿਚ 40 ਫੀਸਦੀ ਤੋਂ ਵਧ ਤੇ ਪਿਆਜ਼ ਦੀਆਂ ਕੀਮਤਾਂ ਵਿਚ 15.4 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਇਸ ਹਫ਼ਤੇ ਦੌਰਾਨ ਮਾਂਹ ਅਤੇ ਮਸਾਲੇ ਦੀਆਂ ਕੀਮਤਾਂ 3-3 ਫੀਸਦੀ ਵਧੀਆਂ ਹਨ, ਜਦਕਿ ਦੁੱਧ ਦੀ ਕੀਮਤ 'ਚ 2 ਫੀਸਦੀ ਵਾਧਾ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਮੱਕੀ, ਜੌਂਅ, ਸੂਰ ਦਾ ਮੀਟ, ਮਸਰੀ ਅਤੇ ਕਣਕ ਦੀ ਕੀਮਤ ਵਿਚ 1 ਫੀਸਦੀ ਵਾਧਾ ਹੋਇਆ ਹੈ। ਜਾਰੀ ਅੰਕੜਿਆਂ ਮੁਤਾਬਕ ਪੋਲਟਰੀ ਫਾਰਮ ਦੀ ਮੁਰਗੀ ਦੀ ਕੀਮਤ 'ਚ 10 ਫੀਸਦੀ ਅਤੇ ਚਾਹ ਦੀ ਕੀਮਤ 'ਚ 2 ਫੀਸਦੀ ਗਿਰਾਵਟ ਆਈ ਹੈ। ਜਦੋਂ ਕਿ ਗੈਰ ਖ਼ੁਰਾਕੀ ਵਸਤੂਆਂ ਵਿਚ ਕੱਚਾ ਸਣ 11 ਫੀਸਦੀ ਅਤੇ ਸਰ੍ਹੋਂ ਦੀ ਕੀਮਤ 'ਚ 4 ਫੀਸਦੀ ਵਾਧਾ ਹੋਇਆ ਹੈ। ਬੀਤੇ ਹਫ਼ਤੇ ਦੌਰਾਨ ਜਹਾਜ਼ੀ ਬਾਲਣ ਦੀਆਂ ਕੀਮਤਾਂ 'ਚ ਗਿਰਾਵਟ ਆਉਣ ਕਾਰਨ ਬਾਲਣ ਦੇ ਥੋਕ ਮੁੱਲ ਸੂਚਕ ਅੰਕ 'ਚ ਗਿਰਾਵਟ ਦਰਜ ਕੀਤੀ ਗਈ ਹੈ।

ਮਹਿੰਗਾਈ ਦੇ ਮੁੱਦੇ 'ਤੇ ਪੂਰੀ ਤਰ੍ਹਾਂ ਇਕਜੁੱਟ ਵਿਰੋਧੀ ਧਿਰ ਅਤੇ ਵੱਖਰੇ ਤੇਲੰਗਾਨਾ ਸੂਬੇ ਦੇ ਗਠਨ ਵਿਰੁਧ ਧੜਿਆਂ 'ਚ ਵੰਡੇ ਲੋਕ ਸਭਾ ਮੈਂਬਰਾਂ ਨੇ ਬੀਤੀ 17 ਦਸੰਬਰ ਨੂੰ ਲੋਕ ਸਭਾ ਦੇ ਦੋਹਾਂ ਸਦਨਾਂ ਵਿਚ ਜ਼ਬਰਦਸਤ ਹੰਗਾਮਾ ਕੀਤਾ ਜਿਸ ਕਾਰਨ ਲੋਕ ਸਭਾ ਦੀ ਕਾਰਵਾਈ

(ਬਾਕੀ ਸਫਾ 3 ਉਤੇ)

## ਪੰਜਾਬ ਦੀ ਸਿਆਸਤ 'ਚ ਕਸ਼ਮਕਸ਼ ਵਧੀ

**ਬਿੰਦਰ ਬਸਰਾ**

ਲੁਧਿਆਣਾ ਕਾਂਡ ਅਤੇ ਪੰਜਾਬ ਅਸੰਬਲੀ ਵਿਚ ਸੱਤਾਧਾਰੀ ਧਿਰ ਅਤੇ ਮੁੱਖ ਵਿਰੋਧੀ ਪਾਰਟੀ ਕਾਂਗਰਸ ਵਿਚਾਲੇ ਹੋਈ ਪੱਗੋ-ਲੱਥੀ ਨੇ ਪੰਜਾਬ ਦੀ ਸਿਆਸਤ ਨੂੰ ਗਰਮਾ ਦਿੱਤਾ ਹੈ। ਪੰਜਾਬ ਵਿਚ ਪਰਵਾਸੀ ਮਜ਼ਦੂਰਾ ਦਾ ਮਾਮਲਾ ਵੀ ਭਖ ਰਿਹਾ ਹੈ। ਦੋਵੇਂ ਮੁੱਖ ਸਿਆਸੀ ਪਾਰਟੀਆਂ ਜਿਥੇ ਇਕ ਦੂਜੇ ਨੂੰ ਘੇਰਨ ਲਈ ਕੋਈ ਮੌਕਾ ਹੱਥੋਂ ਨਹੀਂ ਖੁੰਝਾਉਣਾ ਚਾਹੁੰਦੀਆਂ ਉਥੇ ਉਨ੍ਹਾਂ ਦੀ ਆਪਸੀ ਧੜੇਬੰਦੀ ਵੀ ਉਸੇ ਸਰਗਰਮੀ ਨਾਲ ਉਭਰ ਕੇ ਸਾਹਮਣੇ ਆ ਰਹੀ ਹੈ। ਪੰਜਾਬ ਕਾਂਗਰਸ ਦੀ ਪਾਟੋਧਾੜ ਕਾਰਨ ਇਕ ਧਿਰ ਦੂਜੀ ਵਿਰੁਧ ਇਲਜ਼ਾਮਬਾਜ਼ੀ ਕਰਕੇ ਨਾ ਸਿਰਫ ਪਾਰਟੀ ਦਾ ਨੁਕਸਾਨ ਕਰ ਰਹੀ ਹੈ ਸਗੋਂ ਕਾਂਗਰਸ ਹਾਈ ਕਮਾਨ ਲਈ ਵੀ ਚੁਣੌਤੀ ਤੇ ਸਿਰਦਰਦੀ ਵੀ ਪੈਦਾ ਕੀਤੀ ਜਾ ਰਹੀ ਹੈ। ਸੱਤਾਧਾਰੀ ਅਕਾਲੀ ਦਲ, ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੂੰ ਪੰਜਾਬ 'ਚ ਆਪਣਾ ਸਿਆਸੀ ਆਧਾਰ ਕਾਇਮ ਕਰਨ ਤੋਂ ਰੋਕਣ ਲਈ ਅੱਡੀ ਚੋਟੀ ਦਾ ਜ਼ੋਰ ਲਾ ਰਿਹਾ ਹੈ।

ਲੁਧਿਆਣਾ 'ਚ ਪਿਛਲੇ ਦਿਨੀਂ ਪਰਵਾਸੀ ਮਜ਼ਦੂਰਾਂ ਅਤੇ ਆਸ਼ੂਤੋਸ਼ ਦੇ ਸਮਾਗਮ ਨੂੰ ਲੈ ਕੇ ਹੋਈਆਂ ਹਿੰਸਕ ਘਟਨਾਵਾਂ ਬਾਰੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਵਲੋਂ ਨਿਯੁਕਤ ਕੀਤੇ ਗਏ ਜੰਮੂ-ਕਸ਼ਮੀਰ ਹਾਈਕੋਰਟ ਦੇ ਸਾਬਕਾ

(ਬਾਕੀ ਸਫਾ 7 ਉਤੇ)

Delo
Mobil Delvac
GILL EXPRESS
WASH, TIRE & REPAIR
CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO
RIPON @ HWY 99, EXIT JACK TONE @ JIMCO
WESTLEY @ HWY 5, JOE'S TRAVEL PLAZA
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of Manpreet S. Gahra
*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com


ੴ ਸਤਿਗੁਰ ਪ੍ਰਸਾਦਿ

ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥

# ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਕੈਲੀਫੋਰਨੀਆ

**ਫਤਹਿਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਦਸ਼ਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਜੀ,ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਕੁਰਬਾਨੀ ਦੀ ਯਾਦ ਵਿਚ**

# ਸ਼ਹੀਦੀ ਜੋੜ ਮੇਲਾ






*ਗੁਰੂ ਪਿਆਰੀ ਸਾਧ ਸੰਗਤ ਜੀ,*
*ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥*
*ਆਪ ਜੀ ਦੀ ਸੇਵਾ ਵਿਚ ਸਨਿਮਰ ਬੇਨਤੀ ਕੀਤੀ ਜਾਂਦੀ ਹੈ ਕਿ ਫਤਹਿਗੜ੍ਹ ਸਾਹਿਬ ਇਲਾਕੇ ਦੀਆਂ ਸਮੂਹ ਸੰਗਤਾਂ ਵਲੋਂ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਾਰ ਸਿੰਘ ਜੀ, ਬਾਬਾ ਫਤਹਿ ਸਿੰਘ ਜੀ ਅਤੇ ਮਾਤਾ ਗੁਜਰੀ ਜੀ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ) ਵਿਖੇ ਸ਼ਹੀਦੀ ਜੋੜ ਮੇਲਾ ਮਨਾਇਆ ਜਾ ਰਿਹਾ ਹੈ। ਸਮੂਹ ਸਾਧ ਸੰਗਤ ਨੂੰ ਹੁੰਮ ਹੁੰਮਾ ਕੇ ਪ੍ਰੋਗਰਾਮ ਅਨੁਸਾਰ ਪਹੁੰਚਣ ਦੀ ਬੇਨਤੀ ਕੀਤੀ ਜਾਂਦੀ ਹੈ।*

## ਪ੍ਰੋਗਰਾਮ ਦਾ ਵੇਰਵਾ

ਅਰੰਭ ਸ੍ਰੀ ਅਖੰਡ ਪਾਠ
**25 ਦਸੰਬਰ, 2009** (ਸਵੇਰੇ 11:00 ਵਜੇ)
ਭੋਗ ਸ੍ਰੀ ਅਖੰਡ ਪਾਠ
**27 ਦਸੰਬਰ, 2009** (ਸਵੇਰੇ 10:00 ਵਜੇ)

ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਸਵੇਰੇ 10 ਵਜੇ ਤੋਂ ਬਾਅਦ ਦੁਪਹਿਰ 2 ਵਜੇ ਤੱਕ ਭਾਰੀ ਦੀਵਾਨ ਸਜਣਗੇ ਜਿਸ ਵਿਚ ਪੰਥ ਦੇ ਮਹਾਨ ਕੀਰਤਨੀ ਜਥੇ, ਕਥਾਵਾਚਕ ਅਤੇ ਢਾਡੀ ਜਥੇ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

### ਪਹੁੰਚ ਰਹੇ ਜਥਿਆਂ ਵਿਚ

ਭਾਈ ਕੋਮਲ ਸਿੰਘ 'ਕੋਮਲ' ਨਾਭੇ ਵਾਲੀਆਂ ਬੀਬੀਆਂ ਦਾ ਢਾਡੀ ਜਥਾ
ਭਾਈ ਕੁਲਵੰਤ ਸਿੰਘ, ਭਾਈ ਗੁਰਦੀਪ ਸਿੰਘ, ਭਾਈ ਮਹਿੰਦਰਪਾਲ ਸਿੰਘ ਅਤੇ ਭਾਈ ਪ੍ਰਭਪ੍ਰੀਤ ਸਿੰਘ ਦਾ ਕੀਰਤਨੀ ਜਥਾ
ਭਾਈ ਮਹੇਸ਼ ਸਿੰਘ ਜੀ ਕਥਾਵਾਚਾਕ
ਖਾਲਸਾ ਸਕੂਲ ਸੈਨ ਹੋਜ਼ੇ ਦੇ ਬੱਚਿਆਂ ਦਾ ਜਥਾ
ਹਜ਼ੂਰੀ ਰਾਗੀ ਜਥਾ ਗੁਰਦੁਆਰਾ ਸੈਨ ਹੋਜ਼ੇ

### ਗੁਰੂ ਪੰਥ ਦੇ ਦਾਸ

ਬਲਵਿੰਦਰ ਸਿੰਘ, ਸੁਖਵਿੰਦਰ ਸਿੰਘ 'ਗੋਗੀ', ਜਸਪਾਲ ਸਿੰਘ ਪਾਲ, ਇੰਦਰਜੀਤ ਸਿੰਘ, ਹਰਜੀਤ ਸਿੰਘ, ਰਜਿੰਦਰ ਸਿੰਘ ਸੇਖੋਂ, ਹਰਵਿੰਦਰ ਸਿੰਘ ਔਜਲਾ, ਗੁਰਜੀਤ ਸਿੰਘ ਝਾਮਪੁਰ, ਭੁਪਿੰਦਰ ਸਿੰਘ ਚੀਮਾ, ਦਲਜੀਤ ਸਿੰਘ 'ਮਾਵੀ', ਮਨੀ ਜੈਲਦਾਰ, ਸਤਵਿੰਦਰ ਸਿੰਘ, ਨਿਰਭੈ ਸਿੰਘ, ਬਲਿਹਾਰ ਸਿੰਘ, ਇੰਦਰ ਸਿੰਘ, ਜਸਵਿੰਦਰ ਸਿੰਘ 'ਸੇਖੋਂ', ਕੁਲਦੀਪ ਸਿੰਘ, ਰਣਜੀਤ ਸਿੰਘ 'ਪੀਟਰ', ਮੇਹਰ ਸਿੰਘ ਬੱਬੂ, ਰਜਿੰਦਰ ਸਿੰਘ, ਦੀਪ ਇੰਦਰ, ਜੋਗਾ ਸਿੰਘ ਬਾਠ, ਗੁਰਸ਼ਰਨ ਸਿੰਘ, ਰਘਵੀਰ ਸਿੰਘ, ਸੁਖਵਿੰਦਰ ਸਿੰਘ ਸੱਦੋ ਮਾਜਰਾ, ਪ੍ਰਤਾਪ ਸਿੰਘ ਮਿੱਠੂ, ਬਾਲੂ ਪ੍ਰਧਾਨ ਜੀ, ਸੁਰਿੰਦਰ ਸਿੰਘ ਲੰਬੜਦਾਰ, ਸੁਰਜੀਤ ਸਿੰਘ ਸੋਹ ਲਖਵਿੰਦਰ ਸਿੰਘ 'ਪੂਨੀਆ', ਤੇਜਵੀਰ ਸਿੰਘ, ਗੁਰਤੇਜ ਸਿੰਘ ਤੇਜੀ, ਗੁਰਬੀਰ ਸਿੰਘ ਗਿੱਲ, ਦੀਦਾਰ ਸਿੰਘ, ਕੁਲਦੀਪ ਸਿੰਘ ਮਨਹੇੜਾ, ਰਣਧੀਰ ਸਿੰਘ ਬਾਰਕ, ਹਰਜੋਤ ਸਿੰਘ ਜੋਤੀ, ਸੁਰਜੀਤ ਸਿੰਘ ਬਰਾੜ, ਅਰਜਨ ਸਿੰਘ, ਬਲਦੇਵ ਸਿੰਘ, ਕੁਲਵੰਤ ਸਿੰਘ 'ਜੰਡੀਰ', ਮਨਜੀਤ ਕੁਲਵੰਤ ਸਿੰਘ, ਹਰਦੇਵ ਸਿੰਘ ਜੰਡਾਲੀ, ਬਲਵਿੰਦਰ ਸਿੰਘ 'ਰਾਜੂ' ਬਲਵੀਰ ਸਿੰਘ, ਕੰਵਲ ਸਿੰਘ, ਅੰਮ੍ਰਿਤਪਾਲ ਸਿੰਘ, ਸੁਰਜੀਤ ਸਿੰਘ ਮਾਛੀਵਾੜਾ, ਰਘਵੀਰ ਸਿੰਘ ਮੁੰਡੀ, ਮਨਮੋਹਨ, ਗੁਰਵਿੰਦਰ ਸਿੰਘ, ਬਲਜਿੰਦਰ ਸਿੰਘ, ਮੋਹਣ ਸਿੰਘ, ਰਾਜਵਿੰਦਰ ਸਿੰਘ ਟਿਵਾਣਾ, ਹਰਦੀਪ, ਸਤਵਿੰਦਰ ਸਿੰਘ, ਪਰਮਜੀਤ ਸਿੰਘ, ਜਸਵਿੰਦਰ ਸਿੰਘ ਨਡਿਆਲੀ, ਕੁਲਵੰਤ ਸਿੰਘ ਬਾਈ, ਸਰਦਾਰਾ ਸਿੰਘ ਮਨਹੇੜਾ, ਹਰਬੰਸ ਸਿੰਘ, ਗੁਰਦਿਆਲ ਸਿੰਘ, ਮਲਕੀਤ ਸਿੰਘ

**ਹੋਰ ਜਾਣਕਾਰੀ ਲਈ ਸੰਪਰਕ ਕਰੋ:408-648-6774 ਜਾਂ 408-513-7441**

# ਉਪ ਰਾਜਪਾਲ ਇਕਬਾਲ ਸਿੰਘ ਨੂੰ ਆਨਰੇਰੀ ਡਾਕਟਰ ਦੀ ਡਿਗਰੀ

**ਪਾਂਡੀਚੇਰੀ (ਪੰਜਾਬ ਟਾਈਮਜ਼ ਬਿਊਰੋ):** ਪਾਂਡੀਚੇਰੀ ਦੇ ਲੈਫਟੀਨੈਂਟ ਗਵਰਨਰ ਸ੍ਰੀ ਇਕਬਾਲ ਸਿੰਘ ਨੂੰ ਪਾਂਡੀਚੇਰੀ ਯੂਨੀਵਰਸਿਟੀ ਵਲੋਂ 'ਡਾਕਟਰ ਆਫ ਲੈਟਰਜ਼' ਦੀ ਆਨਰੇਰੀ ਡਿਗਰੀ ਨਾਲ ਨਿਵਾਜਿਆ ਗਿਆ ਹੈ। ਇਹ ਡਿਗਰੀ ਉਨ੍ਹਾਂ ਨੂੰ



ਪਿਛਲੇ ਦਿਨੀਂ ਯੂਨੀਵਰਸਿਟੀ ਦੀ ਸਾਲਾਨਾ ਕਨਵੋਕੇਸ਼ਨ ਵਿਚ ਦਿੱਤੀ ਗਈ। ਸ੍ਰੀ ਇਕਬਾਲ ਸਿੰਘ ਸੈਕਰਾਮੈਂਟੋ ਰਹਿੰਦੇ ਵਿਸ਼ਵ ਪ੍ਰਸਿਧ ਫੋਟੋਗ੍ਰਾਫਰ ਸ. ਹਰਭਜਨ ਸਿੰਘ ਦੇ ਮਾਮਾ ਜੀ ਹਨ।

ਇਕ ਆਜ਼ਾਦੀ ਸੰਗਰਾਮੀਏ ਪਰਿਵਾਰ ਵਿਚ 4 ਜੂਨ 1945 ਨੂੰ ਜਨਮੇ ਸ੍ਰੀ ਇਕਬਾਲ ਸਿੰਘ ਨੇ 1978 ਵਿਚ ਪੰਜਾਬ ਯੂਨੀਵਰਸਿਟੀ ਤੋਂ ਬੀ.ਏ. ਕੀਤੀ ਅਤੇ 1978 ਵਿਚ ਕਿਊਬਾ ਵਿਚ ਹੋਏ ਇੰਟਰਨੈਸ਼ਨਲ ਯੂਥ ਫੈਸਟੀਵਲ ਵਿਚ ਉਨ੍ਹਾਂ ਯੂਥ ਕਾਂਗਰਸ ਦੀ ਨੁਮਾਇੰਦਗੀ ਕੀਤੀ। ਉਹ ਆਲ ਇੰਡੀਆ ਕਾਂਗਰਸ ਕਮੇਟੀ ਦੇ 12 ਸਾਲ ਸਕੱਤਰ ਰਹੇ ਅਤੇ ਕਾਂਗਰਸ ਵਰਕਿੰਗ ਕਮੇਟੀ ਦੇ ਮੈਂਬਰ ਵੀ ਰਹੇ। 1992 ਤੋਂ 98 ਦੇ ਸਮੇਂ ਦੌਰਾਨ ਉਹ ਰਾਜ ਸਭਾ ਮੈਂਬਰ ਰਹੇ। ਇਹ ਗੱਲ ਉਨ੍ਹਾਂ ਦੇ ਹੱਕ ਵਿਚ ਜਾਂਦੀ ਹੈ ਕਿ ਰਾਜ ਸਭਾ ਮੈਂਬਰ ਹੁੰਦਿਆਂ ਇਕ ਵਾਰ ਵੀ ਉਹ ਕਿਸੇ ਸਮਾਗਮ ਵਿਚ ਗੈਰ ਹਾਜ਼ਰ ਨਹੀਂ ਰਹੇ। ਦਬੇ ਕੁਚਲੇ ਲੋਕਾਂ ਦੇ ਹੱਕ ਵਿਚ ਉਹ ਹਮੇਸ਼ਾ ਆਵਾਜ਼ ਉਠਾਉਂਦੇ ਰਹੇ।

ਸ੍ਰੀ ਇਕਬਾਲ ਸਿੰਘ ਨੂੰ ਸਾਹਿਤ, ਸੰਗੀਤ ਅਤੇ ਖੇਡਾਂ ਵਿਚ ਵੀ ਡੂੰਘੀ ਦਿਲਚਸਪੀ ਰਹੀ ਹੈ। ਉਹ ਭਾਈ ਵੀਰ ਸਿੰਘ ਸਾਹਿਤ ਸਦਨ ਦੇ ਸਲਾਹਕਾਰ ਹਨ ਅਤੇ ਜਲੰਧਰ ਵਿਚ ਹਰਵਲਭ ਸੰਗੀਤ ਮੇਲਾ ਕਰਵਾਉਣ ਵਾਲੀ 125 ਸਾਲਾ ਸੰਸਥਾ ਦੇ ਚੀਫ ਪੈਟਰਨ ਵੀ ਹਨ। ਇਸ ਤੋਂ ਇਲਾਵਾ ਉਹ ਕੇ. ਐਲ. ਸਹਿਗਲ ਮੈਮੋਰੀਅਲ ਟਰਸਟ ਦੇ ਵੀ ਟਰਸਟੀ ਹਨ। ਉਹ ਇੰਡੀਆ ਇੰਟਰਨੈਸ਼ਨਲ ਫਰੈਂਡਸ਼ਿਪ ਸੁਸਾਇਟੀ ਤੋਂ ਭਾਰਤ ਗੌਰਵ ਦਾ ਪੁਰਸਕਾਰ ਵੀ ਹਾਸਲ ਕਰ ਚੁੱਕੇ ਹਨ। ਕੁਝ ਸਾਲ ਪਹਿਲਾਂ ਜਦੋਂ ਉਹ ਨਿਊ ਜਰਸੀ (ਅਮਰੀਕਾ) ਵਿਚ ਮਹਾਤਮਾ ਗਾਂਧੀ ਦੇ ਬੁੱਤ ਤੋਂ ਪਰਦਾ ਹਟਾਉਣ ਲਈ ਆਏ ਤਾਂ ਨਿਊ ਜਰਸੀ ਦੇ ਮੇਅਰ ਨੇ ਉਨ੍ਹਾਂ ਨੂੰ ਅਮਰੀਕਾ ਦੀ ਆਨਰੇਰੀ ਸਿਟੀਜ਼ਨਸ਼ਿਪ ਨਾਲ ਨਿਵਾਜਿਆ।

# ਮਹਿੰਗਾਈ ਨੇ ਅਤਿ ਚੁੱਕੀ

ਦੋ ਵਾਰ ਮੁਲਤਵੀ ਕਰਨ ਤੋਂ ਬਾਅਦ ਪੂਰੇ ਦਿਨ ਲਈ ਮੁਲਤਵੀ ਕਰ ਦਿਤੀ ਗਈ ਜਦਕਿ ਰਾਜ ਸਭਾ ਦੀ ਕਾਰਵਾਈ ਵੀ ਦੋ ਵਾਰ ਰੋਕਣੀ ਪਈ। ਦੋਹਾਂ ਸਦਨਾਂ ਦੇ ਸ਼ੁਰੂ ਹੁੰਦਿਆਂ ਹੀ ਵਿਰੋਧੀ ਧਿਰ ਨੇ ਮਹਿੰਗਾਈ ਦਾ ਮੁੱਦਾ ਚੁਕਿਆ ਅਤੇ ਤੇਲਗੂ ਦੇਸਮ, ਕਾਂਗਰਸ ਦੇ ਲੋਕ ਸਭਾ ਮੈਂਬਰਾਂ ਨੇ ਤੇਲੰਗਾਨਾ ਸੂਬੇ ਦੇ ਗਠਨ ਦੇ ਹੱਕ ਅਤੇ ਵਿਰੋਧ ਵਿਚ ਅਪਣੀ ਗੱਲ ਰਖਣੀ ਚਾਹੀ। ਲੋਕ ਸਭਾ ਵਿਚ ਮਹਿੰਗਾਈ ਦੇ ਮੁੱਦੇ 'ਤੇ ਸਮੁੱਚੀ ਵਿਰੋਧੀ ਧਿਰ ਇਕਜੁੱਟ ਸੀ। ਭਾਜਪਾ, ਅਕਾਲੀ, ਸ਼ਿਵ ਸੈਨਾ, ਜਨਤਾ ਦਲ ਬੀਜੂ, ਜਨਤਾ ਦਲ (ਯੂ) ਅਤੇ ਖੱਬੇਪੱਖੀ ਪਾਰਟੀਆਂ ਨੇ ਸਪੀਕਰ ਦੇ ਨੇੜੇ ਜਾ ਕੇ ਮਹਿੰਗਾਈ ਵਿਰੁਧ ਜ਼ਬਰਦਸਤ ਨਾਹਰੇਬਾਜ਼ੀ ਕੀਤੀ। ਵਿਰੋਧੀ ਧਿਰ ਦੇ ਨਾਲ-ਨਾਲ ਕੇਂਦਰ ਸਰਕਾਰ ਨੂੰ ਬਾਹਰੋਂ ਸਮਰਥਨ ਦੇ ਰਹੀਆਂ ਰਾਸ਼ਟਰੀ ਜਨਤਾ ਦਲ, ਸਮਾਜਵਾਦੀ ਪਾਰਟੀ ਅਤੇ ਬਸਪਾ ਨੇ ਵੀ ਮਹਿੰਗਾਈ ਦੇ ਮੁੱਦੇ 'ਤੇ ਵਿਰੋਧੀ ਧਿਰ ਦਾ ਸਾਥ ਦਿਤਾ।

ਕੇਂਦਰ ਸਰਕਾਰ ਉਤੇ ਮਹਿੰਗਾਈ ਵਲ ਧਿਆਨ ਨਾ ਦੇਣ ਦਾ ਦੋਸ਼ ਲਾਉਂਦਿਆਂ ਖੱਬੇਪੱਖੀ ਅਤੇ ਭਾਜਪਾ ਦੇ ਮੈਂਬਰਾਂ ਨੇ ਰਾਜ ਸਭਾ ਵਿਚ ਮੰਗ ਕੀਤੀ ਕਿ ਜ਼ਰੂਰੀ ਵਸਤੂਆਂ ਦੀਆਂ ਕੀਮਤਾਂ 'ਚ ਵਾਧੇ ਨੂੰ ਰੋਕਣ ਲਈ ਕੇਂਦਰ ਤੁਰਤ ਲੋੜੀਂਦੇ ਕਦਮ ਚੁੱਕੇ। ਸਿਫ਼ਰ ਕਾਲ ਦੌਰਾਨ ਸੀ.ਪੀ.ਐਮ. ਦੇ ਤਪਨ ਕੁਮਾਰ ਸਿਨਹਾ ਨੇ ਇਹ ਮੁੱਦਾ ਉਠਾਉਂਦਿਆਂ ਕਿਹਾ ਕਿ ਅੱਜ ਦਿੱਲੀ ਵਿਚ ਸਮੂਹ ਟਰੇਡ ਯੂਨੀਅਨਾਂ ਇਕਜੁੱਟ ਹੋ ਕੇ ਮਹਿੰਗਾਈ ਅਤੇ ਕੇਂਦਰ ਸਰਕਾਰ ਦੀਆਂ ਮਜ਼ਦੂਰ ਵਿਰੋਧੀ ਨੀਤੀਆਂ ਵਿਰੁਧ ਸੰਸਦ ਅੱਗੇ ਧਰਨਾ ਦੇ ਰਹੀਆਂ ਹਨ। ਉਨ੍ਹਾਂ ਕਿਹਾ ਕਿ ਮਹਿੰਗਾਈ ਕਾਰਨ ਆਮ ਆਦਮੀ ਦਾ ਜਿਊਣਾ ਦੁੱਭਰ ਹੋ ਗਿਆ ਹੈ। ਭਾਜਪਾ ਦੇ ਐਸ.ਐਸ. ਆਹਲੂਵਾਲੀਆ ਨੇ ਕਿਹਾ ਕਿ ਜ਼ਰੂਰੀ ਵਸਤੂਆਂ ਦੀਆਂ ਵਧਦੀਆਂ ਕੀਮਤਾਂ ਕਾਰਨ ਸਾਰੇ ਵਰਗਾਂ ਦੇ ਲੋਕ ਪ੍ਰੇਸ਼ਾਨ ਹਨ। ਉਨ੍ਹਾਂ ਦਸਿਆ ਕਿ ਨਵੰਬਰ ਮਹੀਨੇ ਦੌਰਾਨ ਖੰਡ, ਚੌਲ, ਕਣਕ ਤੋਂ ਇਲਾਵਾ ਪਿਆਜ਼, ਟਮਾਟਰ ਅਤੇ ਆਲੂਆਂ ਦੀ ਕੀਮਤ ਵਿਚ 17 ਫ਼ੀ ਸਦੀ ਤੋਂ ਵੱਧ ਵਾਧਾ ਹੋਇਆ। ਉਨ੍ਹਾਂ ਕਿਹਾ ਕਿ ਵਿੱਤ ਮੰਤਰੀ ਪ੍ਰਣਬ ਮੁਖਰਜੀ ਵਲੋਂ ਬੀਤੇ ਦਿਨੀਂ ਇਸ ਸਬੰਧੀ ਦਿਤੇ ਬਿਆਨ ਨਾਲ ਕੀਮਤਾਂ 'ਚ ਵਾਧੇ ਨੂੰ ਹੋਰ ਹੁਲਾਰਾ ਮਿਲਿਆ ਹੈ। ਵਿਰੋਧੀ ਧਿਰ ਨੇ ਮੰਗ ਕੀਤੀ ਕਿ ਕੀਮਤਾਂ 'ਚ ਵਾਧੇ 'ਤੇ ਕਾਬੂ ਪਾਉਣ 'ਚ ਨਾਕਾਮ ਕੇਂਦਰ ਦੀ ਯੂ.ਪੀ.ਏ. ਸਰਕਾਰ ਨੂੰ ਸੱਤਾ ਵਿਚ ਰਹਿਣ ਦਾ ਕੋਈ ਹੱਕ ਨਹੀਂ। ਵਿਰੋਧੀ ਧਿਰ ਦੇ ਇਸ ਸ਼ੋਰ-ਸ਼ਰਾਬੇ ਦੌਰਾਨ ਲੋਕ ਸਭਾ ਸਪੀਕਰ ਮੀਰਾ ਕੁਮਾਰ ਨੇ ਸਦਨ ਦੀ ਕਾਰਵਾਈ ਦਿਨ ਭਰ ਲਈ ਮੁਲਤਵੀ ਕਰ ਦਿਤੀ।

ਉਧਰ ਰਾਜ ਸਭਾ ਵਿਚ ਸਮਾਜਵਾਦੀ ਪਾਰਟੀ ਦੇ ਆਗੂ ਅਮਰ ਸਿੰਘ ਨੇ ਦਸਿਆ ਕਿ ਉਨ੍ਹਾਂ ਦੀ ਪਾਰਟੀ 19 ਜਨਵਰੀ ਤੋਂ ਮਹਿੰਗਾਈ ਦੇ ਵਿਰੋਧ ਵਿਚ ਦੇਸ਼ ਵਿਆਪੀ ਮੁਹਿੰਮ ਸ਼ੁਰੂ ਕਰਨ ਜਾ ਰਹੀ ਹੈ। ਵਰਨਣਯੋਗ ਹੈ ਕਿ ਭਾਰਤੀ ਜਨਤਾ ਪਾਰਟੀ ਨੇ ਪਹਿਲਾਂ ਹੀ ਮਹਿੰਗਾਈ ਦੇ ਵਿਰੋਧ 'ਚ ਸੰਘਰਸ਼ ਸ਼ੁਰੂ ਕੀਤਾ ਹੋਇਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਪੂੰਜੀਪਤੀਆਂ ਨੂੰ ਲਾਭ ਦੇਣ ਲਈ ਢਿੱਲ ਵਰਤ ਰਹੀ ਹੈ। ਭਾਜਪਾ ਆਗੂ ਐਮ. ਵੈਂਕਈਆ ਨਾਇਡੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮਹਿੰਗਾਈ ਦੇ ਮੁੱਦੇ 'ਤੇ ਪੂਰਾ ਦੇਸ਼ ਹੰਭ੍ਹ ਵਹਾ ਰਿਹਾ ਹੈ ਜਦਕਿ ਸੱਤਾਧਾਰੀ ਯੂ.ਪੀ.ਏ. ਸਰਕਾਰ ਸੁੱਤੀ ਪਈ ਹੈ। ਉਨ੍ਹਾਂ ਕਿਹਾ ਕਿ ਅਜਿਹੀ ਕਮਜ਼ੋਰ ਸਰਕਾਰ ਅਜੇ ਤਕ ਨਹੀਂ ਵੇਖੀ। ਕੀਮਤਾਂ 'ਤੇ ਕਾਬੂ ਪਾਉਣ ਦੇ ਵਾਅਦੇ ਤਾਂ ਹੁਣ ਸਾਲਾਨਾ ਰਵਾਇਤ ਬਣ ਗਈ ਹੈ। ਉਨ੍ਹਾਂ ਮਹਿੰਗਾਈ ਲਈ ਰਾਜ ਸਰਕਾਰਾਂ ਨੂੰ ਜ਼ਿੰਮੇਵਾਰ ਠਹਿਰਾਉਣ ਦੇ ਕੇਂਦਰ ਵਲੋਂ ਲਾਏ ਦੋਸ਼ਾਂ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਦੀਆਂ ਦਰਾਮਦ ਤੇ ਬਰਾਮਦ ਦੀਆਂ ਨੀਤੀਆਂ ਹੀ ਮਹਿੰਗਾਈ ਲਈ ਜ਼ਿੰਮੇਵਾਰ ਹੁੰਦੀਆਂ ਹਨ। ਦੇਸ਼ ਵਿਚ ਵਧ ਰਹੀ ਮਹਿੰਗਾਈ ਦੇ ਵਿਰੁੱਧ ਖੱਬੀਆਂ ਪਾਰਟੀਆਂ, ਭਾਜਪਾ, ਸਮਾਜਵਾਦੀ ਪਾਰਟੀ ਸਮੇਤ ਸਮੂਹ ਵਿਰੋਧੀ ਧਿਰ ਨੇ ਸੰਸਦ ਵਿਚ ਜ਼ੋਰਦਾਰ ਆਵਾਜ਼ ਉਠਾਈ।

## ਹੈਪੀ ਪ੍ਰਤੀਨਿਧ ਨਿਯੁਕਤ



ਹਰਜਿੰਦਰ ਸਿੰਘ ਹੈਪੀ ਨੂੰ ਕੈਲੀਫੋਰਨੀਆ ਦੇ ਸੈਂਟਰ ਵੈਲੀ ਇਲਾਕੇ ਲਈ ਪੰਜਾਬ ਟਾਈਮਜ਼ ਦਾ ਪ੍ਰਤੀਨਿਧ ਨਿਯੁਕਤ ਕੀਤਾ ਗਿਆ ਹੈ। ਖਬਰਾਂ ਅਤੇ ਇਸ਼ਤਿਹਾਰ ਦੇਣ ਲਈ ਉਨ੍ਹਾਂ ਨਾਲ ਫੋਨ 209-535-0294 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਕਾਮਯਾਬੀ ਦੇ ਝੰਡੇ

ਅਮਰੀਕਾ ਨੂੰ ਲੈਂਡ ਆਫ ਅਪਰਚੁਨਿਟੀਜ਼ ਆਖਿਆ ਜਾਂਦਾ ਹੈ ਯਾਨਿ ਇਸ ਧਰਤੀ ਤੇ ਆ ਕੇ ਕੋਈ ਆਪਣੀ ਮਿਹਨਤ ਅਤੇ ਲਿਆਕਤ ਨਾਲ ਜੋ ਚਾਹੇ ਹਾਸਲ ਕਰ ਸਕਦਾ ਹੈ। ਕੁਝ ਪੰਜਾਬੀਆਂ ਨੇ ਇਥੇ ਆ ਕੇ ਵਡੀਆਂ ਪ੍ਰਾਪਤੀਆਂ ਕੀਤੀਆਂ ਹਨ। ਇਨ੍ਹਾਂ ਵਿਚ ਜ਼ਿੰਦਗੀ ਦੇ ਵਖ ਵਖ ਖੇਤਰਾਂ ਵਿਚ ਮਲਾਂ ਮਾਰਨ ਵਾਲਿਆਂ ਦੇ ਨਾਲ ਬਿਜਨਸ ਦੇ ਖੇਤਰ ਵਿਚ ਵਡੀਆਂ ਮਲਾਂ ਮਾਰਨ ਵਾਲੇ ਵੀ ਸ਼ਾਮਲ ਹਨ। ਪੰਜਾਬ ਟਾਈਮਜ਼ ਆਪਣੇ ਕਾਲਮਾਂ ਵਿਚ ਉਨ੍ਹਾਂ ਮਿਹਨਤੀ ਅਤੇ ਉਤਸ਼ਾਹੀ ਬਿਜਨਸਮੈਨਾਂ ਦੀਆਂ ਪ੍ਰਾਪਤੀਆਂ ਆਪਣੇ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਚਾਹੁੰਦਾ ਹੈ ਜਿਨ੍ਹਾਂ ਨੇ ਵਾਕਿਆ ਹੀ ਵਡੀਆਂ ਮੱਲਾਂ ਮਾਰੀਆਂ ਹਨ। ਅਗਲੇ ਅੰਕਾਂ ਵਿਚ ਅਸੀਂ ਅਜਿਹੇ ਬਿਜਨਸਮੈਨਾਂ ਬਾਰੇ ਫੀਚਰ ਛਾਪਾਂਗੇ। ਜੇ ਤੁਹਾਡੀ ਨਿਗਾਹ ਵਿਚ ਅਜਿਹਾ ਕੋਈ ਬਿਜਨਸਮੈਨ ਹੈ ਤਾਂ ਸਾਡੇ ਧਿਆਨ ਵਿਚ ਲਿਆ ਸਕਦੇ ਹੋ। -ਸੰਪਾਦਕ

# ਪ੍ਰਕਾਸ਼ਨ ਦੇ ਦਸ ਸਾਲ

'ਪੰਜਾਬ ਟਾਈਮਜ਼' ਦੇ ਇਸ ਅੰਕ ਨਾਲ ਇਸ ਦੇ ਪ੍ਰਕਾਸ਼ਨ ਦੇ ਦਸ ਵਰ੍ਹੇ ਪੂਰੇ ਹੋ ਜਾਣਗੇ। ਇਨ੍ਹਾਂ ਦਸ ਵਰ੍ਹਿਆਂ ਵਿਚ 'ਪੰਜਾਬ ਟਾਈਮਜ਼' ਨੇ ਆਪਣੀ ਨਿੱਕੀ ਜਿਹੀ ਹੋਂਦ ਤੋਂ ਵਧ ਕੇ ਕਾਫੀ ਵੱਡਾ ਆਕਾਰ ਅਤੇ ਪਾਸਾਰ ਗ੍ਰਹਿਣ ਕੀਤਾ ਹੈ। ਪਹਿਲੀ ਜਨਵਰੀ ਸੰਨ 2000 ਨੂੰ ਜਦੋਂ ਇਸ ਦਾ ਰਸਮੀ ਪ੍ਰਕਾਸ਼ਨ ਅਰੰਭ ਹੋਇਆ ਤਾਂ ਇਹ ਮੈਗਜ਼ੀਨ ਸਾਈਜ਼ ਦੇ ਸਿਰਫ 24 ਸਫਿਆਂ ਦਾ ਪਰਚਾ ਸੀ। ਇਸ ਦੇ ਪਾਠਕਾਂ ਦਾ ਘੇਰਾ ਵੀ ਸ਼ੁਰੂ ਦੇ ਕੁਝ ਮਹੀਨੇ ਸ਼ਿਕਾਗੋ ਦੇ ਆਸ ਪਾਸ ਹੀ ਸੀ। ਹੁਣ ਪੰਜਾਬ ਟਾਈਮਜ਼ ਮਿਡਵੈਸਟ ਦੀਆਂ ਸਟੇਟਾਂ ਇਲੀਨਾਏ, ਇੰਡੀਆਨਾ, ਮਿਸ਼ੀਗਨ, ਵਿਸਕਾਨਸਿਨ, ਓਹਾਇਓ ਅਤੇ ਟੈਕਸਸ ਆਦਿ ਵਿਚ ਪਾਠਕਾਂ ਦੀ ਪਹਿਲੀ ਪਸੰਦ ਬਣਨ ਦੇ ਨਾਲ ਨਾਲ ਕੈਲੀਫੋਰਨੀਆ ਵਿਚ ਸਭ ਤੋਂ ਵੱਧ ਪਸੰਦ ਕੀਤਾ ਜਾਣ ਵਾਲਾ ਪਰਚਾ ਹੈ। ਹਾਲ ਹੀ ਵਿਚ ਨਿਊ ਯਾਰਕ ਤੇ ਨਿਊ ਜਰਸੀ ਵਿਚ ਵੀ ਇਹ ਪਰਚਾ ਪਾਠਕਾਂ ਦੀ ਮੰਗ ਉਤੇ ਉਨ੍ਹਾਂ ਦੇ ਹੱਥਾਂ ਵਿਚ ਪਹੁੰਚਣ ਲੱਗਾ ਹੈ ਅਤੇ ਇਸ ਨੂੰ ਪਾਠਕਾਂ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਇਹ ਪਰਚਾ ਇਸ ਸਮੇਂ ਅਮਰੀਕਾ ਦੀਆਂ ਕੋਈ 32 ਸਟੇਟਾਂ ਵਿਚ ਪਹੁੰਚਦਾ ਹੈ। ਵੈਬਸਾਈਟ ਰਾਹੀਂ ਇਸ ਦੇ ਪਾਠਕਾਂ ਦੀ ਗਿਣਤੀ ਵਿਸ਼ਵ ਭਰ ਵਿਚ ਹੈ।

ਦਸ ਸਾਲਾਂ ਦੇ ਇਸ ਅਰਸੇ ਦੌਰਾਨ ਮਾਲੀ ਮੁਸ਼ਕਲਾਂ ਵੀ ਆਈਆਂ ਅਤੇ ਵਿਰੋਧੀਆਂ ਵਲੋਂ ਚੁਣੌਤੀਆਂ ਵੀ ਪੇਸ਼ ਕੀਤੀਆਂ ਗਈਆਂ ਪਰ 'ਪੰਜਾਬ ਟਾਈਮਜ਼' ਨਿਰੰਤਰ ਬਿਨਾ ਡਗਮਗਾਏ ਆਪਣੇ ਪੰਧ ਉਤੇ ਚੱਲਦਾ ਰਿਹਾ। ਇਹ ਪਾਠਕਾਂ ਅਤੇ ਇਸ ਦੇ ਸਰਪ੍ਰਸਤਾਂ ਵਲੋਂ ਮਿਲੇ ਨਿਰੰਤਰ ਅਤੇ ਨਿੱਘੇ ਹੁੰਗਾਰੇ ਦਾ ਹੀ ਸਦਕਾ ਹੈ। ਅਸੀਂ ਮੁਢ ਤੋਂ ਹੀ ਬੇਲਾਗ, ਬੇਬਾਕ ਅਤੇ ਨਿਧੜਕ ਪੱਤਰਕਾਰੀ ਕਰਨ ਦਾ ਟੀਚਾ ਲੈ ਕੇ ਤੁਰੇ ਸਾਂ ਅਤੇ ਇਸ ਟੀਚੇ ਵੱਲ ਸਾਰੀਆਂ ਮੁਸ਼ਕਲਾਂ ਦੇ ਬਾਵਜੂਦ ਨਿਰੰਤਰ ਸਾਡਾ ਸਫਰ ਜਾਰੀ ਹੈ। ਅਸੀਂ ਇਹ ਦਾਅਵਾ ਨਹੀਂ ਕਰਦੇ ਕਿ ਇਸ ਟੀਚੇ ਉਤੇ ਅਸੀਂ ਸੌ ਫੀਸਦ ਪਹਿਰਾ ਦੇਣ ਵਿਚ ਕਾਮਯਾਬ ਹੁੰਦੇ ਹਾਂ ਜਾਂ ਰਹਿੰਦੇ ਹਾਂ ਪਰ ਦਿੱਤੇ ਹੋਏ ਹਾਲਾਤ ਵਿਚ ਹੋਰ ਸਭ ਪੰਜਾਬੀ ਪਰਚਿਆਂ ਦੇ ਮੁਕਾਬਲੇ ਇਸ ਦਿਸ਼ਾ ਵੱਲ ਸਾਡੇ ਕਦਮ ਵਧੇਰੇ ਨਿੱਗਰ ਹਨ। ਇਹ ਸਾਡਾ ਦਾਅਵਾ ਨਹੀਂ ਸਗੋਂ ਸਾਡੇ ਪਾਠਕਾਂ ਦੀ ਰਾਏ ਹੈ। ਜਦੋਂ ਨਿਧੜਕ ਹੋ ਕੇ ਕੋਈ ਖਬਰ ਛਾਪੀ ਜਾਂਦੀ ਹੈ ਤਾਂ ਨਿਸ਼ਚਿਤ ਤੌਰ 'ਤੇ ਨਾਰਾਜ਼ਗੀਆਂ ਵੀ ਪੈਦਾ ਹੁੰਦੀਆਂ ਹਨ, ਵਿਰੋਧ ਵੀ ਹੁੰਦਾ ਹੈ, ਚੁਣੌਤੀਆਂ ਵੀ ਵਧਦੀਆਂ ਹਨ, ਖਾਸ ਕਰਕੇ ਪੰਜਾਬੀ ਪੱਤਰਕਾਰੀ ਦੀਆਂ ਪ੍ਰਸਥਿਤੀਆਂ ਨੂੰ ਮੁੱਖ ਰੱਖਦਿਆਂ ਮਾਲੀ ਨੁਕਸਾਨ ਵੀ ਹੁੰਦਾ ਹੈ। ਫਿਰ ਵੀ ਜੇ 'ਪੰਜਾਬ ਟਾਈਮਜ਼' ਇਸ ਗੱਲ 'ਤੇ ਪਹਿਰਾ ਦੇ ਸਕਿਆ ਹੈ ਤਾਂ ਲਾਜ਼ਮੀ ਤੌਰ 'ਤੇ ਆਪਣੇ ਪਾਠਕਾਂ ਦੇ ਬਲਬੂਤੇ 'ਤੇ ਹੀ। ਸਾਡੀ ਪ੍ਰਤੀਬੱਧਤਾ ਕਿਸੇ ਪਾਰਟੀ ਜਾਂ ਧੜੇ ਨਾਲ ਨਹੀਂ। ਸਾਡੀ ਪ੍ਰਤੀਬੱਧਤਾ ਪੰਜਾਬ ਨਾਲ ਹੈ ਅਤੇ ਪੰਜਾਬ ਦੇ ਅਸਲ ਵਾਰਸ ਸਿੱਖ ਭਾਈਚਾਰੇ ਨਾਲ ਹੈ। ਕਿਸੇ ਨਾਅਰੇਬਾਜ਼ੀ ਜਾਂ ਉਲਾਰਪਣ ਤੋਂ ਅਸੀਂ ਹਮੇਸ਼ਾਂ ਪਰਹੇਜ ਕੀਤਾ ਹੈ। ਅਸੀਂ ਸਮਝਦੇ ਹਾਂ ਕਿ ਉਲਾਰਪਣ ਅਤੇ ਮਾਅਰਕੇਬਾਜੀ ਦੇ ਨਤੀਜੇ ਕਦੇ ਵੀ ਚੰਗੇ ਨਹੀਂ ਨਿਕਲਦੇ।

ਸੰਨ 2000 ਵਿਚ ਜਦੋਂ 'ਪੰਜਾਬ ਟਾਈਮਜ਼' ਅਰੰਭ ਹੋਇਆ ਉਸ ਵੇਲੇ ਤੱਕ ਅਮਰੀਕਾ ਦੀ ਧਰਤੀ ਤੋਂ ਸਿਰਫ ਇਕ ਹੀ ਹੋਰ ਪੰਜਾਬੀ ਪਰਚਾ ਅਰੰਭ ਹੋਇਆ ਸੀ, ਨਿਊ ਯਾਰਕ ਤੋਂ 'ਸ਼ੇਰੇ ਪੰਜਾਬ' ਪਰ ਇਸ ਪਰਚੇ ਪਿਛੇ 'ਇੰਡੀਆ ਅਬਰੌਡ' ਵਰਗੀ ਵੱਡੀ ਪ੍ਰਕਾਸ਼ਨ ਕੰਪਨੀ ਖੜ੍ਹੀ ਸੀ। ਬਾਕੀ ਦੇ ਪਰਚੇ ਕੈਨੇਡਾ ਤੋਂ ਹੀ ਆਉਂਦੇ ਸਨ। ਇਸ ਤੋਂ ਪਹਿਲਾਂ ਇਕ ਦੋ ਪਰਚੇ ਅਰੰਭ ਹੋ ਕੇ ਝੱਟ ਹੀ ਦਮ ਵੀ ਤੋੜ ਚੁੱਕੇ ਸਨ। ਇਸ ਸਮੇਂ ਨਿਊ ਯਾਰਕ ਅਤੇ ਕੈਲੀਫੋਰਨੀਆ ਪੰਜਾਬੀ ਹਫਤਾਵਾਰ ਅਖਬਾਰਾਂ ਦੇ ਦੋ ਵੱਡੇ ਕੇਂਦਰ ਬਣ ਚੁੱਕੇ ਹਨ। ਇਕੱਲੇ ਨਿਊ ਯਾਰਕ ਤੋਂ ਹੀ 10 ਦੇ ਕਰੀਬ ਪਰਚੇ ਨਿਕਲਦੇ ਹਨ ਅਤੇ ਕਰੀਬ ਇੰਨੇ ਕੁ ਹੀ ਕੈਲੀਫੋਰਨੀਆ ਤੋਂ ਵੀ। ਸਾਡੇ ਪਿਛੇ ਨਾ ਤਾਂ ਕੋਈ ਵੱਡੀ ਕੰਪਨੀ ਹੀ ਸੀ, ਨਾ ਹੀ ਪੈਸੇ ਵਾਲਾ ਕੋਈ ਵੱਡਾ ਸਰਮਾਏਦਾਰ ਅਤੇ ਨਾ ਹੀ ਕੋਈ ਸਿਆਸੀ ਜਥੇਬੰਦੀ। ਸਾਨੂੰ ਇਸ ਗੱਲ 'ਤੇ ਮਾਣ ਹੈ ਕਿ 'ਪੰਜਾਬ ਟਾਈਮਜ਼' ਦਾ ਨਾਂ ਜੇ ਪਹਿਲੇ ਨਹੀਂ ਤਾਂ ਬਿਨਾ ਕਿਸੇ ਸ਼ੱਕ ਸੁਬਹੇ ਤੋਂ ਉਪਰਲੇ ਦੋ ਤਿੰਨ ਪਰਚਿਆਂ ਵਿਚ ਲਾਜ਼ਮੀ ਲਿਆ ਜਾਂਦਾ ਹੈ।

ਪਿਛਲੇ ਦਸ ਸਾਲਾਂ ਵਿਚ 'ਪੰਜਾਬ ਟਾਈਮਜ਼' ਨੇ ਪਾਠਕਾਂ ਦਾ ਇਕ ਨਿੱਗਰ ਵਰਗ ਪੈਦਾ ਕੀਤਾ ਹੈ। ਇਹ ਵਰਗ 'ਪੰਜਾਬ ਟਾਈਮਜ਼' ਦੀ ਮਿਆਰੀ ਪੱਤਰਕਾਰੀ ਦਾ ਕਦਰਦਾਨ ਹੈ। 'ਪੰਜਾਬ ਟਾਈਮਜ਼' ਨਾ ਤਾਂ ਕਿਸੇ ਮਸਲੇ ਉਤੇ ਇਕ ਪਾਸੇ ਉਲਾਰ ਹੋਇਆ ਹੈ ਅਤੇ ਨਾ ਹੀ ਦੂਜੇ ਪਾਸੇ, ਨਾ ਹੀ ਇਸ ਨੇ ਕਿਸੇ ਇਕ ਜਥੇਬੰਦੀ, ਵਿਅਕਤੀ ਜਾਂ ਵਰਗ ਨੂੰ ਖੁਸ਼ ਕਰਨ ਜਾਂ ਵਿਰੋਧ ਕਰਨ ਲਈ ਆਪਣੇ ਪੱਤਰਕਾਰੀ ਦੇ ਅਸੂਲ ਛਿੱਕੇ ਟੰਗੇ ਹਨ। ਸਾਡੀ ਕੋਸ਼ਿਸ਼ ਹਮੇਸ਼ਾ ਇਕ ਜ਼ਿੰਮੇਵਾਰ, ਸੰਤੁਲਿਤ ਅਤੇ ਨਿਰਪੱਖ ਪਹੁੰਚ ਅਪਨਾ ਕੇ ਸਾਰੀ ਗੱਲ ਪਾਠਕਾਂ ਅੱਗੇ ਰੱਖਣ ਦੀ ਹੁੰਦੀ ਹੈ। ਕਿਸੇ ਮਸਲੇ ਉਤੇ ਵਿਸ਼ਲੇਸ਼ਣਾਤਮਕ ਟਿੱਪਣੀ ਤਾਂ ਪੇਸ਼ ਕਰਦੇ ਹਾਂ ਪਰ ਆਪਣੀ ਰਾਏ ਨਹੀਂ ਠੋਸਦੇ। ਸਾਡੀ ਇਹ ਕੋਸ਼ਿਸ਼ ਹੁੰਦੀ ਹੈ ਕਿ ਅਜਿਹੇ ਲੇਖ ਛਾਪੇ ਜਾਣ ਜੋ ਜਾਣਕਾਰੀ ਭਰਪੂਰ ਹੋਣ ਅਤੇ ਨਾਲ ਹੀ ਸਮਾਜ ਨੂੰ ਸਹੀ ਸੇਧ ਵਲ ਤੋਰ ਸਕਣ। ਕਿਸੇ ਮੁੱਦੇ ਜਾਂ ਮਸਲੇ ਉਤੇ ਬਹਿਸ ਛੇੜਨ ਲਈ ਅਸੀਂ ਅਕਸਰ ਵਿਚਾਰ ਛਾਪਦੇ ਰਹਿੰਦੇ ਹਾਂ ਅਤੇ ਮੁੱਦੇ ਦੇ ਪੱਖ ਅਤੇ ਵਿਰੋਧ ਵਿਚ ਆਉਣ ਵਾਲੇ ਵਿਚਾਰਾਂ ਨੂੰ ਬਰਾਬਰ ਦੀ ਥਾਂ ਦੇਣ ਦੀ ਕੋਸ਼ਿਸ਼ ਕਰਦੇ ਹਾਂ। ਸਾਡਾ ਮਕਸਦ ਹੁੰਦਾ ਹੈ ਕਿ ਵਿਚਾਰ-ਚਰਚਾ ਰਾਹੀਂ ਪਾਠਕ ਸਹੀ ਦਿਸ਼ਾ ਵਲ ਤੁਰ ਸਕੇ।

'ਪੰਜਾਬ ਟਾਈਮਜ਼' ਨੂੰ ਇਨ੍ਹਾਂ ਦਸਾਂ ਸਾਲਾਂ ਵਿਚ ਆਪਣੇ ਨਾਲ ਜੁੜੇ ਕੁਝ ਸਥਾਈ ਕਾਲਮਨਵੀਸਾਂ ਤੇ ਵੀ ਮਾਣ ਹੈ। ਇਨ੍ਹਾਂ ਕਾਲਮਨਵੀਸਾਂ ਦੇ ਕਾਲਮ ਪਾਠਕ ਬੜੀ ਬੇਸਬਰੀ ਨਾਲ ਉਡੀਕਦੇ ਹਨ। ਇਸ ਸਫਰ ਵਿਚ ਸਭ ਤੋਂ ਪਹਿਲਾਂ ਸ. ਤਰਲੋਚਨ ਸਿੰਘ ਦੁਪਾਲਪੁਰ ਸ਼ਾਮਲ ਹੋਏ, ਫਿਰ ਐਸ. ਅਸ਼ੋਕ ਭੌਰਾ। ਇਸ ਵਕਤ ਪ੍ਰੋ. ਕੁਲਵੰਤ ਸਿੰਘ ਰੋਮਾਣਾ ਦੇ ਲਿਖੇ ਕਾਲਮ 'ਸ਼ੈਰੀ ਦੀ ਡਾਇਰੀ' ਨੂੰ ਵੀ ਪਾਠਕ ਉਨਾ ਹੀ ਉਡੀਕਦੇ ਹਨ ਜਿੰਨਾ ਕਿ ਬਲਜੀਤ ਸਿੰਘ ਬਾਸੀ ਦੇ 'ਇੰਨੀ ਕੁ ਬਾਤ', ਅਸ਼ੋਕ ਭੌਰਾ ਦੇ 'ਗੱਲੀਂ ਬਾਤੀਂ' ਜਾਂ ਫਿਰ ਦੁਪਾਲਪੁਰ ਦੇ 'ਲਿਖਤੁਮ' ਨੂੰ। ਸਾਡੇ ਲੇਖਕਾਂ ਸੰਤ ਸੰਧੂ, ਮਝੈਲ ਸਿੰਘ ਸਰਾਂ, ਗਿਆਨ ਸਿੰਘ ਬਿਲਗਾ, ਪਰਮਜੀਤ ਰੋਡੇ, ਸਵਰਨ ਸਿੰਘ ਟਹਿਣਾ, ਬਿੰਦਰ ਬਸਰਾ, ਮੇਜਰ ਕੁਲਾਰ, ਜਸਵੰਤ ਸਿੰਘ ਸ਼ਾਦ, ਇਕਬਾਲ ਜੱਬੋਵਾਲੀਆ ਅਤੇ ਰਾਜਵਿੰਦਰ ਸਿੰਘ ਰੰਡਿਆਲਾ ਦਾ ਵੀ ਆਪਣਾ ਪ੍ਰਭਾਵ ਹੈ। ਜਲੰਧਰ ਵਿਚ ਸਾਡੇ ਬਿਊਰੋ ਚੀਫ ਜਸਵੀਰ ਸਿੰਘ ਸ਼ੀਰੀ ਦਾ ਵੀ ਆਪਣਾ ਪ੍ਰਭਾਵ ਖੇਤਰ ਹੈ। ਪਾਠਕ ਉਨ੍ਹਾਂ ਦੇ ਨਰੋਏ ਅਤੇ ਨਿੱਗਰ ਵਿਚਾਰਾਂ ਦੇ ਕਦਰਦਾਨ ਹਨ। ਸਾਡੇ ਸਥਾਈ ਕਾਲਮ ਕਾਵਿ ਵਿਅੰਗ 'ਠਾਹ-ਸੋਟਾ' ਦੀ ਵੀ ਪਾਠਕ ਬੇਸਬਰੀ ਨਾਲ ਉਡੀਕ ਕਰਦੇ ਹਨ। ਇਸ ਦੇ ਲੇਖਕ ਦਾ ਅਸਲ ਨਾਂ ਅਸੀਂ ਇਸ ਕਰਕੇ ਨਹੀਂ ਛਾਪਦੇ ਕਿ ਕਈ ਵਾਰ ਟਿੱਪਣੀਆਂ ਕਾਫੀ ਤਿੱਖੀਆਂ ਹੁੰਦੀਆਂ ਹਨ, ਪੰਜਾਬੀ ਭਾਈਚਾਰੇ ਦੇ ਸਭ ਲੋਕਾਂ ਵਿਚ ਇੰਨੀ ਸਹਿਨਸ਼ੀਲਤਾ ਨਹੀਂ ਕਿ ਉਹ ਆਪਣੀ ਆਲੋਚਨਾ ਬਰਦਾਸ਼ਤ ਕਰ ਸਕਣ। ਅਕਸਰ ਪਾਠਕਾਂ ਦੇ 'ਪੰਜਾਬ ਟਾਈਮਜ਼' ਨੂੰ ਪ੍ਰਸ਼ੰਸਾ ਦੇ ਫੋਨ ਆਉਂਦੇ ਰਹਿੰਦੇ ਹਨ। ਕੁਝ ਪਾਠਕ ਚਿਠੀਆਂ ਰਾਹੀਂ ਵੀ ਆਪਣੀ ਰਾਇ ਜਾਹਰ ਕਰਦੇ ਹਨ। ਮੇਰੀ ਪਾਠਕਾਂ ਨੂੰ ਬੇਨਤੀ ਹੈ ਕਿ ਉਹ ਫੋਨ ਕਰਨ ਦੀ ਥਾਂ ਤੇ ਕਿਸੇ ਵੀ ਰਚਨਾ ਬਾਰੇ ਆਪਣੇ ਵਿਚਾਰ ਲਿਖ ਕੇ 'ਸੰਪਾਦਕ ਦੀ ਡਾਕ' ਲਈ ਭੇਜਣ। ਇਸ ਤਰ੍ਹਾਂ ਆਪਣੀ ਰਾਇ ਉਹ ਲੇਖਕ ਤੇ ਅਖਬਾਰ ਦੇ ਅਮਲੇ ਦੇ ਨਾਲ-ਨਾਲ ਬਾਕੀ ਪਾਠਕਾਂ ਨਾਲ ਵੀ ਸਾਂਝੀ ਕਰ ਰਹੇ ਹੋਣਗੇ।

ਪਿਛਲੇ ਕੁਝ ਸਮੇਂ, ਖਾਸ ਕਰ ਜਦੋਂ ਤੋਂ ਕੈਲੀਫੋਰਨੀਆ ਵਿਚ ਪੰਜਾਬੀ ਪੱਤਰਕਾਰੀ ਦਾ ਵਿਸਤਾਰ ਹੋਇਆ ਹੈ ਅਤੇ ਅਮਰੀਕੀ ਅਰਥਚਾਰੇ ਵਿਚ ਮੰਦਾ ਆਇਆ ਹੈ, ਪੰਜਾਬੀ ਅਖ਼ਬਾਰਾਂ ਵਿਚ ਆਪੋ-ਆਪਣੀ ਆਮਦਨ ਵਧਾਉਣ ਲਈ ਇਸ਼ਤਿਹਾਰਾਂ ਦੀ ਖਿੱਚ-ਧੂਹ ਵਧੀ ਹੈ। ਅਸੀਂ ਇਸ ਗੱਲ ਨੂੰ ਸਮਝਦੇ ਹਾਂ ਕਿ ਖੁਲ੍ਹੀ ਮੰਡੀ ਅਰਥਚਾਰੇ ਵਿਚ ਹਰ ਕਿਸੇ ਨੂੰ ਆਪਣਾ ਸਮਾਨ ਆਪਣੀ ਕੀਮਤ 'ਤੇ ਵੇਚਣ ਦਾ ਹੱਕ ਹੈ ਪਰ ਫਿਰ ਵੀ ਇਹ ਖਿਆਲ ਰਖਣ ਦੀ ਲੋੜ ਹੈ ਕਿ ਇਕ-ਦੂਜੇ ਤੋਂ ਸਸਤੇ ਭਾਅ ਇਸ਼ਤਿਹਾਰ ਵੇਚ ਕੇ ਆਮਦਨ ਵਧਾਉਣ ਦੀ ਵੀ ਇਕ ਹੱਦ ਹੀ ਹੋ ਸਕਦੀ ਹੈ। ਅਸੀਂ ਆਪਣੇ ਤੌਰ ਤੇ ਇਸ਼ਤਿਹਾਰਾਂ ਦੀਆਂ ਦਰਾਂ ਦੀ ਜੰਗ ਵਿਚ ਨਹੀਂ ਪੈਣਾ ਚਾਹੁੰਦੇ ਕਿਉਂਕਿ ਅਜਿਹਾ ਕੀਤਿਆਂ ਸਮੁਚੀ ਪੰਜਾਬੀ ਪੱਤਰਕਾਰੀ ਦਾ ਹੀ ਨੁਕਸਾਨ ਹੈ। ਔਖੀ ਸਥਿਤੀ ਤਾਂ ਇਹ ਵੀ ਹੈ ਕਿ ਸਾਰੇ ਪੰਜਾਬੀ ਅਖ਼ਬਾਰ ਮੁਫਤ ਹੋਣ ਕਰ ਕੇ ਪਾਠਕ ਵੀ ਚੰਗੇ-ਮਾੜੇ ਦੀ ਕਦਰ ਨਹੀਂ ਪਾਉਂਦਾ।

'ਪੰਜਾਬ ਟਾਈਮਜ਼' ਨੂੰ ਇਸ ਅਰਸੇ ਦੌਰਾਨ ਆਰਥਕ ਚੁਣੌਤੀਆਂ ਦੇ ਨਾਲ-ਨਾਲ ਆਪਣੇ ਅਜਿਹੇ ਸਮਕਾਲੀਆਂ ਤੋਂ ਵੀ ਚੁਣੌਤੀਆਂ ਮਿਲੀਆਂ ਜੋ ਆਪਣੇ ਵਿਰੋਧ ਜਾਂ ਆਪਣੇ ਮੁਕਾਬਲੇ ਵਿਚ ਕੋਈ ਆਵਾਜ਼ ਸੁਣਨ ਦੇ ਆਦੀ ਨਹੀਂ ਹਨ। ਸਾਡੀ ਆਵਾਜ਼ ਨੂੰ ਦਬਾਉਣ ਲਈ ਪਾਬੰਦੀਆਂ ਲਾਉਣ ਦੀ ਕੋਸ਼ਿਸ਼ ਕੀਤੀ ਗਈ, ਸਟੋਰਾਂ ਤੋਂ ਅਖ਼ਬਾਰ ਚੁਕ ਕੇ ਗਾਇਬ ਕੀਤਾ ਗਿਆ ਜਾਂ ਸੁਟ ਦਿੱਤਾ ਗਿਆ। 'ਪੰਜਾਬ ਟਾਈਮਜ਼' ਦੀ ਲੋਕਪ੍ਰਿਅਤਾ ਨੂੰ ਬਰਦਾਸ਼ਤ ਨਾ ਕਰਨ ਵਾਲੀਆਂ ਧਿਰਾਂ ਵਲੋਂ ਹੁਣ ਤਕ ਵੀ ਇਹ ਕੋਸ਼ਿਸ਼ਾਂ ਜਾਰੀ ਹਨ ਪਰ ਸਾਨੂੰ ਆਪਣੇ ਪਾਠਕਾਂ 'ਤੇ ਮਾਣ ਹੈ ਕਿ ਉਹ ਸਾਡੀ ਪੱਤਰਕਾਰੀ ਦੀ ਕਦਰ ਕਰਦੇ ਹਨ। ਕਈ ਵਾਰ ਸਾਡੇ ਸਮਕਾਲੀ ਆਪਣੇ ਅਖਬਾਰ 'ਪੰਜਾਬ ਟਾਈਮਜ਼' ਦੇ ਉਪਰ ਢੇਰੀ ਲਾ ਜਾਂਦੇ ਹਨ ਪਰ ਪਾਠਕ ਉਨ੍ਹਾਂ ਦੀ ਇਸ ਚੁਸਤੀ ਨੂੰ ਕਾਮਯਾਬ ਨਹੀਂ ਹੋਣ ਦਿੰਦੇ।

ਪਿਛਲੇ ਕੁਝ ਸਾਲਾਂ ਤੋਂ ਮੇਰੀ ਸਿਹਤ ਖਰਾਬ ਹੈ ਪਰ ਪਾਠਕਾਂ ਦੇ ਪਿਆਰ ਨੇ ਮੈਨੂੰ ਨਿਰੰਤਰ ਇਨਾ ਉਤਸ਼ਾਹ ਦਿੱਤਾ ਹੈ ਕਿ ਮੈਨੂੰ ਆਪਣਾ ਇਹ ਲਾ-ਇਲਾਜ ਰੋਗ ਆਪਣੇ-ਆਪ ਨੂੰ ਹਮੇਸ਼ਾਂ ਚੜ੍ਹਦੀ ਕਲਾ ਵਿਚ ਰਖਣ ਦੇ ਰਾਹ ਵਿਚ ਕਦੇ ਰੁਕਾਵਟ ਨਹੀਂ ਜਾਪਿਆ। ਮੈਂ ਆਪਣੇ ਵੱਡੇ ਭਾਈ ਅਤੇ ਮਿੱਤਰ ਬਲਕਾਰ ਸਿੰਘ ਢਿੱਲੋਂ ਦਾ ਵੀ ਦਿਲੋਂ ਮਸ਼ਕੂਰ ਹਾਂ ਜਿਨ੍ਹਾਂ ਨਾਲ ਰਲ ਕੇ ਇਹ ਅਖਬਾਰ ਸ਼ੁਰੂ ਕੀਤਾ ਗਿਆ ਸੀ ਅਤੇ ਜਿਨ੍ਹਾਂ ਦੀ ਹੱਲਾਸ਼ੇਰੀ ਹਮੇਸ਼ਾਂ ਮਿਲਦੀ ਆਈ ਹੈ। 'ਪੰਜਾਬ ਟਾਈਮਜ਼' ਦੇ ਸਲਾਹਕਾਰਾਂ ਅਤੇ ਹਮਦਰਦਾਂ ਨੇ ਵੀ ਹਮੇਸ਼ਾਂ ਭਰਪੂਰ ਹੱਲਾਸ਼ੇਰੀ ਦਿਤੀ ਹੈ। ਮੈਂ ਆਪਣੇ ਇਨ੍ਹਾਂ ਮਿੱਤਰਾਂ ਅਤੇ ਹਮਦਰਦਾਂ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਦਾ ਸਾਥ ਇਹ ਅਖਬਾਰ ਸ਼ੁਰੂ ਹੋਣ ਦੇ ਦਿਨ ਤੋਂ ਹੀ ਮੇਰੇ ਨਾਲ ਰਿਹਾ ਹੈ। ਇਸ ਸਾਥ ਸਦਕਾ ਮੈਂ ਉਮੀਦ ਕਰਦਾ ਹਾਂ ਕਿ ਆਉਣ ਵਾਲੇ ਸਮੇਂ ਵਿਚ 'ਪੰਜਾਬ ਟਾਈਮਜ਼' ਤਰੱਕੀ ਦੀਆਂ ਨਵੀਆਂ ਮੰਜ਼ਿਲਾਂ ਛੋਹੇਗਾ।

-ਅਮੋਲਕ ਸਿੰਘ

# ਸੈਨ ਹੋਜ਼ੇ ਪੁਲਿਸ ਆਪਣੇ ਅਫਸਰਾਂ ਨੂੰ ਕੈਮਰਿਆਂ ਨਾਲ ਲੈਸ ਕਰੇਗੀ

**ਸੈਨ ਹੋਜ਼ੇ (ਪੰਜਾਬ ਟਾਈਮਜ਼ ਬਿਊਰੋ):** ਲੋਕਾਂ ਵਿਰੁਧ ਲੋੜ ਨਾਲੋਂ ਵੱਧ ਤਾਕਤ ਦੀ ਵਰਤੋਂ ਕਰਨ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੀ ਸੈਨ ਹੋਜ਼ੇ ਪੁਲਿਸ ਨੇ ਆਪਣੇ ਅਫਸਰਾਂ ਨੂੰ ਅਜਿਹੇ ਕੈਮਰਿਆਂ ਨਾਲ ਲੈਸ ਕਰਨ ਦਾ ਇਕ ਪਾਇਲਟ ਪ੍ਰਾਜੈਕਟ ਸ਼ੁਰੂ ਕੀਤਾ ਹੈ ਜੋ ਜਨਤਾ ਨਾਲ ਉਨ੍ਹਾਂ ਦੇ ਸੰਪਰਕ ਨੂੰ ਰਿਕਾਰਡ ਕਰਨਗੇ। ਬਲੂਟੁੱਥ ਦੇ ਸਾਈਜ਼ ਦੇ ਇਹ ਕੈਮਰੇ ਅਫਸਰ ਦੇ ਕੰਨ ਉਤੇ ਬਲੂਟੁੱਥ ਵਾਂਗ ਹੀ ਟਿਕਣਗੇ। ਪੁਲਿਸ ਅਫਸਰ ਨੂੰ ਜਦ ਵੀ ਉਹ ਕਿਸੇ ਸ਼ਖਸ ਨਾਲ ਸੰਪਰਕ ਕਰੇ ਕੈਮਰਾ ਚਾਲੂ ਕਰਨਾ ਪਵੇਗਾ। ਅਫਸਰ ਦੀ ਸ਼ਿਫਟ ਦੇ ਖਤਮ ਹੋਣ 'ਤੇ ਕੈਮਰੇ ਦੀ ਰਿਕਾਰਡਿੰਗ ਇਕ ਕੇਂਦਰੀ ਸਰਵਰ ਵਿਚ ਡਾਊਨਲੋਡ ਕਰ ਲਈ ਜਾਏਗੀ।

ਬੇ-ਏਰੀਏ ਤੋਂ ਛਪਦੇ ਅਖਬਾਰ ਮਰਕਰੀ ਨਿਊਜ਼ ਦੀ ਇਕ ਰਿਪੋਰਟ ਅਨੁਸਾਰ ਸੈਨ ਹੋਜ਼ੇ ਪੁਲਿਸ ਦੇ ਮੁਖੀ ਰੌਬ ਡੇਵਿਸ ਦਾ ਕਹਿਣਾ ਹੈ ਕਿ ਇਹ ਕੈਮਰੇ ਸ਼ੁਰੂ ਵਿਚ 18 ਪਟਰੋਲ ਅਫਸਰਾਂ ਨੂੰ ਮੁਹੱਈਆ ਕੀਤੇ ਜਾਣਗੇ। ਇਹ ਕੈਮਰੇ ਪੁਲਿਸ ਕਾਰਾਂ, ਦੋਪਾਸੜ ਰੇਡੀਓ ਅਤੇ 911 ਐਮਰਜੈਂਸੀ ਸਿਸਟਮ ਦੀ ਤਰ੍ਹਾਂ ਹੀ ਉਨਤ ਤਕਨਾਲੋਜੀ ਦਾ ਨਤੀਜਾ ਹਨ। ਸੈਨ ਹੋਜ਼ੈ ਐਕਸੋਨ ਦੇ ਨਾਂ ਨਾਲ ਜਾਣੇ ਜਾਂਦੇ ਇਹ ਯੰਤਰ ਵਰਤਣ ਵਾਲਾ ਅਮਰੀਕਾ ਦਾ ਪਹਿਲਾ ਵੱਡਾ ਸ਼ਹਿਰ ਹੋਵੇਗਾ। ਸ੍ਰੀ ਡੇਵਿਸ ਦਾ ਇਹ ਵੀ ਕਹਿਣਾ ਹੈ ਕਿ ਭਾਵੇਂ ਅਫਸਰ ਪਹਿਲਾਂ ਹੀ ਬੁਲਟਪਰੂਫ ਜੈਕਟਾਂ, ਰੇਡੀਓ, ਹਥਿਆਰਾਂ ਨਾਲ ਲੈਸ ਹਨ, ਫਿਰ ਵੀ ਬਹੁਤੇ ਅਫਸਰਾਂ ਨੇ ਉਨ੍ਹਾਂ ਦੇ ਕੰਮ ਨੂੰ ਰਿਕਾਰਡ ਕਰਨ ਵਾਲੇ ਇਸ ਯੰਤਰ ਦਾ ਸਵਾਗਤ ਕੀਤਾ ਹੈ।

ਦੂਜੇ ਪਾਸੇ ਸੈਨ ਹੋਜ਼ੇ ਪੁਲਿਸ ਦੇ ਕੰਮਕਾਰ ਦੇ ਅਲੋਚਕਾਂ ਨੇ ਲਾਹੇਵੰਦ ਸਬੂਤ ਮੁਹੱਈਆ ਕਰਨ ਵਾਲੇ ਯੰਤਰ ਦੇ ਤੌਰ 'ਤੇ ਇਨ੍ਹਾਂ ਕੈਮਰਿਆਂ ਦਾ ਸਵਾਗਤ ਕੀਤਾ ਹੈ ਪਰ ਨਾਲ ਹੀ ਕਿਹਾ ਹੈ ਕਿ ਜ਼ਰੂਰੀ ਨਹੀਂ ਕਿ ਪੁਲਿਸ ਅਤੇ ਆਮ ਜਨਤਾ ਵਿਚਾਲੇ ਜਿਹੜਾ ਪਾੜਾ ਹੈ ਉਹ ਇਨ੍ਹਾਂ ਯੰਤਰਾਂ ਨਾਲ ਪੂਰਾ ਕਰਨ ਵਿਚ ਮਦਦ ਮਿਲੇਗੀ। ਸਿਲੀਕਾਨ ਵੈਲੀ ਡੀ-ਬਗ ਨਾਂ ਦੀ ਭਾਈਚਾਰਕ ਜਥੇਬੰਦੀ ਦੇ ਡਾਇਰੈਕਟਰ ਰਾਜ ਜਯਾਦੇਵ ਦਾ ਕਹਿਣਾ ਹੈ ਕਿ ਇਸ ਸਮੇਂ ਜਦੋਂਕਿ ਬੇਭਰੋਸਗੀ ਆਪਣੇ ਸਿਖਰ ਉਤੇ ਹੈ ਤਾਂ ਅਜਿਹੇ ਯੰਤਰਾਂ ਦਾ ਸਵਾਗਤ ਹੀ ਕੀਤਾ ਜਾਣਾ ਚਾਹੀਦਾ ਹੈ। ਫਿਰ ਵੀ ਇਸ ਨਾਲ ਉਨ੍ਹਾਂ ਪੁਲਿਸ ਅਫਸਰਾਂ ਦੇ ਰਵੱਈਏ ਦਾ ਬਦਲਣਾ ਮੁਸ਼ਕਿਲ ਹੋਵੇਗਾ ਜਿਹੜੇ ਸੜਕ 'ਤੇ ਖੜ੍ਹੇ ਵਿਅਕਤੀ ਦੇ ਰੰਗ ਜਾਂ ਉਸ ਦੀ ਨਸਲ ਨੂੰ ਹੀ ਵੇਖ ਕੇ ਹੀ ਉਸ ਦੇ ਕਿਰਦਾਰ ਬਾਰੇ ਫੈਸਲਾ ਕਰ ਬੈਠਦੇ ਹਨ।

ਪੁਲਿਸ ਸੂਤਰਾਂ ਅਨੁਸਾਰ ਅਜਮਾਇਸ਼ ਲਈ ਵਰਤੇ ਜਾ ਰਹੇ ਇਨ੍ਹਾਂ ਕੈਮਰਿਆਂ ਦਾ ਖਰਚਾ ਹਾਲ ਦੀ ਘੜੀ ਐਰੀਜ਼ੋਨਾ ਦੀ ਕੰਪਨੀ ਟੇਜ਼ਰ ਇੰਟਰਨੈਸ਼ਨਲ ਆਫ ਸਕਾਟਸਡੇਲ ਵਲੋਂ ਆਪਣੇ ਸਿਰ ਲਿਆ ਜਾ ਰਿਹਾ ਹੈ ਪਰ ਮਹਿਕਮੇ ਦੇ ਸਾਰੇ 1400 ਅਫਸਰਾਂ ਨੂੰ ਇਨ੍ਹਾਂ ਕੈਮਰਿਆਂ ਨਾਲ ਲੈਸ ਕਰਨਾ ਕਾਫੀ ਖਰਚੀਲਾ ਸਾਬਤ ਹੋਵੇਗਾ। ਇਕ ਕੈਮਰਾ ਕਿਟ ਦੀ ਲਾਗਤ 1700 ਡਾਲਰ ਹੈ ਅਤੇ



ਹਰ ਅਫਸਰ 'ਤੇ 99 ਡਾਲਰ ਮਾਸਿਕ ਖਰਚਾ ਵੀ ਹੋਵੇਗਾ। ਪਹਿਲੇ ਸਾਲ ਪ੍ਰਤੀ ਅਫਸਰ ਖਰਚਾ 2888 ਡਾਲਰ ਯਾਨਿ 40 ਲੱਖ ਡਾਲਰ ਸਾਲਾਨਾ ਹੋਵੇਗਾ। ਪੁਲਿਸ ਮੁਖੀ ਨੂੰ ਉਮੀਦ ਹੈ ਕਿ ਇਸ ਯੰਤਰ ਦੀ ਕੀਮਤ ਘਟਾਈ ਜਾ ਸਕੇਗੀ ਅਤੇ ਮਹਿਕਮਾ ਇਸ ਵਾਸਤੇ ਗ੍ਰਾਂਟ ਪੈਦਾ ਕਰਨ ਦੇ ਸਮਰਥ ਹੋ ਸਕੇਗਾ। ਕਿਟ ਵਿਚ ਇਕ ਕੈਮਰਾ, ਇਕ ਕੰਟਰੋਲ ਪੀਸ ਅਤੇ ਇਕ ਕੰਪਿਊਟਰ ਹੋਵੇਗਾ ਜੋ ਕਿ ਅਫਸਰ ਦੀ ਬੈਲਟ ਨਾਲ ਲੱਗਾ ਹੋਵੇਗਾ। ਪਾਇਲਟ ਪ੍ਰਾਜੈਕਟ ਵਿਚ ਅਫਸਰ ਨੂੰ ਜਦੋਂ ਵੀ ਉਹ ਪੁਲਿਸ ਕਾਰਵਾਈ ਦੌਰਾਨ ਕਿਸੇ ਸਿਵਲੀਅਨ ਦੇ ਸੰਪਰਕ ਵਿਚ ਆਵੇ, ਕੈਮਰੇ ਦਾ ਸਵਿਚ ਆਨ ਕਰਨਾ ਪਵੇਗਾ। ਆਡੀਓ ਰਿਕਾਰਡਰ ਨਾਲ ਲੈਸ ਕੈਮਰਾ ਅਫਸਰ ਦੀ ਨਜ਼ਰ ਦੀ ਸੇਧ ਵਿਚ ਰਹੇਗਾ। ਅਫਸਰ ਇਸ ਨੂੰ ਬਾਅਦ ਵਿਚ ਸਟੈਂਡਬਾਈ ਮੋਡ 'ਤੇ ਕਰ ਸਕਦਾ ਹੈ। ਅਫਸਰ ਜਦੋਂ ਚਾਹੇ ਟੇਪ ਦੇਖ ਸਕਦਾ ਹੈ ਪਰ ਇਸ ਨੂੰ ਮਿਟਾ ਨਹੀਂ ਸਕਦਾ। ਸ਼ਿਫਟ ਦੇ ਅਖੀਰ 'ਤੇ ਕੈਮਰੇ ਦੀ ਰਿਕਾਰਡਿੰਗ ਸੈਂਟਰਲ ਸਰਵਰ ਵਿਚ ਡਾਊਨਲੋਡ ਕੀਤੀ ਜਾਏਗੀ। ਪੁਲਿਸ ਮੁਖੀ ਅਨੁਸਾਰ ਕਮਾਂਡਰ ਇੰਜ ਰਿਕਾਰਡ ਕੀਤੀਆਂ ਗਈਆਂ ਟੇਪਾਂ ਦੀ ਪੁਣਛਾਣ ਕਰ ਸਕਣਗੇ ਅਤੇ ਪੁਲਿਸ ਅਫਸਰਾਂ ਦੇ ਵਿਹਾਰ ਅਤੇ ਉਨ੍ਹਾਂ ਵਲੋਂ ਵਰਤੇ ਗਏ ਢੰਗ ਤਰੀਕਿਆਂ ਦਾ ਜਾਇਜਾ ਲਿਆ ਜਾ ਸਕੇਗਾ। ਇਨ੍ਹਾਂ ਕੈਮਰਿਆਂ ਦੀ ਮਦਦ ਨਾਲ ਵਾਰਦਾਤਾਂ ਅਤੇ ਸ਼ੱਕੀ ਵਿਅਕਤੀਆਂ ਬਾਰੇ ਸਮੇਂ ਸਿਰ ਅਤੇ ਬਹੁਮੁੱਲੀ ਜਾਣਕਾਰੀ ਮਿਲ ਸਕੇਗੀ। ਇਸ ਜਾਣਕਾਰੀ ਨੂੰ ਪੁਲਿਸ ਅਫਸਰਾਂ ਦੀ ਟਰੇਨਿੰਗ ਲਈ ਵਰਤਿਆ ਜਾਏਗਾ ਅਤੇ ਜਨਤਾ ਨਾਲ ਦੁਰਵਿਹਾਰ ਦੀਆਂ ਸ਼ਿਕਾਇਤਾਂ ਦਾ ਜਾਇਜਾ ਵੀ ਲਿਆ ਜਾ ਸਕੇਗਾ।

ਇਥੇ ਜ਼ਿਕਰਯੋਗ ਹੈ ਕਿ ਪਿਛਲੇ ਕਈ ਮਹੀਨਿਆਂ ਤੋਂ ਲਾਟੀਨੋ ਏਸ਼ੀਆਈ ਅਤੇ ਅਫਰੀਕੀ ਅਮਰੀਕਨ ਭਾਈਚਾਰੇ ਦੇ ਲੋਕਾਂ ਵਲੋਂ ਸੈਨ ਹੋਜ਼ੇ ਪੁਲਿਸ ਉਤੇ ਲੋੜ ਤੋਂ ਵੱਧ ਤਾਕਤ ਦਾ ਇਸਤੇਮਾਲ ਕਰਨ ਦੇ ਦੋਸ਼ ਲਾਏ ਜਾ ਰਹੇ ਸਨ। ਮਰਕਰੀ ਨਿਊਜ਼ ਵਲੋਂ ਕਰਵਾਏ ਗਏ ਇਕ ਸਰਵੇਖਣ ਅਨੁਸਾਰ ਕੈਲੀਫੋਰਨੀਆ ਦੇ ਸਾਰੇ ਵੱਡੇ ਸ਼ਹਿਰਾਂ ਦੇ ਮੁਕਾਬਲੇ ਸੈਨ ਹੋਜ਼ੇ ਵਿਚ ਗ੍ਰਿਫਤਾਰੀ ਦਾ ਵਿਰੋਧ ਕਰਨ ਦੇ ਦੋਸ਼ ਵਿਚ ਵੱਧ ਗ੍ਰਿਫਤਾਰੀਆਂ ਕੀਤੀਆਂ ਜਾਂਦੀਆਂ ਹਨ। ਇਸ ਸਾਲ ਮਈ ਮਹੀਨੇ ਦਿਮਾਗੀ ਤੌਰ 'ਤੇ ਬਿਮਾਰ ਇਕ ਵਿਅਕਤੀ ਨੂੰ ਪੁਲਿਸ ਵਲੋਂ ਗੋਲੀ ਮਾਰੇ ਜਾਣ ਅਤੇ ਫਿਰ ਉਦੋਂ ਬੇਹੱਦ ਰੌਲਾ ਪਿਆ ਸੀ ਜਦੋਂ ਸੈਲ ਫੋਨ ਕੈਮਰੇ ਦੀ ਰਿਕਾਰਡਿੰਗ ਵਿਚ ਸੈਨ ਹੋਜ਼ੇ ਯੂਨੀਵਰਸਿਟੀ ਦੇ ਵੀਅਤਨਾਮੀ ਮੂਲ ਦੇ ਇਕ ਵਿਦਿਆਰਥੀ ਫੌਂਗ ਹੂ ਨੂੰ ਇਕ ਪੁਲਿਸ ਵਲੋਂ ਕੁੱਟਮਾਰ ਕਰਦੇ ਦਿਖਾਇਆ ਗਿਆ।

ਸਾਲ 2008 ਵਿਚ ਪੁਲਿਸ ਨੂੰ ਤਾਕਤ ਦੀ ਲੋੜੋਂ ਵੱਧ ਵਰਤੋਂ ਦੇ ਖਿਲਾਫ 117 ਸ਼ਿਕਾਇਤਾਂ ਮਿਲੀਆਂ ਪਰ ਕਿਸੇ ਵੀ ਸ਼ਿਕਾਇਤ ਨੂੰ ਸਹੀ ਨਹੀਂ ਮੰਨਿਆ ਗਿਆ। ਸ੍ਰੀ ਜਯਾਦੇਵ ਦਾ ਕਹਿਣਾ ਹੈ ਕਿ ਪੁਲਿਸ ਜਿਸ ਤਰ੍ਹਾਂ ਪ੍ਰਾਈਵੇਸੀ ਕਾਨੂੰਨ ਦੇ ਓਹਲੇ ਹੇਠ ਸਬੂਤ ਵਜੋਂ 911 ਟੇਪਾਂ ਦੇਣ ਤੋਂ ਇਨਕਾਰੀ ਹੈ ਉਸ ਹਿਸਾਬ ਇਹ ਕੈਮਰੇ ਵੀ ਪੁਲਿਸ ਦੇ ਹੱਥ ਤਾਂ ਇਕ ਹੋਰ ਹਥਿਆਰ ਹੋਣਗੇ ਪਰ ਪੁਲਿਸ ਦੇ ਵਿਹਾਰ ਵਿਰੁਧ ਸ਼ਿਕਾਇਤ ਕਰਨ ਵਾਲਿਆਂ ਨੂੰ ਇਸ ਦਾ ਕੋਈ ਲਾਭ ਸ਼ਾਇਦ ਨਾ ਹੋਵੇ। ਉਧਰ ਪੁਲਿਸ ਮੁਖੀ ਨੇ ਕਿਹਾ ਹੈ ਕਿ ਪ੍ਰਾਈਵੇਸੀ ਨੀਤੀ ਵਿਚ ਤਵਾਜ਼ਨ ਲਿਆਂਦਾ ਜਾਏਗਾ ਤਾਂ ਕਿ ਇਨ੍ਹਾਂ ਕੈਮਰਿਆਂ ਦੀ ਫੁਟੇਜ ਜਨਤਾ ਨੂੰ ਮੁਹੱਈਆ ਕੀਤੀ ਜਾ ਸਕੇ।

## ਦਲ ਖਾਲਸਾ ਅਲਾਇੰਸ ਬੱਚੀਆਂ ਦੀ ਲੋਹੜੀ ਮਨਾਏਗਾ

**ਅਲ ਸਬਰਾਂਟੇ, ਕੈਲੀਫੋਰਨੀਆ (ਪੰਜਾਬ ਟਾਈਮਜ਼ ਬਿਊਰੋ):** ਦਲ ਖਾਲਸਾ ਅਲਾਇੰਸ ਸਿੱਖ ਸਭਿਆਚਾਰ ਕਮੇਟੀ ਵਲੋਂ ਮਾਦਾ ਭਰੂਣ ਹੱਤਿਆ ਦੇ ਖਿਲਾਫ ਬੱਚੀਆਂ ਦੀ ਲੋਹੜੀ ਗੁਰਦੁਆਰਾ ਐਲ ਸਬਰਾਂਟੇ ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਆਉਂਦੀ 10 ਜਨਵਰੀ ਨੂੰ ਬਾਅਦ ਦੁਪਹਿਰ 12 ਵਜੇ ਤੋਂ ਸ਼ਾਮ 5 ਵਜੇ ਤੱਕ ਮਨਾਈ ਜਾਵੇਗੀ।

ਇਹ ਜਾਣਕਾਰੀ ਦਿੰਦਿਆਂ ਅਲਾਇੰਸ ਦੇ ਬੁਲਾਰੇ ਪਰਮਜੀਤ ਸਿੰਘ ਦਾਖਾ ਨੇ ਦੱਸਿਆ ਕਿ ਇਹ ਉਪਰਾਲਾ ਸਿੱਖ ਭਾਈਚਾਰੇ ਵਿਚ ਮਾਦਾ ਭਰੂਣ ਹੱਤਿਆ ਵਿਰੁਧ ਆਵਾਜ਼ ਉਠਾਉਣ ਅਤੇ ਲੋਕਾਂ ਵਿਚ ਜਾਗ੍ਰਿਤੀ ਪੈਦਾ ਕਰਨ ਲਈ ਕੀਤਾ ਜਾ ਰਿਹਾ ਹੈ। ਗੁਰੂ ਸਾਹਿਬਾਨ ਨੇ ਨਾਰੀ ਨੂੰ ਜਿਤੁ ਜੰਮੈ ਰਾਜਾਨ ਆਖ ਕੇ ਵਡਿਆਇਆ ਸੀ ਪਰ ਅੱਜ ਭੁੱਲੜ ਸਿੱਖ ਬੱਚੀਆਂ ਦੀ ਕੁੱਖ ਵਿਚ ਹੀ ਹੱਤਿਆ ਕਰਨ ਉਤੇ ਤੁਲੇ ਹੋਏ ਹਨ। ਉਨ੍ਹਾਂ ਕਿਹਾ ਕਿ ਲੋਹੜੀ ਮਨਾਉਣ ਲਈ ਬੱਚੀਆਂ ਦੇ ਨਾਂ 31 ਦਸੰਬਰ, 2009 ਤੱਕ ਫੋਨ 510-774-5909 'ਤੇ ਸੰਪਰਕ ਕਰਕੇ ਦਿੱਤੇ ਜਾ ਸਕਦੇ ਹਨ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਪੂਰੀ ਜਾਂਚ ਤੋਂ ਪਹਿਲਾਂ ਮੈਨੂੰ ਦੋਸ਼ੀ ਕਰਾਰ ਨਾ ਦਿੱਤਾ ਜਾਵੇ-ਸਾਬਕਾ ਡੀ.ਜੀ.ਪੀ. ਵਿਰਕ**

-ਬੇਦੋਸ਼ਿਆਂ ਦੇ ਝੂਠੇ ਮੁਕਾਬਲੇ ਤੱਕ ਬਣਾ ਦੇਣ ਵਾਲਾ ਆਪਣੇ ਉਤੇ ਦੋਸ਼ ਲੱਗਣ ਦੇ ਡਰੋਂ ਹੀ ਮੋਕ ਮਾਰੀ ਜਾਂਦਾ।

***ਧਰਮੀ ਫੌਜੀਆਂ ਨੂੰ ਰਜਿਸਟਰ ਕੀਤਾ ਜਾਵੇਗਾ-ਸੇਖਵਾਂ**

-ਦੋ ਸੌ ਰੁਪਈਆ ਮਹੀਨਾ ਪੈਨਸ਼ਨ ਦੇ ਕੇ ਜਲੀਲ ਕਰਨ ਲਈ।

***ਭ੍ਰਿਸ਼ਟਾਚਾਰ ਕਰੋਗੇ, ਕੈਂਸਰ ਨਾਲ ਮਰੋਗੇ-ਪੀ.ਜੀ.ਆਈ. ਦੇ ਡਾਕਟਰ ਦੀ ਅਹਿਮ ਖੋਜ**

-ਜਾਂ ਇਹ ਖੋਜ਼ ਗਲਤ ਐ। ਜਾਂ ਸਾਡੇ ਨੇਤਾ ਈਮਾਨਦਾਰ ਨੇ।

***ਦੋ ਸਾਲ ਬਿਜਲੀ ਦੇ ਕੱਟ ਅਜੇ ਹੋਰ ਸਹਿਣੇ ਪੈਣਗੇ-ਢੀਂਡਸਾ**

-ਆਹ ਤਾਂ ਠਾਹ ਸੋਟੇ ਵਾਲੀ ਗੱਲ ਹੋਈ। ਢੀਂਡਸਾ ਸਾਹਿਬ ਜੇ ਇਦਾਂ ਕਹਿੰਦੇ ਪਈ 'ਦੋ ਸਾਲ ਬਾਅਦ ਕੱਟ ਬਿਲਕੁਲ ਬੰਦ ਹੋ ਜਾਣਗੇ।'' ਤਾਂ ਘੱਟੋ ਘੱਟ ਸੁਣਨ ਨੂੰ ਤਾਂ ਚੰਗਾ ਲੱਗਦਾ.

***ਬਾਦਲ ਨੂੰ ਅਕਾਲ ਤਖਤ ਤੇ ਤਲਬ ਨਹੀਂ ਕਰਾਂਗੇ-ਗਿਆਨੀ ਗੁਰਬਚਨ ਸਿੰਘ**

-ਅਸੀਂ ਤੇ ਦੋ ਮਹੀਨੇ ਪਹਿਲਾਂ ਈ ਦੱਸ ਦਿੱਤਾ ਸੀ ਪਈ ਨੌਕਰ ਮਾਲਕ ਨੂੰ ਤਲਬ ਕਰ ਈ ਨਹੀਂ ਸਕਦਾ।

***ਹੋਇਆ ਕੀ ਜੇ ਨੱਚਦੀ ਦੀ ਬਾਂਹ ਫੜ ਲਈ, ਡਾਕਾ ਤਾਂ ਨ੍ਹੀਂ ਮਾਰਿਆ**

-ਪਰ ਇਸ ਕਰਤੂਤ ਲਈ ਛਿੱਤਰ ਡਾਕੇ ਤੋਂ ਵੀ ਵਧ ਪੈਂਦੇ ਹੁੰਦੇ ਆ।

***ਬਾਬਾ ਮਾਨ ਸਿੰਘ ਪਿਹੋਵੇ ਵਾਲੇ ਉੜੀਸਾ ਦੇ ਸੁਨਾਮੀ ਤੇ ਗੁਜਰਾਤ ਦੇ ਭੁਚਾਲ ਪੀੜਤਾਂ ਲਈ ਮਸੀਹਾ ਬਣ ਕੇ ਬਹੁੜੇ-ਇਕ ਲੇਖ।**

-ਪਰ ਬਾਬਾ ਜੀ ਦਿੱਲੀ ਦੇ ਸਿੱਖ ਕਤਲੇਆਮ ਦੇ ਪੀੜਤਾਂ ਲਈ ਕਦੇ ਮਸੀਹਾ ਕਿਉਂ ਨਹੀਂ ਬਣੇ?







# ਕੈਪਟਨ ਵਲੋਂ ਅਕਾਲੀਆਂ 'ਤੇ ਲੋਕਾਂ ਨੂੰ ਭੜਕਾਉਣ ਦੇ ਦੋਸ਼

**ਬਠਿੰਡਾ:** ਹਰ ਫਰੰਟ 'ਤੇ ਫੇਲ੍ਹ ਹੋ ਚੁੱਕੇ ਬਾਦਲ ਪਿਓ-ਪੁੱਤ ਆਪਣੇ ਲੱਠਮਾਰਾਂ ਦੀ ਮਦਦ ਨਾਲ ਹਰੇਕ ਕਾਰੋਬਾਰ 'ਤੇ ਕਬਜ਼ਾ ਕਰਕੇ ਜਿੱਥੇ ਦੇਸ਼-ਵਿਦੇਸ਼ ਵਿਚ ਮੋਟੀਆਂ ਜਾਇਦਾਦਾਂ ਬਣਾ ਰਹੇ ਹਨ, ਉਥੇ ਜਨਤਾ ਵਿਚ ਬਦਅਮਨੀ ਪੈਦਾ ਕਰਕੇ ਪੰਜਾਬ ਨੂੰ ਮੁੜ ਦਹਿਸ਼ਤਵਾਦ ਦੀ ਭੱਠੀ ਵਿਚ ਝੋਕਣ ਲਈ ਤੁਲੇ ਹੋਏ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਪਟਨ ਅਮਰਿੰਦਰ ਸਿੰਘ ਨੇ ਇੱਥੇ ਵਿਸ਼ਾਲ ਰੈਲੀ ਦਾ ਰੂਪ ਧਾਰਨ ਕਰ ਚੁੱਕੀ ਇੱਕ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਪਿਓ-ਪੁੱਤਾਂ ਨੇ ਸੱਤਾ ਸੰਭਾਲਦਿਆਂ ਹੀ ਅਜਿਹਾ ਰਾਹ ਅਪਣਾ ਲਿਆ, ਜਿਸ ਰਾਹੀਂ ਲੱਠਮਾਰਾਂ ਦੀ ਮਦਦ ਨਾਲ ਰੇਤਾ, ਬਜ਼ਰੀ, ਢਾਬੇ, ਟਰਾਂਸਪੋਰਟ ਅਤੇ ਕੇਬਲ ਆਦਿ ਦੇ ਕਾਰੋਬਾਰ 'ਤੇ ਕਬਜ਼ਾ ਕਰ ਲਿਆ। ਕੈਪਟਨ ਸਿੰਘ ਨੇ ਦੋਸ਼ ਲਾਇਆ ਕਿ ਮੌਜੂਦਾ ਸਰਕਾਰ ਦੇ ਕਾਰਜਕਾਲ ਦੌਰਾਨ ਪੰਜਾਬ ਵਿਚ ਅਮਨ ਕਾਨੂੰਨ ਦੀ ਵਿਵਸਥਾ ਬੁਰੀ ਤਰ੍ਹਾਂ ਲੜਖੜਾ ਚੁੱਕੀ ਹੈ।

ਇਸੇ ਦੌਰਾਨ ਮਾਨਸਾ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੈਪਟਨ ਸਿੰਘ ਨੇ ਕਿਹਾ ਕਿ ਮੌਜੂਦਾ ਅਕਾਲੀ-ਭਾਜਪਾ ਸਰਕਾਰ ਧਾਰਮਿਕ ਮਾਮਲਿਆਂ ਨੂੰ ਸਿਆਸਤ ਨਾਲ ਜੋੜ ਕੇ ਪੰਜਾਬ ਦਾ ਮਾਹੌਲ ਖ਼ਰਾਬ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਬੀਤੇ ਦਿਨੀਂ ਲੁਧਿਆਣਾ ਵਿਖੇ ਵਾਪਰੀਆਂ ਹਿੰਸਕ ਘਟਨਾਵਾਂ ਲਈ ਵੀ ਬਾਦਲ ਸਰਕਾਰ ਜ਼ਿੰਮੇਵਾਰ ਹੈ। ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਕਾਲੀ-ਭਾਜਪਾ ਸਰਕਾਰ ਨੇ ਲੋਕ ਸਭਾ ਚੋਣਾਂ ਤੋਂ ਬਾਅਦ ਕਾਂਗਰਸੀ ਵਰਕਰਾਂ 'ਤੇ ਵੱਡੀ ਗਿਣਤੀ 'ਚ ਝੂਠੇ ਪਰਚੇ ਦਰਜ ਕੀਤੇ, ਜਿਨ੍ਹਾਂ ਦਾ ਸਾਡੀ ਸਰਕਾਰ ਆਉਣ 'ਤੇ ਹਿਸਾਬ ਲਿਆ ਜਾਵੇਗਾ।

ਇਸ ਮੌਕੇ ਜਦੋਂ ਪੱਤਰਕਾਰਾਂ ਨੇ ਪੁੱਛਿਆ ਕਿ ਕਾਂਗਰਸ ਦੀ ਮੈਂਬਰਸ਼ਿਪ ਵਾਲੇ ਫਾਰਮ ਵਿਚ ਕਈ ਸ਼ਰਤਾਂ ਹਨ, ਜਿਵੇਂ ਖ਼ੱਦਰ ਪਹਿਨਣਾ ਤੇ ਸ਼ਰਾਬ ਨਾ ਪੀਣਾ ਆਦਿ ਤਾਂ ਕੈਪਟਨ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਪਾਸੇ ਨਸ਼ਿਆਂ ਖਿਲਾਫ਼ ਮੁਹਿੰਮ ਚਲਾ ਰਹੀ ਹੈ, ਪਰ ਦੂਜੇ ਪਾਸੇ ਉਹ ਕਿਹੜਾ ਸ਼੍ਰੋਮਣੀ ਕਮੇਟੀ ਮੈਂਬਰ ਹੈ ਜਿਹੜਾ ਸ਼ਰਾਬ ਨਹੀਂ ਪੀਂਦਾ? ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਨੇ ਹਮੇਸ਼ਾ ਹੀ ਸ਼ਾਂਤੀ ਦੀ ਗੱਲ ਕਹੀ ਹੈ, ਜਦਕਿ ਅਕਾਲੀ-ਭਾਜਪਾ ਸਰਕਾਰ ਧਾਰਮਿਕ ਮਾਮਲਿਆਂ 'ਚ ਦਖ਼ਲਅੰਦਾਜ਼ੀ ਕਰਕੇ ਲੋਕਾਂ ਨੂੰ ਭੜਕਾਅ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਜਿਹੜੇ ਪੁਲਿਸ ਅਫ਼ਸਰ ਸੁਖਬੀਰ ਬਾਦਲ ਦੇ ਕਹਿਣ 'ਤੇ ਝੂਠੇ ਪਰਚੇ ਦਰਜ ਕਰ ਰਹੇ ਹਨ, ਉਨ੍ਹਾਂ ਨੂੰ ਬਖਸ਼ਿਆ ਨਹੀਂ ਜਾਵੇਗਾ। ਕੈਪਟਨ ਸਿੰਘ ਨੇ ਲੁਧਿਆਣਾ ਦੀਆਂ ਘਟਨਾਵਾਂ ਸਬੰਧੀ ਅਕਾਲੀ-ਭਾਜਪਾ ਸਰਕਾਰ ਵਲੋਂ ਵਿਧਾਨ ਸਭਾ ਵਿਚ ਪੇਸ਼ ਕੀਤੀ ਰਿਪੋਰਟ ਨੂੰ ਝੂਠ ਦਾ ਪੁਲੰਦਾ ਦੱਸਿਆ।

## ਲਾਇਸੰਸ ਸਿਰਫ ਅਕਾਲੀ ਚਹੇਤਿਆਂ ਨੂੰ - ਕੈਪਟਨ



ਕੈਪਟਨ ਅਮਰਿੰਦਰ ਸਿੰਘ ਨੇ ਬਾਅਦ ਵਿਚ ਅਨਾਜ ਮੰਡੀ ਵਿਖੇ ਭਰਵੀਂ ਰੈਲੀ ਨੂੰ ਵੀ ਸੰਬੋਧਨ ਕੀਤਾ। ਇਸ ਮੌਕੇ ਰਣਇੰਦਰ ਸਿੰਘ ਟਿੱਕੂ, ਵਿਧਾਇਕ ਸ਼ੇਰ ਸਿੰਘ ਗਾਗੋਵਾਲ, ਵਿਧਾਇਕ ਅਜੀਤ ਇੰਦਰ ਸਿੰਘ ਮੋਫ਼ਰ, ਵਿਧਾਇਕ ਮੰਗਤ ਰਾਏ ਬਾਂਸਲ, ਯੂਥ ਕਾਂਗਰਸ ਦੇ ਆਗੂ ਗੁਰਪ੍ਰੀਤ ਸਿੰਘ ਵਿੱਕੀ, ਸਿਮਰਜੀਤ ਸਿੰਘ ਤੇ ਹੋਰ ਕਾਂਗਰਸੀ ਆਗੂ ਮੌਜੂਦ ਸਨ।

ਕੈਪਟਨ ਨੇ ਦੋਸ਼ ਲਾਇਆ ਕਿ ਰਾਜ ਦੇ ਭਾਈਚਾਰਕ ਮਾਹੌਲ ਨੂੰ ਮੁੜ ਖਰਾਬ ਕਰਵਾਉਣ ਦੇ ਯਤਨ ਵਜੋਂ ਮਾਲਵਾ ਖਿੱਤੇ ਵਿਚ ਸਿਰਫ ਉਨ੍ਹਾਂ ਵਿਅਕਤੀਆਂ ਨੂੰ ਹੀ ਅਸਲਾ ਲਾਇਸੰਸ ਜਾਰੀ ਕੀਤੇ ਜਾ ਰਹੇ ਹਨ, ਜਿਨ੍ਹਾਂ ਦੀ ਸਿਫਾਰਸ਼ ਅਕਾਲੀ ਦਲ ਦੇ ਸੀਨੀਅਰ ਆਗੂਆਂ ਜਾਂ ਹਲਕਾ ਇੰਚਾਰਜਾਂ ਵਲੋਂ ਕੀਤੀ ਜਾਂਦੀ ਹੈ। ਕੈਪਟਨ ਸਿੰਘ ਨੇ ਕਿਹਾ ਕਿ ਕਾਨੂੰਨ ਅਨੁਸਾਰ ਹਰ ਨਾਗਰਿਕ ਨੂੰ ਇਹ ਹੱਕ ਹੈ ਕਿ ਉਹ ਅਸਲਾ ਲਾਇਸੰਸ ਲੈਣ ਲਈ ਦਰਖਾਸਤ ਦਾਇਰ ਕਰ ਸਕੇ ਪਰ ਜਿੱਥੋਂ ਤੱਕ ਬਠਿੰਡਾ ਜ਼ਿਲ੍ਹੇ ਦਾ ਸੁਆਲ ਹੈ, ਇੱਥੇ ਸੁਵਿਧਾ ਕੇਂਦਰ ਤੋਂ ਉਨ੍ਹਾਂ ਵਿਅਕਤੀਆਂ ਨੂੰ ਹੀ ਕੀਮਤ ਅਦਾ ਕਰਕੇ ਦਰਖਾਸਤ ਫਾਰਮ ਮਿਲ ਸਕਦੇ ਹਨ, ਜਿਨ੍ਹਾਂ ਦੀਆਂ ਲਿਸਟਾਂ ਵੱਖ-ਵੱਖ ਹਲਕਿਆਂ ਦੇ ਅਕਾਲੀ ਇੰਚਾਰਜਾਂ ਜਾਂ ਮੁੱਖ ਮੰਤਰੀ ਪਰਿਵਾਰ ਵਲੋਂ ਸਥਾਪਤ ਕੀਤੇ ਦਫਤਰਾਂ ਦੇ ਮੁਖੀਆਂ ਵਲੋਂ ਡਿਪਟੀ ਕਮਿਸਨਰ ਦਫਤਰ ਨੂੰ ਭੇਜੀਆਂ ਜਾਂਦੀਆਂ ਹਨ।

ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਵਲੋਂ ਕੀਤੇ ਇਸ ਐਲਾਨ ਕਿ ਲੋਕਾਂ ਨੂੰ ਪੀਣ ਵਾਲਾ ਸ਼ੁੱਧ ਪਾਣੀ ਮੁਹੱਈਆ ਕਰਵਾਉਣ ਵਾਸਤੇ ਰਾਜ ਸਰਕਾਰ ਨੇ ਦਰਿਆਵਾਂ ਦੀ ਸਫਾਈ ਲਈ ਅਰਬਾਂ ਰੁਪਏ ਦੀ ਇੱਕ ਵਿਸ਼ੇਸ਼ ਯੋਜਨਾ ਤਿਆਰ ਕੀਤੀ ਹੈ, 'ਤੇ ਟਿੱਪਣੀ ਕਰਦਿਆਂ ਕੈਪਟਨ ਸਿੰਘ ਨੇ ਦੱਸਿਆ ਕਿ ਮਾਲਵਾ ਖਿੱਤੇ ਵਿਚ ਫੈਲੀ ਕੈਂਸਰ ਦੀ ਭਿਆਨਕ ਬੀਮਾਰੀ ਦੇ ਕਾਰਨਾਂ ਦਾ ਪਤਾ ਲਾਉਣ ਵਾਸਤੇ ਉਨ੍ਹਾਂ ਵਲੋਂ ਆਪਣੀ ਸਰਕਾਰ ਦੌਰਾਨ ਪੀਜੀਆਈ ਦੇ ਡਾਕਟਰਾਂ ਤੋਂ ਕਰਵਾਏ ਸਰਵੇ ਤੋਂ ਇਹ ਸਪਸ਼ਟ ਹੋ ਗਿਆ ਸੀ ਕਿ ਕੀਟਨਾਸ਼ਕਾਂ ਦੀ ਅੰਨ੍ਹੀ ਵਰਤੋਂ ਅਤੇ ਦੂਸ਼ਿਤ ਪਾਣੀ ਹੀ ਜ਼ੁੰਮੇਵਾਰ ਹਨ। ਉਨ੍ਹਾਂ ਕਿਹਾ ਕਿ ਇਸ ਸਰਵੇ ਰਿਪੋਰਟ ਦੇ ਅਧਾਰ 'ਤੇ ਕੀਟਨਾਸ਼ਕਾਂ ਦੀ ਵਰਤੋਂ ਘਟਾਉਣ ਲਈ ਜਿੱਥੇ ਕਾਂਗਰਸ ਸਰਕਾਰ ਨੇ ਨਰਮੇ ਦੇ ਬੀਟੀ ਬੀਜ ਨੂੰ ਪ੍ਰਵਾਨਗੀ ਦਿਵਾਈ, ਉੱਥੇ ਦਰਿਆਈ ਪਾਣੀਆਂ ਦੇ ਸ਼ੁੱਧੀਕਰਨ ਲਈ ਕੇਂਦਰ ਨੂੰ ਵਿਸਥਾਰ ਪੂਰਵਕ ਯੋਜਨਾ ਰਿਪੋਰਟ ਭੇਜੀ ਸੀ, ਜਿਸਦੇ ਪ੍ਰਵਾਨ ਹੋਣ ਨਾਲ ਹੀ ਇਸ ਮਕਸਦ ਵਾਸਤੇ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਪੰਜਾਬ ਲਈ ਅਰਬਾਂ ਰੁਪਏ ਜਾਰੀ ਕੀਤੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਪ੍ਰਦੇਸ਼ ਕਾਂਗਰਸ ਵਿਚ ਪੈਦਾ ਹੋਏ ਵਿਵਾਦ ਸਬੰਧੀ ਪੁੱਛੇ ਇੱਕ ਸਵਾਲ ਦੇ ਜਵਾਬ ਵਿਚ ਕੈਪਟਨ ਸਿੰਘ ਨੇ ਕਿਹਾ ਕਿ ਕਾਂਗਰਸ ਪਾਰਟੀ ਦੀ ਧਰਮ-ਨਿਰਪੱਖ ਪਹੁੰਚ ਸਬੰਧੀ ਉਨ੍ਹਾਂ ਨੂੰ ਕਿਸੇ ਦੀ ਸਲਾਹ ਦੀ ਉੱਕਾ ਹੀ ਲੋੜ ਨਹੀਂ, ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਹਨ ਕਿ ਉਨ੍ਹਾਂ ਦੀ ਪਾਰਟੀ ਧਾਰਮਿਕ ਅਦਾਰਿਆਂ ਦੀਆਂ ਚੋਣਾਂ ਵਿਚ ਭਾਗ ਨਹੀਂ ਲੈਂਦੀ।

**ਕੈਪਟਨ ਦੀ ਅਗਲੀ ਪੇਸ਼ੀ 9 ਜਨਵਰੀ 'ਤੇ ਪਈ :** ਬਹੁਚਰਚਿਤ ਤੇ ਬਹੁ-ਕਰੋੜੀ ਸਿਟੀ ਸੈਂਟਰ ਘੁਟਾਲੇ ਦੇ ਮਾਮਲੇ 'ਚ ਅਦਾਲਤ ਨੇ ਅਗਲੀ ਪੇਸ਼ੀ 9 ਜਨਵਰੀ ਨਿਸ਼ਚਤ ਕੀਤੀ ਹੈ। ਜ਼ਿਲ੍ਹਾ ਤੇ ਸੈਸ਼ਨ ਜੱਜ ਐਸ ਪੀ ਬੰਗੜ ਦੀ ਅਦਾਲਤ 'ਚ ਸੂਬੇ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਪੇਸ਼ ਨਹੀਂ ਹੋਏ, ਪਰ ਉਨ੍ਹਾਂ ਵਲੋਂ ਲਗਾਈ ਗਈ ਅਰਜ਼ੀ ਨੂੰ ਮਾਣਯੋਗ ਜੱਜ ਨੇ ਪ੍ਰਵਾਨ ਕਰ ਲਿਆ।

## ਕੈਪਟਨ ਕੌਣ ਹੁੰਦਾ- ਸੁਖਬੀਰ

**ਡੱਬਵਾਲੀ :** ਅਗਲੇ 6 ਮਹੀਨਿਆਂ ਵਿਚ ਬਠਿੰਡਾ ਹਵਾਈ ਅੱਡੇ ਤੋਂ ਦਿੱਲੀ-ਬਠਿੰਡਾ ਉਡਾਣ ਸ਼ੁਰੂ ਹੋ ਜਾਵੇਗੀ, ਜਿਸ ਨਾਲ ਖੇਤਰ ਦੇ ਵਿਕਾਸ ਲਈ ਨਵੇਂ ਰਾਹ ਖੁੱਲ੍ਹ ਜਾਣਗੇ। ਇਹ ਜਾਣਕਾਰੀ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨੀਂ ਡੱਬਵਾਲੀ ਬਾਰ ਐਸੋਸੀਏਸ਼ਨ ਵਿਖੇ ਵਕੀਲਾਂ ਨੂੰ ਸੰਬੋਧਨ ਕਰਦਿਆਂ ਦਿੱਤੀ। ਇਸ ਮੌਕੇ ਅਖਿਲ ਭਾਰਤੀ ਓਲੰਪਿਕ ਸੰਘ ਦੇ ਸੀਨੀਅਰ ਮੀਤ ਪ੍ਰਧਾਨ ਚੌਧਰੀ ਅਭੈ ਸਿੰਘ ਚੌਟਾਲਾ ਸਾਬਕਾ ਵਿਧਾਇਕ ਵੀ ਉਚੇਚੇ ਤੌਰ 'ਤੇ ਮੌਜੂਦ ਸਨ।

ਇਸੇ ਦੌਰਾਨ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵਲੋਂ ਬੀਤੇ ਦਿਨੀਂ ਬਠਿੰਡਾ ਵਿਖੇ ਇੱਕ ਪ੍ਰੈਸ ਕਾਨਫਰੰਸ ਦੌਰਾਨ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ 'ਤੇ ਸਿਰਫ਼ ਅਕਾਲੀਆਂ ਦੇ ਅਸਲੇ ਦੇ ਲਾਇਸੰਸ ਬਣਾਉਣ ਤੇ ਕਾਂਗਰਸੀਆਂ ਨੂੰ ਫਾਰਮ ਵੀ ਮੁਹੱਈਆ ਨਾ ਕਰਵਾਉਣ ਸਬੰਧੀ ਲਗਾਏ ਦੋਸ਼ਾਂ ਬਾਰੇ ਪੁੱਛੇ ਜਾਣ 'ਤੇ ਸ. ਬਾਦਲ ਨੇ ਪੱਤਰਕਾਰਾਂ ਨੂੰ ਉਲਟਾ ਸਵਾਲ ਪੁੱਛਦਿਆਂ ਕਿਹਾ ਕਿ ਤੁਸੀਂ ਕਿਹਦੀ ਗੱਲ ਕੀਤੀ, ਉਹ ਕੌਣ ਹੈ? ਜਦੋਂ ਉਨ੍ਹਾਂ ਨੂੰ ਕਿਹਾ ਗਿਆ ਕਿ ਉਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਹਨ ਤਾਂ ਗੱਲ ਨੂੰ ਹਾਸੇ ਵਿਚ ਲੈਂਦਿਆਂ ਸੁਖਬੀਰ ਬਾਦਲ ਨੇ ਕਿਹਾ ਕਿ ਮੈਂ ਤਾਂ ਭੁੱਲ-ਭਲਾ ਗਿਆ ਯਾਰ ਉਹ ਕੌਣ ਐ... ਕਹਿ ਕੇ ਅਗਾਂਹ ਨੂੰ ਤੁਰ ਗਏ।

# ਚੰਡੀਗੜ੍ਹ 'ਤੇ ਹਿਮਾਚਲ ਦਾ ਕੋਈ ਹੱਕ ਨਹੀਂ-ਬਾਦਲ

**ਚੰਡੀਗੜ੍ਹ :** ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ 1984 ਦੇ ਸਿੱਖ ਵਿਰੋਧੀ ਦੰਗੇ ਸੋਚੀ ਸਮਝੀ ਤੇ ਘਿਨਾਉਣੀ ਸਾਜ਼ਿਸ਼ ਸੀ, ਜਿਸ ਤਹਿਤ ਸਿੱਖਾਂ 'ਤੇ ਜ਼ੁਲਮ ਢਾਹਿਆ ਗਿਆ ਅਤੇ ਦਿੱਲੀ ਵਿਚ ਹਜ਼ਾਰਾਂ ਲੋਕ ਘਰੋਂ-ਬੇ-ਘਰ ਹੋ ਗਏ, ਜੋ ਅੱਜ ਤੱਕ ਇਸ ਦਾ ਸੰਤਾਪ ਭੋਗ ਰਹੇ ਹਨ। ਸਿਵਲ ਸਕੱਤਰੇਤ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ. ਬਾਦਲ ਨੇ ਕਿਹਾ ਕਿ 25 ਸਾਲ ਬੀਤ ਜਾਣ ਮਗਰੋਂ ਵੀ ਦੰਗਾ ਪੀੜਿਤਾਂ ਨੂੰ ਇਨਸਾਫ ਨਾ ਮਿਲਣਾ ਬਹੁਤ ਹੀ ਸ਼ਰਮਨਾਕ ਗੱਲ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਦੰਗਿਆਂ ਦੇ ਦੋਸ਼ੀਆਂ ਨੂੰ ਬਚਾਉਣ ਦਾ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਜਦੋਂ ਇਕ ਹਿਰਨ ਮਾਰਨ ਦੇ ਦੋਸ਼ 'ਚ ਸਲਮਾਨ ਖਾਨ ਵਰਗੇ ਅਦਾਕਾਰ ਨੂੰ 2 ਸਾਲਾਂ ਵਿਚ ਸਜ਼ਾ ਹੋ ਸਕਦੀ ਹੈ ਤਾਂ ਫਿਰ ਹਜ਼ਾਰਾਂ ਦੀ ਗਿਣਤੀ ਵਿਚ ਸਿੱਖਾਂ ਦਾ ਕਤਲੇਆਮ ਕਰਨ ਵਾਲਿਆਂ ਨੂੰ 25 ਸਾਲ ਤੱਕ ਕਿਉਂ ਬਖਸ਼ਿਆ ਗਿਆ ਹੈ? ਸ. ਬਾਦਲ ਨੇ ਕਿਹਾ ਕਿ ਅਕਾਲੀ ਦਲ ਦੰਗਾ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਆਪਣੀ ਲੜਾਈ ਜਾਰੀ ਰੱਖੇਗਾ। ਉਨ੍ਹਾਂ ਅਕਾਲੀ ਐਮ.ਪੀ. ਹਰਸਿਮਰਤ ਕੌਰ ਬਾਦਲ ਵਲੋਂ ਪਾਰਲੀਮੈਂਟ ਵਿਚ ਦੰਗਾ ਪੀੜਤਾਂ ਬਾਰੇ ਉਠਾਈ ਆਵਾਜ਼ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਦੋਸ਼ੀਆਂ ਖਿਲਾਫ ਕਾਰਵਾਈ ਕਰਕੇ ਪੀੜਤਾਂ ਨੂੰ ਇਨਸਾਫ ਦਿਵਾਏ।

ਪੱਤਰਕਾਰਾਂ ਵਲੋਂ ਪੁੱਛੇ ਸਵਾਲਾਂ ਦੇ ਜੁਆਬ ਦਿੰਦਿਆਂ ਸ. ਬਾਦਲ ਨੇ ਮੁੜ ਦੁਹਰਾਇਆ ਕਿ ਚੰਡੀਗੜ੍ਹ 'ਤੇ ਸਿਰਫ ਪੰਜਾਬ ਦਾ ਹੱਕ ਹੈ ਅਤੇ ਪੰਜਾਬ ਇਸ ਨੂੰ ਲੈ ਕੇ ਰਹੇਗਾ। ਮੁੱਖ ਮੰਤਰੀ ਨੇ ਹਿਮਾਚਲ ਪ੍ਰਦੇਸ਼ ਵਲੋਂ ਚੰਡੀਗੜ੍ਹ 'ਤੇ ਕੀਤੇ ਦਾਅਵੇ ਨੂੰ ਰੱਦ ਕਰਦਿਆਂ ਕਿਹਾ ਕਿ ਸਿਰਫ ਪ੍ਰਸਤਾਵ ਪਾਸ ਕਰਨ ਨਾਲ ਹੀ ਚੰਡੀਗੜ੍ਹ ਹਿਮਾਚਲ ਦਾ ਨਹੀਂ ਬਣ ਜਾਵੇਗਾ। ਸ਼੍ਰੋਮਣੀ ਕਮੇਟੀ ਚੋਣਾਂ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਸ. ਬਾਦਲ ਨੇ ਕਿਹਾ ਕਿ ਮੈਨੂੰ ਪਤਾ ਹੈ ਕਿ ਕੈਪਟਨ ਅਮਰਿੰਦਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ 'ਚ ਆਪਣੀ ਪਾਰਟੀ ਵਲੋਂ ਸ਼ਮੂਲੀਅਤ ਕਰਨ ਦਾ ਦਾਅਵਾ ਕਰ ਰਹੇ ਹਨ, ਪਰ ਇਹ ਉਨ੍ਹਾਂ ਦਾ ਭਰਮ ਹੈ, ਜੋ ਚੋਣਾਂ ਦੇ ਨਤੀਜਿਆਂ ਤੋਂ ਬਾਅਦ ਸਾਹਮਣੇ ਆ ਜਾਵੇਗਾ। ਸ. ਬਾਦਲ ਨੇ ਕਿਹਾ ਕਿ ਕੈਪਟਨ ਵਰਗੇ ਕਈ ਮੋਹਰੇ ਆਏ ਤੇ ਕਈ ਗਏ, ਪਰ ਸ਼੍ਰੋਮਣੀ ਕਮੇਟੀ ਆਪਣੇ ਨਿਰਧਾਰਤ ਢੰਗ ਨਾਲ ਕਾਰਜ ਕਰਦੀ ਰਹੀ ਹੈ।


## Matrimonials

Parents seek Jat Sikh professional, tall, US educated match for their US born and educated daughter 26, 5'6", currently doing MBA and MHA. Family well settled in Florida. Father medical physician in Florida. One brother, senior in H. S and top Jr. golfer in Florida. Contact: r5645@strato.net

ਜੱਟ ਸਿੱਖ, 22 ਸਾਲ, 6 ਫੁੱਟ ਅਮਰੀਕਨ ਇਮੀਗ੍ਰਾਂਟ ਲੜਕੇ ਲਈ ਇੰਡੀਆ ਰਹਿੰਦੀ ਲੜਕੀ ਦੀ ਲੋੜ ਹੈ। ਲੜਕੇ ਦੇ ਇੰਡੀਆ ਰਹਿੰਦੇ ਇਕੱਲੇ ਭਰਾ, 24 ਸਾਲ, 5'12" ਲਈ ਅਮਰੀਕਨ ਸਿਟੀਜ਼ਨ ਲੜਕੀ ਦੀ ਜ਼ਰੂਰਤ ਹੈ। ਸੰਪਰਕ ਕਰੋ: 317-313-5909 ਜਾਂ 317-217-9930

ਚੰਡੀਗੜ੍ਹ ਦੀ ਜੰਮਪਲ, ਸੈਣੀ ਸਿੱਖ, 28 ਸਾਲ, 5'3", ਐਮ.ਏ. (ਸਾਇਕੌਲੋਜੀ), ਬੀ ਐਡ, ਯੂ.ਜੀ.ਸੀ. ਨੈਟ ਪਾਸ, ਅਲਾਇੰਸ ਫਰੌਂਸੇ ਤੋਂ ਫਰੈਂਚ ਭਾਸ਼ਾ ਦੀ ਉਚ ਡਿਗਰੀ ਦੇ 7 ਲੈਵਲ ਪਾਸ, ਯੂਨੀਵਰਸਿਟੀ ਕਾਲਜ ਲੈਕਚਰਰ, ਤਨਖਾਹ 30,000 ਰੁ, ਰੰਗ ਗੋਰਾ, ਸੋਹਣੇ ਨੈਣ ਨਕਸ਼, ਸੁਚੱਜੀ ਤੇ ਸੁਸ਼ੀਲ ਲੜਕੀ ਲਈ ਯੋਗ ਸਿੱਖ ਲੜਕੇ ਦੀ ਜ਼ਰੂਰਤ ਹੈ। ਪਿਤਾ ਕਾਲਜ ਲੈਕਚਰਰ, ਧੜਮੈਤ, ਮਾਂ ਔਜਲਾ। ਸੰਪਰਕ:ਮੋਬਾਇਲ-91-94171-32373, ਘਰ (ਸਿਰਫ ਐਤਵਾਰ):91-172-2703943

Ramgariah Sikh Family looking for suitable match for their son, performing residency (DPM). Girl should be well educated and belong to ramgariah family. Send photograph/biodata to angelhavok@aol.com

Sikh Parents seeking a Jatt Skih match for beautiful, U.S. Citizen daughter, Born and raised in India, Feb 1978, 5' 7", Licensed Vocational Nurse, California; working as LVN and studying for Regd Nursing Diploma. Family settled in United States. Looking for qualified match within U.S. someone with Student visa, H1B visa are also welcomed. Please send your info along with your most current photo to sunny@prolynks.com or call 408-661-7285

Parents seek suitable match for 27 years 5 feet 8.5 inches tall Jat Sikh Electrical Engineer boy and 25 years 5 feet 3 inches High school girl, US Citizen, family well settled in Ludhiana and US. Please contact jspludhiana1@gmail.com or (510)715-9045

**ਆਦਿ ਧਰਮੀ, 34 ਸਾਲ, 5' 7", ਵੈਸ਼ਨੂੰ, ਵਰਕ ਪਰਮਿਟ 'ਤੇ ਰਹਿ ਰਹੇ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ ਕਰੋ:ਫੋਨ 916-730-8029**


Medico Jat Sikh match for, 27, 5'0'/smart girl doing DDS in USA. Respond with place and time of birth. contact:219-878-1008 e-mail:sur_malhi@yahoo.co.in

## Help Wanted

Help wanted for eyebrow threading salon in grand rapids, mi. Must know eyebrow threading. $8.00 an hour plus tips. hours as many as you wanted. Pl contact

**Fantastic Eyes**
**Manjinder Grover**
**586-321-3824 or 586-321-2844**

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



- ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
- ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
- ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
- ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States

**East to West Realty**
A Real Estate & Investment Agency

ਦਿਆਨਤਦਾਰ ਅਤੇ ਭਰੋਸੇਮੰਦ ਰੀਅਲ ਐਸਟੇਟ ਸੇਵਾਵਾਂ ਲਈ ਕਾਲ ਕਰੋ

(916) 501-3974
(916) 729-5453

Email:nandsbrar@gmail.com

*Hiring New Realtors*



**Nand S. Brar**
Broker/Owner
DRE Lic No: 01816328

**Punjab Times**
Established in 2000
10th Year of Publication

Published every Saturday
by A B Publication Inc.
20451 N Plum Grove Rd.
Palatine, IL 60074-2018

Ph:847-359-0746
Fax:847-705-9388

Editor:
Amolak Singh Jammu

Astt. Editor:
Jaspreet Kaur
Kuljeet Singh

Graphics:
Mandeep Singh

California Bureau:
Ashok Bhaura
925-752-8025
Tarlochan Singh Dupalpur
(408) 903-9952
Charanjit Singh Pannu
408-608-4961
Devinder Singh
(510) 750-5757
Shiara Dhindsa
661-703-6664
Mandeep Mann
661-889-1927
Honorary Directors
Community Relations:
Pritam S. Grewal
408-406-0703
Kuljeet Singh
510-284-9580

Jalandhar Bureau:
Jasvir Singh Sheeri
181-325-1889
181-279-1422

Distributed in:
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

ਡਾਕ ਰਾਹੀਂ ਪਰਚਾ ਮੰਗਵਾਉਣ ਲਈ
ਸਾਲਾਨਾ ਚੰਦਾ: 75 ਡਾਲਰ,
ਪੰਜ ਸਾਲ ਲਈ: 350 ਡਾਲਰ

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

Disclaimer
The views expressed in the articles published in the columns of Punjab Times are that of their writers, and it is not implied that Punjab Times endorses them.
Sameway Punjab Times does not necessarily endorses the claims made in the advertisements published in Punjab Times.

All disputes subject to Chicago jurisdiction.

# ਪੰਜਾਬ ਦੇ ਕਾਂਗਰਸੀਆਂ ਦੀ ਜੰਗ ਹਾਈਕਮਾਨ ਦੇ ਵਿਹੜੇ ਪੁੱਜੀ

ਪੰਜਾਬ ਟਾਈਮਜ਼ ਬਿਊਰੋ

**ਚੰਡੀਗੜ੍ਹ:** ਪੰਜਾਬ ਕਾਂਗਰਸ ਦੇ ਆਗੂਆਂ ਦੀ ਲੜਾਈ ਦਾ ਫੈਸਲਾ ਹੁਣ ਹਾਈਕਮਾਨ ਦੇ ਨਵੇਹੜੇ ਜਾ ਪੁੱਜਾ ਹੈ। ਪੰਜਾਬ ਪ੍ਰਦੇਸ਼ ਕਾਂਗਰਸ ਦੀ ਤਾਲਮੇਲ ਕਮੇਟੀ ਦੀ ਮੀਟਿੰਗ ਆਉਂਦੇ ਇਕ ਦੋ ਦਿਨ ਵਿਚ ਨਵੀਂ ਦਿੱਲੀ 'ਚ ਹੋਵੇਗੀ। ਇਸ ਤੋਂ ਪਹਿਲਾਂ ਇਹ ਮੀਟਿੰਗ 22 ਦਸੰਬਰ ਨੂੰ ਰੱਖੀ ਗਈ ਸੀ। ਪਾਰਟੀ ਹਲਕਿਆਂ ਮੁਤਾਬਕ ਪਾਰਟੀ ਦੀ ਜਨਰਲ ਸਕੱਤਰ ਅਤੇ ਪੰਜਾਬ ਮਾਮਲਿਆਂ ਬਾਰੇ ਇੰਚਾਰਜ ਬੇਗਮ ਮੋਹਸਿਨਾ ਕਿਦਵਈ ਦੇ ਨਿੱਜੀ ਰੁਝੇਵਿਆਂ ਕਾਰਨ ਇਹ ਮੀਟਿੰਗ ਇਕ ਦਿਨ ਲਈ ਅੱਗੇ ਪਾ ਦਿੱਤੀ ਗਈ ਸੀ। ਕਾਂਗਰਸ ਦੀ ਸੂਬਾਈ ਤਾਲਮੇਲ ਕਮੇਟੀ ਦੀ ਇਸ ਮੀਟਿੰਗ ਨੂੰ ਪੰਜਾਬ ਦੀ ਰਾਜਨੀਤੀ ਲਈ ਬਹੁਤ ਮਹੱਤਵਪੂਰਨ ਸਮਝਿਆ ਜਾ ਰਿਹਾ ਹੈ ਕਿਉਂਕਿ ਪੰਜਾਬ ਕਾਂਗਰਸ ਦੀ ਮੈਂਬਰਸ਼ਿਪ ਭਰਤੀ ਦੀ ਮੁਹਿੰਮ ਚੱਲ ਰਹੀ ਹੈ। ਇਸ ਮੁਹਿੰਮ ਦੌਰਾਨ ਪਾਰਟੀ ਦੇ ਸੂਬਾ ਪ੍ਰਧਾਨਗੀ ਦੇ ਦਾਅਵੇਦਾਰ ਆਗੂਆਂ ਵਲੋਂ ਜੰਗੀ ਪੱਧਰ 'ਤੇ ਲੜਾਈ ਲੜੀ ਜਾ ਰਹੀ ਹੈ। ਪਾਰਟੀ ਦੇ ਮੌਜੂਦਾ ਸੂਬਾ ਪ੍ਰਧਾਨ ਮੰਤਰੀ ਸਿੰਘ ਕੇ.ਪੀ. ਤੋਂ ਇਲਾਵਾ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ, ਵਿਰੋਧੀ ਧਿਰ ਦੀ ਨੇਤਾ ਬੀਬੀ ਰਜਿੰਦਰ ਕੌਰ ਭੱਠਲ, ਜਗਮੀਤ ਸਿੰਘ ਬਰਾੜ ਤੇ ਪ੍ਰਤਾਪ ਸਿੰਘ ਬਾਜਵਾ ਪ੍ਰਧਾਨਗੀ ਦੇ ਦਾਅਵੇਦਾਰ ਮੰਨੇ ਜਾ ਰਹੇ ਹਨ।

ਮਹੱਤਵਪੂਰਨ ਤੱਥ ਇਹ ਹੈ ਕਿ ਪਾਰਟੀ ਦੀ ਤਾਲਮੇਲ ਕਮੇਟੀ ਵਲੋਂ ਫਰਵਰੀ 2007 ਤੋਂ ਬਾਅਦ ਹੁਣ ਤੱਕ ਜਿੰਨੀਆਂ ਵੀ ਮੀਟਿੰਗਾਂ ਕੀਤੀਆਂ ਗਈਆਂ ਉਨ੍ਹਾਂ ਵਿਚ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸ਼ਾਮਲ ਨਹੀਂ ਹੋਏ। ਸਾਬਕਾ ਮੁੱਖ ਮੰਤਰੀ ਇਸ ਵਾਰੀ ਤਾਲਮੇਲ ਕਮੇਟੀ ਦੀ ਮੀਟਿੰਗ ਵਿਚੋਂ ਗੈਰਹਾਜ਼ਰ ਨਹੀਂ ਹੋਣਾ ਚਾਹੁੰਦੇ। ਉਨ੍ਹਾਂ ਕਿਹਾ ਕਿ 23 ਦਸੰਬਰ ਨੂੰ ਤਾਲਮੇਲ ਕਮੇਟੀ ਦੀ ਮੀਟਿੰਗ 'ਚ ਉਹ ਜ਼ਰੂਰ ਸ਼ਾਮਲ ਹੋਣਗੇ। ਉਨ੍ਹਾਂ ਕਿਹਾ ਕਿ ਪਾਰਟੀ ਦੀ ਮੈਂਬਰਸ਼ਿਪ ਪ੍ਰਤੀ ਵਰਕਰਾਂ ਨੂੰ ਲਾਮਬੰਦ ਕਰਨ ਲਈ ਸੂਬੇ ਦੇ ਵੱਖ-ਵੱਖ ਹਿੱਸਿਆਂ 'ਚ ਕੀਤੀਆਂ ਰੈਲੀਆਂ ਦੌਰਾਨ ਕਾਂਗਰਸ ਨੂੰ ਜੋ ਹੁਲਾਰਾ ਮਿਲਿਆ ਉਸਦੀ ਰਿਪੋਰਟ ਇਸ ਮੀਟਿੰਗ 'ਚ ਦਿੱਤੀ ਜਾਵੇਗੀ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ ਦੇ ਤਿੰਨਾਂ ਹਿੱਸਿਆਂ 'ਚ ਸੱਤਾ ਵਿਰੋਧੀ ਲਹਿਰ ਚੱਲ ਰਹੀ ਹੈ ਤੇ ਲੋਕ ਛੇਤੀ ਤੋਂ ਛੇਤੀ ਅਕਾਲੀਆਂ ਦੇ ਰਾਜ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹਨ।

ਪਾਰਟੀ ਹਲਕਿਆਂ ਦਾ ਇਹ ਵੀ ਦੱਸਣਾ ਹੈ ਕਿ ਸਾਬਕਾ ਮੁੱਖ ਮੰਤਰੀ ਦੇ ਵਿਰੋਧੀ ਧੜੇ ਨੇ ਵੀ ਤਾਲਮੇਲ ਕਮੇਟੀ ਦੀ ਮੀਟਿੰਗ 'ਚ ਅਮਰਿੰਦਰ ਸਿੰਘ ਨੂੰ ਘੇਰਨ ਦਾ ਮਨ ਬਣਾ ਲਿਆ ਹੈ। ਸੂਤਰਾਂ ਮੁਤਾਬਕ ਪਾਰਟੀ ਦੇ ਸੂਬਾ ਪ੍ਰਧਾਨ ਮਹਿੰਦਰ ਸਿੰਘ ਕੇ.ਪੀ. ਅਤੇ ਬੀਬੀ ਭੱਠਲ ਵਲੋਂ ਪਾਰਟੀ ਹਾਈ ਕਮਾਨ ਤੱਕ ਇਹ ਗੱਲ ਪਹੁੰਚਾਈ ਜਾ ਰਹੀ ਹੈ ਕਿ ਸਾਬਕਾ ਮੁੱਖ ਮੰਤਰੀ ਵਲੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਆਮ ਚੋਣਾਂ 'ਚ ਸ਼੍ਰੋਮਣੀ ਅਕਾਲੀ ਦਲ ਦਾ ਵਿਰੋਧ ਕਰਨ ਦੇ ਬਿਆਨ ਪਾਰਟੀ ਦਾ ਨੁਕਸਾਨ ਕਰ ਸਕਦੇ ਹਨ। ਸਾਬਕਾ ਮੁੱਖ ਮੰਤਰੀ ਦੇ ਵਿਰੋਧੀਆਂ ਦੀਆਂ ਅੱਖਾਂ 'ਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀਆਂ ਗਤੀਵਿਧੀਆਂ ਵੀ ਰੜਕ ਰਹੀਆਂ ਹਨ ਤੇ ਇਹ ਵਿਰੋਧੀ ਇਸ ਮਾਮਲੇ 'ਤੇ ਵੀ ਅਮਰਿੰਦਰ ਸਿੰਘ ਨੂੰ ਘੇਰਨ ਦੇ ਰੌਂਅ 'ਚ ਹਨ। ਤਾਲਮੇਲ ਕਮੇਟੀ 'ਚ ਜਗਮੀਤ ਸਿੰਘ ਬਰਾੜ, ਲਾਲ ਸਿੰਘ, ਮੁਨੀਸ਼ ਤਿਵਾੜੀ ਅਤੇ ਬ੍ਰਹਮ ਮਹਿੰਦਰਾ ਵੀ ਸ਼ਾਮਲ ਹਨ।

ਉੱਝ ਇਸ ਦੌਰਾਨ ਕੈਪਟਨ ਧਿਰ ਨੂੰ ਇਹ ਤਾਕਤ ਜ਼ਰੂਰ ਮਿਲ ਗਈ ਹੈ ਕਿ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਰਵਨੀਤ ਸਿੰਘ ਬਿੱਟੂ ਨੇ ਸ਼੍ਰੋਮਣੀ ਕਮੇਟੀ ਦੇ ਮੁੱਦੇ 'ਤੇ ਕੈਪਟਨ ਦਾ ਪੱਖ ਪੂਰਨਾ ਸ਼ੁਰੂ ਕਰ ਦਿੱਤਾ ਹੈ।ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਤੋਂ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਵੱਡੇ ਸਾਹਿਬਜ਼ਾਦਿਆਂ ਅਤੇ ਚਮਕੌਰ ਦੀ ਗੜ੍ਹੀ ਦੇ ਸ਼ਹੀਦਾਂ ਨੂੰ ਅਕੀਦਤ ਦੇ ਫੁੱਲ ਭੇਟ ਕਰਨ ਲਈ ਪੁੱਜੇ ਸਨ । ਉਨ੍ਹਾਂ ਗੁਰਦੁਆਰਾ ਸ੍ਰੀ ਕਤਲਗੜ੍ਹ ਸਾਹਿਬ ਅਤੇ ਗੜ੍ਹੀ ਸਾਹਿਬ ਵਿਚ ਮੱਥਾ ਟੇਕਿਆ।

ਬਾਅਦ ਵਿਚ ਉਨ੍ਹਾਂ ਪੱਤਰਕਾਰ ਸੰਮੇਲਨ ਦੌਰਾਨ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਭਾਵੇਂ ਪਾਰਟੀ ਪੱਧਰ 'ਤੇ ਸ਼੍ਰੋਮਣੀ ਕਮੇਟੀ ਚੋਣਾਂ ਵਿਚ ਕੋਈ ਦਖਲਅੰਦਾਜ਼ੀ ਨਹੀਂ ਕੀਤੀ ਜਾਵੇਗੀ। ਪਰ ਨਿੱਜੀ ਪੱਧਰ 'ਤੇ ਜਿਤਣਾ ਉਮੀਦਵਾਰ ਚੰਗਾ ਲੱਗਿਆ, ਉਸ ਦੀ ਹਮਾਇਤ ਕੀਤੀ ਜਾਵੇਗੀ। ਉਹ ਭਾਵੇਂ ਕੋਈ ਵੀ ਉਮੀਦਵਾਰ ਹੋਵੇ, ਜੋ ਸਿੱਖ ਰਵਾਇਤਾਂ ਅਤੇ ਸਿੱਖੀ ਦੀ ਸੇਵਾ ਕਰਨ ਲਈ ਤੱਤਪਰ ਹੋਵੇ ਨਾ ਕਿ ਬਾਦਲ ਵਾਂਗ ਸਿਆਸੀ ਰੋਟੀਆਂ ਸੇਕਣ ਵਾਲਾ। ਉਨ੍ਹਾਂ ਬਾਦਲ ਨੂੰ ਪੁਰਾਣੇ ਦਿਨ ਯਾਦ ਕਰਾਉਂਦਿਆਂ ਕਿਹਾ ਕਿ ਉਹ ਕਿਹੜੇ ਧਰਮ ਅਤੇ ਪਤਿਤਪੁਣੇ ਦੀ ਗੱਲ ਕਰਦੇ ਹਨ ਬਲਕਿ ਉਨ੍ਹਾਂ ਨੇ ਤਾਂ ਪਿਛਲੀਆਂ ਚੋਣਾਂ ਵਿਚ ਇਕਤੱਤਬਾਕੂ ਕੰਪਨੀ ਤੋਂ ਹੀ ਚੋਣ ਫੰਡ ਲਿਆ ਸੀ।

ਸ੍ਰੀ ਬਿੱਟੂ ਨੇ ਦੋਸ਼ ਲਾਇਆ ਕਿ ਮੁੱਖ ਮੰਤਰੀ ਕੇਂਦਰ ਵੱਲੋਂ ਭੇਜੇ ਫੰਡਾਂ ਤੇ ਹੀ ਆਪਣੀਆਂ ਸਿਆਸੀ ਰੋਟੀਆਂ ਸੇਕੀ ਜਾ ਰਹੇ ਹਨ, ਜੇ ਕੇਂਦਰ ਤੋਂ ਫੰਡ ਨਾ ਆਉਣ ਤਾਂ ਪੰਜਾਬ ਵਿਚ ਇਕ ਵੀ ਵਿਕਾਸ ਕਾਰਜ ਨਾ ਹੋਵੇ।

## ਪੰਜਾਬੀ ਗਾਇਕ ਕੁਲਦੀਪ ਪਾਰਸ ਨਹੀਂ ਰਿਹਾ

**ਲੁਧਿਆਣਾ :** ਪ੍ਰਸਿੱਧ ਗਾਇਕ ਕੁਲਦੀਪ ਪਾਰਸ ਦੀ ਬੀਤੀ 17 ਦਸੰਬਰ ਨੂੰ ਸਥਾਨਕ ਓਸਵਾਲ ਹਸਪਤਾਲ ਵਿਖੇ ਦੁਪਹਿਰ 3 ਵਜੇ ਮੌਤ ਹੋ ਗਈ। ਉਹ ਕੈਂਸਰ ਨਾਲ ਪੀੜਤ ਸਨ। ਉਹ ਆਪਣੇ ਪਿੱਛੇ ਆਪਣੀ ਪਤਨੀ ਪਰਮਜੀਤ ਕੌਰ, ਇਕ ਪੁੱਤਰ ਤੇ ਇਕ ਧੀ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸਸਕਾਰ ਰੂਪਨਗਰ ਨੇੜਲੇ ਪਿੰਡ ਹੁਸੈਨਪੁਰ ਵਿਖੇ ਕਰ ਦਿੱਤਾ ਗਿਆ। ਉਨ੍ਹਾਂ ਦੇ ਲੜਕੇ ਸੁਖਦੀਪ ਸਿੰਘ ਅਤੇ ਛੋਟੇ ਭਰਾ ਜਸਵਿੰਦਰ ਸਿੰਘ ਨੇ ਉਨ੍ਹਾਂ ਦੀ ਚਿਤਾ ਨੂੰ ਅਗਨੀ ਵਿਖਾਈ।



ਇਥੇ ਜ਼ਿਕਰਯੋਗ ਹੈ ਕਿ ਕੁਲਦੀਪ ਪਾਰਸ ਦਾ ਜੱਦੀ ਪਿੰਡ ਰੇਲੂ ਮਾਜਰਾ ਹੈ ਪਰ ਰਿਹਾਇਸ਼ ਉਨ੍ਹਾਂ ਦੀ ਲੰਮੇ ਸਮੇਂ ਤੋਂ ਪਿੰਡ ਹੁਸੈਨਪੁਰ ਵਿਖੇ ਸੀ। ਅੰਤਮ ਸੰਸਕਾਰ ਮੌਕੇ ਗਾਇਕਾਂ, ਗੀਤਕਾਰਾਂ ਅਤੇ ਸੱਭਿਆਚਾਰਕ ਸੰਸਥਾਵਾਂ ਦੇ ਨੁਮਾਇੰਦਿਆਂ ਸਣੇ ਵੱਡੀ ਗਿਣਤੀ ਵਿਚ ਲੋਕ ਮੌਜੂਦ ਸਨ, ਜਿਨ੍ਹਾਂ ਨੇ ਸੇਜਲ ਅੱਖਾਂ ਨਾਲ ਕੁਲਦੀਪ ਪਾਰਸ ਨੂੰ ਅੰਤਿਮ ਵਿਦਾਇਗੀ ਦਿੱਤੀ। ਜ਼ਿਕਰਯੋਗ ਹੈ ਕਿ ਕੁਲਦੀਪ ਪਾਰਸ ਨੇ ਆਪਣੇ ਚਰਚਿਤ ਗੀਤਾਂ 'ਦੋ ਗੁੱਤਾਂ ਵਾਲੀਏ ਸੁਕੀਨ ਕੁੜੀਏ', 'ਗੱਲ ਮੁੱਕਦੀ ਆ ਕੇ ਦਾਰੂ 'ਤੇ', 'ਗਿੱਧੇ ਵਿਚ ਨੱਚੇ ਮਾਰ ਕੇ ਅੱਡੀ' ਨਾਲ ਛੋਟੀ ਉਮਰ ਵਿਚ ਹੀ ਬੇਹੱਦ ਪ੍ਰਸਿੱਧੀ ਖੱਟੀ। ਕੁਲਦੀਪ ਪਾਰਸ ਦੀ ਅਚਨਚੇਤੀ ਮੌਤ 'ਤੇ ਸੱਭਿਆਚਾਰਕ ਹਲਕਿਆਂ 'ਚ ਸੋਗ ਦੀ ਲਹਿਰ ਛਾ ਗਈ ਹੈ। ਦੇਵ ਥਰੀਕਿਆਂ ਵਾਲਾ, ਜਗਦੇਵ ਸਿੰਘ ਜੱਸੋਵਾਲ, ਪਾਲੀ ਦੇਤਵਾਲੀਆ, ਮੁਹੰਮਦ ਸਦੀਕ, ਸੁਰਿੰਦਰ ਛਿੰਦਾ, ਅਵਤਾਰ ਤਾਰੀ, ਗੁਰਲੇਜ਼ ਅਖ਼ਤਰ, ਧੰਨਾ ਰੰਗੀਲਾ, ਦਲਜੀਤ ਦਰਦੀ, ਬੂਟਾ ਮੁਹੰਮਦ ਆਦਿ ਕਲਾਕਾਰਾਂ ਨੇ ਕੁਲਦੀਪ ਪਾਰਸ ਦੀ ਮੌਤ 'ਤੇ ਗਹਿਰੇ ਦਾ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਪੰਜਾਬ 'ਚ ਪਰਵਾਸੀਆਂ ਦੀ ਆਮਦ ਬਾਰੇ ਬਹਿਸ ਤੁਰੀ

ਪੰਜਾਬ ਟਾਈਮਜ਼ ਬਿਊਰੋ

**ਲੁਧਿਆਣਾ:** ਲੁਧਿਆਣਾ ਕਾਂਡ ਵਾਪਰਨ ਤੋਂ ਬਾਅਦ ਪੰਜਾਬ ਵਿਚ ਇਕ ਵਾਰ ਫਿਰ ਪ੍ਰਵਾਸੀ ਮਜ਼ਦੂਰਾਂ ਦੀ ਖੁੱਲ੍ਹੀ ਆਮਦ ਅਤੇ ਇਸ ਨੂੰ ਨਿਯਮਤ ਕਰਨ ਸੰਬੰਧੀ ਇਕ ਬਹਿਸ ਤੁਰ ਪਈ ਹੈ। ਬਹੁਤੀਆਂ ਖੱਬੇ ਪੱਖੀ ਧਿਰਾਂ ਦਾ ਵਿਚਾਰ ਹੈ ਕਿ ਪੰਜਾਬ ਵਿਚ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਰੋਕੀ ਨਹੀਂ ਜਾ ਸਕਦੀ ਤੇ ਇਹ ਬੇਰੋਕ ਟੋਕ ਜਾਰੀ ਰਹਿਣੀ ਚਾਹੀਦੀ ਹੈ। ਦੂਜੇ ਪਾਸੇ ਦੋਨੋਂ ਵੱਡੀਆਂ ਪਾਰਟੀਆਂ ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਪਾਰਟੀ ਵੀ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਦੇ ਹੱਕ ਵਿਚ ਹਨ। ਭਾਰਤੀ ਜਨਤਾ ਪਾਰਟੀ ਅਤੇ ਕਾਂਗਰਸ ਦੇ ਸਟੈਂਡ ਵਿਚ ਉਂਝ ਇਹ ਅੰਤਰ ਜ਼ਰੂਰ ਹੈ ਕਿ ਭਾਜਪਾ ਜਿੱਥੇ ਦੂਜਿਆਂ ਸਟੇਟਾਂ ਤੋਂ ਹਿੰਦੂ ਧਰਮ ਨਾਲ ਸੰਬੰਧਤ ਮਜ਼ਦੂਰਾਂ ਦੇ ਹੱਕ ਵਿਚ ਹੈ ਉਥੇ ਮੁਸਲਮਾਨ ਮਜ਼ਦੂਰਾਂ ਦੀ ਆਮਦ ਨੂੰ ਰੋਕਣ ਦੇ ਹੱਕ ਵਿਚ ਹੈ। ਜਦਕਿ ਖੱਬੇ ਤੇ ਕਾਂਗਰਸ ਹਰ ਧਰਮ ਨਾਲ ਸੰਬੰਧਤ ਮਜ਼ਦੂਰਾਂ ਦੀ ਆਮਦ ਦੇ ਹੱਕ ਵਿਚ ਹਨ। ਇਹ ਸਾਰੇ ਪੈਂਤੜੇ ਵੋਟ ਰਾਜਨੀਤੀ ਦੀ ਦ੍ਰਿਸ਼ਟੀ ਤੋਂ ਲਏ ਜਾ ਰਹੇ ਹਨ। ਲਗਦਾ ਹੈ ਲੁਧਿਆਣਾ ਦੀਆਂ ਘਟਨਾਵਾਂ ਨੇ ਸਾਰੀਆਂ ਸਿੱਖ ਧਿਰਾਂ ਨੂੰ ਚਿੰਤਾ ਵਿਚ ਪਾ ਦਿੱਤਾ ਹੈ ਅਤੇ ਉਹ ਪ੍ਰਵਾਸੀ ਮਜ਼ਦੂਰਾਂ ਦੀ ਖੁੱਲ੍ਹੀ ਆਮਦ ਨੂੰ ਰੋਕਣ ਦੇ ਪੈਂਤੜੇ ਮੱਲ ਰਹੇ ਹਨ।

ਭਾਵੇਂ ਸੱਤਾ ਧਾਰੀ ਅਕਾਲੀ ਧਿਰ ਆਖ ਰਹੀ ਹੈ ਕਿ ਪ੍ਰਵਾਸੀ ਮਜ਼ਦੂਰਾਂ ਦੀ ਆਮਦ ਰੋਕੀ ਨਹੀਂ ਜਾ ਸਕਦੀ ਪਰ ਗੁਆਂਢੀ ਰਾਜਾਂ ਵਲੋਂ ਪੰਜਾਬੀਆਂ ਦੇ ਜ਼ਮੀਨ ਖਰੀਦਣ 'ਤੇ ਲਗਾਈਆਂ ਗਈਆਂ ਪਾਬੰਦੀਆਂ ਦਾ ਮੁੱਦਾ ਉਠਾ ਕੇ ਉਹ ਵੀ ਮਸਲੇ ਨੂੰ ਉਛਾਲ ਕੇ ਰਾਜਨੀਤਿਕ ਰੰਗ ਦੇ ਰਹੇ ਹਨ। ਯਾਦ ਰਹੇ ਮੁੱਖ ਮੰਤਰੀ ਪ੍ਰਕਾਸ਼ ਸਿੰਘ

### ਪਰਵਾਸੀਆਂ ਦੇ ਜਾਨ-ਮਾਲ ਦੀ ਰਾਖੀ ਕਰਾਂਗੇ-ਬਾਦਲ

ਬਾਦਲ ਨੇ ਪੰਜਾਬ ਵਿਚਲੇ ਪਰਵਾਸੀ ਮਜ਼ਦੂਰਾਂ ਦੀ ਜਾਨ ਮਾਲ ਦੀ ਰੱਖਿਆ ਦਾ ਯਕੀਨ ਦਿਵਾਉਂਦਿਆਂ ਉਨ੍ਹਾਂ ਨੂੰ ਬੇਖੌਫ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ ਹੈ ਇਸ ਦੇ ਨਾਲ ਹੀ ਉਨ੍ਹਾਂ ਗੁਆਂਢੀ ਸੂਬਿਆਂ ਵਿਚ ਹੋਰ ਸੂਬਿਆਂ ਦੇ ਲੋਕਾਂ 'ਤੇ ਜ਼ਮੀਨ ਜਾਇਦਾਦ ਖਰੀਦਣ ਉਤੇ ਲਾਈਆਂ ਪਾਬੰਦੀਆਂ ਖਤਮ ਕਰਨ ਦੀ ਵਕਾਲਤ ਵੀ ਕੀਤੀ। ਇੱਥੇ ਭਗਵਾਨ ਜਗਨ ਨਾਥ ਰੱਥ ਯਾਤਰਾ ਵਿਚ ਸ਼ਾਮਲ ਹੋਣ ਪੁੱਜੇ ਸ੍ਰੀ ਬਾਦਲ ਨੇ ਕਿਹਾ, 'ਸਾਡੇ ਦੇਸ਼ ਦਾ ਸੰਵਿਧਾਨ ਸਾਰੇ ਨਾਗਰਿਕਾਂ ਨੂੰ ਬਰਾਬਰ ਅਧਿਕਾਰ ਦਿੰਦਾ ਹੈ। ਇਸ ਲਈ ਸਾਰਿਆਂ ਨੂੰ ਕਿਸੇ ਵੀ ਸੂਬੇ ਵਿਚ ਜਾ ਕੇ ਜ਼ਮੀਨ ਜਾਇਦਾਦ ਖਰੀਦਣ ਤੋਂ ਰੋਕਣਾ ਜਾਇਜ਼ ਨਹੀਂ।'' ਉਨ੍ਹਾਂ ਲੁਧਿਆਣਾ ਵਿਚ ਪਿਛਲੇ ਦਿਨੀਂ ਦੀਆਂ ਘਟਨਾਵਾਂ 'ਤੇ ਅਫਸੋਸ ਜ਼ਾਹਿਰ ਕਰਦਿਆਂ ਭਰੋਸਾ ਦਿੱਤਾ ਕਿ ਸਾਰੇ ਨਾਗਰਿਕਾਂ ਦੀ ਜਾਨ-ਮਾਲ ਦੀ ਰੱਖਿਆ ਸਰਕਾਰ ਯਕੀਨੀ ਬਣਾਏਗੀ। ਵਿਧਾਨ ਸਭਾ ਵਿਚ ਹੋਏ ਹੰਗਾਮੇ ਬਾਰੇ ਸਵਾਲ ਦੇ ਜਵਾਬ ਵਿਚ ਮੁੱਖ ਮੰਤਰੀ ਨੇ ਕਿਹਾ ਕਿ ਇਹ ਹੰਗਾਮਾ ਕਾਂਗਰਸ ਦੇ ਮੋਹਰੀ ਲੀਡਰਾਂ ਵਲੋਂ ਪਾਰਟੀ ਦੀ ਕੇਂਦਰੀ ਹਾਈ ਕਮਾਂਡ ਸਾਹਮਣੇ ਆਪਣੇ ਨੰਬਰ ਬਨਾਉਣ ਦੀ ਖਿੱਚੋਤਾਣ ਕਾਰਨ ਹੋਇਆ। ਕਾਂਗਰਸ ਵਿਧਾਇਕਾਂ ਨੂੰ ਕਾਰਵਾਈ ਵਿਚ ਸ਼ਾਮਲ ਕਰਨ ਲਈ ਬਹੁਤ ਯਤਨ ਕੀਤੇ, ਪਰ ਉਹ ਆਪਣੀ ਅੜੀ ਛੱਡਣ ਲਈ ਤਿਆਰ ਨਹੀਂ ਹੋਏ। ਇਸੇ ਦੌਰਾਨ ਪੰਜਾਬ ਦੇ ਉੱਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਵੀ ਕਿਹਾ ਹੈ ਕਿ ਪੰਜਾਬੀਆਂ ਨੂੰ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਸਮੇਤ ਦੇਸ਼ ਦੇ ਹਰ ਉਸ ਸੂਬੇ ਵਿਚ ਜਾਇਦਾਦ ਖਰੀਦਣ ਦਾ ਪੂਰਾ ਅਧਿਕਾਰ ਹੋਣਾ ਚਾਹੀਦਾ ਹੈ, ਜਿਨ੍ਹਾਂ ਵਿਚ ਰਾਜ ਸਰਕਾਰਾਂ ਨੇ ਬਾਹਰਲੇ ਰਾਜਾਂ ਤੋਂ ਆ ਕੇ ਲੋਕਾਂ ਦੇ ਜ਼ਮੀਨ ਖਰੀਦਣ 'ਤੇ ਪਾਬੰਦੀ ਲਗਾਈ ਹੋਈ ਹੈ।' ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਇਥੋਂ ਨੇੜਲੇ ਪਿੰਡ ਲਾਲਵਾ ਵਿਖੇ ਜ਼ਿਲ੍ਹਾ ਪ੍ਰੀਸ਼ਦ ਪਟਿਆਲਾ ਦੇ ਚੇਅਰਮੈਨ ਮਹਿੰਦਰ ਸਿੰਘ ਲਾਲਵਾ ਦੇ ਗ੍ਰਹਿ ਵਿਖੇ ਉਨ੍ਹਾਂ ਦੀ ਦਾਦੀ ਨਮਿਤ ਅਫਸੋਸ ਕਰਨ ਤੋਂ ਬਾਅਦ ਪ੍ਰੈੱਸ ਕਾਨਫਰੰਸ ਦੌਰਾਨ ਕੀਤਾ।

ਸ੍ਰ. ਬਾਦਲ ਨੇ ਕਿਹਾ ਹੈ ਕਿ ਜਦੋਂ ਸਾਡਾ ਦੇਸ਼ ਇੱਕ ਹੈ ਤਾਂ ਇਸ ਦੇਸ਼ ਦੇ ਹਰ ਵਾਸੀ ਨੂੰ ਬਰਾਬਰਤਾ ਦੇ ਅਧਿਕਾਰ ਹੋਣੇ ਚਾਹੀਦੇ ਹਨ ਅਤੇ ਕੇਂਦਰ ਸਰਕਾਰ ਨੂੰ ਤੁਰੰਤ ਦਖਲ ਦੇ ਕੇ ਰਾਜ ਸਰਕਾਰਾਂ ਵਲੋਂ ਲਗਾਈਆਂ ਗਈਆਂ ਇਸ ਤਰ੍ਹਾਂ ਦੀਆਂ ਪਾਬੰਦੀਆਂ ਖਤਮ ਕਰਵਾਉਣੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਕਿ ਇਸ ਤਰ੍ਹਾਂ ਦੀਆਂ ਪਾਬੰਦੀਆਂ ਦੇਸ਼ ਨੂੰ ਵੰਡਣ ਵਾਲੀਆਂ ਹਨ, ਕਿਉਂਕਿ ਇਕ ਪਾਸੇ ਪੂਰਾ ਵਿਸ਼ਵ ਇੱਕ ਪਿੰਡ ਬਣਦਾ ਜਾ ਰਿਹਾ ਹੈ ਤੇ ਪੂਰੀ ਦੁਨੀਆ ਵਿਚ ਕੋਈ ਕਿਤੇ ਵੀ ਜਾ ਕੇ ਰਹਿ ਜਾਂ ਜਾਇਦਾਦ ਖਰੀਦ ਸਕਦਾ ਹੈ ਤਾਂ ਆਪਣੇ ਹੀ ਦੇਸ਼ ਵਿਚ ਗੁਆਂਢੀ ਰਾਜਾਂ ਰਾਜਸਥਾਨ ਅਤੇ ਹਿਮਾਚਲ ਪ੍ਰਦੇਸ਼ ਵਿਚ ਪੰਜਾਬੀਆਂ ਦਾ ਇਸ ਅਧਿਕਾਰ ਤੋਂ ਵਾਂਝਾ ਹੋਣਾ ਬੇਹੱਦ ਮੰਦਭਾਗਾ ਹੈ। ਜਦੋਂ ਉਨ੍ਹਾਂ ਦਾ ਧਿਆਨ ਪਰਵਾਸੀ ਮਜ਼ਦੂਰਾਂ ਦੀ ਲੁਧਿਆਣਾ ਸਮੇਤ ਪੰਜਾਬ ਦੇ ਹੋਰਨਾਂ ਹਿੱਸਿਆਂ ਵਿਚ ਲਗਾਤਾਰ ਵਧਦੀ ਹੋਂਦ ਤੋਂ ਪੈਦਾ ਹੋ ਰਹੀਆਂ ਸਮੱਸਿਆਵਾਂ ਵਲ ਦਿਵਾਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਜੇਕਰ ਬਾਹਰਲੇ ਰਾਜਾਂ ਵਿਚ ਅਧਿਕਾਰ ਲੈਣੇ ਹਨ ਤਾਂ ਪਰਵਾਸੀ ਮਜ਼ਦੂਰਾਂ ਦੀ ਆਮਦ ਨੂੰ ਵੀ ਰੋਕਿਆ ਨਹੀਂ ਜਾ ਸਕਦਾ। ਇਸ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਚਿਤਾਵਨੀ ਦਿੱਤੀ ਹੈ ਕਿ ਜੇ ਪ੍ਰਵਾਸੀ ਮਜ਼ਦੂਰਾਂ ਬਾਰੇ ਸਰਕਾਰ ਨੇ ਗੰਭੀਰ ਕਦਮ ਨਾ ਉਠਾਏ ਤਾਂ ਆਉਣ ਵਾਲੇ ਸਮੇਂ ਵਿਚ ਇਸ ਦੇ ਭਿਆਨਕ ਸਿੱਟੇ ਨਿਕਲ ਸਕਦੇ ਹਨ। ਗਿਆਨੀ ਗੁਰਬਚਨ ਸਿੰਘ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਤਰਲੋਚਨ ਸਿੰਘ ਦੀ ਰਿਹਾਇਸ਼ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਰੋਟੀ-ਰੋਜ਼ੀ ਦੀ ਖਾਤਰ ਦੂਸਰੇ ਰਾਜਾਂ ਵਿਚ ਆਉਣਾ-ਜਾਣਾ ਕੋਈ ਗਲਤ ਗੱਲ ਨਹੀਂ ਹੈ, ਪਰ ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਦੇ ਰਾਸ਼ਨ ਕਾਰਡ ਤੇ ਵੋਟਾਂ ਬਣਾ ਦੇਣ ਕਾਰਨ ਪੰਜਾਬ ਲਈ ਗੰਭੀਰ ਸਮੱਸਿਆ ਖੜ੍ਹੀ ਹੋ ਗਈ ਹੈ।

ਯਾਦ ਰਹੇ ਦੁਨੀਆ ਭਰ ਵਿਚ ਸਿੱਖਾਂ ਨੇ ਹਰ ਖੇਤਰ ਵਿਚ ਆਪਣੀ ਵੱਖਰੀ ਪਛਾਣ ਬਣਾਈ ਹੋਈ ਹੈ ਤੇ ਉਨ੍ਹਾਂ ਨੂੰ ਉਥੇ ਵੋਟ ਪਾਉਣ ਦੇ ਬਰਾਬਰ ਦੇ ਅਧਿਕਾਰ ਹਨ। ਜਥੇਦਾਰ ਜੀ ਨੇ ਇਹ ਵੀ ਆਖ ਦਿਤਾ ਕਿ ਜਿਵੇਂ ਹਿਮਾਚਲ, ਰਾਜਸਥਾਨ ਜਾਂ ਹੋਰ ਕਈ ਸੂਬਿਆਂ ਵਿਚ ਪੰਜਾਬੀ ਲੋਕ ਜ਼ਮੀਨਾਂ ਨਹੀਂ ਖਰੀਦ ਸਕਦੇ, ਉਸੇ ਤਰ੍ਹਾਂ ਪੰਜਾਬ ਵਿਚ ਵੀ ਦੂਸਰੇ ਰਾਜਾਂ ਦੇ ਲੋਕਾਂ 'ਤੇ ਜਾਇਦਾਦ ਖਰੀਦਣ 'ਤੇ ਮੁਕੰਮਲ ਪਾਬੰਦੀ ਹੋਣੀ ਚਾਹੀਦੀ ਹੈ। ਲੁਧਿਆਣਾ ਵਿਚ ਹੀ ਵਾਪਰੇ ਆਸ਼ੂਤੋਸ਼ ਸਿੱਖ ਹਿੰਸਾ ਕਾਂਡ ਬਾਰੇ ਉਨ੍ਹਾਂ ਸਥਾਨਕ ਪ੍ਰਸ਼ਾਸਨ ਨੂੰ ਦੋਸ਼ੀ ਠਹਿਰਾਉਂਦਿਆਂ ਕਿਹਾ ਕਿ ਅਮਨ-ਕਾਨੂੰਨ ਬਣਾਈ ਰੱਖਣਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ, ਜੇ ਲੁਧਿਆਣਾ ਪ੍ਰਸ਼ਾਸਨ ਜ਼ਿੰਮੇਵਾਰੀ ਤੋਂ ਕੰਮ ਲੈਂਦਾ ਤਾਂ ਇਸ ਹਿੰਸਾ ਨੂੰ ਰੋਕਿਆ ਜਾ ਸਕਦਾ ਸੀ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ

ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)

# ਭਾਜਪਾ ਲੀਡਰਸ਼ਿਪ ਤਬਦੀਲੀ-ਗਡਕਰੀ ਪ੍ਰਧਾਨ ਬਣੇ

*ਸਫਾ ਇਕ ਦੀ ਬਾਕੀ*

ਕਾਲਜ ਦੇ ਜੀਵਨ 'ਚ ਵਿਦਿਆਰਥੀ ਪ੍ਰੀਸ਼ਦ ਨਾਲ ਜੁੜ ਕੇ ਉਹ ਸਿਆਸਤ 'ਚ ਸਰਗਰਮ ਹੋਏ ਤੇ ਮਹਾਰਾਸ਼ਟਰ 'ਚ ਭਾਜਪਾ-ਸ਼ਿਵ ਸੈਨਾ ਸਰਕਾਰ 'ਚ ਉਹ ਜਨਤਕ ਉਸਾਰੀ ਮਾਮਲਿਆਂ ਬਾਰੇ ਮੰਤਰੀ ਰਹੇ। 2004 ਤੋਂ ਮਹਾਰਾਸ਼ਟਰ ਭਾਜਪਾ ਦੇ ਪ੍ਰਧਾਨਗੀ ਅਹੁਦੇ 'ਤੇ ਰਹੇ।

ਸੁਸ਼ਮਾ ਸਵਰਾਜ ਅਤੇ ਅਰੁਣ ਜੇਤਲੀ ਨੇ ਸ਼੍ਰੀ ਅਡਵਾਨੀ ਤੋਂ ਅਸ਼ੀਰਵਾਦ ਲਿਆ ਅਤੇ ਸ਼੍ਰੀ ਅਡਵਾਨੀ ਨੇ ਵੀ ਇਕ ਬਜ਼ੁਰਗ ਵਾਂਗ ਹੀ ਉਨ੍ਹਾਂ ਨੂੰ ਅਸ਼ੀਰਵਾਦ ਦਿੱਤਾ। ਗਡਕਰੀ ਨੇ ਵੀ ਸ਼੍ਰੀ ਅਡਵਾਨੀ ਤੇ ਰਾਜਨਾਥ ਸਿੰਘ ਤੋਂ ਅਸ਼ੀਰਵਾਦ ਲਿਆ।

ਜਿਸ ਤਰ੍ਹਾਂ ਲੀਡਰਸ਼ਿਪ ਦੀ ਤਬਦੀਲੀ ਹੋਈ ਹੈ, ਉਸ ਨਾਲ ਸੰਘ ਮੁਖੀ ਦੇ ਇਨ੍ਹਾਂ ਕਥਨਾਂ ਦਾ ਭਾਂਡਾ ਚੌਰਾਹੇ 'ਚ ਭੱਜ ਗਿਆ ਹੈ ਕਿ ਸੰਘ ਭਾਜਪਾ ਦੇ ਮਾਮਲਿਆਂ 'ਚ ਦਖਲ ਨਹੀਂ ਦਿੰਦਾ। ਇਸ ਤੋਂ ਭਾਜਪਾ ਤੇ ਸੰਘ ਦੇ ਉਹ ਵਰਕਰ ਜ਼ਰੂਰ ਹੈਰਾਨ ਹਨ, ਜੋ ਅਨੁਸ਼ਾਸਨ ਕਾਰਨ ਆਪਣਾ ਮੂੰਹ ਨਹੀਂ ਖੋਲ੍ਹਣਾ ਚਾਹੁੰਦੇ। ਕੁਝ ਸਾਲ ਪਹਿਲਾਂ ਆਪਣੀ ਪਾਕਿਸਤਾਨ ਫੇਰੀ ਦੌਰਾਨ ਅਡਵਾਨੀ ਨੇ ਜਦੋਂ ਜਿਨਾਹ ਨੂੰ ਧਰਮ ਨਿਰਪੱਖ ਕਹਿ ਦਿੱਤਾ ਸੀ ਤਾਂ ਉਨ੍ਹਾਂ ਨੂੰ ਸੰਘ ਦੇ ਨੇਤਾਵਾਂ ਦੇ ਇਸ਼ਾਰੇ 'ਤੇ ਹੀ ਭਾਜਪਾ ਪ੍ਰਧਾਨ ਦੇ ਅਹੁਦੇ ਤੋਂ ਹਟਾ ਦਿੱਤਾ ਗਿਆ ਸੀ। ਉਸ ਸਮੇਂ ਅਡਵਾਨੀ ਦੇ ਖਿਲਾਫ ਹਿੰਦੂਤਵੀ ਹਲਕਿਆਂ ਵਿਚ ਇਕ ਤਰ੍ਹਾਂ ਨਾਲ ਤੁਫਾਨ ਖੜਾ ਹੋ ਗਿਆ ਸੀ। ਪਿਛੋਂ ਅਡਵਾਨੀ ਦੀ ਅਗਵਾਈ ਹੇਠ ਭਾਜਪਾ ਜਦੋਂ ਲੋਕ ਸਭਾ 'ਚ ਹਾਰੀ ਤਾਂ ਸੰਘ ਦੇ ਮੁਖੀ ਉਨ੍ਹਾਂ ਨੂੰ ਹਟਾਉਣ ਤੇ ਭਾਜਪਾ 'ਚ ਨੌਜਵਾਨ ਲੀਡਰਸ਼ਿਪ ਨੂੰ ਅੱਗੇ ਲਿਆਉਣ ਦੇ ਆਪਣੇ ਏਜੰਡੇ 'ਚ ਰੁਝ ਗਏ। ਕੁਝ ਵਿਸ਼ਲੇਸ਼ਕ ਇਹ ਵੀ ਆਖਦੇ ਹਨ ਕਿ ਜਿਸ ਨਾਲ ਭਾਜਪਾ 'ਚ ਖਿੰਡਾਅ ਆਇਆ, ਉਸ ਨਾਲ ਦੇਸ਼ ਇਕ ਮਜ਼ਬੂਤ ਵਿਰੋਧੀ ਧਿਰ ਤੋਂ ਵਾਂਝਾ ਹੋ ਗਿਆ ਹੈ। ਇਸ ਦਾ ਫਾਇਦਾ ਖੇਤਰੀ ਪਾਰਟੀਆਂ ਨੇ ਉਠਾਇਆ ਜਾਂ ਹਾਲ ਹੀ ਦੀਆਂ ਚੋਣਾਂ ਵਿਚ ਕਾਂਗਰਸ ਨੇ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ ਸ਼੍ਰੀ ਅਟਲ ਬਿਹਾਰੀ ਵਾਜਪਾਈ ਆਪਣੀ ਸਿਹਤ ਠੀਕ ਨਾ ਹੋਣ ਕਾਰਨ ਸਰਗਰਮ ਸਿਆਸਤ ਤੋਂ ਕੁਝ ਸਾਲ ਪਹਿਲਾਂ ਵੱਖ ਹੋ ਗਏ ਸਨ। ਉਹ ਮੌਜੂਦਾ ਰਾਮ ਰੌਲੇ ਤੋਂ ਬਚ ਗਏ ਹਨ। ਇਹ ਵੀ ਜ਼ਿਕਰਯੋਗ ਹੈ ਕਿ ਜਦੋਂ ਸ੍ਰੀ ਵਾਜਪਾਈ ਪ੍ਰਧਾਨ ਮੰਤਰੀ ਬਣੇ ਸਨ ਤਾਂ ਸੰਘ ਦੇ ਨੇਤਾਵਾਂ ਨੂੰ ਇਹ ਗੱਲ ਪਸੰਦ ਨਹੀਂ ਸੀ ਕਿ ਉਹ ਸੰਘ ਆਗੂਆਂ ਤੋਂ ਸਲਾਹ ਲਏ ਬਿਨਾ ਆਪਣੇ ਫੈਸਲੇ ਲੈਂਦੇ ਰਹਿਣ। ਪਰ ਸ਼੍ਰੀ ਵਾਜਪਾਈ ਨੇ ਬੜੀ ਚਲਾਕੀ ਨਾਲ ਆਪਣੀ ਇੱਜ਼ਤ ਬਚਾਈ ਰੱਖੀ ਤੇ 6 ਵਰ੍ਹਿਆਂ ਤੱਕ ਗਠਜੋੜ ਸਰਕਾਰ ਚਲਾਈ।

ਸ਼੍ਰੀ ਅਡਵਾਨੀ ਨੇ ਜਿਥੇ ਚੋਣਾਂ 'ਚ ਭਾਜਪਾ ਨੂੰ ਸੱਤਾ ਦੇ ਨੇੜੇ ਲਿਆਉਣ 'ਚ ਯੋਗਦਾਨ ਦਿੱਤਾ, ਉਥੇ ਹੀ ਸ਼੍ਰੀ ਵਾਜਪਾਈ ਨੇ 24 ਪਾਰਟੀਆਂ ਇਕੱਠੀਆਂ ਕਰਕੇ ਰਾਸ਼ਟਰੀ ਜਮਹੂਰੀ ਗਠਜੋੜ (ਰਾਜਗ) ਨੂੰ ਇਕਜੁਟ ਬਣਾਈ ਰੱਖਿਆ। ਆਪਣੇ ਉਦਾਰ ਅਕਸ ਕਾਰਨ ਉਹ ਜਾਰਜ ਫਰਨਾਂਡੀਜ਼, ਨਿਤੀਸ਼ ਕੁਮਾਰ ਵਰਗੇ ਸਮਾਜਵਾਦੀ ਨੇਤਾਵਾਂ ਨੂੰ ਆਪਣੇ ਨਾਲ ਜੋੜੀ ਰੱਖਣ 'ਚ ਸਫਲ ਰਹੇ। ਉਨ੍ਹਾਂ ਨੇ ਸੰਘ ਦੇ ਨੇਤਾਵਾਂ ਦੀ ਪ੍ਰਵਾਹ ਨਾ ਕਰਦਿਆਂ ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਕਈ ਨਿਰਪੱਖ ਫੈਸਲੇ ਲਏ। ਉਨ੍ਹਾਂ ਦੀ ਸਰਕਾਰ ਦੇ ਦੌਰ 'ਚ ਪੋਖਰਨ 'ਚ ਦੂਜਾ ਪ੍ਰਮਾਣੂ ਪ੍ਰੀਖਣ ਕੀਤਾ ਗਿਆ, ਨਰਸਿਮ੍ਹਾ ਰਾਓ ਦੀ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਉਦਾਰੀਕਰਨ ਦੀ ਨੀਤੀ ਨੂੰ ਅੱਗੇ ਵਧਾਇਆ ਗਿਆ।

ਪਰ 'ਫੀਲ ਗੁੱਡ ਫੈਕਟਰ' ਵਾਲੀ ਪ੍ਰਮੋਦ ਮਹਾਜਨ ਤੇ ਚੰਦਰਬਾਬੂ ਨਾਇਡੂ ਦੀ ਧਾਰਨਾ ਦੇ ਆਧਾਰ 'ਤੇ ਸਮੇਂ ਤੋਂ ਪਹਿਲਾਂ ਚੋਣਾਂ ਕਰਵਾਉਣ 'ਤੇ ਭਾਜਪਾ ਚੋਣਾਂ ਹਾਰ ਗਈ ਤੇ 2009 'ਚ ਵੀ ਇਸ ਹਾਰ ਤੋਂ ਉਭਰ ਨਹੀਂ ਸਕੀ। ਜਿਥੋਂ ਤਕ ਸ਼੍ਰੀ ਅਡਵਾਨੀ ਦਾ ਸਵਾਲ ਹੈ, ਉਨ੍ਹਾਂ ਨੂੰ ਜਿਨਾਹ ਕਾਂਡ ਨੇ ਉਠਣ ਨਾ ਦਿੱਤਾ। ਉਨ੍ਹਾਂ ਦੀ ਪ੍ਰਧਾਨ ਮੰਤਰੀ ਬਣਨ ਦੀ ਖਾਹਿਸ਼ ਪੂਰੀ ਨਾ ਹੋਈ। ਇਸ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਵਾਜਪਾਈ ਤੇ ਅਡਵਾਨੀ ਦੀ ਜੋੜੀ ਨੇ ਹੀ ਭਾਜਪਾ ਨੂੰ ਸੱਤਾ ਦੀ ਚੋਟੀ ਤੱਕ ਪਹੁੰਚਾਇਆ। ਰਾਜਸਥਾਨ 'ਚ ਵਸੁੰਧਰਾ ਰਾਜੇ, ਛੱਤੀਸਗੜ੍ਹ 'ਚ ਰਮਨ ਸਿੰਘ, ਮੱਧ ਪ੍ਰਦੇਸ਼ 'ਚ ਸ਼ਿਵਰਾਜ ਸਿੰਘ ਚੌਹਾਨ, ਹਿਮਾਚਲ 'ਚ ਪ੍ਰੇਮ ਕੁਮਾਰ ਧੂਮਲ, ਅਰੁਣ ਜੇਤਲੀ ਤੇ ਸੁਸ਼ਮਾ ਸਵਰਾਜ ਵਰਗੇ ਨੇਤਾਵਾਂ ਨੂੰ ਇਸ ਜੋੜੀ ਨੇ ਹੀ ਅੱਗੇ ਵਧਾਇਆ।

ਸ਼੍ਰੀ ਭਾਗਵਤ ਨੇ ਆਪਣੇ ਮੁਢਲੇ ਏਜੰਡੇ ਨੂੰ ਤਾਂ ਪੂਰਾ ਕਰ ਲਿਆ ਹੈ, ਜਿਸ ਤੋਂ ਸਪੱਸ਼ਟ ਹੈ ਕਿ ਉਨ੍ਹਾਂ ਦੀ ਅਗਾਂਹ ਵੀ ਭਾਜਪਾ 'ਚ ਦਖਲਅੰਦਾਜ਼ੀ ਜਾਰੀ ਰਹੇਗੀ, ਚਾਹੇ ਉਹ ਦਖਲ ਨਾ ਦੇਣ ਦੀਆਂ ਗੱਲਾਂ ਕਿਉਂ ਨਾ ਕਰਦੇ ਰਹਿਣ। ਇਸ ਦਾ ਅਸਰ ਭਾਜਪਾ ਤੇ ਰਾਜਗ 'ਤੇ ਚੰਗਾ ਨਹੀਂ ਪੈਣ ਵਾਲਾ ਤੇ ਇਹ ਆਉਣ ਵਾਲੇ ਦਿਨਾਂ 'ਚ ਪਤਾ ਲੱਗ ਜਾਏਗਾ।

# ਪੰਜਾਬ ਦੀ ਸਿਆਸਤ 'ਚ ਕਸ਼ਮਕਸ਼ ਵਧੀ

ਜਸਟਿਸ ਟੀ. ਐਸ. ਦੋਆਬੀਆ ਕਮਿਸ਼ਨ ਨੂੰ ਬੇਰੰਗ ਮੋੜਦਿਆਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕਿਹਾ ਕਿ ਸਰਨਾ ਪੰਜਾਬ ਨੂੰ ਅੱਗ ਲਾਉਣ 'ਤੇ ਤੁਲਿਆ ਹੋਇਆ ਹੈ। ਇਸੇ ਕਰਕੇ ਹੀ ਉਹ ਆਏ ਦਿਨ ਨਵਾਂ ਬਖੇੜਾ ਪੈਦਾ ਕਰਨ 'ਚ ਲੱਗਿਆ ਰਹਿੰਦਾ ਹੈ। ਉਨ੍ਹਾਂ ਕਾਂਗਰਸ 'ਤੇ ਵਰ੍ਹਦਿਆਂ ਕਿਹਾ ਕਿ ਸਰਨਾ ਸਭ ਕੁਝ ਕਾਂਗਰਸ ਦੇ ਇਸ਼ਾਰੇ 'ਤੇ ਕਰ ਰਿਹਾ ਹੈ। ਉਸਨੂੰ ਨਾ ਪੰਜਾਬ ਨਾਲ ਪਿਆਰ ਹੈ ਤੇ ਨਾ ਹੀ ਉਹ ਇਥੇ ਸ਼ਾਂਤੀ ਦੇਖਣਾ ਚਾਹੁੰਦਾ ਹੈ। ਸਰਨਾ ਸਿਰਫ਼ ਉਹੀ ਬੋਲਦਾ ਹੈ ਜੋ ਕਾਂਗਰਸ ਪਾਰਟੀ ਅਤੇ ਕੈਪਟਨ ਅਮਰਿੰਦਰ ਸਿੰਘ ਕਹਿੰਦੇ ਹਨ।

ਕਮਿਸ਼ਨ ਨੂੰ ਸਹਿਯੋਗ ਨਾ ਦੇਣ ਬਾਰੇ ਸ. ਬਾਦਲ ਨੇ ਕਿਹਾ ਕਿ ਇਸ ਤਰ੍ਹਾਂ ਤਾਂ ਹਰ ਜਣਾ-ਖਣਾ ਉਠ ਕੇ ਕਮਿਸ਼ਨ ਸਥਾਪਤ ਕਰਨ ਲੱਗ ਪਵੇਗਾ। ਦੋਆਬੀਆ ਕਮਿਸ਼ਨ ਨਾ ਤਾਂ ਕੇਂਦਰ ਨੇ ਬਣਾਇਆ ਅਤੇ ਨਾ ਹੀ ਪੰਜਾਬ ਸਰਕਾਰ ਨੇ, ਫਿਰ ਸਹਿਯੋਗ ਕਾਹਦਾ? ਜ਼ਿਕਰਯੋਗ ਹੈ ਕਿ ਜਾਂਚ ਲਈ ਲੁਧਿਆਣਾ ਦੇ ਗੁਰਦਵਾਰਾ ਸ਼ਹੀਦਾਂ, ਮਾਡਲ ਟਾਊਨ ਵਿਚ ਪੁੱਜੇ ਦੋਆਬੀਆ ਕਮਿਸ਼ਨ ਤਕ ਪਹੁੰਚਣ ਦੇ ਸਾਰੇ ਰਸਤਿਆਂ ਨੂੰ ਪੁਲਿਸ ਨੇ ਪੂਰੀ ਤਰ੍ਹਾਂ ਸੀਲ ਕੀਤਾ ਹੋਇਆ ਸੀ ਅਤੇ ਕਿਸੇ ਨੂੰ ਵੀ ਅੱਗੇ ਜਾਣ ਦੀ ਇਜਾਜ਼ਤ ਨਾ ਦਿੱਤੀ ਗਈ। ਸਰਕਾਰ ਨੇ ਕਾਨੂੰਨ ਅਤੇ ਵਿਵਸਥਾ ਦੀ ਸਥਿਤੀ ਵਿਗੜਨ ਦਾ ਬਹਾਨਾ ਬਣਾ ਕੇ ਜਸਟਿਸ ਟੀ. ਐਸ. ਦੁਆਬੀਆ ਨੂੰ ਪੀੜਤ ਸਿੱਖਾਂ ਦੇ ਬਿਆਨ ਦਰਜ ਕਰਨ ਤੋਂ ਰੋਕ ਦਿੱਤਾ। ਜਸਟਿਸ ਦੁਆਬੀਆ ਨੇ ਕਿਹਾ ਕਿ ਐਸ. ਐਸ. ਪੀ. ਡਾ. ਸੁਖਚੈਨ ਸਿੰਘ ਗਿੱਲ ਨੇ ਫੋਨ ਰਾਹੀਂ ਉਨ੍ਹਾਂ ਕੋਲ ਮਾਹੌਲ ਖਰਾਬ ਹੋਣ ਦਾ ਖ਼ਦਸ਼ਾ ਜ਼ਾਹਰ ਕੀਤਾ। ਜਸਟਿਸ ਦੁਆਬੀਆ ਨੇ ਕਿਹਾ ਕਿ ਪੰਜਾਬ ਦੇ ਹਾਲਾਤ ਬਾਰੇ ਪਹਿਲਾਂ ਤਾਂ ਸਿਰਫ ਸੁਣਿਆ ਹੀ ਸੀ, ਹੁਣ ਇਥੇ ਆ ਕੇ ਸਭ ਕੁਝ ਵੇਖ ਵੀ ਲਿਆ ਹੈ। ਉਨ੍ਹਾਂ ਕਿਹਾ ਕਿ ਅੱਜ ਜੋ ਕੁਝ ਵੀ ਵਾਪਰਿਆ ਹੈ ਉਹ ਸਾਰਾ ਕੁਝ ਰਿਪੋਰਟ ਵਿਚ ਲਿਖਿਆ ਜਾਵੇਗਾ।

ਦੁਆਬੀਆ ਕਮਿਸ਼ਨ ਨੂੰ ਪੰਜਾਬ 'ਚੋਂ ਬੇਰੰਗ ਵਾਪਸ ਭੇਜਣ 'ਤੇ ਤਿੱਖਾ ਪ੍ਰਤੀਕਰਮ ਕਰਦਿਆਂ ਪਰਮਜੀਤ ਸਿੰਘ ਸਰਨਾ ਅਤੇ ਸ਼੍ਰੋਮਣੀ ਕਮੇਟੀ ਮੈਂਬਰ ਸ. ਮਨਜੀਤ ਸਿੰਘ ਕਲਕੱਤਾ ਨੇ ਇਕ ਸਾਂਝੇ ਬਿਆਨ ਰਾਹੀਂ ਕਿਹਾ ਕਿ ਪੰਜਾਬ ਸਰਕਾਰ ਨੇ ਕਮਿਸ਼ਨ ਦੇ ਵਿਰੁਧ ਪਾਬੰਦੀ ਲਗਾ ਕੇ ਆਪਣਾ ਪੰਥ ਵਿਰੋਧੀ ਚਿਹਰਾ ਨੰਗਾ ਕਰ ਲਿਆ ਹੈ। ਸ. ਸਰਨਾ ਨੇ ਕਿਹਾ ਕਿ ਬਾਦਲ ਵਿਚ ਸਾਬਕਾ ਮੁੱਖ ਮੰਤਰੀ ਬੇਅੰਤ ਸਿੰਘ ਦੀ ਰੂਹ ਪ੍ਰਵੇਸ਼ ਕਰ ਗਈ ਹੈ ਕਿਉਂਕਿ ਸਿੱਖਾਂ ਨੂੰ ਇਨਸਾਫ ਦਿਵਾਉਣ ਵਾਲੇ ਹਰ ਕਮਿਸ਼ਨ ਉਪਰ ਬੇਅੰਤ ਸਿੰਘ ਨੇ ਵੀ ਪਾਬੰਦੀਆਂ ਲਾਈਆਂ ਸਨ।

ਇਸੇ ਦੌਰਾਨ ਪਰਵਾਸੀ ਮਜ਼ਦੂਰਾਂ ਦੇ ਮਸਲੇ 'ਤੇ ਸ. ਬਾਦਲ ਨੇ ਕਿਹਾ ਕਿ ਪਰਵਾਸੀ ਮਜ਼ਦੂਰਾਂ ਦੀ ਹਰ ਤਰ੍ਹਾਂ ਦੀ ਮਦਦ ਕੀਤੀ ਜਾਵੇਗੀ। ਪ੍ਰਭਾਵਿਤ ਮਜ਼ੂਦਰਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ ਅਤੇ ਉਨ੍ਹਾਂ ਦੀ ਸੁਰੱਖਿਆ ਦਾ ਪ੍ਰਬੰਧ ਕੀਤਾ ਜਾਵੇਗਾ। ਉਨ੍ਹਾਂ ਇਹ ਵੀ ਕਿਹਾ ਕਿ ਜਿਵੇਂ ਪੰਜਾਬ 'ਚ ਕੋਈ ਵੀ ਜ਼ਮੀਨ ਖਰੀਦ ਸਕਦਾ ਹੈ ਉਸੇ ਤਰ੍ਹਾਂ ਦੂਜੇ ਸੂਬਿਆਂ ਨੂੰ ਖੁਲ੍ਹ ਦੇਣੀ ਚਾਹੀਦੀ ਹੈ ਕਿ ਕੋਈ ਵੀ ਕਿਸੇ ਵੀ ਸੂਬੇ 'ਚ ਰਹਿ ਕੇ ਜ਼ਮੀਨ ਜਾਇਦਾਦ ਖਰੀਦ ਸਕੇ।

ਉਧਰ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਜੇ ਪਰਵਾਸੀ ਮਜ਼ਦੂਰਾਂ ਬਾਰੇ ਸਰਕਾਰ ਨੇ ਗੰਭੀਰ ਕਦਮ ਨਾ ਉਠਾਏ ਤਾਂ ਆਉਣ ਵਾਲੇ ਸਮੇਂ ਵਿਚ ਭਿਆਨਕ ਸਿੱਟੇ ਨਿਕਲ ਸਕਦੇ ਹਨ। ਉਨ੍ਹਾਂ ਕਿਹਾ ਕਿ ਰੋਟੀ-ਰੋਜ਼ੀ ਖਾਤਰ ਮਜ਼ਦੂਰੀ ਕਰਨ ਲਈ ਦੂਜੇ ਰਾਜਾਂ ਵਿਚ ਆਉਣਾ-ਜਾਣਾ ਕੋਈ ਗਲਤ ਗੱਲ ਨਹੀਂ ਪਰ ਪਰਵਾਸੀ ਮਜ਼ਦੂਰਾਂ ਦੇ ਰਾਸ਼ਨ ਕਾਰਡ ਤੇ ਵੋਟਾਂ ਬਣਾ ਦੇਣੀਆਂ ਪੰਜਾਬ ਲਈ ਗੰਭੀਰ ਸਮੱਸਿਆ ਬਣ ਰਿਹਾ ਹੈ। ਉਨ੍ਹਾਂ ਕਿਹਾ ਕਿ ਜਿਵੇਂ ਹਿਮਾਚਲ, ਰਾਜਸਥਾਨ ਜਾਂ ਹੋਰ ਕਈ ਸੂਬਿਆਂ ਵਿਚ ਪੰਜਾਬੀ ਲੋਕ ਜ਼ਮੀਨਾਂ ਨਹੀਂ ਖਰੀਦ ਸਕਦੇ, ਉਸੇ ਤਰ੍ਹਾਂ ਪੰਜਾਬ ਵਿਚ ਵੀ ਦੂਸਰੇ ਰਾਜਾਂ ਦੇ ਲੋਕਾਂ ਉਤੇ ਜਾਇਦਾਦ ਖਰੀਦਣ 'ਤੇ ਪੂਰਨ ਪਾਬੰਦੀ ਹੋਣੀ ਚਾਹੀਦੀ ਹੈ।

ਦੂਜੇ ਪਾਸੇ ਪੰਜਾਬ ਕਾਂਗਰਸ ਜਿਥੇ ਸੱਤਾਧਾਰੀ ਅਕਾਲੀ ਦਲ ਦੀਆਂ ਕਾਂਗਰਸੀ ਨੇਤਾਵਾਂ ਅਤੇ ਵਰਕਰਾਂ ਵਿਰੁਧ ਧੱਕੇਸ਼ਾਹੀਆਂ ਖਿਲਾਫ ਸਰਗਰਮ ਹੋ ਰਹੀ ਹੈ ਉਥੇ ਉਨ੍ਹਾਂ ਦੀ ਆਪਸੀ ਧੜੇਬੰਦੀ ਕਾਰਨ ਪਾਰਟੀ ਵਰਕਰਾਂ ਦੇ ਹੌਂਸਲੇ ਪਸਤ ਹੋ ਰਹੇ ਹਨ। ਕੈਪਟਨ ਅਮਰਿੰਦਰ ਸਿੰਘ ਧੜਾ ਪ੍ਰਦੇਸ਼ ਪਾਰਟੀ ਪ੍ਰਧਾਨ ਨੂੰ ਸਹਿਯੋਗ ਨਾ ਦੇ ਕੇ ਆਪਣੀ ਵੱਖਰੀ ਡੁਗਡੁਗੀ ਵਜਾਉਂਦਿਆਂ ਅੱਜ ਕਲ ਪੰਜਾਬ 'ਚ ਸ਼ਕਤੀ ਪ੍ਰਦਰਸ਼ਨ ਕਰ ਰਿਹਾ ਹੈ। ਇਸ ਧੜੇ ਦੇ ਲੀਡਰ ਦਿੱਲੀ 'ਚ ਕੈਪਟਨ ਨੂੰ ਪੰਜਾਬ ਕਾਂਗਰਸ ਦਾ ਪ੍ਰਧਾਨ ਬਣਾਉਣ ਲਈ ਦਬਾਅ ਬਣਾ ਰਹੇ ਹਨ। ਮਹਿੰਦਰ ਸਿੰਘ ਕੇਪੀ ਅਤੇ ਬੀਬੀ ਰਜਿੰਦਰ ਕੌਰ ਭੱਠਲ ਦੇ ਧੜੇ ਕਦੇ ਇਕੱਠੇ ਤੇ ਕਦੇ ਵੱਖੋ-ਵੱਖਰੇ ਆਪਣੇ ਤੌਰ 'ਤੇ ਦਿੱਲੀ ਡੇਰੇ ਲਾ ਕੇ ਕੈਪਟਨ ਖਿਲਾਫ ਆਪਣਾ ਪੱਖ ਪੇਸ਼ ਕਰ ਰਹੇ ਹਨ। ਇਸ ਤਰ੍ਹਾਂ ਕਾਂਗਰਸ ਹਾਈਕਮਾਂਡ ਲਈ ਪੰਜਾਬ ਦੇ ਨੇਤਾਵਾਂ ਦੀ ਆਪਸੀ ਖਹਿਬੜਬਾਜ਼ੀ ਸਿਰਦਰਦੀ ਬਣ ਗਈ ਹੈ।


ਵਧੀਆ ਭਾਅ 'ਤੇ ਭਰੋਸੇਮੰਦ ਹੈਲਥ ਤੇ ਲਾਈਫ ਇੰਸ਼ੋਰੈਂਸ ਲੈਣ ਲਈ ਮੇਰੇ ਨਾਲ ਸੰਪਰਕ ਕਰੋ।



ਜਗਰੂਪ ਸਿੰਘ ਤੱਖਰ
ਫੋਨ:209-485-1521

Get affordable coverage with the benefits you're looking for, including 5 doctor visits before your deductible is met, rates starting as low as $66* generic and brand-name prescription drugs, lower out-of-pocket costs when using network providers, and $400, $900 & $2,900-deductible options. Ideal for individuals & families.

Jagroop Singh Takhar
786 Empress Road,
Modesto, CA 95350
(209) 485-1521
jagroop209@aol.com
Health plans and insurance
California license No. 0D95393

Authorized Broker
blue of california
Blue Shield of California Life & Health Insurance Company

Vital Shield Plus 2900 Generic Rx

| Age Range | Individual | Individual & Spouse | Family |
|---|---|---|---|
| Under 1 | $121 | N/A | N/A |
| 1 to 18 | $54 | N/A | N/A |
| 19 to 29 | $66 | $151 | $270 |
| 30 to 34 | $72 | $176 | $297 |
| 35 to 39 | $88 | $226 | $342 |
| 40 to 44 | $113 | $301 | $409 |
| 45 to 49 | $149 | $389 | $486 |
| 50 to 54 | $202 | $489 | $568 |
| 55 to 59 | $275 | $618 | $684 |
| 60 to 64 | $405 | $776 | $848 |

Call me now to learn more about Blue Shield plans

*Featured monthly rates are for individual males ages 19 to 29 in Alpine, Butte, Colusa, Del Norte, Humboldt, Imperial, Inyo, Kern, Kings, Madera, Mendocino, Plumas, San Benito, San Joaquin, San Luis, Obispo, Santa Barbara, Siskiyou, Sonoma, Stanislaus and Trinity Counties. The rates shown are for people in good health. Other rates may apply. Vital Shield Plans are underwritten by Blue Shield of California Life & Health Insurance Company (Blue Shield Life) and do not include maternity benefits. Rates are effective July 1, 2009.

An independent Licensee of the Blue Shield Association A36145(1/09)



Real Estate & Loans Under One Roof

Call:Sam Chahal Tel: 916-612-5773

*For Buying and Selling Residential, Commercial property and for Loans in Sacramento area*

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public
e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ 'ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale 'ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।

*Foreclosure ਦੇ ਮੁਕਾਬਲੇ Short Sale 'ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।

*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale 'ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਨਾਨਕਸ਼ਾਹੀ ਕੈਲੰਡਰ ਬਾਰੇ ਹੋਈ ਮੀਟਿੰਗ ਬੇਸਿੱਟਾ ਰਹੀ

**ਜਲੰਧਰ:** ਨਾਨਕਸ਼ਾਹੀ ਕੈਲੰਡਰ ਵਿਚ ਸੋਧਾਂ ਕਰਨ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਅਤੇ ਸੰਤ ਸਮਾਜ ਦੇ ਪ੍ਰਧਾਨ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਵਿਚਾਲੇ ਜਲੰਧਰ ਵਿਚ ਹੋਈ ਮੀਟਿੰਗ ਬੇਸਿੱਟਾ ਰਹੀ ਹੈ। ਫ਼ਤਹਿਗੜ੍ਹ ਸਾਹਿਬ ਵਿਖੇ ਹੋਈ ਮੀਟਿੰਗ ਵਿਚ ਫੈਸਲੇ ਵਲ ਜਾਂਦੀ ਗੱਲ ਮੀਟਿੰਗ ਤੋਂ ਬਾਅਦ 'ਡੈਡਲਾਕ' ਵਲ ਵਧਦੀ ਨਜ਼ਰ ਆ ਰਹੀ ਹੈ। ਹਾਲਾਂਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਜ. ਅਵਤਾਰ ਸਿੰਘ ਅਤੇ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਆਪੋ ਆਪਣੇ ਤੌਰ 'ਤੇ ਇਹ ਮਾਮਲਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਦੇ ਧਿਆਨ ਵਿਚ ਲਿਆਂਦਾ ਹੈ। ਵਰਨਣਯੋਗ ਹੈ ਕਿ ਜਲੰਧਰ ਵਿਚ ਲਗਪਗ 2 ਵਜੇ ਸ਼ੁਰੂ ਹੋ ਕੇ ਪੌਣੇ ਚਾਰ ਵਜੇ ਤਕ ਚੱਲੀ ਇਸ ਮੀਟਿੰਗ ਵਿਚ ਕੇਵਲ ਜਥੇਦਾਰ ਅਵਤਾਰ ਸਿੰਘ ਅਤੇ ਬਾਬਾ ਹਰਨਾਮ ਸਿੰਘ ਖਾਲਸਾ ਨੇ ਹੀ ਭਾਗ ਲਿਆ। ਗੱਲਬਾਤ ਦੌਰਾਨ ਇਸ ਮੀਟਿੰਗ ਬਾਰੇ ਪੁਸ਼ਟੀ ਕਰਦਿਆਂ ਜਥੇਦਾਰ ਅਵਤਾਰ ਸਿੰਘ ਨੇ ਦੱਸਿਆ ਕਿ ਸੰਗਰਾਂਦ, ਮੱਸਿਆ ਅਤੇ ਪੂਰਨਮਾਸ਼ੀ ਪਹਿਲਾਂ ਵਾਂਗ ਹੀ ਮਨਾਏ ਜਾਣ ਬਾਰੇ ਤਾਂ ਮੀਟਿੰਗ ਵਿਚ ਹੀ ਫੈਸਲਾ ਲਗਭਗ ਹੋ ਗਿਆ ਸੀ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਵਲੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਗੁਰਤਾ ਗੱਦੀ ਦਿਵਸ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਪਹਿਲਾਂ ਵਾਂਗ ਹੀ ਮਨਾਏ ਜਾਣ ਦੀ ਸੰਤ ਸਮਾਜ ਦੀ ਮੰਗ ਨੂੰ ਪ੍ਰਵਾਨ ਕਰਨ ਲਈ ਹਾਮੀ ਭਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਇਹ ਦੋਵੇਂ ਪੁਰਬ ਪੰਜਾਬ ਤੋਂ ਬਾਹਰਲੇ ਦੋ ਤਖ਼ਤ ਸਾਹਿਬਾਨ ਤਖ਼ਤ ਸ੍ਰੀ ਹਜ਼ੂਰ ਸਾਹਿਬ ਅਤੇ ਤਖ਼ਤ ਸ੍ਰੀ ਪਟਨਾ ਸਾਹਿਬ ਨਾਲ ਸੰਬੰਧਤ ਦੋ ਪੁਰਬਾਂ ਨੂੰ ਬਿਕ੍ਰਮੀ ਕੈਲੰਡਰ ਦੇ ਹਿਸਾਬ ਨਾਲ ਮਨਾਏ ਜਾਣਾ ਸਵੀਕਾਰ ਕਰ ਲਿਆ ਸੀ। ਪਰ ਸੰਤ ਸਮਾਜ ਇਹ ਚਾਹੁੰਦਾ ਹੈ ਕਿ ਸਾਰੇ ਗੁਰਪੁਰਬ ਹੀ ਪਹਿਲਾਂ ਵਾਂਗ ਬਿਕ੍ਰਮੀ ਕੈਲੰਡਰ ਅਨੁਸਾਰ ਮਨਾਏ ਜਾਣ। ਜਥੇਦਾਰ ਅਵਤਾਰ ਸਿੰਘ ਨੇ ਕਿਹਾ ਕਿ ਜੇ ਸੰਤ ਸਮਾਜ ਦੀ ਇਹ ਗੱਲ ਪ੍ਰਵਾਨ ਕਰ ਲਈ ਜਾਂਦੀ ਹੈ ਤਾਂ ਫਿਰ ਤਾਂ ਨਾਨਕਸ਼ਾਹੀ ਕੈਲੰਡਰ ਨੂੰ ਖ਼ਤਮ ਕਰਨ ਵਾਲੀ ਹੀ ਗੱਲ ਹੋ ਜਾਵੇਗੀ ਅਤੇ ਸਿੱਖ ਕੌਮ ਨੂੰ ਨਵੇਂ ਸਿਰਿਉਂ ਕੈਲੰਡਰ ਲਈ ਮੁੜ ਕਵਾਇਦ ਕਰਨੀ ਪਵੇਗੀ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਨਾਨਕਸ਼ਾਹੀ ਕੈਲੰਡਰ ਨੂੰ ਅੰਤਿਮ ਰੂਪ ਦਿੰਦਿਆਂ ਹੀ 8-9 ਸਾਲ ਲੱਗ ਗਏ ਸਨ। ਮੀਟਿੰਗ ਬੇਸਿੱਟਾ ਰਹਿਣ ਦੀ ਗੱਲ ਪ੍ਰਵਾਨ ਕਰਦਿਆਂ ਜਥੇਦਾਰ ਮੱਕੜ ਨੇ ਇਕ ਸਵਾਲ ਦੇ ਜਵਾਬ ਵਿਚ ਦੱਸਿਆ ਕਿ ਅੰਤ ਗੱਲ ਮੁਕਦੀ ਨਾ ਵੇਖ ਕੇ ਉਨ੍ਹਾਂ ਨੇ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੂੰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨਾਲ ਗੱਲ ਕਰਨ ਲਈ ਕਿਹਾ ਹੈ।

ਉਨ੍ਹਾਂ ਕਿਹਾ ਕਿ ਇਸ ਮੁੱਦੇ 'ਤੇ ਗੱਲ ਕਰਨ ਲਈ ਅਗਲੇਰੀ ਮੀਟਿੰਗ ਬਾਰੇ ਕੁਝ ਵੀ ਨਿਸ਼ਚਿਤ ਨਹੀਂ ਕੀਤਾ ਗਿਆ ਹੈ। ਇਸ ਬਾਰੇ ਗੱਲ ਕਰਦਿਆਂ ਸੰਤ ਬਾਬਾ ਹਰਨਾਮ ਸਿੰਘ ਖਾਲਸਾ ਨੇ ਕਿਹਾ ਕਿ ਸੰਤ ਸਮਾਜ ਕੈਲੰਡਰ ਨੂੰ ਰੱਦ ਕਰਨ ਦੇ ਹੱਕ ਵਿਚ ਨਹੀਂ ਪਰ ਇਹ ਜ਼ਰੂਰ ਚਾਹੁੰਦਾ ਹੈ ਕਿ ਇਸ ਵਿਚਲੀਆਂ ਖ਼ਾਮੀਆਂ ਦੂਰ ਕੀਤੀਆਂ ਜਾਣ ਅਤੇ 10 ਪਾਤਸ਼ਾਹੀਆਂ ਦੇ ਗੁਰਪੁਰਬ ਗੁਰਇਤਿਹਾਸ ਅਨੁਸਾਰ ਮਨਾਏ ਜਾਣ। ਉਨ੍ਹਾਂ ਕਿਹਾ ਕਿ ਸੰਤ ਸਮਾਜ ਮੰਨਦਾ ਹੈ ਕਿ ਕੈਲੰਡਰ ਦਾ ਪੈਮਾਨਾ ਹੀ ਗਲਤ ਸੀ ਅਤੇ ਇਸ ਕਾਰਨ ਪੈਦਾ ਹੋਈ ਦੁਵਿਧਾ ਨੂੰ ਦੂਰ ਕਰਕੇ ਕੈਲੰਡਰ ਨੂੰ ਸਰਬਪ੍ਰਵਾਨਿਤ ਬਣਾਏ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਸੰਤ ਸਮਾਜ ਅਜੇ ਵੀ ਸਮਝਦਾ ਹੈ ਕਿ ਗੱਲਬਾਤ ਕਿਸੇ ਸਿੱਟੇ 'ਤੇ ਜ਼ਰੂਰ ਪੁੱਜੇਗੀ। ਉਨ੍ਹਾਂ ਇਸ ਗੱਲ ਦੀ ਵੀ ਪੁਸ਼ਟੀ ਕੀਤੀ ਕਿ ਮੀਟਿੰਗ ਦੇ ਬੇਸਿੱਟਾ ਰਹਿਣ ਮਗਰੋਂ ਉਨ੍ਹਾਂ ਨੇ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨਾਲ ਗੱਲਬਾਤ ਕੀਤੀ ਹੈ ਪਰ ਨਾਲ ਹੀ ਉਨ੍ਹਾਂ ਕਿਹਾ ਕਿ ਅਜੇ ਗੱਲ ਵਿਸਥਾਰ ਨਾਲ ਨਹੀਂ ਹੋ ਸਕੀ। ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਇਸ ਮਾਮਲੇ 'ਚ ਅਧਿਕਾਰਤ ਸ਼੍ਰੋਮਣੀ ਕਮੇਟੀ ਪ੍ਰਧਾਨ ਅਤੇ ਸੰਤ ਸਮਾਜ ਦੇ ਪ੍ਰਧਾਨ ਵਿਚਕਾਰ ਹੋਈ ਮੀਟਿੰਗ ਵਿਚ ਕੋਈ ਸਹਿਮਤੀ ਨਹੀਂ ਬਣ ਸਕੀ। ਉਨ੍ਹਾਂ ਕਿਹਾ ਕਿ ਉਨ੍ਹਾਂ ਕੋਲ ਸਾਰੇ ਵੇਰਵੇ ਆਉਣ ਤੋਂ ਬਾਅਦ ਉਹ ਇਸ ਮਾਮਲੇ ਬਾਰੇ ਵਿਚਾਰ ਕਰਨਗੇ।

## ਗੁਰਦੁਆਰਾ ਚੋਣਾਂ ਜੂਨ-ਜੁਲਾਈ ਤਕ ਹੀ ਸੰਭਵ

**ਚੰਡੀਗੜ੍ਹ :** ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦਾ 170 ਮੈਂਬਰੀ ਜਨਰਲ ਹਾਊਸ ਜੋ ਪਿਛਲੀ 23 ਅਗਸਤ ਨੂੰ ਅਪਣੀ ਮਿਆਦ ਪੁਗਾ ਚੁੱਕਾ ਹੈ, ਲਈ ਹੋਣ ਵਾਲੀਆਂ ਚੋਣਾਂ ਵਾਸਤੇ ਭਾਵੇਂ ਸਿੱਖ ਵੋਟਰਾਂ ਵਿਚ ਜੋਸ਼ ਅਤੇ ਸ਼ਰਧਾ ਭਾਵਨਾ ਆਪ ਮੁਹਾਰੇ ਨਜ਼ਰ ਆ ਰਹੀ ਹੈ ਪਰ ਪੰਜਾਬ ਸਰਕਾਰ ਦੇ ਸਬੰਧਤ ਮਹਿਕਮੇ ਦੀ ਢਿੱਲ ਕਾਰਨ ਸੰਭਾਵਤ 80 ਲੱਖ ਤੋਂ ਵਧ ਅਰਜ਼ੀ ਫ਼ਾਰਮਾਂ ਦੀ ਛਪਾਈ ਹੁਣ ਹੋ ਰਹੀ ਹੈ ਅਤੇ ਆਸ ਹੈ ਕਿ ਜਨਵਰੀ ਦੇ ਪਹਿਲੇ ਹਫ਼ਤੇ ਤਕ ਇਹ ਫ਼ਾਰਮ ਛਪ ਕੇ ਜ਼ਿਲ੍ਹਾ ਡਿਪਟੀ ਕਮਿਸ਼ਨਰਾਂ ਰਾਹੀਂ ਥਾਉਂ-ਥਾਈਂ ਪਹੁੰਚ ਜਾਣਗੇ।

ਕੇਂਦਰ ਦੇ ਗੁਰਦਵਾਰਾ ਚੋਣ ਕਮਿਸ਼ਨ ਦੇ ਚੀਫ਼ ਕਮਿਸ਼ਨਰ ਦੇ ਦਫ਼ਤਰ ਤੋਂਮਿਲੀ ਜਾਣਕਾਰੀ ਅਨੁਸਾਰ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੇ ਗੁਰਦਵਾਰਾ ਚੋਣ ਕਮਿਸ਼ਨਰਾਂ ਦੀ ਮੀਟਿੰਗ ਜਿਹੜੀ ਪਿਛਲੇ ਜੂਨ ਮਹੀਨੇ ਵਿਚ ਹੋਈ ਸੀ, ਉਸੇ ਤਰ੍ਹਾਂ ਦੀ ਮੀਟਿੰਗ ਜਨਵਰੀ ਦੇ ਦੂਜੇ ਜਾਂ ਤੀਜੇ ਹਫ਼ਤੇ ਕਰਨ ਦਾ ਵਿਚਾਰ ਚੱਲ ਰਿਹਾ ਹੈ ਤਾਂ ਕਿ ਵੋਟਾਂ ਬਣਾਉਣ ਦੀ ਪ੍ਰਕਿਰਿਆ ਨੂੰ ਤੇਜ਼ ਕੀਤਾ ਜਾ ਸਕੇ। ਸੂਤਰਾਂ ਨੇ ਦਸਿਆ ਕਿ ਜੇ ਜਨਵਰੀ ਮਹੀਨੇ ਵੋਟਰਾਂ ਲਈ ਅਰਜ਼ੀ ਫ਼ਾਰਮ ਗੁਰਦਵਾਰਿਆਂ, ਪੰਚਾਇਤ ਘਰਾਂ, ਨਗਰ ਕੌਂਸਲਾਂ ਜਾਂ ਸਿੱਖ ਜਥੇਬੰਦੀਆਂ ਦੇ ਹੋਰ ਸਬੰਧਤ ਦਫ਼ਤਰਾਂ ਕੋਲ ਪਹੁੰਚ ਜਾਂਦੇ ਹਨ ਤਾਂ ਲੱਖਾਂ ਸਿੱਖ ਵੋਟਰਾਂ ਵਲੋਂ ਇਹ ਫ਼ਾਰਮ ਭਰਨ ਅਤੇ ਪਟਵਾਰੀ ਜਾਂ ਸਰਕਾਰੀ ਕਰਮਚਾਰੀਆਂ ਕੋਲੋਂ ਤਸਦੀਕ ਕਰ ਕੇ ਅਗਲੀ ਕਾਰਵਾਈ ਕਰਨ ਨੂੰ ਘਟੋ-ਘੱਟ ਤਿੰਨ ਮਹੀਨੇ ਲੱਗ ਜਾਣਗੇ। ਸੂਤਰਾਂ ਦਾ ਕਹਿਣਾ ਹੈ ਕਿ ਵੋਟਰ ਲਿਸਟਾਂ ਦੇ ਡਰਾਫ਼ਟ ਛਪਾਉਣ, ਉਨ੍ਹਾਂ ਬਾਰੇ ਇਤਰਾਜ਼ ਮੰਗਣ ਅਤੇ ਕਿਸੇ ਵਿਰੁਧ ਸ਼ਿਕਾਇਤਾਂ ਨੂੰ ਹੱਲ ਕਰ ਕੇ ਪੱਕੀਆਂ ਵੋਟਰ ਲਿਸਟਾਂ ਮੁੜ ਛਾਪਣ ਨੂੰ ਦੋ ਮਹੀਨੇ ਹੋਰ ਲਗਣਗੇ। ਇਸ ਤੋਂ ਬਾਅਦ ਹੀ ਕੇਂਦਰੀ ਗ੍ਰਹਿ ਮੰਤਰਾਲੇ ਤੋਂ ਚੋਣਾਂ ਕਰਵਾਉਣ ਦੀ ਤਰੀਕ ਤੈਅ ਕਰਵਾਈ ਜਾਵੇਗੀ। ਗੁਰਦਵਾਰਾ ਚੋਣ ਕਮਿਸ਼ਨ ਦੇ ਵਿਚਾਰ ਅਨੁਸਾਰ ਜੇ ਇਹ ਸਾਰਾ ਸਿਲਸਿਲਾ ਠੀਕ ਚਲਦਾ ਰਿਹਾ ਤਾਂ ਵੀ ਜੂਨ ਮਹੀਨੇ ਤਕ ਪੰਜਾਬ ਦੀਆਂ 110 ਸੀਟਾਂ, ਹਰਿਆਣੇ ਦੀਆਂ 8, ਚੰਡੀਗੜ੍ਹ, ਹਿਮਾਚਲ ਦੀ ਇਕ-ਇਕ ਸੀਟ 'ਤੇ ਵੋਟਾਂ ਪਵਾਉਣ ਲਈ ਜੁਲਾਈ ਮਹੀਨਾ ਆ ਜਾਵੇਗਾ।


ਗੁਰਦਵਾਰਾ ਕਮਿਸ਼ਨ ਦੇ ਸੂਤਰ ਦਸਦੇ ਹਨ ਕਿ ਪਹਿਲਾਂ ਵੀ ਕੇਂਦਰ ਨੂੰ ਲਿਖਿਆ ਜਾ ਚੁੱਕਾ ਹੈ ਕਿ ਸਿੱਖ ਵੋਟਰਾਂ ਦੀ ਘਟੋ-ਘੱਟ ਉਮਰ ਦੇਸ਼ ਦੇ ਬਾਕੀ ਵੋਟਰਾਂ ਵਾਂਗ 18 ਸਾਲ ਕੀਤੀ ਜਾਵੇ ਪਰ ਗ੍ਰਹਿ ਮੰਤਰਾਲੇ ਨੇ ਇਸ ਬਾਰੇ ਚੁੱਪ ਵੱਟ ਰੱਖੀ ਹੈ ਅਤੇ ਜੇ ਸ਼੍ਰੋਮਣੀ ਕਮੇਟੀ ਦੀ ਸਲਾਹ ਜਾਂ ਸੁਝਾਅ ਦੁਬਾਰਾ ਆ ਗਿਆ ਜਾਂ ਸਿੱਖ ਜਥੇਬੰਦੀਆਂ ਦਾ ਦਬਾਅ ਵਧਣ ਨਾਲ ਸਿੱਖ ਵੋਟਰਾਂ ਲਈ ਵੋਟ ਪਾਉਣ ਦੀ ਘਟੋ-ਘੱਟ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰ ਦਿਤੀ ਤਾਂ ਚੋਣਾਂ ਦੀ ਪ੍ਰਕਿਰਿਆ 6 ਮਹੀਨੇ ਹੋਰ ਪਛੜ ਸਕਦੀ ਹੈ। ਸੂਤਰਾਂ ਨੇ ਦਸਿਆ ਕਿ ਫ਼ਿਲਹਾਲ ਗੁਰਦਵਾਰਾ ਚੋਣ ਕਮਿਸ਼ਨ ਕੋਲ ਲੋੜੀਂਦਾ ਸਟਾਫ਼ ਪੰਜਾਬ ਤੋਂ ਆ ਚੁੱਕਾ ਹੈ। ਅਗਲੀ ਕਾਰਵਾਈ ਲਈ ਸੂਬਿਆਂ ਦੇ ਸਟਾਫ਼ 'ਤੇ ਨਿਰਭਰ ਕਰਨਾ ਪੈਣਾ ਹੈ। ਇਹ ਵੀ ਪਤਾ ਲੱਗਾ ਹੈ ਕਿ ਫ਼ੋਟੋ ਵਾਲੇ ਕਾਰਡ ਨਹੀਂ ਬਣਾਏ ਜਾ ਰਹੇ ਪਰ ਵੋਟਰ ਸੂਚੀਆਂ ਵਿਚ ਲਾਉਣ ਲਈ ਫ਼ੋਟੋ ਜ਼ਰੂਰ ਮੰਗੀ ਜਾਵੇਗੀ। ਪੰਜ ਸ਼ਰਤਾਂ ਵਾਲੇ ਅਰਜ਼ੀ ਫ਼ਾਰਮ ਨੰਬਰ 1 ਜਿਹੜਾ ਸਿਰਫ਼ ਕੇਸਧਾਰੀ ਸਿੱਖਾਂ ਲਈ ਹੈ, ਰਾਹੀਂ ਵੋਟਰ ਨੂੰ ਬਿਆਨ ਦੇਣਾ ਹੋਵੇਗਾ ਕਿ ਉਹ ਕੇਸਧਾਰੀ ਹੈ ਅਤੇ ਪਤਿਤ ਨਹੀਂ।

## ਦਿੱਲੀ ਦੇ ਸਿੱਖਾਂ ਵਲੋਂ ਅਕਾਲ ਤਖਤ ਨੂੰ ਚਣੌਤੀ



**ਨਵੀਂ ਦਿੱਲੀ :** ਸਿੱਖ ਸੰਗਤ ਨੇ ਇਕ ਵਾਰ ਫਿਰ ਅਕਾਲ ਤਖ਼ਤ ਤੋਂ ਜਾਰੀ ਹੋਏ ਉਸ ਹੁਕਮਨਾਮੇ ਨੂੰ ਰੱਦ ਕਰ ਦਿਤਾ ਜਿਸ ਵਿਚ ਕਿਹਾ ਗਿਆ ਸੀ ਕਿ ਸਿੱਖ ਸਾਬਕਾ 'ਜਥੇਦਾਰ' ਪ੍ਰੋ. ਦਰਸ਼ਨ ਸਿੰਘ ਖ਼ਾਲਸਾ ਨੂੰ ਬਿਲਕੁਲ ਵੀ ਸਹਿਯੋਗ ਨਾ ਦੇਣ ਅਤੇ ਨਾ ਹੀ ਉਨ੍ਹਾਂ ਤੋਂ ਕੀਰਤਨ-ਕਥਾ ਦਾ ਕੋਈ ਸਮਾਗਮ ਕਰਵਾਇਆ ਜਾਵੇ। ਬੀਤੇ ਦਿਨੀਂ ਇਥੇ ਬੀ-2 ਬਲਾਕ (ਪੱਛਮ ਵਿਹਾਰ) ਵਿਖੇ ਪ੍ਰੋ. ਦਰਸ਼ਨ ਸਿੰਘ ਦਾ ਇਕ ਕੀਰਤਨ ਸਮਾਗਮ ਕਰਵਾਇਆ ਗਿਆ ਜਿਸ ਵਿਚ ਸੰਗਤ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ ਅਤੇ ਵੱਖ-ਵੱਖ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਪ੍ਰੋ. ਦਰਸ਼ਨ ਸਿੰਘ ਦੀ ਪੰਥ ਪ੍ਰਤੀ ਸੇਵਾ ਦਾ ਵੇਰਵਾ ਦਿੰਦਿਆਂ ਉਨ੍ਹਾਂ ਨੂੰ ਹਰ ਪੱਖੋਂ ਸਹਿਯੋਗ ਦੇਣ ਦਾ ਐਲਾਨ ਕੀਤਾ। ਨਿਸ਼ਕਾਮ ਸਿੱਖ ਵੈਲਫ਼ੇਅਰ ਕੌਂਸਲ ਦੇ ਸਾਬਕਾ ਪ੍ਰਧਾਨ ਹਰਭਜਨ ਸਿੰਘ ਸਾਹਨੀ ਨੇ ਪੁਸਤਕ 'ਗੁਰਮਤਿ ਗਾਡੀ ਰਾਹੁ' ਵਿਚੋਂ ਹਵਾਲਾ ਦਿੰਦਿਆਂ ਕਿਹਾ ਕਿ ਇਸ ਵਿਚ ਵੱਖ-ਵੱਖ ਵਿਦਵਾਨਾਂ ਵਲੋਂ ਪ੍ਰੋ. ਦਰਸ਼ਨ ਸਿੰਘ ਬਾਰੇ ਵਿਚਾਰ ਲਿਖੇ ਗਏ ਹਨ, ਸੰਗਤ ਇਸ ਤੋਂ ਸੇਧ ਲੈ ਸਕਦੀ ਹੈ। ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੀ ਇੰਗਲੈਂਡ ਇਕਾਈ ਦੇ ਪ੍ਰਧਾਨ ਸ. ਜਸਜੀਤ ਸਿੰਘ ਟੋਨੀ ਨੇ ਗੁਰਦਵਾਰਾ ਸਾਹਿਬ ਦੇ ਪ੍ਰਧਾਨ ਸ. ਰਾਜਿੰਦਰ ਸਿੰਘ ਵਾਸਨ, ਸਕੱਤਰ ਹਰਕੀਰਤ ਸਿੰਘ ਤੇ ਸਮੂਹ ਪ੍ਰਬੰਧਕਾਂ ਦਾ ਧਨਵਾਦ ਕਰਦਿਆਂ ਕਿਹਾ ਕਿ ਸੰਗਤ ਨੇ ਨਾਜ਼ੁਕ ਸਮੇਂ ਸੱਚ ਦਾ ਸਾਥ ਦੇ ਕੇ ਸਿੱਖੀ ਨੂੰ ਬਚਾਅ ਲਿਆ ਹੈ। ਉਨ੍ਹਾਂ ਹੋਰ ਪ੍ਰਬੰਧਕ ਕਮੇਟੀਆਂ ਨੂੰ ਵੀ ਅਪਣੇ-ਅਪਣੇ ਇਲਾਕਿਆਂ ਵਿਚ ਪ੍ਰੋਗਰਾਮ ਕਰਵਾ ਕੇ ਸੱਚ ਨੂੰ ਦੁਨੀਆਂ ਸਾਹਮਣੇ ਲਿਆਉਣ ਦੀ ਅਪੀਲ ਕੀਤੀ।

## ਆਨੰਦ ਮੈਰਿਜ ਐਕਟ ਲਈ ਮੁਹਿੰਮ ਜਲਦੀ -ਗਿਆਨੀ ਗੁਰਬਚਨ ਸਿੰਘ



**ਆਨੰਦਪੁਰ ਸਾਹਿਬ:** ਆਨੰਦ ਮੈਰਿਜ ਐਕਟ ਲਾਗੂ ਕਰਵਾਉਣ ਲਈ ਅਸੀਂ ਪੰਜੇ ਸਿੰਘ ਸਾਹਿਬਾਨ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਮਤਾ ਪਾਸ ਕਰਕੇ ਜਲਦੀ ਹੀ ਵਿਸ਼ੇਸ਼ ਮੁਹਿੰਮ ਵਿੱਢਾਂਗੇ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੂੰ ਇਸ ਮਸਲੇ ਸਬੰਧੀ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਸਿੱਖਾਂ ਦੇ ਅਧਿਕਾਰ ਲਾਗੂ ਕਰਵਾਉਣ ਲਈ ਵੀ ਕਿਹਾ ਜਾਵੇਗਾ।' ਇਹ ਪ੍ਰਗਟਾਵਾ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਖੇ ਮੱਥਾ ਟੇਕਣ ਤੋਂ ਬਾਅਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਗੁਰਬਚਨ ਸਿੰਘ ਨੇ ਇਕ ਵਿਸ਼ੇਸ਼ ਗੱਲਬਾਤ ਦੌਰਾਨ ਕੀਤਾ। ਇਸ ਮੌਕੇ ਉਨ੍ਹਾਂ ਨਾਲ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਤਰਲੋਚਨ ਸਿੰਘ, ਮੈਨੇਜਰ ਰਣਬੀਰ ਸਿੰਘ, ਜਥੇਦਾਰ ਰਾਮ ਸਿੰਘ ਅਤੇ ਭਾਈ ਜਗਵਿੰਦਰਪਾਲ ਸਿੰਘ ਵੀ ਹਾਜ਼ਰ ਸਨ।

ਇਸ ਮੌਕੇ ਸਿੰਘ ਸਾਹਿਬ ਨੇ ਕਿਹਾ ਕਿ ਆਨੰਦ ਮੈਰਿਜ ਐਕਟ ਸਿੱਖ ਕੌਮ ਦਾ ਅਧਿਕਾਰ ਹੈ, ਕਿਉਂਕਿ ਇਹ ਐਕਟ ਬਹੁਤ ਪਹਿਲਾਂ ਹੀ ਲਾਗੂ ਹੋ ਜਾਣਾ ਚਾਹੀਦਾ ਸੀ। ਪ੍ਰੋ. ਦਰਸ਼ਨ ਸਿੰਘ ਵਲੋਂ ਦਿੱਲੀ ਵਿਖੇ ਸਮਾਗਮ ਵਿਚ ਕੀਤੇ ਕੀਰਤਨ ਸਬੰਧੀ ਅਤੇ ਵਿਦੇਸ਼ੀ ਸਿੱਖਾਂ ਵਲੋਂ ਸਮੁੱਚੀ ਸਿੱਖ ਕੌਮ ਨੂੰ ਪ੍ਰੋ. ਦਰਸ਼ਨ ਸਿੰਘ ਦਾ ਸਾਥ ਦੇਣ ਦੀ ਕੀਤੀ ਗਈ ਅਪੀਲ ਬਾਰੇ ਗਿਆਨੀ ਗੁਰਬਚਨ ਸਿੰਘ ਨੇ ਕਿਹਾ ਕਿ ਸਿੱਖ ਕੌਮ ਪ੍ਰੋਫੈਸਰ ਨੂੰ ਮੂੰਹ ਨਾ ਲਗਾਉਣ, ਕਿਉਂਕਿ ਉਸਨੂੰ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਪੰਜ ਸਿੰਘ ਸਾਹਿਬਾਨ ਦੀ ਹੋਈ ਬੈਠਕ ਵਿਚ ਤਨਖਾਹੀਆ ਕਰਾਰ ਦਿੱਤਾ ਗਿਆ ਹੈ।

ਗਿਆਨੀ ਗੁਰਬਚਨ ਸਿੰਘ ਨੇ ਪੰਜਾਬ ਸਰਕਾਰ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਸੂਬੇ ਵਿਚਲੇ ਧਾਰਮਿਕ ਸ਼ਹਿਰਾਂ-ਅੰਮ੍ਰਿਤਸਰ ਸਾਹਿਬ, ਆਨੰਦਪੁਰ ਸਾਹਿਬ, ਫਤਿਹਗੜ੍ਹ ਸਾਹਿਬ, ਮੁਕਤਸਰ, ਤਲਵੰਡੀ ਸਾਬੋ ਆਦਿ ਨੂੰ ਤੁਰੰਤ ਪਵਿੱਤਰ ਸ਼ਹਿਰ ਐਲਾਨੇ ਅਤੇ ਉਨ੍ਹਾਂ ਦੀ ਪਵਿੱਤਰਤਾ ਨੂੰ ਬਹਾਲ ਰੱਖਣ ਲਈ ਸਖ਼ਤੀ ਵਰਤੇ।

ਪਾਕਿਸਤਾਨ ਵਿਖੇ ਸਿੱਖ ਗੁਰਦੁਆਰਾ ਸਾਹਿਬਾਨ ਦੀ 150 ਏਕੜ ਜ਼ਮੀਨ ਫੌਜ ਨੂੰ ਵੇਚੇ ਜਾਣ ਸਬੰਧੀ ਉਨ੍ਹਾਂ ਕਿਹਾ ਕਿ ਗੁਰੂਧਾਮ ਦੀ ਜ਼ਮੀਨ ਵੇਚਣਾ ਗੁਰੂਘਰ ਦੀ ਆਨ-ਸ਼ਾਨ ਨੂੰ ਸੱਟ ਮਾਰਨਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਪਾਕਿਸਤਾਨ ਸਰਕਾਰ ਨੂੰ ਇਸ ਮਾਮਲੇ ਨੂੰ ਨਜਿੱਠਣਾ ਚਾਹੀਦਾ ਹੈ, ਉਥੇ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੀ ਕੇਂਦਰ ਸਰਕਾਰ ਨਾਲ ਗੱਲਬਾਤ ਕਰਕੇ ਇਸ ਮਸਲੇ ਵਿਚ ਦਖ਼ਲ ਦੇਣ ਲਈ ਕਹਿਣ।

**Realtor & Mortgage Specialist**
**Bay Area & Central Valley**

ਚੰਗੀ ਜੁਗਤਤ-ਚਿੰਤਾ ਮੁਕਤਤ

ਪੰਜਾਬੀ 'ਚ ਪਹਿਲੀ ਵਾਰ ਪੜ੍ਹੋ ਰਾਜ ਸਿੰਘ ਦੀ ਪੁਸਤਕ 'ਅਮਰੀਕਾ ਵਿਚ ਘਰ ਤੇ ਜਾਇਦਾਦ ਦੀ ਖਰੀਦੋ-ਫਰੋਖ਼ਤ' (ਸੇਵਾ 10 ਡਾਲਰ)

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH M.A., M.Ed
Retd. Principal
Realtor & Financial Adviser
Lic#01776459 & O622467

ਬੇ-ਏਰੀਏ ਦੇ ਪੜ੍ਹੇ ਲਿਖਿਆਂ ਲਈ ਖੁਸ਼ਖਬਰੀ !
ਫਰੀ ਟਾਈਮ ਵਿਚ, ਫਰੀ ਸਿੱਖੋ ਕੰਮ
ਫਿਰ ਨਾ ਕਦੀ ਧੋਖਾ, ਨਾ ਕਦੀ ਗ਼ਮ।

Come For Free Learning
Go For Extra Earning

For Detail Cell
**Raj Singh**
510-452-7370

Notary Free

2PM to 7 PM (All Days) e-mail:singhrajpaul@yahoo.com

CTR CENTRAL TRAILER REPAIR

3275 E Central Fresno, CA
Ph: 559 268 8231



We work on all makes & models of refrigeration units.

- ਅਸੀਂ ਤੁਹਾਡੀਆਂ ਟਰੇਲਰ ਰਿਪੇਅਰ ਦੀਆਂ ਸਾਰੀਆਂ ਜ਼ਰੂਰਤਾਂ ਬਿਹਤਰੀਨ ਸੇਵਾ ਨਾਲ ਪੂਰੀਆਂ ਕਰਦੇ ਹਾਂ।
- ਸਾਡੇ ਕੋਲ ਨਵੇਂ ਥਰਮੋ ਕਿੰਗ ਅਤੇ ਕੈਰੀਅਰ ਇੰਜਨ ਸਟਾਕ ਵਿਚ ਹਨ।
- ਅਸੀਂ ਤੁਹਾਡੇ ਬਿਜਨਸ ਦੀਆਂ ਮੌਸਮੀ ਜਾਂ ਸਟੋਰੇਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੀਫਰ ਟਰੇਲਰ ਪੂਰੀ ਮੇਂਟੀਨੈਂਸ ਕਵਰੇਜ਼ ਨਾਲ ਕਿਰਾਏ 'ਤੇ ਦਿੰਦੇ ਹਾਂ।

We rent trailers for short and long term purposes and also have Thermo King and Carrier engines in stock.

ਕਾਲ ਕਰੋ: ਪਾਲ ਤੂਰ 559-473-8387 (ਸੈਲ)

E-mail:paul@cfxfresno.com

# ਸਰਕਾਰ ਦੇ ਦੋਵੇਂ ਭਾਈਵਾਲਾਂ ਮਾਹੌਲ ਵਿਗਾੜਨ ’ਚ ਪੂਰਾ ਹਿੱਸਾ ਪਾਇਆ

**ਲੁਧਿਆਣਾ :** ਲੁਧਿਆਣਾ ਸ਼ਹਿਰ ਦੀਆਂ ਵੱਖ-ਵੱਖ ਇਨਸਾਫ ਪਸੰਦ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਸ਼ਹਿਰ ਵਿਚ ਹੋਈਆਂ ਅਗਜਨੀ ਦੀਆਂ ਘਟਨਾਵਾਂ ‘ਤੇ ਇੱਕ ਜਾਂਚ ਕਮੇਟੀ ਦਾ ਗਠਨ ਕਰਕੇ ਘਟਨਾਗ੍ਰਸਤ ਇਲਾਕਿਆਂ ਦਾ ਦੌਰਾ ਕੀਤਾ ਅਤੇ ਪ੍ਰਭਾਵਤ ਤੇ ਆਮ ਲੋਕਾਂ ਤੋਂ ਜਾਣਕਾਰੀ ਇਕੱਤਰ ਕੀਤੀ, ਜਿਸ ਦੇ ਅਧਾਰ ’ਤੇ ਕਮੇਟੀ ਨੇ ਇਕ ਪ੍ਰੈੱਸ ਕਾਨਫਰੰਸ ਕਰਕੇ ਆਪਣੀ ਰਿਪੋਰਟ ਰੱਖੀ।

ਘਟਨਾ ਦਾ ਜ਼ਿਕਰ ਕਰਦਿਆਂ ਆਗੂਆਂ ਨੇ ਦੱਸਿਆ ਕਿ ਇਸ ਸਾਰੇ ਵਾਪਰੇ ਘਟਨਾਕ੍ਰਮ ਵਿਚ ਪ੍ਰਸ਼ਾਸਨ ਦਾ ਰੋਲ ਨਾ ਅਹਿਲ ਸਾਬਤ ਹੋਇਆ ਹੈ। ਦੂਜੇ ਇੰਨੀ ਵੱਡੀ ਪੱਧਰ ਤੇ ਮਜ਼ਦੂਰਾਂ ਦਾ ਨੁਕਸਾਨ ਤੇ ਕੁੱਟਮਾਰ ਹੋਈ ਹੈ, ਜਿਸ ਦੇ ਸਾਰੇ ਪੱਖਾਂ ਨੂੰ ਹਨੇਰੇ ਵਿਚ ਰੱਖਣ ਦੀ ਕੋਸ਼ਿਸ਼ ਕੀਤੀ ਗਈ ਹੈ, ਜਦੋਂਕਿ ਮਜ਼ਦੂਰ ਬਸਤੀਆਂ ਵਿਚ ਅੰਨ੍ਹਾ ਤਸ਼ੱਦਦ ਕੀਤਾ ਗਿਆ, ਅੱਗਾਂ ਲਾਈਆਂ ਗਈਆਂ, ਔਰਤਾਂ ਨੂੰ ਜ਼ਲੀਲ ਕੀਤਾ ਗਿਆ। ਮਜ਼ਦੂਰਾਂ ਨੂੰ ਹਿਰਾਸਤ ਵਿਚ ਲੈ ਕੇ ਉਨ੍ਹਾਂ ’ਤੇ ਕੇਸ ਰਜਿਸਟਰਡ ਕੀਤੇ ਗਏ, ਜਿਨ੍ਹਾਂ ਵਿਚ ਬੱਚੇ ਵੀ ਸ਼ਾਮਲ ਹਨ। ਕਮੇਟੀ ਨੇ ਆਪਣੀ ਜਾਂਚ ਰਿਪੋਰਟ ਵਿਚ ਇਹ ਵੀ ਕਿਹਾ ਕਿ ਪੁਲਸ ਦੀ ਹਾਜ਼ਰੀ ਵਿਚ ਅਤੇ ਫਿਰ ਕਰਫਿਊ ਲਾਉਣ ਤੋਂ ਬਾਅਦ ਵੀ ਵਾਰਦਾਤਾਂ ਹੁੰਦੀਆਂ ਰਹੀਆਂ। ਇਹ ਸਾਰਾ ਕੁਝ ਗਹਿਰੇ ਕਿੰਤੂ ਖੜੇ ਕਰਦਾ ਹੈ, ਜਦੋਂਕਿ ਪੁਲਸ ਖੁਦ ਵੀ ਮੰਨ ਰਹੀ ਹੈ ਕਿ ਇਸ ਪਿੱਛੇ ਸਾਜ਼ਿਸ਼ ਹੈ। ਜਾਂਚ ਕਮੇਟੀ ਨੇ ਪੁਲਸ ਵਲੋਂ ਐੱਫ.ਆਈ.ਆਰ.ਵਿਚ ਪਾਏ ਬੰਦਿਆਂ ਨੂੰ ਹੀ ਘਟਨਾਵਾਂ ਨੂੰ ਅੰਜਾਮ ਦੇਣ ਲਈ ਜ਼ਿੰਮੇਵਾਰ ਠਹਿਰਾਇਆ ਹੈ।

ਕਮੇਟੀ ਦਾ ਕਹਿਣਾ ਹੈ ਕਿ ਰਾਜਨੀਤਿਕ ਘੁਟਾਲਿਆਂ ਨੇ ਆਪਣਾ ਆਪਣਾ ਉੱਲੂ ਸਿੱਧਾ ਕਰਨ ਲਈ ਸਧਾਰਨ ਲੋਕਾਂ ਨੂੰ ਉਕਸਾਇਆ ਅਤੇ ਪੁਲਸ ਇਸ ਸਭ ਕੁਝ ਨੂੰ ਰੋਕਣ ਤੋਂ ਅਸਮਰੱਥ ਰਹੀ, ਸਗੋਂ ਕਈ ਜਗ੍ਹਾ ਮਜ਼ਦੂਰਾਂ ਨੇ ਪੁਲਸ ਵਲੋਂ ਖੁਦ ਭੜਕੇ ਲੋਕਾਂ ਦਾ ਸਾਥ ਦਿੱਤਾ। ਦੂਜੇ ਪਾਸੇ ਕਮੇਟੀ ਨੇ ਆਪਣੀ ਜਾਂਚ ਵਿਚ ਆਸ਼ੂਤੋਸ਼ ਦੇ ਆਗਮਨ ਕਰਕੇ ਹੋਈਆਂ ਗੋਲੀਬਾਰੀ ਦੀਆਂ ਘਟਨਾਵਾਂ ਨੂੰ ਵੀ ਆਪਣੀ ਜਾਂਚ ਦੇ ਘੇਰੇ ਵਿਚ ਲਿਆਂਦਾ ਹੈ। ਕਮੇਟੀ ਦਾ ਕਹਿਣਾ ਹੈ ਕਿ ਇਹ ਵੀ ਇਕ ਰਾਜਨੀਤਕ ਖੇਡ ਹੀ ਸੀ, ਜਿਸ ਵਿਚ ਸਰਕਾਰ ਦੇ ਦੋਵੇਂ ਭਾਈਵਾਲ ਹਿੱਸੇ ਇਕ ਦੂਜੇ ਦੇ ਸਾਹਮਣੇ ਖੜੇ ਹੋਏ ਅਤੇ ਆਪਣੇ ਆਪਣੇ ਮੁਹਾਜ਼ ਲਈ ਅੜੀਅਲ ਨਤੀਜਾ ਅਖਤਿਆਰ ਕਰਕੇ ਮਾਹੌਲ ਨੂੰ ਵਿਗਾੜਨ ਵਿਚ ਹਿੱਸਾ ਪਾਉਂਦੇ ਰਹੇ, ਕਿਉਂਕਿ ਜਦੋਂ ਲੁਧਿਆਣਾ ਸੜ ਰਿਹਾ ਸੀ ਤਾਂ ਉਹ ਉਧਰ ਕਿਸੇ ਸ਼ਾਂਤੀ ਪੱਖ ਲਈ ਧਿਆਨ ਨਾ ਦੇ ਕੇ ਖੁਦ ਕੱਟੜਤਾ ਦੀ ਅੱਗ ਵਰ੍ਹਾਉਂਦੇ ਰਹੇ। ਕਰਫਿਊ ਦੇ ਬਾਵਜੂਦ ਜਥੇਬੰਦੀਆਂ ਦੇ ਫੇਰੂਮਾਨ ਗੁਰਦੁਆਰੇ ਵਿਚ ਇਕੱਠੇ ਹੋਣਾ, ਸਮਾਗਮ ਵਲ ਹਥਿਆਰਾਂ ਸਮੇਤ ਵਧਣਾ, ਟਕਰਾਅ ਦਾ ਹੋਣਾ, ਗੋਲੀਆਂ ਦਾ ਚੱਲਣਾ ਆਦਿ ਸਭ ਪ੍ਰਸ਼ਾਸਨ ਦੀ ਨਾ-ਅਹਿਲ ਕਾਰਗੁਜ਼ਾਰੀ ਨੂੰ ਹੀ ਨੰਗਿਆ ਕਰਦਾ ਹੈ। ਕਮੇਟੀ ਇਸ ਸਿੱਟੇ ਤੇ ਪਹੁੰਚੀ ਹੈ ਕਿ ਲਾਅ ਐਂਡ ਆਰਡਰ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ। ਲੁਧਿਆਣਾ ਪੰਜਾਬ ਦਾ ਮੁੱਖ ਸਨਅਤੀ ਸ਼ਹਿਰ ਹੋਣ ਕਰਕੇ ਇਸ ਦੀ ਅਤੇ ਪੰਜਾਬ ਦੀ ਤਰੱਕੀ ਬਾਹਰ ਦੇ ਸੂਬਿਆਂ ਤੋਂ ਆਏ ਹੋਏ ਮਜ਼ਦੂਰਾਂ ਦੀ ਮਿਹਨਤ ਤੇ ਨਿਰਭਰ ਹੈ, ਜਿਸ ਦਾ ਵਿਸ਼ਵਾਸ ਬਹਾਲ ਕਰਨਾ ਜ਼ਰੂਰੀ ਹੈ। ਇਹ ਘਟਨਾਵਾਂ ਜੋ ਮਾਹੌਲ ਵਿਚ ਜ਼ਹਿਰ ਘੋਲਦੀਆਂ ਹਨ, ਉਸਨੂੰ ਠੀਕ ਕਰਨ ਲਈ ਜਾਂਚ ਕਮੇਟੀ ਨੇ ਆਪਣੀ ਰਿਪੋਰਟ ਵਿਚ ਹੇਠ ਲਿਖੀਆਂ ਮੁੱਖ ਮੰਗਾਂ ਕੀਤੀਆਂ ਹਨ।

ਜਾਂਚ ਕਮੇਟੀ ਨੇ ਸਾਰੇ ਘਟਨਾਕ੍ਰਮ ਦੀ ਜੁਡੀਸ਼ੀਅਲ ਇਨਕੁਆਰੀ ਦੀ ਮੰਗ ਕੀਤੀ ਹੈ। ਉੱਚ ਪੱਧਰੀ ਜਾਂਚ ਹੀ ਮਜ਼ਦੂਰਾਂ ਵਿਚ ਸੁਰੱਖਿਆ ਦੀ ਭਾਵਨਾ ਪੈਦਾ ਕਰ ਸਕਦੀ ਹੈ। ਫੜੇ ਗਏ ਸਧਾਰਨ ਮਜ਼ਦੂਰਾਂ ਨੂੰ ਤੇ ਬੱਚਿਆਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ, ਜਿਨ੍ਹਾਂ ਮਜ਼ਦੂਰਾਂ ਦਾ ਨੁਕਸਾਨ ਹੋਇਆ ਹੈ, ਸਰਕਾਰਾਂ ਉਨ੍ਹਾਂ ਦੀ ਸਿੱਧੇ ਤੌਰ ਤੇ ਪੂਰਤੀ ਕਰੇ, ਮਜ਼ਦੂਰਾਂ ਦੀਆਂ ਸ਼ਿਕਾਇਤਾਂ ਰਜਿਸਟਰਡ ਕੀਤੀਆਂ ਜਾਣ, ਘਰਾਂ, ਦੁਕਾਨਾਂ ਨੂੰ ਸਾੜਨ ਵਾਲੇ ਵਿਅਕਤੀਆਂ ਖਿਲਾਫ ਤੁਰੰਤ ਕਾਰਵਾਈ ਕੀਤੀ ਜਾਵੇ, ਜੋ ਮਜ਼ਦੂਰ ਪੁਲਸ ਗੋਲੀ ਨਾਲ ਮਰਿਆ ਹੈ, ਉਸਨੂੰ ਵੀ 5 ਲੱਖ ਦਾ ਮੁਆਵਜ਼ਾ ਦਿੱਤਾ ਜਾਵੇ, ਸ਼ਹਿਰ ਵਿਚ ਆਮ ਹੋ ਰਹੀਆਂ ਲੁੱਟਾਂ ਖੋਹਾਂ, ਜਿਹੜੀਆਂ ਕਿ ਅਰਾਜਕਤਾ ਪੈਦਾ ਕਰ ਰਹੀਆਂ ਹਨ, ਨੂੰ ਰੋਕਣ ਲਈ ਸਰਕਾਰ ਯਤਨ ਤੇਜ਼ ਕਰੇ ਅਤੇ ਮਜ਼ਦੂਰਾਂ ਦਾ ਸੰਗਠਨ ਬਨਾਉਣਾ, ਉਨ੍ਹਾਂ ਦਾ ਇਕ ਜਮਹੂਰੀ ਹੱਕ ਹੈ, ਜਿਸ ਦੀ ਮਜ਼ਬੂਤੀ ਲਈ ਜ਼ਰੂਰੀ ਕਦਮ ਚੁੱਕਣੇ ਲਾਜ਼ਮੀ ਹਨ। ਉਪ੍ਰੋਕਤ ਜਾਂਚ ਕਮੇਟੀ ਵਿਚ ਸ਼ਾਮਲ ਜਥੇਬੰਦੀਆਂ ਦੇ ਆਗੂਆਂ ਵਿਚ ਪ੍ਰੋ.ਜਗਮੋਹਨ ਸਿੰਘ, ਪ੍ਰੋ.ਏ.ਕੇ.ਮਲੇਰੀ, ਡਾ. ਹਰਬੰਸ ਸਿੰਘ ਗਰੇਵਾਲ, ਡਾ. ਅਰੁਣਾ ਮਿੱਤਰਾ, ਡੀ ਪੀ ਮੌੜ, ਗੁਰਬੰਤ ਸਿੰਘ, ਨਵਲ ਛਿੱਬੜ ਐਡਵੋਕੇਟ,ਡਾ. ਨਰਜੀਤ ਕੌਰ, ਅਵਤਾਰ ਕੌਰ ਐਡਵੋਕੇਟ, ਰਮੇਸ਼ ਰਤਨ ਆਦਿ ਸ਼ਾਮਲ ਹਨ।

ਇਸ ਦੌਰਾਨ ਲੁਧਿਆਣਾ ਗੋਲੀ ਕਾਂਡ ਦੀ ਜਾਂਚ ਲਈ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸਥਾਪਤ ਜਸਟਿਸ ਟੀ ਐਸ ਦੋਆਬੀਆ ਕਮਿਸ਼ਨ ਨੇ ਲੁਧਿਆਣਾ ਜ਼ਿਲ੍ਹਾ ਪ੍ਰਸ਼ਾਸਨ ‘ਤੇ ਇਸ ਮਾਮਲੇ ਦੀ ਪੜਤਾਲ ‘ਚ ਸਹਿਯੋਗ ਨਾ ਦੇਣ ਦਾ ਦੋਸ਼ ਲਗਾਇਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਜਸਟਿਸ ਟੀ ਐਸ ਦੋਆਬੀਆ ਤੇ ਕਮਿਸ਼ਨ ਦੇ ਦੂਜੇ ਮੈਂਬਰ ਕਰਤਾਰ ਸਿੰਘ ਕੋਛੜ ਨੇ ਦੋਸ਼ ਲਾਇਆ ਕਿ ਇਸ ਮਾਮਲੇ ‘ਚ ਜਦੋਂ ਅਸੀਂ ਨਿਸ਼ਚਿਤ ਥਾਂ ‘ਤੇ ਪ੍ਰਭਾਵਤ ਲੋਕਾਂ ਦੇ ਬਿਆਨ ਕਲਮਬੱਧ ਕਰ ਰਹੇ ਸੀ ਤਾਂ ਲੁਧਿਆਣਾ ਦੇ ਪੁਲਿਸ ਮੁਖੀ ਨੇ ਪ੍ਰਭਾਵਤ ਲੋਕਾਂ ਨੂੰ ਕਮਿਸ਼ਨ ਤੋਂ ਦੂਰ ਰੱਖਣ ਲਈ ਸਖ਼ਤ ਨਾਕਾਬੰਦੀ ਕਰ ਦਿੱਤੀ।

## ਭਿੰਡਰਾਂਵਾਲਾ... 

## ਭਿੱਟੇਵੱਡ ਤੇ ਐਡਵੋਕੇਟ ਨੂੰ ਤਲਬ ਕਰਨ ਦੀ ਮੰਗ

**ਅੰਮ੍ਰਿਤਸਰ :** ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਇਕ ਮੰਗ ਪੱਤਰ ਦੇ ਕੇ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰ+ਧਾਨੀ ਦੇ ਆਗੂਆਂ ਨੇ ਮੰਗ ਕੀਤੀ ਹੈ ਕਿ ਹੁਣ ਉਹ ਲੁਧਿਆਣਾ ਕਾਂਡ ਦੇ ਸੰਬੰਧ ‘ਚ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ‘ਤੇ ਤਲਬ ਕੀਤਾ ਜਾਵੇ।

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਕੱਤਰੇਤ ‘ਤੇ ਦਿੱਤੇ ਗਏ ਮੰਗ ਪੱਤਰ ਦੀ ਇਕ ਕਾਪੀ ਪੱਤਰਕਾਰਾਂ ਨੂੰ ਦਿੰਦਿਆਂ ਸ਼੍ਰੋਮਣੀ ਅਕਾਲੀ ਦਲ ਪੰਚ ਪ੍ਰਧਾਨੀ ਨੇ ਆਗੂ ਬਲਦੇਵ ਸਿੰਘ ਸਿਰਸਾ ਨੇ ਦੱਸਿਆ ਕਿ ਦਮਦਮੀ ਟਕਸਾਲ ਚੌਕ ਮਹਿਤਾ ਵਿਖੇ ਪਾਸ ਕੀਤੇ ਗਏ ਮਤੇ ਦੇ ਅਨੁਸਾਰ ਉਨ੍ਹਾਂ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਮੰਗ ਪੱਤਰ ਦੇ ਦਿੱਤਾ ਗਿਆ ਹੈ ਅਤੇ ਇਸਦੇ ਨਾਲ ਹੀ ਪੰਜਾਬ ਵਿਧਾਨ ਸਭਾ ਅਤੇ ਸ੍ਰੀ ਦਰਬਾਰ ਸਾਹਿਬ ਦੇ ਬਾਹਰ ਇਕ ਸਿੱਖ ਮੁਲਾਜ਼ਮ ਦੀ ਪੱਗ ਰੋਲੇ ਜਾਣ ਦੇ ਮਾਮਲੇ ਵਿਚ ਪੰਜਾਬ ਦੇ ਮੁੱਖ ਮੰਤਰੀ ਸ੍ਰ. ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਵਿਰਸਾ ਸਿੰਘ ਵਲਟੋਹਾ, ਬਲਦੇਵ ਸਿੰਘ ਐੱਮ.ਏ., ਸੁਰਜੀਤ ਸਿੰਘ ਭਿੱਟੇਵੱਡ ਅਤੇ ਜਸਵਿੰਦਰ ਸਿੰਘ ਐਡਵੋਕੇਟ ਨੂੰ ਵੀ ਤਲਬ ਕਰਨ ਦੀ ਮੰਗ ਕੀਤੀ ਗਈ ਹੈ।

## ਭਾਜਪਾ ਨੇ ਰਾਜ ਦਾ ਮਾਹੌਲ ਖਰਾਬ ਕਰਨ ਵਾਲਿਆਂ ਨੂੰ ਸਮਾਜ ਵਿਰੋਧੀ ਅਨਸਰ ਕਿਹਾ

**ਜਲੰਧਰ:** ਬੀਤੇ ਦਿਨੀਂ ਲੁਧਿਆਣਾ ‘ਚ ਆਸ਼ੂਤੋਸ਼ ਮਹਾਰਾਜ ਦੇ ਪ੍ਰੋਗਰਾਮ ਦੇ ਵਿਰੋਧ ‘ਚ ਮਾਰੇ ਗਏ ਇਕ ਸਿੱਖ ਨੌਜਵਾਨ ਦੇ ਮਸਲੇ ‘ਤੇ ਭਾਜਪਾ ਨੇ ਆਪਣਾ ਸਟੈਂਡ ਸਪੱਸ਼ਟ ਕਰਦੇ ਹੋਏ ਕਿਹਾ ਹੈ ਕਿ ਸ਼ਾਂਤ ਮਾਹੌਲ ਨੂੰ ਖਰਾਬ ਕਰਨ ਵਾਲੇ ਲੋਕ ਸਮਾਜ ਵਿਰੋਧੀ ਅਨਸਰ ਹਨ ਅਤੇ ਭਾਜਪਾ ਅਜਿਹੇ ਲੋਕਾਂ ਦਾ ਵਿਰੋਧ ਕਰਦੀ ਹੈ। ਇਥੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੰਜਾਬ ਭਾਜਪਾ ਦੇ ਜਥੇਬੰਦਕ ਸਕੱਤਰ ਅਜੈ ਜਾਮਵਾਲ, ਜਨਰਲ ਸਕੱਤਰ ਕਮਲ ਸ਼ਰਮਾ ਅਤੇ ਅਸ਼ਵਨੀ ਸ਼ਰਮਾ ਨੇ ਇਸ ਮਾਮਲੇ ‘ਤੇ ਅਕਾਲੀ ਦਲ ਤੋਂ ਪੂਰੀ ਤਰ੍ਹਾਂ ਕਿਨਾਰਾ ਕਰ ਲਿਆ। ਭਾਜਪਾ ਨੇਤਾਵਾਂ ਨੇ ਬਲਿਊ ਸਟਾਰ ਆਪ੍ਰੇਸ਼ਨ ‘ਚ ਮਾਰੇ ਗਏ ਲੋਕਾਂ ਦੀ ਸ਼ਹੀਦੀ ਯਾਦਗਾਰ ਦੀ ਮੰਗ ‘ਤੇ ਵੀ ਆਪਣਾ ਵਿਰੋਧ ਪ੍ਰਗਟਾਇਆ ਪਰ ਪੰਜਾਬ ਬੰਦ ਦੌਰਾਨ ਖਾਲਿਸਤਾਨ ਦੇ ਨਾਅਰੇ ਲਗਾਏ ਜਾਣ ‘ਤੇ ਉਹ ਖਾਮੋਸ਼ ਹੋ ਗਏ। ਪ੍ਰੈੱਸ ਕਾਨਫਰੰਸ ਦੌਰਾਨ ਭਾਜਪਾ ਨੇਤਾਵਾਂ ਨੇ ਕਿਹਾ ਕਿ ਲੁਧਿਆਣਾ ‘ਚ ਆਸ਼ੂਤੋਸ਼ ਮਹਾਰਾਜ ਦੇ ਪ੍ਰੋਗਰਾਮ ਦਾ ਵਿਰੋਧ ਕਰਨ ਵਾਲੇ ਲੋਕ ਸਮਾਜ ਵਿਰੋਧੀ ਸਨ, ਜਿਨ੍ਹਾਂ ਪੰਜਾਬ ‘ਚ ਮਾਹੌਲ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਬੇਸ਼ੱਕ ਸ਼੍ਰੋਮਣੀ ਅਕਾਲੀ ਦਲ ਦੇ ਨੇਤਾਵਾਂ ਨੇ ਇਸ ਮਾਮਲੇ ‘ਚ ਨੌਜਵਾਨ ਨੂੰ ਸ਼ਹੀਦ ਕਰਾਰ ਦੇ ਕੇ ਮੁਆਵਜ਼ਾ ਦੇਣ ਦਾ ਐਲਾਨ ਕੀਤਾ ਹੈ ਪਰ ਇਹ ਐਲਾਨ ਸਰਕਾਰ ਵਲੋਂ ਨਹੀਂ ਹੈ। ਉਨ੍ਹਾਂ ਕਿਹਾ ਕਿ ਭਾਜਪਾ ਅੱਜ ਵੀ ਇਸ ਮਸਲੇ ‘ਤੇ ਸਖਤ ਸਟੈਂਡ ਰੱਖਦੀ ਹੈ। ਮਾਰੇ ਗਏ ਨੌਜਵਾਨ ਦੇ ਭੋਗ ‘ਤੇ ਕਿਸੇ ਅਕਾਲੀ ਨੇਤਾ ਦਾ ਜਾਣਾ ਨਿੱਜੀ ਕਾਰਨ ਹੋ ਸਕਦਾ ਹੈ। ਉਕਤ ਘਟਨਾ ਤੋਂ ਬਾਅਦ ਪੰਜਾਬ ‘ਚ ਬੰਦ ਦੌਰਾਨ ਭਿੰਡਰਾਂਵਾਲਾ ਦੇ ਪੋਸਟਰ ਵੰਡੇ ਜਾਣ, ਖਾਲਿਸਤਾਨ ਦੇ ਨਾਅਰੇ ਲਾਏ ਜਾਣ ਅਤੇ ਨੰਗੀਆਂ ਤਲਵਾਰਾਂ ਲੈ ਕੇ ਵਿਰੋਧ ਪ੍ਰਗਟਾਉਣ ਦੇ ਢੰਗ ਨੂੰ ਭਾਜਪਾ ਨੇ ਗਲਤ ਕਰਾਰ ਦਿੱਤਾ।

ਭਾਜਪਾ ਦੇ ਨੇਤਾ ਇਸ ਮਸਲੇ ‘ਤੇ ਖੁੱਲ੍ਹ ਕੇ ਕੁਝ ਨਹੀਂ ਬੋਲੇ ਅਤੇ ਗੱਲ ਨੂੰ ਟਾਲਣ ਦੀ ਕੋਸ਼ਿਸ਼ ਕਰਨ ਲੱਗੇ। ਅੰਮ੍ਰਿਤਸਰ ‘ਚ ਆਪ੍ਰੇਸ਼ਨ ਬਲਿਊ ਸਟਾਰ ਦੌਰਾਨ ਮਾਰੇ ਗਏ ਲੋਕਾਂ ਨੂੰ ਸ਼ਹੀਦ ਦਾ ਦਰਜਾ ਦੇਣ ਅਤੇ ਉਨ੍ਹਾਂ ਦੀ ਯਾਦ ‘ਚ ਯਾਦਗਾਰ ਬਨਾਉਣ ਦੀ ਮੰਗ ਨੂੰ ਭਾਜਪਾ ਨੇਤਾਵਾਂ ਨੇ ਰੱਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਸ਼ਾਂਤ ਮਾਹੌਲ ਨੂੰ ਖਰਾਬ ਨਹੀਂ ਹੋਣ ਦਿੱਤਾ ਜਾਵੇਗਾ ਪਰ ਜੇ ਅਜਿਹਾ ਕੰਮ ਹੁੰਦਾ ਹੈ ਤਾਂ ਭਾਜਪਾ ਆਪਣਾ ਵਿਰੋਧ ਸਰਕਾਰ ਤਕ ਪਹੁੰਚਾਏਗੀ। ਬਿਜਲੀ ਦੀਆਂ ਵਧੀਆਂ ਦਰਾਂ ਬਾਰੇ ਭਾਜਪਾ ਨੇਤਾਵਾਂ ਨੇ ਕਿਹਾ ਕਿ ਇਹ ਮਾਮਲਾ ਦੋ ਮੈਂਬਰੀ ਕਮੇਟੀ ਕੋਲ ਹੈ। ਅਜੇ ਇਸ ਕਮੇਟੀ ਨੇ ਕੋਈ ਰਿਪੋਰਟ ਨਹੀਂ ਦਿੱਤੀ। ਜੋ ਰਿਪੋਰਟ ਇਹ ਕਮੇਟੀ ਦੇਵੇਗੀ, ਉਸਨੂੰ ਭਾਜਪਾ ਸਵੀਕਾਰ ਕਰੇਗੀ। ਉਨ੍ਹਾਂ ਕਿਹਾ ਕਿ ਪੰਜਾਬ ਵਿਚ ਜਥੇਬੰਦਕ ਚੋਣਾਂ ਦੀ ਪ੍ਰਕਿਰਿਆ ਚੱਲ ਰਹੀ ਹੈ।


MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40


Emirates
Asiana Airlines
SINGAPORE AIRLINES CATHAY PACIFIC KOREAN AIR Lufthansa CHINA AIRLINES
We Also Offer Notary Service



B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm

CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere



NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Start Your Nursing Career Today!
Full Time
Part Time
Day & Evening

12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Choose which is right for you...
Your career is a call away. Call today!
www.ncpcollegeofnursing.com
Peninsula Campus
257 Longford Drive #5
So. San Francisco, CA 94080
1.800.339.5145
East Bay Campus
21615 Hesperian Blvd, Ste A
Hayward, CA 94541
1.800.611.4054



FARMERS INSURANCE GROUP
Symbol of Superior Service
FARMERS
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com


Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਸੰਸਾਰ ਆਸਾਂ 'ਤੇ ਖਰਾ ਨਹੀਂ ਉਤਰਿਆ ਕੋਪਨਹੇਗਨ ਸੰਮੇਲਨ

**ਕੋਪਨਹੇਗਨ :** ਪੌਣ ਪਾਣੀ ਦੀ ਤਬਦੀਲੀ ਬਾਰੇ ਸੰਮੇਲਨ ਬੀਤੇ ਦਿਨੀਂ ਬਿਨਾਂ ਕਿਸੇ ਮਜਬੂਰ ਕਰਨ ਯੋਗ ਸਮਝੌਤੇ ਦੇ ਖ਼ਤਮ ਹੋ ਗਿਆ। ਸਾਖ ਬਚਾਉਣ ਲਈ ਅਮਰੀਕੀ ਯਤਨਾਂ ਨਾਲੀ ਭਾਰਤ ਸਮੇਤ 3 ਹੋਰ ਉਭਰਦੀਆਂ ਆਰਥਿਕ ਤਾਕਤਾਂ ਅਤੇ ਅਮਰੀਕਾ ਦਰਮਿਆਨ ਲੀਕੇਜ ਕਟੌਤੇ 'ਤੇ ਕਾਨੂੰਨੀ ਪੱਖੋਂ ਗੈਰ-ਮੰਨਣਯੋਗ ਇਕ ਸਮਝੌਤਾ ਹੋਇਆ, ਜਿਸ ਨੂੰ ਵਧੇਰੇ ਕਰਕੇ ਵਿਕਾਸਸ਼ੀਲਦੇਸ਼ਾਂ ਨੇ ਆਤਮਘਾਤੀ ਕਰਾਰ ਦਿੰਦੇ ਹੋਏ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਲਗਭਗ 12 ਦਿਨ ਤਕ ਨਾਟਕੀ ਘਟਨਾਚੱਕਰਾਂ ਅਤੇ ਉਤਾਰ-ਚੜ੍ਹਾਅ ਦੇ ਗਵਾਹ ਬਣੇ ਇਸ ਸੰਮੇਲਨ ਦਾ ਅਸਲ ਨਤੀਜਾ ਅਮਰੀਕਾ ਅਤੇ ਬੇਸਿਕ ਦੇਸ਼ਾਂ ਬ੍ਰਾਜ਼ੀਲ, ਦੱਖਣੀ ਅਫਰੀਕਾ, ਭਾਰਤ ਅਤੇ ਚੀਨ ਦਰਮਿਆਨ ਸਮਝੌਤੇ ਵਜੋਂ ਸਾਹਮਣੇ ਆਇਆ, ਜਿਸ ਨੂੰ ਗਰੁੱਪ-70 ਅਤੇ ਗਰੀਬ ਦੇਸ਼ਾਂ ਨੇ ਰੱਦ ਕਰ ਦਿੱਤਾ।

ਗਹਿਮਾ-ਗਹਿਮੀ ਭਰੇ ਅਤੇ ਕਈ ਵਾਰ ਨਾਟਕਬਾਜ਼ੀ ਵੇਖਣ ਵਾਲੇ 12 ਦਿਨਾਂ ਸੰਮੇਲਨ ਦੇ ਸ਼ਨੀਵਾਰ ਸਵੇਰੇ ਖ਼ਤਮ ਹੋਣ 'ਤੇ ਡੈਨਮਾਰਕ ਦੇ ਪ੍ਰਧਾਨ ਮੰਤਰੀ ਨੇ ਬਿਨਾਂ ਕਿਸੇ ਝਿਜਕ ਦੇ ਇਸ ਗੱਲ ਨੂੰ ਮੰਨਿਆ ਕਿ ਕੋਈ ਆਮ ਸਹਿਮਤੀ ਨਹੀਂ ਬਣ ਸਕੀ ਅਤੇ ਕੋਈ ਸਮਝੌਤਾ ਪ੍ਰਵਾਨ ਨਹੀਂ ਕੀਤਾ ਗਿਆ। ਜੇ ਅਸੀਂ ਆਮ ਸਹਿਮਤੀ ਦੇ ਸਿਧਾਂਤ ਨਾਲ ਸਖ਼ਤੀ ਨਾਲ ਚਿਪਕੇ ਰਹਿੰਦੇ ਤਾਂ ਅਮਰੀਕਾ ਦੇ ਬੇਸਿਕ ਸਮਝੌਤੇ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ ਸੀ। ਭਾਰਤੀ ਚੌਗਿਰਦਾ ਮੰਤਰੀ ਸ੍ਰੀ ਰਮੇਸ਼ ਨੇ ਇਸ ਮੌਕੇ 'ਤੇ ਕਿਹਾ ਕਿ ਚੀਨ ਦੇ ਪ੍ਰਧਾਨ ਮੰਤਰੀ ਨੇ ਸਮਝੌਤਾ ਕਰਵਾਉਣ ਵਿਚ ਆਪਣੀ ਅਹਿਮ ਭੂਮਿਕਾ ਨਿਭਾਈ।

**ਕੋਪਨਹੇਗਨ:** ਮੌਸਮੀ ਤਬਦੀਲੀਆਂ ਦੇ ਸੰਕਟ ਨਾਲ ਨਜਿੱਠਣ ਲਈ ਅਮਰੀਕਾ, ਚੀਨ, ਭਾਰਤ, ਦੱਖਣੀ ਅਫ਼ਰੀਕਾ ਤੇ ਬ੍ਰਾਜ਼ੀਲ ਨੂੰ ਉਸ ਸਮੇਂ ਵੱਡਾ ਝਟਕਾ ਲੱਗਿਆ, ਜਦੋਂ ਇਨ੍ਹਾਂ ਦੇਸ਼ਾਂ ਵਲੋਂ ਇਸ ਸਬੰਧ ਵਿਚ ਤਿਆਰ ਕੀਤੇ ਗਏ ਖਰੜੇ ਨੂੰ ਜ਼ਿਆਦਾਤਰ ਵਿਕਾਸਸ਼ੀਲ ਦੇਸ਼ਾਂ ਨੇ ਪੂਰੀ ਤਰ੍ਹਾਂ ਖਾਰਜ ਕਰ ਦਿੱਤਾ। ਇਸ ਖਰੜੇ ਦੀ ਵੈਨਜ਼ੁਏਲਾ, ਕਿਊਬਾ, ਸੂਡਾਨ, ਤੁਵਾਲੂ, ਬੋਲੀਵੀਆ, ਕੋਸਟਾਰਿਕਾ ਦੇ ਨੁਮਾਇੰਦਿਆਂ ਨੇ ਸਖ਼ਤ ਅਲੋਚਨਾ ਕੀਤਾ ਹੈ। ਸੂਡਾਨ ਦੇ ਆਗੂ ਨੇ ਤਾਂ ਇਸ ਸਮਝੌਤੇ ਨੂੰ ਤਬਾਹੀ ਦੀ ਸ਼ੁਰੂਆਤ ਦੱਸਿਆ ਹੈ। ਖਰੜੇ ਦੀ ਅਲੋਚਨਾ ਕਰਦਿਆਂ ਤੁਵਾਲੂ ਦੇ ਨੁਮਾਇੰਦੇ ਨੇ ਕਿਹਾ ਕਿ ਵਿਕਸਤ ਦੇਸ਼ ਮਦਦ ਦਾ ਵਾਅਦਾ ਕਰਕੇ ਗਰੀਬ ਦੇਸ਼ਾਂ ਨੂੰ ਖਰੀਦਣਾ ਚਾਹੁੰਦੇ ਹਨ ਪਰ ਚਾਂਦੀ ਦੇ ਕੁਝ ਟੁਕੜਿਆਂ ਬਦਲੇ ਅਸੀਂ ਆਪਣੇ ਲੋਕਾਂ ਨੂੰ ਧੋਖਾ ਨਹੀਂ ਦੇ ਸਕਦੇ ਤੇ ਸਾਡਾ ਭਵਿੱਖ ਵਿਕਾਊ ਨਹੀਂ ਹੈ। ਨਿਕਾਰਗੁਆ ਦੇ ਆਗੂ ਨੇ ਕਿਹਾ ਕਿ ਇਸ ਸਮਝੌਤੇ ਵਿਚ




ਪਾਰਦਰਸ਼ਤਾ ਤੇ ਲੋਕਤੰਤਰੀ ਵਿਚਾਰਧਾਰਾ ਦੀ ਘਾਟ ਹੈ। ਸੂਤਰਾਂ ਮੁਤਾਬਕ 19 ਦਸੰਬਰ ਦੀ ਸਾਰੀ ਰਾਤ ਮੱਥਾ ਮਾਰਨ ਤੋਂ ਬਾਅਦ ਅਮਰੀਕਾ ਦੇ ਯਤਨਾਂ ਨਾਲ ਭਾਰਤ ਸਮੇਤ ਚਾਰ ਉਭਰਦੀਆਂ ਅਰਥ-ਵਿਵਸਥਾਵਾਂ ਤੇ ਅਮਰੀਕਾ ਦਰਮਿਆਨ ਕਾਰਬਨ ਗੈਸਾਂ ਦੀ ਨਿਕਾਸੀ 'ਚ ਕਟੌਤੀ ਬਾਰੇ ਇੱਕ ਨਾ ਬਣਨਯੋਗ ਸਮਝੌਤਾ ਹੋਇਆ। ਜਦੋਂ ਕਿ ਵਿਕਾਸਸ਼ੀਲ ਦੇਸ਼ਾਂ ਨੇ ਇਸ ਨੂੰ ਨਾ-ਮਨਜ਼ੂਰ ਕਰ ਦਿੱਤਾ। ਜ਼ਿਆਦਾਤਰ ਵਿਕਾਸਸ਼ੀਲ ਦੇਸ਼ਾਂ ਨੇ ਇਸ ਸਮਝੌਤੇ ਨੂੰ ਆਤਮਘਾਤੀ ਕਰਾਰ ਦਿੱਤਾ।

ਜ਼ਿਕਰਯੋਗ ਹੈ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਬੇਸਿਕ ਦੇਸ਼ਾਂ ਦੇ ਆਗੂ ਭਾਰਤੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਚੀਨ ਦੇ ਪ੍ਰਧਾਨ ਮੰਤਰੀ ਵੇਨ ਜੀਆਬਾਓ, ਬ੍ਰਾਜ਼ੀਲ ਤੇ ਦੱਖਣੀ ਅਫ਼ਰੀਕਾ ਦੇ ਆਗੂਆਂ ਦੀ ਮੀਟਿੰਗ ਵਿਚ ਅਚਾਨਕ ਪਹੁੰਚ ਗਏ। ਇਸ ਮੀਟਿੰਗ ਵਿਚ ਇਹ ਸਮਝੌਤਾ ਹੋਣ ਦੀ ਗੱਲ ਸਾਹਮਣੇ ਆਈ ਪਰ ਇਸ ਸਮਝੌਤੇ ਦੀਆਂ ਖ਼ਬਰਾਂ ਨੂੰ ਉਸ ਸਮੇਂ ਬੂਰ ਨਾ ਪਿਆ ਜਦੋਂ ਡੈਨਮਾਰਕ ਦੇ ਪ੍ਰਧਾਨ ਮੰਤਰੀ ਲਾਰਸ ਰਾਸ੍ਮੂ ਮੁਸੈਨ ਨੇ ਇਕ ਪ੍ਰੈਸ ਕਾਨਫਰੰਸ ਦੌਰਾਨ ਸਪਸ਼ਟ ਕੀਤਾ ਕਿ ਅਸੀਂ ਕੋਈ ਸਮਝੌਤਾ ਸਵੀਕਾਰ ਨਹੀਂ ਕੀਤਾ ਹੈ ਤੇ ਨਾ ਹੀ ਕਿਸੇ ਸਮਝੌਤੇ 'ਤੇ ਸਹਿਮਤੀ ਬਣੀ ਹੈ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਆਮ ਸਹਿਮਤੀ ਦੇ ਸਿਧਾਂਤ ਨਾਲ ਚਿਪਕੇ ਰਹਿੰਦੇ ਹਾਂ ਤਾਂ ਇਹ ਸਵੀਕਾਰ ਨਹੀਂ ਕੀਤਾ ਜਾ ਸਕਦਾ। ਕਾਨਫਰੰਸ ਦੌਰਾਨ ਉਨ੍ਹਾਂ ਕਿਹਾ ਕਿ ਮੌਜੂਦਾ ਸਮਝੌਤੇ ਨੂੰ ਸਵੀਕਾਰ ਕਰਨਾ ਨਾ-ਮੁਮਕਿਨ ਹੈ। ਇਹ ਵੀ ਦੱਸਣਾ ਬਣਦਾ ਹੈ ਕਿ ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਤੇ ਭਾਰਤ ਦੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਖ਼ੁਦ ਦੀ ਇੱਜ਼ਤ ਬਚਾਉਣ ਲਈ ਇੱਕ ਸਮਝੌਤੇ ਦੇ ਖਰੜੇ ਨੂੰ ਆਖਰੀ ਰੂਪ ਦਿੱਤਾ ਸੀ। ਇਸ ਖਰੜੇ ਵਿਚ ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਲਈ ਫਰਵਰੀ 2010 ਤੱਕ ਕਾਰਬਨ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਕਰਨ ਸਬੰਧੀ ਮਾਪਦੰਡ ਤੈਅ ਕੀਤੇ ਗਏ ਸਨ। ਤਿਆਰ ਖਰੜੇ ਵਿਚ ਸਮਾਨਤਾ ਦੇ ਆਧਾਰ 'ਤੇ ਤਾਪਮਾਨ ਦੇ ਵਾਧੇ ਨੂੰ 2 ਡਿਗਰੀ ਸੈਲਸੀਅਸ ਤੱਕ ਸੀਮਤ ਕਰਨ ਤੋਂ ਇਲਾਵਾ ਕੌਮਾਂਤਰੀ ਤੇ ਕੌਮੀ ਪੱਧਰ 'ਤੇ ਕਾਰਬਨ ਗੈਸਾਂ ਦੀ ਨਿਕਾਸੀ ਵਿਚ ਕਟੌਤੀ ਦੀ ਹੱਦ ਮਿੱਥਣ ਲਈ ਕਿਹਾ ਗਿਆ ਸੀ। ਇਸ ਦੇ ਨਾਲ ਹੀ ਇਸ ਖਰੜੇ ਵਿਚ ਵਿਕਾਸਸ਼ੀਲ ਦੇਸ਼ਾਂ ਦੀ ਗਰੀਬੀ ਦੂਰ ਕਰਨ ਲਈ ਕੁਝ ਕਦਮ ਚੁੱਕਣ ਲਈ ਵੀ ਕਿਹਾ ਗਿਆ ਸੀ।

ਜ਼ਿਕਰਯੋਗ ਹੈ ਕਿ ਇਸ ਖਰੜੇ 'ਤੇ ਹੋਏ ਸੀਮਤ ਸਮਝੌਤੇ ਵਿਚ ਵਿਕਾਸਸ਼ੀਲ ਦੇਸ਼ਾਂ ਨੂੰ ਲੰਬੇ ਸਮੇਂ ਲਈ 100 ਅਰਬ ਅਮਰੀਕੀ ਡਾਲਰ ਤੇ ਥੋੜ੍ਹੇ ਸਮੇਂ ਲਈ 30 ਅਰਬ ਅਮਰੀਕੀ ਡਾਲਰ ਮਦਦ ਦੇਣ ਦੀ ਗੱਲ ਕਹੀ ਗਈ ਹੈ। ਦੱਸਣਾ ਬਣਦਾ ਹੈ ਕਿ ਮੌਸਮੀ ਤਬਦੀਲੀਆਂ ਬਾਰੇ ਚਰਚਾ ਦੌਰਾਨ ਜਿੱਥੇ ਜਰਮਨੀ ਤੇ ਅਮਰੀਕਾ ਨੇ ਭਾਰਤ ਦੇ ਰੁਖ਼ ਨਾਲ ਸਹਿਮਤੀ ਜਤਾਈ, ਉੱਥੇ ਬਰਤਾਨੀਆ, ਫਰਾਂਸ ਤੇ ਆਸਟਰੇਲੀਆ ਨੇ ਭਾਰਤ ਵਲੋਂ ਲਏ ਸਟੈਂਡ ਦਾ ਡਟਵਾਂ ਵਿਰੋਧ ਕੀਤਾ।

ਇਸ ਸੰਮੇਲਨ ਵਿਚ ਭਾਰਤੀ ਵਾਤਾਵਰਣ ਮੰਤਰੀ ਜੈ ਰਾਮ ਰਮੇਸ਼ ਦੀ ਕਈ ਵਾਰ ਬਰਤਾਨਵੀ ਪ੍ਰਧਾਨ ਮੰਤਰੀ ਗਾਰਡਨ ਬਰਾਊਨ ਤੇ ਫਰਾਂਸ ਦੇ ਰਾਸ਼ਟਰਪਤੀ ਨਿਕੋਲਸ ਸਰਕੋਜ਼ੀ ਨਾਲ ਤਿੱਖੀ ਬਹਿਸ ਵੀ ਹੋਈ। ਸੰਮੇਲਨ ਵਿਚ ਭਾਰਤ ਨੂੰ ਸਭ ਤੋਂ ਵਧ ਵਿਰੋਧ ਦਾ ਸਾਹਮਣਾ ਆਸਟਰੇਲੀਆ ਵਲੋਂ ਕਰਨਾ ਪਿਆ।

ਮੌਸਮੀ ਤਬਦੀਲੀਆਂ ਬਾਰੇ ਸੰਮੇਲਨ ਵਿਚ ਹਿੱਸਾ ਲੈਣ ਤੋਂ ਬਾਅਦ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬੀਤੀ 20 ਦਸੰਬਰ ਵਤਨ ਪਰਤ ਆਏ। ਸੂਤਰਾਂ ਮੁਤਾਬਕ ਡਾ. ਸਿੰਘ ਨੇ ਇਕ ਦਿਨ ਪਹਿਲਾਂ ਵਾਪਸ ਪਰਤਣਾ ਸੀ, ਪਰ ਅਮਰੀਕੀ ਦਬਾਅ ਹੇਠ ਚੀਨ, ਬ੍ਰਾਜ਼ੀਲ ਤੇ ਦੱਖਣੀ ਅਫ਼ਰੀਕਾ ਨਾਲ ਗੱਲਬਾਤ ਕਰਨ ਲਈ ਉਨ੍ਹਾਂ ਨੇ ਕੋਪਨਹੇਗਨ ਵਿਚ 5 ਘੰਟੇ ਵਾਧੂ ਰੁਕਣ ਦਾ ਫੈਸਲਾ ਲਿਆ। ਮੰਨਿਆ ਜਾ ਰਿਹਾ ਹੈ ਕਿ ਇਸ 5 ਘੰਟੇ ਦੇ ਠਹਿਰਾਅ 'ਚ ਹੀ ਅਮਰੀਕੀ ਰਾਸ਼ਟਰਪਤੀ ਨੇ ਵਿਕਾਸਸ਼ੀਲ ਦੇਸ਼ਾਂ ਦੀ ਤਰਜਮਾਨੀ ਕਰ ਰਹੇ ਇਨ੍ਹਾਂ ਦੇਸ਼ਾਂ ਤੋਂ ਅੱਧ-ਅਧੂਰੇ ਸਮਝੌਤੇ ਨੂੰ ਸਿਰੇ ਚੜ੍ਹਵਾਇਆ ਹੈ।

ਵਾਤਾਵਰਣ ਤਬਦੀਲੀਆਂ ਬਾਰੇ ਕਿਸੇ ਸਮਝੌਤੇ ਉਤੇ ਪੁੱਜਣ ਦੇ ਸੰਕੇਤਾਂ ਦਰਮਿਆਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਬੀਤੀ 18 ਦਿਸੰਬਰ ਨੂੰ ਕੋਪਨਹੇਗਨ ਗਏ ਸਨ। ਸੰਮੇਲਨ ਦੇ ਅੰਤਿਮ ਦਿਨ ਸੰਬੋਧਨ ਕਰਦਿਆਂ ਡਾ. ਮਨਮੋਹਨ ਸਿੰਘ ਨੇ ਇਹ ਗੱਲ ਜ਼ੋਰ ਦੇ ਕੇ ਆਖੀ ਸੀ ਕਿ ਭਾਰਤ 2020 ਤਕ ਗਰੀਨ ਹਾਊਸ ਗੈਸਾਂ ਦੀ ਪੈਦਾਇਸ਼ ਵਿਚ 20 ਫ਼ੀ ਸਦੀ ਕਟੌਤੀ ਦੇ ਸਵੈ-ਇੱਛਕ ਟੀਚੇ ਨੂੰ ਹਰ ਹੀਲੇ ਹਾਸਲ ਕਰੇਗਾ। ਡੈਨਮਾਰਕ ਦੀ ਰਾਜਧਾਨੀ ਵਿਚ ਇਕੱਠੇ ਹੋਏ ਵਿਸ਼ਵ ਦੇ ਆਗੂਆਂ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ, ''ਅਸੀਂ ਹੋਰ ਵੀ ਹੰਭਲਾ ਮਾਰ ਸਕਦੇ ਹਾਂ ਜੇ ਵਾਤਾਵਰਣ ਤਬਦੀਲੀਆਂ ਬਾਰੇ ਕੋਈ ਸਮਝੌਤਾ ਬਣ ਜਾਵੇ। ਸੰਮੇਲਨ ਦੇ ਨਤੀਜੇ ਸਾਡੀਆਂ ਆਸਾਂ 'ਤੇ ਖਰੇ ਨਹੀਂ ਉਤਰੇ।'' ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਸਾਡੇ ਸਾਹਮਣੇ ਇਕ ਔਖਾ ਕੰਮ ਹੈ ਜਿਸ ਨੂੰ ਅਸੀਂ ਹਾਂ ਪੱਖੀ ਅਤੇ ਉਸਾਰੂ ਸੋਚ ਰਾਹੀਂ ਸਿਰੇ ਚਾੜ੍ਹ ਸਕਦੇ ਹਾਂ। ਸਾਨੂੰ ਆਉਣ ਵਾਲੇ ਸਾਲਾਂ ਵਿਚ ਅਪਣੇ ਮਤਭੇਦ ਖ਼ਤਮ ਕਰ ਕੇ ਸੰਤੁਲਤ ਰਵਈਆ ਅਖ਼ਤਿਆਰ ਕਰਨਾ ਹੋਵੇਗਾ। ਉਨ੍ਹਾਂ ਇਹ ਨੁਕਤਾ ਵੀ ਉਠਾਇਆ ਕਿ ਬਹੁਤੇ ਦੇਸ਼ ਸੰਯੁਕਤ ਰਾਸ਼ਟਰ ਦੀ ਵਾਤਾਵਰਣ ਕਮੇਟੀ ਦੇ ਨਿਯਮਾਂ ਵਿਚ ਢਿੱਲ ਵਰਤਣ ਜਾਂ ਇਨ੍ਹਾਂ ਬਾਰੇ ਮੁੜ ਗੱਲਬਾਤ ਕਰਨ ਦਾ ਸਮਰਥਨ ਨਹੀਂ ਕਰਦੇ। ਇਸ ਸੰਮੇਲਨ ਦੇ ਕਿਸੇ ਨਤੀਜੇ ਉਤੇ ਨਾ ਪੁੱਜਣ ਦਾ ਗਲਤ ਸੁਨੇਹਾ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਭਾਰਤ ਦਿਲੋਂ ਚਾਹੁੰਦਾ ਹੈ ਕਿ ਵਾਤਾਵਰਣ ਤਬਦੀਲੀਆਂ ਬਾਰੇ ਗੱਲਬਾਤ ਸਫ਼ਲ ਹੋਵੇ ਕਿਉਂਕਿ ਇਸ ਦੇ ਇਨ੍ਹਾਂ ਤਬਦੀਲੀਆਂ ਤੋਂ ਸਭ ਤੋਂ ਵੱਧ ਪ੍ਰਭਾਵਤ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਜ਼ੋਰ ਦਿਤਾ ਕਿ ਭਵਿੱਖ ਵਿਚ ਹੋਣ ਵਾਲੀ ਕੋਈ ਗੱਲਬਾਤ ਵੀ 1997 ਦੀ ਕਿਊਟੋ ਸੰਧੀ ਅਤੇ 2007 ਦੇ ਬਾਲੀ ਐਕਸ਼ਨ ਪਲਾਨ 'ਤੇ ਅਧਾਰਤ ਹੋਵੇ। ਇਸ ਸੰਧੀ ਤਹਿਤ ਵਿਕਸਤ ਦੇਸ਼ ਕਾਨੂੰਨੀ ਤੌਰ 'ਤੇ ਖ਼ਤਰਨਾਕ ਗੈਸਾਂ ਦੀ ਪੈਦਾਇਸ਼ ਵਿਚ ਕਟੌਤੀ ਕਰਨ ਲਈ ਪਾਬੰਦ ਹਨ।

ਇਸ ਤੋਂ ਪਹਿਲਾਂ ਸਮਾਗਮ ਵਿਚ ਬੋਲਦਿਆਂ ਸੰਯੁਕਤ ਰਾਸ਼ਟਰ ਦੇ ਜਨਰਲ ਸਕੱਤਰ ਬਾਨ ਕੀ ਮੂਨ ਨੇ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਵਿਕਾਸਸ਼ੀਲ ਦੇਸ਼ਾਂ (ਖਾਸ ਕਰਕੇ ਗਰੀਬ ਦੇਸ਼) ਦੀ ਵਿੱਤੀ ਮਦਦ ਕੀਤੀ ਜਾਣੀ ਚਾਹੀਦੀ ਹੈ। ਕੋਪਨਹੇਗਨ ਵਿਚ 7 ਦਸੰਬਰ ਤੋਂ ਮੌਸਮੀ ਤਬਦੀਲੀਆਂ ਬਾਰੇ ਸ਼ੁਰੂ ਹੋਏ ਸਿਖ਼ਰ ਸੰਮੇਲਨ ਦੇ ਉਚ ਪੱਧਰੀ ਸੈਸ਼ਨ ਦਾ ਉਦਘਾਟਨ ਕਰਦਿਆਂ ਸ੍ਰੀ ਮੂਨ ਨੇ ਅਗਲੇ ਤਿੰਨ ਸਾਲਾਂ ਦੌਰਾਨ ਹਰ ਸਾਲ ਵਿਕਾਸਸ਼ੀਲ ਦੇਸ਼ਾਂ ਦੀ ਮਦਦ ਲਈ 10 ਅਰਬ ਡਾਲਰ ਫੰਡ ਜੁਟਾਉਣ ਦੀ ਵਿਕਸਤ ਦੇਸ਼ਾਂ ਵਲੋਂ ਕੀਤੀ ਗਈ ਪਹਿਲ ਦਾ ਸਵਾਗਤ ਕੀਤਾ। ਸ੍ਰੀ ਮੂਨ ਨੇ ਇਸ ਨੂੰ ਇੱਕ ਚੰਗੀ ਸ਼ੁਰੂਆਤ ਦੱਸਦਿਆਂ ਕਿਹਾ ਕਿ ਸਾਰੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਵਿਕਾਸਸ਼ੀਲ ਦੇਸ਼ਾਂ ਦੀਆਂ ਲੰਬੇ ਸਮੇਂ ਦੀਆਂ ਵਿੱਤੀ ਸਮੱਸਿਆਵਾਂ ਨੂੰ ਸੁਲਝਾਉਣਾ ਬੇਹੱਦ ਜ਼ਰੂਰੀ ਹੈ।

## ਕੋਪਨਹੇਗਨ ਸਮਝੌਤੇ ਬਾਰੇ ਵਾਤਾਵਰਣ ਮੰਤਰੀ ਦਾ ਸਪੱਸ਼ਟੀਕਰਨ

**ਨਵੀਂ ਦਿੱਲੀ:** ਕੋਪਨਹੇਗਨ ਸਿਖਰ ਸੰਮੇਲਨ 'ਚ ਕੀਤਾ ਗਿਆ ਕਰਾਰ ਭਾਰਤ, ਚੀਨ, ਦੱਖਣੀ ਅਫ਼ਰੀਕਾ ਤੇ ਬ੍ਰਾਜ਼ੀਲ ਵਲੋਂ ਅਪਨਾਏ ਰੁਖ਼ ਕਾਰਨ ਕਾਨੂੰਨੀ ਪਾਬੰਦੀ ਵਾਲਾ ਨਹੀਂ ਬਣ ਸਕਿਆ ਤੇ ਵਿਕਸਤ ਦੇਸ਼ਾਂ ਵਲੋਂ ਕਿਓਟੋ ਸੰਧੀ ਨੂੰ ਖ਼ਤਮ ਕਰਨ ਦੀਆਂ ਕੋਸ਼ਿਸ਼ਾਂ ਵੀ ਨਾਕਾਮ ਹੋਈਆਂ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੇਂਦਰੀ ਵਾਤਾਵਰਣ ਤੇ ਜੰਗਲਾਤ ਮੰਤਰੀ ਜੈ ਰਾਮ ਰਮੇਸ਼ ਨੇ ਰਾਜ ਸਭਾ 'ਚ ਕੋਪਨਹੇਗਨ ਸਬੰਧੀ ਕਰਾਰ ਦਾ ਵੇਰਵਾ ਦਿੰਦਿਆਂ ਕੀਤਾ। ਸ੍ਰੀ ਰਮੇਸ਼ ਨੇ ਕਿਹਾ ਕਿ ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਵਿਚਾਲੇ ਹੋਇਆ ਇਹ ਸਮਝੌਤਾ ਕਾਨੂੰਨੀ ਰੂਪ ਨਾਲ ਕਿਸੇ ਨੂੰ ਵੀ ਪਾਬੰਦ ਨਹੀਂ ਕਰਦਾ। ਇਸ ਸਮਝੌਤੇ ਨੂੰ ਲੈ ਕੇ ਸਮੂਹ ਦੇਸ਼ਾਂ ਨੇ ਸਹਿਮਤੀ ਜਤਾਈ ਹੈ। ਰਾਜ ਸਭਾ 'ਚ ਸ੍ਰੀ ਰਮੇਸ਼ ਨੇ ਦਸੰਬਰ 2010 'ਚ ਅਗਲਾ ਸੰਮੇਲਨ ਮੈਕਸੀਕੋ ਦੀ ਰਾਜਧਾਨੀ ਮੈਕਸੀਕੋ ਸਿਟੀ 'ਚ ਹੋਣ ਦੀ ਜਾਣਕਾਰੀ ਵੀ ਦਿੱਤੀ।

ਸ੍ਰੀ ਰਮੇਸ਼ ਨੇ ਕਿਹਾ ਕਿ ਭਾਰਤ ਦੀ ਹਮਾਇਤ ਵਾਲੇ ਦੇਸ਼ਾਂ ਨੇ ਇਹ ਯਕੀਨੀ ਬਣਾਉਣ ਦਾ ਯਤਨ ਕੀਤਾ ਹੈ ਕਿ ਬਾਲੀ ਕਾਰਜ ਯੋਜਨਾ ਦੇ ਕਿਸੇ ਵੀ ਨਿਯਮ ਦੀ ਉਲੰਘਣਾ ਨਾ ਹੋਵੇ। ਉਨ੍ਹਾਂ ਕਿਹਾ ਕਿ ਕੁਝ ਦੇਸ਼ ਕਿਓਟੋ ਸੰਧੀ ਨੂੰ ਖ਼ਤਮ ਕਰਨਾ ਚਾਹੁੰਦੇ ਸਨ, ਪਰ ਅਸੀਂ ਇਸ ਤਰ੍ਹਾਂ ਦੇ ਯਤਨਾਂ ਨੂੰ ਟਾਲਣ 'ਚ ਕਾਮਯਾਬ ਹੋ ਗਏ ਹਾਂ।

ਸ੍ਰੀ ਰਮੇਸ਼ ਨੇ ਕਿਹਾ ਕਿ ਕੋਪਨਹੇਗਨ 'ਚ ਗੱਲਬਾਤ ਪੂਰੀ ਨਹੀਂ ਹੋਈ ਤੇ ਇਹ ਗੱਲਬਾਤ ਅਜੇ ਜਾਰੀ ਰੱਖੀ ਜਾਵੇਗੀ। ਸਮਝੌਤੇ 'ਚ ਇਸ ਨੂੰ ਧਿਆਨ ਵਿਚ ਰੱਖਿਆ ਗਿਆ ਹੈ ਕਿ ਸਮਾਜਕ, ਆਰਥਕ ਵਿਕਾਸ ਤੇ ਗਰੀਬੀ ਦੇ ਖ਼ਾਤਮੇ ਲਈ ਵਿਕਾਸਸ਼ੀਲ ਦੇਸ਼ਾਂ ਨੂੰ ਵਿਸ਼ੇਸ਼ ਤਵੱਜੋ ਦਿੱਤੀ ਜਾਵੇ। ਰਾਜ ਸਭਾ 'ਚ ਸ੍ਰੀ ਰਮੇਸ਼ ਨੇ ਕਿਹਾ ਕਿ ਅਸੀਂ ਪ੍ਰਧਾਨ ਮੰਤਰੀ ਵੱਲੋਂ ਦਿੱਤੇ ਬਿਆਨ ਮੁਤਾਬਕ ਹੀ ਕੰਮ ਕੀਤਾ ਹੈ। ਕੋਪਨਹੇਗਨ ਸੰਮੇਲਨ ਦੇ ਨਤੀਜੇ ਬਾਰੇ ਜਾਣਕਾਰੀ ਦਿੰਦਿਆਂ ਸ੍ਰੀ ਰਮੇਸ਼ ਨੇ ਕਿਹਾ ਕਿ ਯੂ. ਐਨ. ਐਫ਼. ਸੀ. ਸੀ. ਤਹਿਤ ਗੱਲਬਾਤ ਜਾਰੀ ਰਹੇਗੀ।

ਸ੍ਰੀ ਰਮੇਸ਼ ਨੇ ਕਿਹਾ ਕਿ ਕੋਪਨਹੇਗਨ ਸਿਖਰ ਸੰਮੇਲਨ 'ਚ ਭਾਰਤ ਨੇ 2005 ਤੋਂ 2020 ਤੱਕ ਦੀ ਸਮਾਂ ਸੀਮਾ ਦੌਰਾਨ ਜੋ 20-25 ਫੀਸਦੀ ਤੱਕ ਕਾਰਬਨ ਗੈਸਾਂ ਦੀ ਨਿਕਾਸੀ 'ਚ ਕਟੌਤੀ ਦੀ ਗੱਲ ਕਹੀ ਹੈ ਉਹ ਕਿਸੇ ਦਬਾਅ ਹੇਠ ਲਿਆ ਗਿਆ ਫ਼ੈਸਲਾ ਨਹੀਂ ਹੈ। ਭਾਰਤ ਦੀ ਇਹ ਤਜਵੀਜ਼ ਕਿਸੇ ਵੀ ਕੌਮਾਂਤਰੀ ਕਰਾਰ ਦਾ ਹਿੱਸਾ ਨਹੀਂ ਹੈ। ਭਾਰਤ ਸਾਹਮਣੇ ਮੌਸਮੀ ਤਬਦੀਲੀਆਂ ਦੇ ਕੌਮਾਂਤਰੀ ਖ਼ਤਰੇ ਨਾਲ ਨਜਿੱਠਣ ਦੇ ਨਾਲ-ਨਾਲ ਤੇਜ਼ ਗਤੀ ਨਾਲ ਵਿਕਾਸ ਜਾਰੀ ਰੱਖਣ ਦੀ ਚੁਣੌਤੀ ਵੀ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਵੱਖ-ਵੱਖ ਮਾਹਰਾਂ ਵਲੋਂ ਸੁਝਾਏ ਤਰੀਕਿਆਂ ਅਨੁਸਾਰ ਕੰਮ ਕੀਤਾ ਜਾ ਰਿਹਾ ਹੈ। ਉਨ੍ਹਾਂ ਇਸ ਮੌਕੇ ਮੌਸਮੀ ਤਬਦੀਲੀਆਂ ਨਾਲ ਨਜਿੱਠਣ ਲਈ ਤਿਆਰ ਕੀਤੇ 8 ਮਿਸ਼ਨਾਂ ਦਾ ਜ਼ਿਕਰ ਵੀ ਕੀਤਾ।

## ਮਨਮੋਹਨ ਸਿੰਘ ਦੇ ਖੜੇ ਜਹਾਜ਼ ਨਾਲ ਟੈਂਕਰ ਟਕਰਾਇਆ


**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਜਿਸ ਜਹਾਜ਼ ਵਿਚ ਕੋਪਨਹੇਗਨ ਜਾਣਾ ਸੀ, ਤੇਲ ਭਰਦੇ ਸਮੇਂ ਉਸ ਨਾਲ ਟੈਂਕਰ ਟਕਰਾਅ ਗਿਆ ਜਿਸ ਕਾਰਨ ਪ੍ਰਧਾਨ ਮੰਤਰੀ ਦੀ ਰਵਾਨਗੀ ਵਿਚ ਤਿੰਨ ਘੰਟਿਆਂ ਦੀ ਦੇਰ ਹੋ ਗਈ। ਘਟਨਾ ਸਮੇਂ ਪ੍ਰਧਾਨ ਮੰਤਰੀ ਜਹਾਜ਼ ਵਿਚ ਨਹੀਂ ਸਨ। ਅਪੁਸ਼ਟ ਰੀਪੋਰਟਾਂ ਮੁਤਾਬਕ ਇਹ ਹਾਦਸਾ ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ ਦੇ ਵੀ.ਆਈ.ਪੀ. ਖੇਤਰ ਵਿਚ ਵਾਪਰਿਆ। ਘਟਨਾਕ੍ਰਮ ਦੇ ਅਸਲ ਤੱਥਾਂ ਦਾ ਪਤਾ ਨਹੀਂ ਲੱਗ ਸਕਿਆ ਹੈ ਪਰ ਸੂਤਰਾਂ ਮੁਤਾਬਕ ਤੇਲ ਟੈਂਕਰ ਵੱਜਣ ਕਾਰਨ ਜਹਾਜ਼ ਦੇ ਇਕ ਪਾਸੇ ਚਿੱਬ ਪੈ ਗਿਆ। ਪ੍ਰਧਾਨ ਮੰਤਰੀ ਦਫ਼ਤਰ ਦੇ ਇਕ ਅਧਿਕਾਰੀ ਨੇ ਦਸਿਆ ਕਿ ਤਕਨੀਕੀ ਟੀਮ ਨੇ ਜਹਾਜ਼ ਦਾ ਮੁਆਇਨਾ ਕੀਤਾ। ਇਹ ਬਹੁਤ ਹੀ ਛੋਟਾ ਜਿਹਾ ਚਿੱਬ ਸੀ ਜਿਸ ਨਾਲ ਯਾਤਰਾ ਦੌਰਾਨ ਕੋਈ ਗੰਭੀਰ ਖ਼ਤਰਾ ਨਾ ਹੋਣ ਬਾਰੇ ਕਿਹਾ ਗਿਆ ਪਰ ਡਾ. ਮਨਮੋਹਨ ਸਿੰਘ ਦੀ ਸੁਰੱਖਿਆ ਨੂੰ ਧਿਆਨ ਵਿਚ ਰਖਦਿਆਂ ਉਨ੍ਹਾਂ ਨੂੰ ਦੂਜੇ ਜਹਾਜ਼ ਰਾਹੀਂ ਕੋਪਨਹੇਗਨ ਲਿਜਾਇਆ ਗਿਆ। ਸ਼ਹਿਰੀ ਹਵਾਬਾਜ਼ੀ ਮੰਤਰੀ ਪ੍ਰਫੁੱਲ ਪਟੇਲ ਜੋ ਕਿ ਘਟਨਾ ਤੋਂ ਤੁਰਤ ਬਾਅਦ ਹਵਾਈ ਅੱਡੇ ਪੁੱਜੇ, ਨੇ ਕਿਹਾ ਕਿ ਮਾਮਲੇ ਦੀ ਉੱਚ ਪੱਧਰੀ ਜਾਂਚ ਦੇ ਆਦੇਸ਼ ਦਿਤੇ ਗਏ ਹਨ।


North American Truck Stop

ਖੁਸ਼ਖਬਰੀ! ਖੁਸ਼ਖਬਰੀ!! ਖੁਸ਼ਖਬਰੀ!!!



ਕੈਰੀਅਰ ਬਰਮੋਕਿੰਗ ਐਂਡ ਕੈਰੀਅਰ ਯੂਨਿਟ ਇੰਜਣ ਇਥੇ ਸਸਤੇ ਭਾਅ ਉਤੇ ਬਦਲੇ ਜਾਂਦੇ ਹਨ



ਤਸੱਲੀਬਖ਼ਸ਼ ਸਰਵਿਸ ਬਿਲਕੁਲ ਵਾਜਬ ਭਾਅ

909-350-3310, 909-697-5808

balwindernats@yahoo.com

14320 Slover Ave., Fontana, CA 92337

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ

ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

# ਪੰਜਾਬੀ ਸਭਿਆਚਾਰਕ ਪ੍ਰੋਗਰਾਮ ਦੇ ਨਾਂ 'ਤੇ ਅਧਨੰਗੇ ਨਾਚ

**ਮੁਹਾਲੀ:** ਇਥੇ ਰਹਿੰਦੀਆਂ 2 ਨੌਜਵਾਨ ਲੜਕੀਆਂ (ਡਾਂਸਰਾਂ) ਨੂੰ ਬੀਤੇ ਸਤੰਬਰ ਮਹੀਨੇ ਵਿਚ ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨ ਦੇ ਨਾਂ 'ਤੇ ਸਿੰਗਾਪੁਰ ਲੈ ਕੇ ਜਾਣ ਅਤੇ ਉੱਥੇ ਜਾ ਕੇ ਬੀਅਰ ਬਾਰ ਵਿਚ ਅਧਨੰਗਾ ਨਾਚ ਕਰਨ ਲਈ ਮਜਬੂਰ ਕਰਨ ਦਾ ਦੋਸ਼ ਲਗਾਉਣ ਵਾਲੀਆਂ ਪੀੜਤ ਲੜਕੀਆਂ ਸਿਮਰਨਦੀਪ ਕੌਰ ਅਤੇ ਰਮਿੰਦਰਜੀਤ ਕੌਰ ਵਲੋਂ ਜ਼ਿਲ੍ਹਾ ਮੁਹਾਲੀ ਦੇ ਐਸ ਐਸ ਪੀ ਨੂੰ ਸ਼ਿਕਾਇਤ ਦੇਣ ਦੇ ਸਵਾ ਮਹੀਨਾ ਬੀਤ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਾ ਹੋਣ 'ਤੇ ਇਹ ਕੁੜੀਆਂ ਨਿਰਾਸ਼ਾ ਦੇ ਦੌਰ ਵਿਚ ਹਨ ਅਤੇ ਪੁਲਸ ਵਲੋਂ ਕਾਰਵਾਈ ਨਾ ਕੀਤੇ ਜਾਣ ਕਾਰਨ ਉਹ ਮਹਿਲਾ ਕਮਿਸ਼ਨ ਅਤੇ ਮਨੁੱਖੀ ਅਧਿਕਾਰ ਕਮਿਸ਼ਨ ਵਿਚ ਜਾਣ ਦੀ ਤਿਆਰੀ ਕਰ ਰਹੀਆਂ ਹਨ।

ਇੱਥੇ ਅਦਾਲਤੀ ਕੰਪਲੈਕਸ ਮੁਹਾਲੀ ਵਿਖੇ ਆਪਣੀ ਵਕੀਲ ਨਾਲ ਅਗਲੇਰੀ ਕਾਰਵਾਈ ਸਬੰਧੀ ਵਿਚਾਰ ਕਰਨ ਪਹੁੰਚੀਆਂ ਇਹਨਾਂ ਕੁੜੀਆਂ ਸਿਮਰਨਦੀਪ ਕੌਰ ਅਤੇ ਰਮਿੰਦਰਜੀਤ ਕੌਰ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਉਹ ਦੋਵੇਂ ਪੰਜਾਬੀ ਸੱਭਿਆਚਾਰਕ ਪ੍ਰੋਗਰਾਮਾਂ ਵਿਚ ਨਾਚ ਗਾਣ ਦਾ ਕੰਮ ਕਰਦੀਆਂ ਹਨ ਅਤੇ ਦੂਰਦਰਸ਼ਨ ਤੇ ਵੀ ਪੇਸ਼ਕਾਰੀ ਦੇ ਚੁੱਕੀਆਂ ਹਨ। ਉਹਨਾਂ ਇਲਜ਼ਾਮ ਲਗਾਇਆ ਕਿ ਮਸ਼ਹੂਰ ਪੰਜਾਬੀ ਸਿੰਗਰ ਸੁਨੀਤਾ ਭੱਟੀ ਨੇ ਉਹਨਾਂ ਦੋਵਾਂ ਨੂੰ ਸਤੰਬਰ ਮਹੀਨੇ ਵਿਚ ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਵਿਚ ਸਿੰਗਾਪੁਰ ਲਿਜਾਣ ਦੀ ਪੇਸ਼ਕਸ਼ ਕੀਤੀ ਸੀ ਅਤੇ ਉਹ ਇਸ ਵਾਸਤੇ ਤਿਆਰ ਹੋ ਗਈਆਂ ਸਨ। ਇਹ ਦੋਵੇਂ ਆਪਸ ਵਿਚ ਭੈਣਾਂ ਹਨ ਅਤੇ ਉਹਨਾਂ ਦਾ ਕਹਿਣਾ ਹੈ ਕਿ ਉਹਨਾਂ ਨੂੰ ਸੁਨੀਤਾ ਭੱਟੀ ਨੇ ਇਹ ਕਹਿ ਕੇ ਇੰਡੀਆ ਤੋਂ ਸਿੰਗਾਪੁਰ ਦੇ ਜਹਾਜ਼ ਵਿਚ ਚੜ੍ਹਾ ਦਿੱਤਾ ਕਿ ਉਹ ਅਗਲੇ 2 ਦਿਨਾਂ ਬਾਅਦ ਆਵੇਗੀ ਅਤੇ ਪ੍ਰੋਗਰਾਮ ਦੇ ਆਯੋਜਕ ਏਅਰ ਪੋਰਟ ਤੋਂ ਉਨ੍ਹਾਂ ਨੂੰ ਨਾਲ ਲੈ ਲੈਣਗੇ। ਉਸ ਨੇ ਦੱਸਿਆ ਕਿ ਉਹ 27 ਸਤੰਬਰ ਨੂੰ ਸਿੰਗਾਪੁਰ ਹਵਾਈ ਅੱਡੇ ਪੁੱਜ ਗਈਆਂ, ਜਿੱਥੇ ਮਲਕੀਅਤ ਸਿੰਘ ਨਾਂਅ ਦਾ ਇੱਕ ਵਿਅਕਤੀ ਉਨ੍ਹਾਂ ਨੂੰ ਆਪਣੇ ਨਾਲ ਲੈ ਗਿਆ ਅਤੇ ਰਾਤ ਨੂੰ ਉਹ ਉਨ੍ਹਾਂ ਦੋਹਾਂ ਨੂੰ ਆਪਣੇ ਇਕ ਬੀਅਰ ਬਾਰ (ਪਾਇਲ ਮਿਊਜ਼ਿਕਲ ਲਾਂਜ) ਵਿਖੇ ਪੁਚਾ ਦਿਤਾ। ਉਨ੍ਹਾਂ ਨੂੰ ਕਿਹਾ ਗਿਆ ਕਿ ਉਨ੍ਹਾਂ ਨੇ ਇੱਥੇ ਹਾਲ ਵਿਚ ਗਾਹਕਾਂ ਨੂੰ ਡ੍ਰਿੰਕ ਸਰਵ ਕਰਨੀ ਹੈ ਅਤੇ ਨਾਚ ਗਾਣਾ ਕਰਕੇ ਉਨ੍ਹਾਂ ਨੂੰ ਖੁਸ਼ ਰੱਖਣਾ ਹੈ। ਕੁੜੀਆਂ ਅਨੁਸਾਰ ਜਦੋਂ ਉਨ੍ਹਾਂ ਨੇ ਅਜਿਹਾ ਕਰਨ ਤੋਂ ਮਨ੍ਹਾਂ ਕਰਦਿਆਂ ਵਾਪਸ ਇੰਡੀਆ ਭੇਜਣ ਬਾਰੇ ਕਿਹਾ ਤਾਂ ਉਨ੍ਹਾਂ ਨੂੰ ਕਿਹਾ ਗਿਆ ਕਿ ਉਨ੍ਹਾਂ ਦੇ ਆਉਣ ਜਾਣ ਦਾ ਖਰਚਾ ਕੌਣ ਭਰੇਗਾ ਅਤੇ ਇਸ ਤੋਂ ਬਾਅਦ ਅਗਲੇ 15 ਦਿਨਾਂ ਤੱਕ ਉਨ੍ਹਾਂ ਤੋਂ ਇਹ ਕੰਮ ਜਬਰੀ ਕਰਵਾਇਆ ਗਿਆ।


ਸੁਨੀਤਾ ਭੱਟੀ

ਕੁੜੀਆਂ ਨੇ ਦੱਸਿਆ ਕਿ ਮਲਕੀਅਤ ਸਿੰਘ ਵਲੋਂ ਉਨ੍ਹਾਂ ਨੂੰ ਵਾਪਸ ਦੇਣ ਲਈ 2 ਲੱਖ ਰੁਪਏ ਦੀ ਮੰਗ ਕੀਤੀ ਗਈ ਅਤੇ ਉਨ੍ਹਾਂ ਦੀ ਖਲਾਸੀ ਤਾਂ ਹੋਈ, ਜਦੋਂ ਉਨ੍ਹਾਂ ਦੇ ਪਰਵਾਰ ਵਾਲਿਆਂ ਨੇ ਮੁਹਾਲੀ ਵਿਚ ਸੁਨੀਤਾ ਭੱਟੀ ਨੂੰ 1.70 ਲੱਖ ਰੁਪਏ ਨਗਦ ਅਦਾ ਕੀਤੇ ਅਤੇ ਬਾਕੀ ਦੇ 30 ਹਜ਼ਾਰ ਰੁਪਏ ਸਿਮਰਨਦੀਪ ਕੌਰ ਨੇ ਆਪਣੇ ਬੈਂਕ ਖਾਤੇ ਵਿਚੋਂ ਏ ਟੀ ਐਮ ਰਾਹੀਂ ਸਿੰਗਾਪੁਰ ਵਿਖੇ ਕਢਵਾ ਕੇ ਦਿੱਤੇ। ਇਸ ਉਪਰੰਤ ਉਨ੍ਹਾਂ ਨੂੰ ਵਾਪਸ ਭਾਰਤ ਆਉਣ ਦਿੱਤਾ ਗਿਆ। ਉਨ੍ਹਾਂ ਦੱਸਿਆ ਕਿ ਇੰਡੀਆ ਪਹੁੰਚ ਕੇ ਪਹਿਲਾਂ ਤਾਂ ਕਈ ਦਿਨ ਉਹ ਸਦਮੇ ਦੀ ਹਾਲਤ ਵਿਚ ਰਹੀਆਂ, ਫਿਰ ਉਨ੍ਹਾਂ ਆਪਣੇ ਨਾਲ ਵਾਪਰੀ ਘਟਨਾ ਦੀ ਸ਼ਿਕਾਇਤ ਐਸ ਐਸ ਪੀ ਮੁਹਾਲੀ ਨੂੰ ਦਿੱਤੀ। ਉਨ੍ਹਾਂ ਕਿਹਾ ਕਿ ਐਸ ਐਸ ਪੀ ਵਲੋਂ ਇਸ ਮਾਮਲੇ ਦੀ ਜਾਂਚ ਥਾਣਾ ਫੇਜ਼-8 ਦੇ ਐਸ ਐਚ ਓ ਅਤੁਲ ਸੋਨੀ ਨੂੰ ਸੌਂਪੀ ਗਈ ਸੀ, ਜਿਨ੍ਹਾਂ ਵਲੋਂ ਇਸ ਸਬੰਧੀ ਉਨ੍ਹਾਂ ਦੋਹਾਂ ਦੇ ਬਿਆਨ ਵੀ ਕਲਮਬੰਦ ਕੀਤੇ ਗਏ ਸਨ। ਪ੍ਰੰਤੂ ਉਸਤੋਂ ਬਾਅਦ ਉਨ੍ਹਾਂ ਨੂੰ ਕੋਈ ਵੀ ਇਹ ਦੱਸਣ ਲਈ ਤਿਆਰ ਨਹੀਂ ਹੈ ਕਿ ਇਸ ਮਾਮਲੇ ਦੀ ਜਾਂਚ ਕਿੱਥੇ ਖੜੀ ਹੈ। ਉਨ੍ਹਾਂ ਕਿਹਾ ਕਿ ਸਵਾ ਮਹੀਨਾ ਬੀਤ ਜਾਣ ਦੇ ਬਾਵਜੂਦ ਕੋਈ ਕਾਰਵਾਈ ਨਾ ਹੋਣ 'ਤੇ ਹੁਣ ਉਹ ਮਨੁੱਖੀ ਅਧਿਕਾਰ ਕਮਿਸ਼ਨ ਅਤੇ ਮਹਿਲਾ ਕਮਿਸ਼ਨ ਵਿਚ ਸ਼ਿਕਾਇਤ ਕਰਨ ਦੀ ਤਿਆਰੀ ਕਰ ਰਹੀਆਂ ਹਨ। ਦੂਜੇ ਪਾਸੇ ਪੰਜਾਬੀ ਗਾਇਕਾ ਸੁਨੀਤਾ ਭੱਟੀ ਨੇ ਇਸ ਮਾਮਲੇ ਵਿਚ ਸੰਪਰਕ ਕਰਨ 'ਤੇ ਕਿਹਾ ਕਿ ਉਨ੍ਹਾਂ ਦਾ ਇਸ ਮਾਮਲੇ ਵਿਚ ਲੈਣਾ-ਦੇਣਾ ਨਹੀਂ ਹੈ ਅਤੇ ਇਹ ਸਾਰਾ ਕੁਝ ਕਿਸੇ ਵੱਡੀ ਸਾਜ਼ਿਸ਼ ਤਹਿਤ ਕੀਤਾ ਜਾ ਰਿਹਾ ਲੱਗਦਾ ਹੈ। ਹਾਲਾਂ ਕਿ ਉਨ੍ਹਾਂ ਕਿਹਾ ਕਿ ਇਨ੍ਹਾਂ ਲੜਕੀਆਂ ਨੂੰ ਬਦੇਸ਼ ਭੇਜਣ ਵਾਲੇ ਪ੍ਰਮੋਟਰ ਨਾਲ ਮੁਲਾਕਾਤ ਉਨ੍ਹਾਂ ਨੇ ਹੀ ਕਰਵਾਈ ਸੀ। ਉਨ੍ਹਾਂ ਦੱਸਿਆ ਕਿ ਉਹ ਇਨ੍ਹਾਂ ਕੁੜੀਆਂ ਨੂੰ ਜਾਣਦੀ ਤੱਕ ਨਹੀਂ ਹੈ ਅਤੇ ਮੁੰਡੀ ਖਰੜ ਦਾ ਇੱਕ ਏਜੰਟ ਕੁਲਵੰਤ ਇਨ੍ਹਾਂ ਕੁੜੀਆਂ ਨੂੰ ਉਨ੍ਹਾਂ ਕੋਲ ਲੈ ਕੇ ਆਇਆ ਸੀ ਕਿ ਇਨ੍ਹਾਂ ਨੂੰ ਕੋਈ ਪ੍ਰੋਗਰਾਮ ਦਿਵਾ ਦਿਓ। ਇਹ ਪੁੱਛਣ 'ਤੇ ਕਿ ਇਹ ਕੁੜੀਆਂ ਇਲਜ਼ਾਮ ਲਗਾ ਰਹੀਆਂ ਹਨ ਕਿ ਉਨ੍ਹਾਂ ਦੇ ਪਰਵਾਰ ਵਾਲਿਆਂ ਵਲੋਂ ਸੁਨੀਤਾ ਭੱਟੀ ਨੂੰ 1.70 ਲੱਖ ਰੁਪਏ ਅਦਾ ਕਰਨ 'ਤੇ ਹੀ ਉਨ੍ਹਾਂ ਨੂੰ ਵਾਪਸ ਭੇਜਿਆ ਗਿਆ ਹੈ, ਤਾਂ ਉਨ੍ਹਾਂ ਕਿਹਾ ਕਿ ਇਹ ਇਲਜ਼ਾਮ ਪੂਰੀ ਤਰ੍ਹਾਂ ਝੂਠਾ ਹੈ।

# ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਵਲੋਂ ਦੋਆਬੀਆ ਕਮਿਸ਼ਨ 'ਤੇ ਪਾਬੰਦੀ ਦੀ ਨਿਖੇਧੀ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਅਮੈਰਿਕਨ ਸਿੱਖ ਆਰਗੇਨਾਈਜੇਸ਼ਨ ਨੇ ਪੰਜਾਬ ਸਰਕਾਰ ਵਲੋਂ ਲੁਧਿਆਣਾ ਗੋਲੀ ਕਾਂਡ ਦੀ ਜਾਂਚ ਕਰ ਰਹੇ ਜਸਟਿਸ ਟੀ. ਐਸ. ਦੁਆਬੀਆ ਕਮਿਸ਼ਨ ਉਤੇ ਪਾਬੰਦੀ ਲਾਏ ਜਾਣ ਦੀ ਸਖ਼ਤ ਆਲੋਚਨਾ ਕੀਤੀ ਹੈ। ਇਥੇ ਜ਼ਿਕਰਯੋਗ ਹੈ ਕਿ ਪਥੰਕ ਜਥੇਬੰਦੀਆਂ ਦੇ ਜੋਰ ਪਾਉਣ 'ਤੇ ਜਦੋਂ ਲੁਧਿਆਣਾ ਕਾਂਡ ਵਿਚ ਸਿੱਖਾਂ ਦੇ ਕਥਿਤ ਕਾਤਲਾਂ ਵਿਰੁਧ ਕੋਈ ਐਫ. ਆਈ. ਆਰ. ਦਰਜ ਨਾ ਹੋਈ ਤਾਂ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋ ਸਿੱਖ ਜਥੇਬੰਦੀਆਂ ਦੀ ਮਦਦ ਨਾਲ ਜੰਮੂ ਕਸ਼ਮੀਰ ਦੇ ਸਾਬਕਾ ਜੱਜ ਜਸਟਿਸ ਟੀ. ਐਸ. ਦੁਆਬੀਆ ਦੀ ਅਗਵਾਈ ਹੇਠ ਬਣਾਏ ਗਏ ਦੁਆਬੀਆ ਕਮਿਸ਼ਨ ਵਲੋਂ ਕੋਰਟ ਦਾ ਦਰਵਾਜਾ ਖੜਕਾਉਣ ਲਈ ਚਸ਼ਮਦੀਦ ਗਵਾਹਾਂ ਤੋਂ ਹਲਫੀਆ ਬਿਆਨ ਲਏ ਜਾਣੇ ਸਨ। ਜਥੇਬੰਦੀ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੇ ਸਵੇਰ ਤੋਂ ਹੀ ਭਾਰੀ ਗਿਣਤੀ ਵਿਚ ਪੁਲੀਸ ਫੋਰਸਾਂ ਲਗਾ ਕੇ ਸਿੱਖਾਂ ਨੂੰ ਉਥੇ ਪਹੁੰਚਣ ਹੀ ਨਾ ਦਿਤਾ। ਜਦੋਂਕਿ ਸ਼੍ਰੋਮਣੀ ਤੱਤ ਖਾਲਸਾ ਦੇ ਆਗੂ ਭਾਈ ਜਰਨੈਲ ਸਿੰਘ ਖਾਲਸਾ ਅਤੇ ਕੁਝ ਸਿੰਘ ਪੁਲਿਸ ਦੇ ਅੱਖੀਂ ਘਟਾ ਪਾ ਕੇ ਬਿਆਨ ਦਰਜ ਕਰਵਾ ਗਏ।

ਜਥੇਬੰਦੀ ਨੇ ਇਥੇ ਜਾਰੀ ਇਕ ਬਿਆਨ ਵਿਚ ਕਿਹਾ ਹੈ ਕਿ ਪੰਜਾਬ ਸਰਕਾਰ ਨੇ ਜਿਥੇ ਲੁਧਿਆਣਾ ਕਾਂਡ ਦੀ ਜਾਂਚ ਦੇ ਰਾਹ ਵਿਚ ਰੁਕਾਵਟ ਪਾਈ ਉਥੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਲੁਧਿਆਣਾ ਵਿਚ ਹੀ ਜਗਨ ਨਾਥ ਦੀ ਯਾਤਰਾ ਨੂੰ ਹਰੀ ਝੰਡੀ ਹੀ ਨਹੀਂ ਦਿਤੀ ਸਗੋਂ ਹਿੰਦੂਆਂ ਦਾ ਨਿਮਾਣਾ ਸੇਵਕ ਬਣ ਕੇ ਯਾਤਰਾ ਦੇ ਅੱਗੇ ਝਾੜੂ ਵੀ ਫੇਰਿਆ।

ਬਿਆਨ ਅਨੁਸਾਰ ਦੂਜੇ ਪਾਸੇ ਸਿੱਖਾਂ ਨਾਲ ਸਿਤਮਜ਼ਰੀਫੀ ਦੀ ਨਿਰਪੱਖ ਜਾਂਚ ਕਰਾਉਣ ਲਈ 19 ਦਸੰਬਰ ਨੂੰ ਲੁਧਿਆਣਾ ਵਿਚ ਬਿਠਾਏ ਦੋਆਬੀਆ ਕਮਿਸ਼ਨ ਤੇ ਇਹ ਕਹਿ ਕੇ ਪਾਬੰਦੀ ਲਗਵਾ ਦਿਤੀ ਕਿ ਇਸ ਨਾਲ ਪੰਜਾਬ ਦਾ ਮਾਹੌਲ ਖਰਾਬ ਹੋ ਸਕਦਾ ਹੈ। ਇਸ ਕਥਿਤ ਘਿਨਾਉਣੀ ਹਰਕਤ ਨੂੰ ਜਸਟਿਸ ਦੁਆਬੀਆ ਵਲੋਂ ਵੀ ਪ੍ਰੈਸ ਕਾਨਫਰੰਸ ਵਿਚ ਨਸ਼ਰ ਕੀਤਾ ਗਿਆ ਕਿ ਮੈਂ ਪਹਿਲਾ ਪੰਜਾਬ 'ਚ ਧੱਕੇਸ਼ਾਹੀ ਦੀਆਂ ਕਹਾਣੀਆ ਪੜੀਆ ਸਨ ਪਰ ਅੱਜ ਅੱਖੀਂ ਵੇਖ ਲਿਆ ਹੈ।

ਜਥੇਦਾਰ ਦਵਿੰਦਰ ਸਿੰਘ, ਭਾਈ ਸੁਰਿੰਦਰ ਸਿੰਘ ਜੌਹਲ, ਪ੍ਰੋ. ਰਜਿੰਦਰਪਾਲ ਸਿੰਘ, ਭਾਈ ਜਸਦੇਵ ਸਿੰਘ, ਭਾਈ ਦੀਦਾਰ ਸਿੰਘ ਕੈਲੀਫੋਰਨੀਆ, ਭਾਈ ਸੁਰਜੀਤ ਸਿੰਘ, ਭਾਈ ਪ੍ਰਿਤਪਾਲ ਸਿੰਘ, ਭਾਈ ਸਤਪ੍ਰਕਾਸ਼ ਸਿੰਘ, ਭਾਈ ਕਰਨੈਲ ਸਿੰਘ ਸਲੇਮਪੁਰ, ਭਾਈ ਬਲਜਿੰਦਰਪਾਲ ਸਿੰਘ, ਚਰਨਜੀਤ ਸਿੰਘ ਸਮਰਾ (ਨਿਊ ਯਾਰਕ), ਭਾਈ ਸੁਖਦੇਵ ਸਿੰਘ, ਭਾਈ ਇੰਦਰਪਾਲ ਸਿੰਘ ਸਿਆਟਲ ਅਤੇ ਭਾਈ ਭੁਪਿੰਦਰ ਸਿੰਘ ਵਰਜੀਨੀਆ ਵਲੋਂ ਜਾਰੀ ਇਸ ਬਿਆਨ ਵਿਚ ਕਿਹਾ ਗਿਆ ਹੈ ਕਿ ਇਹ ਬਾਦਲ ਦੇ ਗੁਨਾਹਾਂ ਦੀ ਮੂੰਹ ਬੋਲਦੀ ਤਸਵੀਰ ਹੈ। ਸਿੱਖ ਆਗੂਆਂ ਨੇ ਸਮੂਹ ਪੰਥਕ ਜਥੇਬੰਦੀਆਂ ਨੂੰ ਬੇਨਤੀ ਕੀਤੀ ਕਿ ਆਪਣੇ ਸੌੜੇ ਹਿੱਤਾਂ ਤੋਂ ਉਤੇ ਉਠ ਕੇ ਇਕ ਸਾਂਝਾ ਪੰਥਕ ਫਰੰਟ ਬਣਾ ਕੇ ਆਉਂਦੀਆਂ ਸ਼੍ਰੋਮਣੀ ਗੁਰੂਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਵਿਚ ਬਾਦਲ ਅਕਾਲੀ ਦਲ ਨੂੰ ਹਾਰ ਦੇ ਕੇ ਚਲਦਾ ਕੀਤਾ ਜਾਵੇ।

## ਮੋਦੀ ਦੇ ਫ਼ੈਸਲੇ ਤੋਂ ਚੋਣ ਕਮਿਸ਼ਨ ਨਾਰਾਜ਼


**ਨਵੀਂ ਦਿੱਲੀ:** ਨਰਿੰਦਰ ਮੋਦੀ ਸਰਕਾਰ ਦੇ ਸੂਬੇ 'ਚ ਪੰਚਾਇਤਾਂ ਅਤੇ ਮਿਉਂਸਪਲ ਕਮੇਟੀ ਦੀਆਂ ਚੋਣਾਂ 'ਚ ਮਤਦਾਨ ਨੂੰ ਜ਼ਰੂਰੀ ਬਣਾਉਣ ਵਾਲੇ ਫ਼ੈਸਲੇ ਤੋਂ ਚੋਣ ਕਮਿਸ਼ਨ ਨਾਰਾਜ਼ ਹੈ। ਕਮਿਸ਼ਨ ਦਾ ਮੰਨਣਾ ਹੈ ਕਿ ਇਸ ਫ਼ੈਸਲੇ ਨੂੰ ਦੇਸ਼ ਭਰ 'ਚ ਲਾਗੂ ਕਰਨਾ ਅਮਲੀ ਤੌਰ 'ਤੇ ਸੰਭਵ ਨਹੀਂ ਹੈ। ਚੋਣ ਕਮਿਸ਼ਨ ਐਸ. ਵਾਈ. ਕੁਰੈਸ਼ੀ ਨੇ ਕਿਹਾ ਕਿ ਕਮਿਸ਼ਨ ਦੇ ਸਾਹਮਣੇ ਪਹਿਲਾਂ ਵੀ ਅਜਿਹੇ ਪ੍ਰਸਤਾਵ ਵਿਚਾਰ ਲਈ ਆਏ ਹਨ, ਪਰ ਭਾਰਤ 'ਚ ਇਸ ਨੂੰ ਲਾਗੂ ਕਰਨਾ ਬਹੁਤ ਮੁਸ਼ਕਲ ਹੈ।

ਇਸੇ ਦੌਰਾਨ ਜਦੋਂ ਲੋਕਾਂ 'ਚ ਵੋਟ ਪਾਉਣ ਦੇ ਘਟ ਰਹੇ ਰੁਝਾਨ ਵਲ ਉਨ੍ਹਾਂ ਦਾ ਧਿਆਨ ਦਿਵਾਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਲੋਕ ਆਪਣੇ ਅਧਿਕਾਰ ਦੀ ਵਰਤੋਂ ਕਰਨ ਲਈ ਅੱਗੇ ਨਹੀਂ ਆ ਰਹੇ, ਜੋ ਕਮਿਸ਼ਨ ਲਈ ਚਿੰਤਾ ਦਾ ਵਿਸ਼ਾ ਹੈ।


ਆਪਣਾ ਕਰੈਡਿਟ ਬਚਾਓ FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE

Manjit Gill
President
CA Lic#0B23990
• AUTO
• HOME
• LIFE
• HEALTH
• LIQUOR STORES
• GAS STATIONS
• TRUCK INSURANCE
EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



Reliable and Experienced Real Estate Professional
ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
ਗੁਰਬੰਸ ਸਿੰਘ ਗਿੱਲ ਫੋਨ: 209-815-1869
*Bay Area*Tracy *Manteca * Lathrop * Weston Ranch*Stockton *Lodi *Elk Grove *Sacramento *Modesto *Turlock *Brentwood *Antioch * Oakley *Discovery Bay
We Specialize in Bankowned, Foreclosure and Short Sale Homes
ਘਰਾਂ ਵਾਸਤੇ ਲੋਨ ਲੈਣ ਲਈ ਅਸੀਂ ਸ਼ੁਰੂ ਤੋਂ ਲੈ ਕੇ ਅਖੀਰ ਤੱਕ ਤੁਹਾਡੀ ਮਦਦ ਕਰਦੇ ਹਾਂ।
We Do Loan Modification and Credit Repair to Save Your Home From Forclosure
Rent 'ਤੇ ਘਰ ਲੈਣਾ ਹੋਵੇ ਜਾਂ
Rent 'ਤੇ ਘਰ ਦੇਣਾ ਹੋਵੇ
Right Time To Buy For Investers And First Time Home Buyers
REALTY WORLD
Millennium

Gurbans Singh Gill
Realtor
12 Years Experiance in Real Estate
e-mail: gurbans@gotracy.com
Fax: 209-836-0706
www.gotracy.com
Gurbans Gill 209-815-1869

# ਲੋਕਾਂ ਦੇ ਸਿਰਾਂ 'ਚ ਸੁਆਹ ਧੂੜਦਾ ਬਠਿੰਡੇ ਦਾ ਥਰਮਲ ਪਲਾਂਟ

**ਚਰਨਜੀਤ ਭੁੱਲਰ**

ਬਠਿੰਡਾ ਲਈ ਉਹ ਦਿਨ ਸੁਭਾਗਾ ਰਿਹਾ ਜਦੋਂ ਪਲੈਨਿੰਗ ਕਮਿਸ਼ਨ ਨੇ ਸਾਲ 1968 'ਚ ਥਰਮਲ ਪਲਾਂਟ ਦਾ ਫੈਸਲਾ ਕੀਤਾ। ਵੇਲੇ ਦੇ ਮੁੱਖ ਮੰਤਰੀ ਗੁਰਨਾਮ ਸਿੰਘ ਨੇ ਗੁਰੂ ਨਾਨਕ ਦੇਵ ਜੀ ਦੇ ਜਨਮ ਦਿਨ ਵਾਲੇ ਦਿਨ 28 ਨਵੰਬਰ 1969 ਨੂੰ ਬਠਿੰਡਾ 'ਚ ਥਰਮਲ ਪਲਾਂਟ ਦੀ ਨੀਂਹ ਰੱਖ ਦਿੱਤੀ। ਗਿਆਨੀ ਜ਼ੈਲ ਸਿੰਘ ਦੀ ਵਜ਼ਾਰਤ ਵੇਲੇ ਧੜਾਧੜ ਪਲਾਂਟ 'ਚ ਮੁੰਡਿਆਂ ਨੂੰ ਰੁਜ਼ਗਾਰ ਦਿੱਤਾ ਗਿਆ। 115 ਕਰੋੜ 'ਚ ਬਠਿੰਡਾ ਥਰਮਲ ਪਲਾਂਟ ਲੱਗ ਗਿਆ। ਪਹਿਲਾ ਯੂਨਿਟ 22 ਸਤੰਬਰ 1974 ਅਤੇ ਦੂਸਰਾ ਯੂਨਿਟ 19 ਸਤੰਬਰ 1975 ਨੂੰ ਚੱਲਿਆ। ਤੀਸਰਾ 29 ਮਾਰਚ 1978 ਤੇ ਚੌਥਾ ਯੂਨਿਟ 31 ਜਨਵਰੀ 1979 ਨੂੰ ਚੱਲਿਆ। ਫਿਰ ਚੱਲ ਸੋ ਚੱਲ।

ਚਾਰੋਂ ਯੂਨਿਟ 110-110 ਮੈਗਾਵਾਟ ਦੇ ਹਨ। ਬਠਿੰਡਾ ਥਰਮਲ ਦੀ ਉਮਰ ਡਿਜ਼ਾਇਨ ਮੁਤਾਬਕ 25 ਸਾਲ ਮਿਥੀ ਗਈ ਸੀ। ਬਚਪਨ ਤੇ ਜਵਾਨੀ ਦੀ ਉਮਰ 'ਚ ਬਠਿੰਡਾ ਥਰਮਲ ਦੀ ਧੁੰਮ ਸੀ। ਹਰ ਕੋਈ ਦਾਦ ਦਿੰਦਾ ਸੀ। ਪੰਜਾਬ ਦੀ ਤਰੱਕੀ 'ਚ ਬਠਿੰਡਾ ਥਰਮਲ ਲੀਡਰ ਬਣ ਕੇ ਚੱਲਿਆ। ਥਰਮਲ ਦੀਆਂ ਚਾਰ ਚਿਮਨੀਆਂ ਹਨ ਜਿਨ੍ਹਾਂ ਦੀ ਉਚਾਈ 75 ਮੀਟਰ ਹੈ। ਉਸ ਵੇਲੇ ਚਿਮਨੀਆਂ ਅਲੋਕਾਰੀ ਸਨ। ਦੱਸਦੇ ਹਨ ਕਿ ਥਰਮਲ ਦੇ ਟਾਵਰ ਦਿੱਲੀ ਦੀ ਕੁਤਬ ਮੀਨਾਰ ਤੋਂ ਦੋ ਗੁਣਾਂ ਉਚੇ ਹਨ। ਕਿਸੇ ਵੇਲੇ ਪ੍ਰਿੰਸੀਪਲ ਬਲਜੀਤ ਸਿੰਘ ਗਰੇਵਾਲ ਨੇ ਲਿਖਿਆ ਸੀ, 'ਬਠਿੰਡਾ ਸਾਡਾ ਹੋ ਗਿਆ ਸੁਲਫੀ, ਚਿਲਮਾਂ ਚਾਰ ਰੱਖਦਾ।' ਥਰਮਲ ਦੇ ਨਾਲ ਹੀ ਚਾਰ ਝੀਲਾਂ ਹਨ। ਤਾਹੀਓਂ ਤਾਂ ਬਠਿੰਡਾ ਨੂੰ ਝੀਲਾਂ ਦਾ ਸ਼ਹਿਰ ਵੀ ਆਖਿਆ ਜਾਂਦਾ ਹੈ। ਸਰਕਾਰ ਹੁਣ ਝੀਲਾਂ ਨੂੰ ਸੁਖਨਾ ਝੀਲ ਦੀ ਤਰ੍ਹਾਂ ਵਿਕਸਿਤ ਕਰਨ ਲੱਗੀ ਹੈ। ਪੰਜ ਤਾਰਾ ਹੋਟਲ ਵੀ ਝੀਲਾਂ 'ਤੇ ਬਣੇਗਾ। ਥਰਮਲ ਪਲਾਂਟ ਦੇ ਐਨ ਨਾਲ ਕੌਮੀ ਖਾਦ ਕਾਰਖਾਨਾ ਹੈ ਜਿਸ ਦੀ ਉਸਾਰੀ ਸਾਲ 1974 'ਚ ਸ਼ੁਰੂ ਹੋਈ ਤੇ ਸਾਲ 1978 ਵਿਚ ਕਾਰਖਾਨੇ ਨੇ ਖਾਦ ਦੇਣੀ ਸ਼ੁਰੂ ਕਰ ਦਿੱਤੀ। ਇਹ ਦੋਹੇਂ ਵੱਡੇ ਪੁਰਾਣੇ ਪ੍ਰਾਜੈਕਟ ਹਨ ਜਿਨ੍ਹਾਂ ਨੇ ਲੋਕਾਂ ਦੇ ਦਿਨ ਬਦਲ ਦਿੱਤੇ ਸਨ। ਉਨ੍ਹਾਂ ਵੇਲਿਆਂ 'ਚ ਬਠਿੰਡਾ ਛਾਉਣੀ ਆਈ। ਫਿਰ ਛੋਟੇ ਵੱਡੇ ਕਾਰਖਾਨੇ ਆ ਗਏ। ਬਿਜਲੀ ਬੋਰਡ ਨੇ ਰੋਪੜ ਥਰਮਲ ਮਗਰੋਂ ਬਠਿੰਡਾ ਇਲਾਕੇ 'ਚ ਹੀ ਲਹਿਰਾ ਮੁਹੱਬਤ ਥਰਮਲ ਪਲਾਂਟ ਨੂੰ ਚਲਾ ਦਿੱਤਾ।

ਬਠਿੰਡਾ ਦੇ 30 ਕਿਲੋਮੀਟਰ ਦੇ ਘੇਰੇ 'ਚ ਹੁਣ ਦੋ ਹੋਰ ਤਾਪ ਬਿਜਲੀ ਘਰ ਬਣ ਰਹੇ ਹਨ। ਗਿੱਦੜਬਾਹਾ ਤੇ ਬਨਾਵਾਲੀ। ਬਠਿੰਡਾ ਚਾਰ ਚੁਫੇਰੇ ਤੋਂ ਤਾਪ ਬਿਜਲੀ ਘਰਾਂ 'ਚ ਘਿਰ ਗਿਆ ਹੈ। ਪੁਰਾਣੇ ਪ੍ਰੋਜੈਕਟਾਂ ਦੀ ਤਰੱਕੀ ਦਾ ਦੂਸਰਾ ਚਿਹਰਾ ਬੜਾ ਘਿਨਾਉਣਾ ਹੈ, ਜੋ ਹੁਣ ਵੱਢ-ਖਾਣ ਨੂੰ ਪੈਂਦਾ ਹੈ। ਨਵੀਂ ਪੀੜ੍ਹੀ ਲਈ ਇਹ ਕਾਰਖਾਨੇ ਤੇ ਪਲਾਂਟ ਜਾਨ ਦਾ ਖੌਅ ਬਣ ਗਏ ਹਨ। ਬਠਿੰਡਾ ਵਾਲੇ ਥਰਮਲ 'ਚ ਹੁਣ ਜਵਾਨੀ ਵਾਲੀ ਗੱਲ ਨਹੀਂ ਰਹੀ। ਇਹ ਥਰਮਲ ਬੁੱਢਾ ਹੋ ਗਿਆ ਹੈ। ਬੁੱਢੇ ਬਾਬੇ ਵਾਂਗੂ ਪਲਾਂਟ ਦੀ ਕੋਈ ਨਾ ਕੋਈ ਚੂਲ ਹੁਣ ਢਿੱਲੀ ਹੀ ਰਹਿੰਦੀ ਹੈ। ਹੁਣ ਕੋਈ ਬਠਿੰਡਾ ਸ਼ਹਿਰ ਵਾਲਿਆਂ ਨੂੰ ਪੁੱਛੇ, ਕੀ ਹਾਲ ਏ। ਸਭ ਆਖਦੇ ਨੇ, ਬੱਸ ਬੁਰਾ ਹਾਲ ਹੈ। ਰਾਖ ਖਾ ਕੇ ਹਟੇ ਹਾਂ, ਰੋਟੀ ਨੂੰ ਦਿਲ ਨਹੀਂ ਕਰਦਾ। ਥਰਮਲ ਹੁਣ ਬਿਜਲੀ ਦੀ ਥਾਂ ਸਿਰ ਸੁਆਹ ਪਾ ਰਿਹੈ। ਬਿਜਲੀ ਦੇ ਜਿੰਨੇ ਕੱਟ ਵੱਡੇ ਨੇ, ਉਸ ਤੋਂ ਜ਼ਿਆਦਾ ਵੱਟ ਥਰਮਲ ਪਲਾਂਟ ਪੂਰੇ ਸ਼ਹਿਰ ਦੇ ਲੋਕਾਂ 'ਤੇ ਰਾਖ ਸੁੱਟ ਕੇ ਕੱਢ ਰਿਹੈ।

ਬਠਿੰਡਾ ਥਰਮਲ ਦੀ ਸੁਆਹ ਇਕ ਵੱਡਾ ਮੁੱਦਾ ਬਣ ਗਿਆ ਹੈ। ਵਾਤਾਵਰਨ ਤਾਂ ਪਲੀਤ ਹੋ ਹੀ ਰਿਹਾ ਹੈ, ਨਾਲ ਲੋਕਾਂ ਦਾ ਇਸ ਸੁਆਹ ਨੇ ਜਿਊਣਾ ਦੁੱਭਰ ਕਰ ਦਿੱਤਾ ਹੈ। ਹੁਣ ਤਾਂ ਬਠਿੰਡਾ ਸ਼ਹਿਰ ਵਿਚ ਦਿਨ ਰਾਤ ਥਰਮਲ ਦੀ ਸੁਆਹ ਦੀ ਬਰਸਾਤ ਹੁੰਦੀ ਹੈ। ਸਵੇਰ ਤੱਕ ਪੂਰੇ ਬਠਿੰਡਾ ਸ਼ਹਿਰ 'ਤੇ ਕਾਲੀ ਰਾਖ ਦੀ ਚਾਦਰ ਵਿਛ ਜਾਂਦੀ ਹੈ। ਤੜਕਸਾਰ ਸੈਰ ਕਰੋ ਤਾਂ ਅੱਖਾਂ ਬੰਦ ਕਰਨੀਆਂ ਪੈਂਦੀਆਂ ਹਨ। ਰਾਖ ਨੇ ਲੋਕਾਂ ਨੂੰ ਕਿਵੇਂ ਮੰਜਿਆਂ ਵਿਚ ਪਾ ਦਿੱਤਾ ਹੈ, ਇਹ ਵੱਖਰਾ ਮਾਮਲਾ ਹੈ। ਸਰਕਾਰਾਂ ਵਾਲੇ ਆਖਦੇ ਹਨ ਕਿ ਬਠਿੰਡਾ ਨੂੰ ਕੈਲੇਫੋਰਨੀਆ ਜਾਂ ਪੈਰਿਸ ਬਣਾ ਦੇਣਾ ਹੈ। ਲੋਕ ਆਖਦੇ ਹਨ ਕਿ ਸੁਆਹ ਤੋਂ ਬਚਾ ਦਿਓ। ਇਸ ਵਕਤ ਬਠਿੰਡਾ ਸ਼ਹਿਰ ਇਕ ਵੱਡਾ ਕੂੜਾਦਾਨ ਬਣ ਗਿਆ ਹੈ, ਜਿਥੇ ਥਰਮਲ ਪਲਾਂਟ, ਕੌਮੀ ਖਾਦ ਕਾਰਖਾਨੇ ਦੀ ਹਜ਼ਾਰਾਂ ਟਨ ਸੁਆਹ ਰੋਜ਼ ਪੈਂਦੀ ਹੈ। ਰਹਿੰਦੀ ਕਸਰ ਬਾਕੀ ਦੇ ਕਾਰਖਾਨੇ ਕੱਢ ਦਿੰਦੇ ਹਨ। ਸਰਕਾਰਾਂ ਵਾਤਾਵਰਨ ਤੇ ਲੋਕਾਂ ਪ੍ਰਤੀ ਸੁਹਿਰਦ ਨਹੀਂ। ਸਮਾਜਕ ਧਿਰਾਂ ਨੇ ਦੁਹਾਈ ਪਾਈ ਹੋਈ ਹੈ। ਲੋਕ ਚਿਰਾਂ ਤੋਂ ਥਰਮਲ ਤੇ ਕੌਮੀ ਖਾਦ ਕਾਰਖਾਨੇ ਦੀ ਰਾਖ ਦਾ ਸੰਤਾਪ ਝੱਲ ਰਹੇ ਹਨ। ਬਠਿੰਡਾ ਵਾਸੀ ਦੱਸਦੇ ਹਨ ਕਿ ਬਿਜਲੀ ਬੋਰਡ ਨੇ ਇਹ ਭਰੋਸਾ ਦਿੱਤਾ ਹੈ ਕਿ ਦਸੰਬਰ 2009 ਤੱਕ ਥਰਮਲ ਤੋਂ ਪੈਦਾ ਹੋਣ ਵਾਲੇ ਹਰ ਤਰ੍ਹਾਂ ਦੇ ਪ੍ਰਦੂਸ਼ਣ ਨੂੰ ਪੂਰੀ ਤਰ੍ਹਾਂ ਕੰਟਰੋਲ ਕਰ ਲੈਣਗੇ। ਮਾਮਲਾ ਚਾਹੇ ਅਦਾਲਤਾਂ 'ਚ ਪੁੱਜਾ ਹੋਇਆ ਸੀ ਪ੍ਰੰਤੂ ਮੌਜੂਦਾ ਪ੍ਰਗਤੀ ਤੋਂ ਨਹੀਂ ਲੱਗਦਾ ਕਿ ਨੇੜ ਭਵਿੱਖ 'ਚ ਥਰਮਲ ਦੀ ਰਾਖ ਤੇ ਸੁਆਹ ਤੋਂ ਲੋਕਾਂ ਦਾ ਛੁਟਕਾਰਾ ਹੋਵੇਗਾ। ਮੋਟੇ ਅੰਦਾਜ਼ੇ ਅਨੁਸਾਰ ਬਠਿੰਡਾ ਸ਼ਹਿਰ ਦੇ ਲੋਕਾਂ 'ਤੇ ਨਿੱਤ 20 ਟਨ ਰਾਖ ਡਿੱਗਦੀ ਹੈ। ਇੱਕ ਮਹੀਨੇ 'ਚ 600 ਟਨ ਸੁਆਹ ਲੋਕਾਂ ਦੇ ਘਰਾਂ ਵਿਚ ਪੈਂਦੀ ਹੈ। ਸਲਾਨਾ 4800 ਟਨ ਸੁਆਹ ਦੀ ਵਰਖਾ ਸ਼ਹਿਰ ਵਿਚ ਹੁੰਦੀ ਹੈ। ਏਨੀ ਵੱਡੀ ਮਾਤਰਾ 'ਚ ਲੋਕ ਕਿਵੇਂ ਸਾਹ ਲੈ ਸਕਦੇ ਹਨ।

ਬਿਜਲੀ ਬੋਰਡ ਵਲੋਂ ਈ.ਐਸ.ਪੀ. ਸਿਸਟਮ ਜੋ ਕਿ ਚਿਮਨੀਆਂ ਤੋਂ ਪਹਿਲਾਂ ਲੱਗੇ ਹੁੰਦੇ ਹਨ, ਰਾਹੀਂ ਬਿਜਲੀ ਚਾਰਜ ਦੇ ਕੇ ਫਲੂ ਗੈਸਾਂ ਨਾਲੋਂ ਕੋਲਾ ਅਲੱਗ ਕਰ ਲਿਆ ਜਾਂਦਾ ਹੈ ਤਾਂ ਜੋ ਚਿਮਨੀਆਂ ਰਾਹੀਂ ਰਾਖ ਬਾਹਰ ਵਾਤਾਵਰਨ ਵਿਚ ਨਾ ਉਡੇ। ਭਾਵੇਂ ਇਹ ਉਪਰਾਲੇ ਕੀਤੇ ਗਏ ਹਨ ਫਿਰ ਵੀ ਇਹ ਥਰਮਲ ਬਿਜਲੀ ਘੱਟ ਤੇ ਲੋਕਾਂ ਦੇ ਸਿਰਾਂ 'ਚ ਸੁਆਹ ਜ਼ਿਆਦਾ ਸੁੱਟਦਾ ਹੈ। ਬਿਜਲੀ ਬੋਰਡ ਨੇ ਥਰਮਲ ਦੇ ਯੂਨਿਟ ਨੰਬਰ ਇਕ ਅਤੇ ਦੋ ਦੀ ਮੁਰੰਮਤ ਦਾ ਕੰਮ ਨੈਸਲ ਕੰਪਨੀ ਤੋਂ 180 ਕਰੋੜ ਰੁਪਏ ਖਰਚ ਕਰਕੇ ਕਰਾਇਆ ਹੈ। ਕੰਪਨੀ ਵਲੋਂ ਕੰਮ 'ਚ ਕੀਤੀ ਦੇਰੀ ਵੀ ਲੋਕਾਂ ਦੇ ਸੰਕਟ ਦਾ ਕਾਰਨ ਹੈ। ਬਿਜਲੀ ਬੋਰਡ ਨੇ ਦੇਰੀ ਹੋਣ ਕਰਕੇ ਕੰਪਨੀ ਨੂੰ ਜੁਰਮਾਨੇ ਵੀ ਪਾਏ। ਮੁਰੰਮਤ ਮਗਰੋਂ ਇਕ ਤੇ ਦੋ ਨੰਬਰ ਯੂਨਿਟ ਤੋਂ ਪੈਦਾ ਹੋਣ ਵਾਲੀ ਫਲਾਈ ਐਸ਼ 'ਚ ਕੁਝ ਕੁ ਸੁਧਾਰ ਹੋਇਆ ਹੈ ਪ੍ਰੰਤੂ ਪੂਰਾ ਨਹੀਂ।

ਯੂਨਿਟ ਨੰਬਰ ਤਿੰਨ ਅਤੇ ਚਾਰ ਨੇ ਤਾਂ ਤਬਾਹੀ ਮਚਾਈ ਹੋਈ ਹੈ। ਸਭ ਮਾਪਦੰਡ ਇਹ ਦੋਹੇਂ ਯੂਨਿਟ ਪਾਰ ਕਰ ਚੁੱਕੇ ਹਨ। ਮਾਹਿਰ ਦੱਸਦੇ ਹਨ ਕਿ ਜੋ ਨਵੇਂ ਥਰਮਲ ਡਿਜ਼ਾਇਨ ਹੋ ਰਹੇ ਹਨ, ਉਨ੍ਹਾਂ ਦੀ ਚਿਮਨੀ ਦੀ ਉਚਾਈ 200 ਮੀਟਰ ਤੋਂ ਜ਼ਿਆਦਾ ਹੈ ਜਦੋਂਕਿ ਬਠਿੰਡਾ ਥਰਮਲ ਪੁਰਾਣਾ ਹੈ ਤੇ ਇਸਦੀ ਉਚਾਈ 75 ਮੀਟਰ ਹੋਣ ਕਰਕੇ ਹੀ ਜੋ ਰਾਖ ਹੈ, ਉਹ ਸ਼ਹਿਰੀ ਖੇਤਰ ਤੱਕ ਹੀ ਡਿੱਗਦੀ ਰਹਿੰਦੀ ਹੈ ਤੇ ਜਿਸਦਾ ਅਸਰ ਮਾਰੂ ਅਤੇ ਭਾਰਾ ਹੁੰਦਾ ਹੈ।

ਬਠਿੰਡਾ ਥਰਮਲ ਕੋਲ ਸੁਆਹ ਨੂੰ ਭੰਡਾਰ ਕਰਨ ਲਈ ਬਣਾਈ ਥਾਂ ਕਾਫੀ ਘੱਟ ਹੈ। ਕੇਂਦਰੀ ਵਾਤਾਵਰਨ ਅਤੇ ਜੰਗਲਾਤ ਮੰਤਰਾਲੇ ਵਲੋਂ 27 ਅਗਸਤ 2003 ਨੂੰ ਨੋਟੀਫਿਕੇਸ਼ਨ ਜਾਰੀ ਕਰਕੇ ਇਮਾਰਤਾਂ ਦੀ ਉਸਾਰੀ 'ਚ ਫਲਾਈ ਐਸ਼ ਦੀ ਵਰਤੋਂ ਲਾਜ਼ਮੀ ਕੀਤੀ ਗਈ ਸੀ। ਤਾਪ ਬਿਜਲੀ ਘਰ ਦੇ 100 ਕਿਲੋਮੀਟਰ ਦੇ ਘੇਰੇ ਅੰਦਰ ਆਉਂਦੀਆਂ ਫੈਕਟਰੀਆਂ 'ਚ ਫਲਾਈ ਐਸ਼ ਦੀ ਵਰਤੋਂ ਕਰਨ ਲਈ ਆਖਿਆ ਗਿਆ ਸੀ।

ਨੋਟੀਫਿਕੇਸ਼ਨ 'ਚ ਨੀਵੇਂ ਇਲਾਕਿਆਂ ਵਿਚ ਮਿੱਟੀ ਦੀ ਥਾਂ ਭਰਤ ਵੀ ਫਲਾਈ ਐਸ਼ ਦੀ ਪਾਉਣ ਲਈ ਆਖਿਆ ਗਿਆ ਸੀ। ਮੰਤਰਾਲੇ ਨੇ ਫਲਾਈ ਐਸ਼ ਦੇ ਭੰਡਾਰ ਖਾਲੀ ਕਰਨ ਲਈ ਸਰਕਾਰੀ ਤੇ ਗੈਰਸਰਕਾਰੀ ਏਜੰਸੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਫਲਾਈ ਐਸ਼ ਵਰਤਣ। ਬਠਿੰਡਾ ਥਰਮਲ ਦੇ ਐਨ ਨਾਲ ਗੁਜਰਾਤ ਅੰਬੂਜਾ ਸੀਮਿੰਟ ਕਾਰਖਾਨਾ ਹੈ। ਸਰਕਾਰੀ ਸੂਤਰ ਆਖਦੇ ਹਨ ਕਿ ਅੰਬੂਜਾ ਫੈਕਟਰੀ 'ਚ ਥਰਮਲ ਦੀ 60 ਤੋਂ 70 ਫੀਸਦੀ ਰਾਖ ਵਰਤੋਂ 'ਚ ਆ ਰਹੀ ਹੈ। ਲੰਘੇ ਚਾਰ ਮਹੀਨਿਆਂ ਦਾ ਅੰਕੜਾ ਦੇਖੀਏ ਤਾਂ ਅੰਬੂਜਾ ਫੈਕਟਰੀ ਨੇ 25 ਤੋਂ 32 ਹਜ਼ਾਰ ਟਨ ਰਾਖ ਪ੍ਰਤੀ ਮਹੀਨਾ ਆਪਣੇ ਕਾਰਖਾਨੇ 'ਚ ਵਰਤੀ ਜਦੋਂਕਿ ਹਰ ਮਹੀਨੇ 2000 ਟਨ ਫਲਾਈ ਐਸ਼ ਭੱਠਿਆਂ ਅਤੇ ਹੋਰਨਾਂ ਥਾਵਾਂ ਤੇ ਵਰਤੀ ਗਈ।

ਖਾਦ ਕਾਰਖਾਨੇ ਦੀ ਪ੍ਰਤੀ ਦਿਨ ਦੀ 1700 ਮੀਟਰਕ ਟਨ ਕੋਲੇ ਦੀ ਖਪਤ ਹੈ ਜਿਸ 'ਚੋਂ ਕਰੀਬ 700 ਮੀਟਰਕ ਟਨ ਸੁਆਹ ਬਣਦੀ ਹੈ। ਖਾਦ ਕਾਰਖਾਨੇ ਕੋਲ ਫਲਾਈ ਐਸ਼ ਦੇ ਭੰਡਾਰ ਲਈ ਤਿੰਨ ਥਾਵਾਂ ਹਨ ਜਿਨ੍ਹਾਂ ਦੀ ਸਮਰਥਾ 12.5 ਲੱਖ ਮੀਟਰਿਕ ਟਨ ਦੀ ਹੈ ਅਤੇ ਇਸ ਵੇਲੇ ਇਨ੍ਹਾਂ ਥਾਵਾਂ ਵਿਚ 1.61 ਲੱਖ ਮੀਟਰਿਕ ਟਨ ਫਲਾਈ ਐਸ਼ ਪਈ ਹੈ। ਪ੍ਰਾਈਵੇਟ ਫਰਮਾਂ ਨੂੰ ਕਾਰਖਾਨੇ ਵਲੋਂ ਸੁਆਹ ਦੂਰ ਦੁਰਾਡੇ ਦੇ ਨੀਵੇਂ ਇਲਾਕਿਆਂ ਵਿਚ ਢੋਣ ਦਾ ਠੇਕਾ ਵੀ ਹਰ ਸਾਲ ਦਿੱਤਾ ਜਾਂਦਾ ਹੈ। ਹੁੰਦਾ ਇਹ ਹੈ ਕਿ ਆਪਣੀ ਬੱਚਤ ਲਈ ਅਬਾਦੀ ਵਾਲੇ ਇਲਾਕਿਆਂ ਵਿਚ ਹੀ ਰਾਖ ਲੋਕਾਂ ਲਈ ਮੁਸ਼ਕਲਾਂ ਪੈਦਾ ਕਰ ਦਿੰਦੀ ਹੈ। ਦਰਜਨਾਂ ਬਸਤੀਆਂ ਦੇ ਲੋਕਾਂ ਨੇ ਕਈ ਦਫਾ ਇਕੱਠੇ ਹੋ ਕੇ ਰਾਖ ਖਿਲਾਫ ਸੰਘਰਸ਼ ਵੀ ਲੜੇ ਹਨ। ਨਾਗਰਿਕ ਚੇਤਨਾ ਮੰਚ ਦੇ ਪ੍ਰਧਾਨ ਜਗਮੋਹਨ ਕੌਸ਼ਲ ਦਾ ਕਹਿਣਾ ਸੀ ਕਿ ਬਠਿੰਡਾ ਥਰਮਲ ਦਾ ਹੁਣ ਬਠਿੰਡਾ ਵਾਲਿਆਂ ਨੂੰ ਕੋਈ ਫਾਇਦਾ ਨਹੀਂ ਰਿਹਾ। ਬਿਜਲੀ ਦੀ ਸਹੂਲਤ ਤੋਂ ਜ਼ਿਆਦਾ ਥਰਮਲ ਲੋਕਾਂ ਨੂੰ ਬਿਮਾਰ ਬਣਾ ਰਿਹਾ ਹੈ। ਖਾਦ ਕਾਰਖਾਨੇ ਦੀ ਰਾਖ ਅੱਖਾਂ ਵਿਚ ਪੈਂਦੀ ਹੈ। ਲਹਿਰਾ ਮੁਹੱਬਤ ਥਰਮਲ ਪਲਾਂਟ ਦੀ ਤਕਨੀਕ ਆਧੁਨਿਕ ਹੈ ਜਿਸ ਕਰਕੇ ਉਸਦੀ ਫਲਾਈ ਐਸ਼ ਤੋਂ ਲੋਕ ਬਚੇ ਹੋਏ ਹਨ। ਲੋਕਾਂ 'ਚ ਡਰ ਹੈ ਕਿ ਜੋ ਦੋ ਹੋਰ ਨਵੇਂ ਤਾਪ ਬਿਜਲੀ ਘਰ ਬਠਿੰਡਾ ਦੇ ਗੁਆਂਢ 'ਚ ਬਣ ਰਹੇ ਹਨ, ਕਿਤੇ ਉਹ ਕਸਰਾਂ ਪੂਰੀਆਂ ਨਾ ਕਰ ਦੇਣ।




## ਬਠਿੰਡੇ ਸ਼ਹਿਰ 'ਚ ਘੁੰਮਦਿਆਂ ਐਨਕ ਜ਼ਰੂਰੀ

**ਬਠਿੰਡਾ (ਮਾਲਵਿੰਦਰ ਤਿਊਣਾ ਪੁਜਾਰੀਆਂ):** ਇਸ ਸ਼ਹਿਰ ਵਿਚ ਬਿਨਾਂ ਐਨਕਾਂ ਤੋਂ ਸਕੂਟਰ ਤੇ ਮੋਟਰਸਾਈਕਲ ਆਦਿ ਚਲਾਉਣਾ ਵੀ ਖਤਰੇ ਤੋਂ ਖਾਲੀ ਨਹੀਂ ਕਿਉਂਕਿ ਰਾਖ 'ਚ ਕੋਲੇ ਅਤੇ ਧੂੰਏਂ ਦੇ ਕਣ ਲੋਕਾਂ ਦੀਆਂ ਅੱਖਾਂ ਵਿਚ ਪੈ ਕੇ ਉਨ੍ਹਾਂ ਦੀਆਂ ਅੱਖਾਂ 'ਤੇ ਪ੍ਰਭਾਵ ਪਾਉਂਦੇ ਹਨ। ਇਸੇ ਪ੍ਰਕਾਰ ਸਾਹ ਰਾਹੀਂ ਮਨੁੱਖੀ ਸਰੀਰ ਵਿਚ ਰਾਖ ਅਤੇ ਧੂੰਆਂ ਨਿਰੰਤਰ ਜਾਣ ਕਾਰਨ ਲੋਕ ਦਮਾ, ਟੀ.ਬੀ. ਅਤੇ ਫੇਫੜਿਆਂ ਸਬੰਧੀ ਰੋਗਾਂ ਤੋਂ ਪੀੜਤ ਹੋ ਰਹੇ ਹਨ। ਗੁਰੂ ਨਾਨਕ ਦੇਵ ਥਰਮਲ ਪਲਾਂਟ ਦੀਆਂ ਚਿਮਨੀਆਂ ਤੋਂ ਨਿਕਲਦੀ ਰਾਖ ਅਤੇ ਧੂੰਏਂ ਕਾਰਨ ਅੱਖਾਂ 'ਤੇ ਵੀ ਪ੍ਰਭਾਵ ਪੈਂਦਾ ਹੈ। ਇਸ ਸਬੰਧੀ ਸਨਾਤਨ ਧਰਮ ਮਹਾਂਵੀਰ ਦਲ ਵਲੋਂ ਸ਼ਹਿਰ ਵਿਚ ਚਲਾਏ ਜਾਂਦੇ ਅੱਖਾਂ ਦੇ ਹਸਪਤਾਲ ਵਿਚ ਤਾਇਨਾਤ ਡਾ. ਅਜੇ ਪਾਲ ਸਿੰਘ ਮੱਲੀ ਅਤੇ ਡਾ. ਆਵਾ ਗਹਿਲੋਟ (ਮਾਸਟਰ ਆਫ ਸਰਜਰੀ) ਨਾਲ ਗੱਲ ਕੀਤੀ ਤਾਂ ਉਨ੍ਹਾਂ ਦੱਸਿਆ ਕਿ ਸਵਾਹ ਪੈਣ ਨਾਲ ਅੱਖਾਂ ਵਿਚ ਅਲਰਜੀ ਹੋ ਸਕਦੀ ਹੈ ਜਿਸ ਕਾਰਨ ਅੱਖਾਂ ਵਿਚ ਰੜਕ, ਲਾਲੀ ਰਹਿਣਾ, ਅੱਖਾਂ ਵਿਚੋਂ ਪਾਣੀ ਦਾ ਵਗਣਾ ਅਤੇ ਖੁਸ਼ਕੀ ਆਦਿ ਪ੍ਰੇਸ਼ਾਨੀਆਂ ਪੈਦਾ ਹੋ ਸਕਦੀਆਂ ਹਨ। ਉਨ੍ਹਾਂ ਦੱਸਿਆ ਕਿ ਜੇਕਰ ਲਗਾਤਾਰ ਅਜਿਹੀਆਂ ਪ੍ਰੇਸ਼ਾਨੀਆਂ ਰਹਿੰਦੀਆਂ ਹਨ ਤਾਂ ਅੱਖਾਂ ਵਿਚ ਜ਼ਖਮ ਵੀ ਹੋ ਸਕਦੇ ਹਨ। ਉਨ੍ਹਾਂ ਸ਼ਹਿਰ ਨਿਵਾਸੀਆਂ ਨੂੰ ਸੁਝਾਅ ਦਿੱਤਾ ਕਿ ਅੱਖਾਂ ਲਈ ਪੂਰੀਆਂ ਢਕਣ ਵਾਲੀਆਂ ਐਨਕਾਂ ਦੀ ਵਰਤੋਂ ਕੀਤੀ ਜਾਵੇ। ਅਜਿਹਾ ਕਰਨ ਨਾਲ ਅਸੀਂ ਕਾਫੀ ਹੱਦ ਤੱਕ ਆਪਣੀਆਂ ਅੱਖਾਂ ਨੂੰ ਥਰਮਲ ਪਲਾਂਟ ਦੀਆਂ ਚਿਮਨੀਆਂ ਵਿਚੋਂ ਨਿਕਲਦੀ ਸਵਾਹ ਤੇ ਕਾਲਖ ਤੋਂ ਬਚਾਅ ਸਕਦੇ ਹਾਂ।

ਜ਼ਿਕਰਯੋਗ ਹੈ ਕਿ ਸਿਵਲ ਹਸਪਤਾਲ ਵਿਚ ਅੱਖਾਂ ਦੀਆਂ ਬਿਮਾਰੀਆਂ ਸਬੰਧੀ ਜਨਵਰੀ 2008 ਵਿਚ 117, ਫਰਵਰੀ ਵਿਚ 1253, ਮਾਰਚ ਵਿਚ 1569, ਅਪ੍ਰੈਲ ਵਿਚ 1876, ਮਈ ਵਿਚ 1912, ਜੂਨ ਵਿਚ 1894, ਜੁਲਾਈ ਵਿਚ 1882, ਅਗਸਤ ਵਿਚ 1709 ਅਤੇ ਅਕਤੂਬਰ ਵਿਚ 1297 ਮਰੀਜ਼ ਆਏ।

# ਬੀ.ਟੀ. ਬੈਂਗਣ ਨੂੰ ਪ੍ਰਵਾਨਗੀ ਸੰਬੰਧੀ ਸਨਸਨੀਖੇਜ ਪ੍ਰਗਟਾਵੇ

ਦੁਨੀਆ ਦੀ ਵਧਦੀ ਅਬਾਦੀ ਲਈ ਅਨਾਜ ਤੇ ਹੋਰ ਖਾਣ ਵਾਲੀਆਂ ਵਸਤਾਂ ਦੀ ਘੱਟ ਖਰਚ 'ਚ ਪੈਦਾਵਾਰ ਵਧਾਉਣ ਲਈ ਦੁਨੀਆ ਭਰ ਵਿਚ ਖੋਜ ਕਾਰਜ ਕੀਤੇ ਜਾ ਰਹੇ ਹਨ। ਇਸ ਦਿਸ਼ਾ 'ਚ ਬੀ.ਟੀ. (ਬਾਇਓ ਟੈਕਨੀਕਲ) ਕਾਟਨ ਦੀ ਭਾਰਤ ਵਿਚ ਪੈਦਾਵਾਰ ਵੀ ਸ਼ੁਰੂ ਹੋ ਚੁੱਕੀ ਹੈ ਅਤੇ ਹੁਣ ਜੈਨੇਟੀਕਲੀ ਮੋਡੀਫਾਈਡ (ਜੀ.ਐਮ.) ਉਤਪਾਦਨਾਂ 'ਚ ਛੇਤੀ ਹੀ ਕਈ ਫਲ ਅਤੇ ਸਬਜ਼ੀਆਂ ਆਉਣ ਵਾਲੀਆਂ ਹਨ।

ਇਸ ਸਬੰਧੀ ਸਬਜ਼ੀਆਂ 'ਚ ਪਹਿਲਾਂ ਪ੍ਰਯੋਗ ਬੀ.ਟੀ. ਬ੍ਰਿੰਜਲ (ਬੈਂਗਣ) 'ਤੇ ਕੀਤਾ ਗਿਆ ਹੈ। ਇਸ ਬੈਂਗਣ ਨੂੰ ਮਿੱਟੀ 'ਚ ਪਾਏ ਜਾਣ ਵਾਲੇ ਇਕ ਬੈਕਟੀਰੀਆ ਬੇਸਿਲਜ਼ ਟੀ.ਦੇ ਜੀਨਸ ਨੂੰ ਸਧਾਰਨ ਬੈਂਗਣ ਦੇ ਪੌਦੇ ਦੇ ਸੈੱਲ 'ਚ ਲਗਾ ਕੇ ਵਿਕਸਿਤ ਕੀਤਾ ਗਿਆ ਹੈ ਅਤੇ ਇਸ ਨੂੰ ਕੀਟ ਰੋਧਕ ਦੱਸਿਆ ਗਿਆ ਹੈ। ਬੀ.ਟੀ.ਬੈਂਗਣ ਦਾ ਵਿਕਾਸ ਪੱਛਮੀ ਦੇਸ਼ਾਂ 'ਚ ਹੋਇਆ ਅਤੇ ਅਮਰੀਕਾ ਦੀ ਬਹੁਕੌਮੀ ਬੀਜ ਵਪਾਰ ਕੰਪਨੀ 'ਮੋਨਸੈਂਟੋ' ਇਸ ਦੇ ਬੀਜਾਂ ਦਾ ਉਤਪਾਦਨ ਅਤੇ ਵਿਕਰੀ ਕਰਦੀ ਹੈ। ਭਾਰਤ ਵਿਚ ਮਹਾਰਾਸ਼ਟਰ ਹਾਈਬ੍ਰਿਡ ਸੀਡ ਕਾਰਪੋਰੇਸ਼ਨ (ਮਾਹਿਕੋ) ਨੇ 2006-07 'ਚ ਇਸ ਦਾ ਫੀਲਡ ਟਰਾਇਲ ਸ਼ੁਰੂ ਕੀਤਾ ਸੀ। ਇਸ ਬੀ.ਟੀ. ਕਾਟਨ ਅਤੇ ਬੀ.ਟੀ. ਬੈਂਗਣ ਦੇ ਲਾਭ-ਨੁਕਸਾਨ ਅਤੇ ਖਤਰਿਆਂ ਨੂੰ ਲੈ ਕੇ ਦੇਸ਼ ਭਰ 'ਚ ਬਹਿਸ ਚੱਲ ਰਹੀ ਹੈ ਅਤੇ ਭਾਰਤ ਵਿਚ ਵੱਖ-ਵੱਖ ਸੰਸਥਾਵਾਂ ਵਲੋਂ ਇਨ੍ਹਾਂ 'ਤੇ ਖੋਜਾਂ ਕੀਤੀਆਂ ਜਾ ਰਹੀਆਂ ਹਨ, ਜਿਨ੍ਹਾਂ ਦੇ ਸਿੱਟੇ ਕੁਝ ਸਮੇਂ ਬਾਅਦ ਸਾਹਮਣੇ ਆਉਣਗੇ। ਜੀ.ਐਮ.ਫਸਲਾਂ ਦੇ ਮਨੁੱਖੀ ਖਪਤ ਦੇ ਯੋਗ ਹੋਣ ਦੀ ਜਾਂਚ ਤੇ ਇਨ੍ਹਾਂ ਫਸਲਾਂ ਦੀ ਵਿਆਪਕ ਪੈਦਾਵਾਰ ਦੀ ਇਜਾਜ਼ਤ ਦੇਣ ਲਈ ਕੇਂਦਰ ਸਰਕਾਰ ਵਲੋਂ ਮਾਹਿਰਾਂ ਤੇ ਆਧਾਰਤ ਜੈਨੇਟਿਕ ਇੰਜੀਨੀਅਰਿੰਗ ਅਪਰੂਵਲ ਕਮੇਟੀ (ਜੀ.ਈ.ਏ.ਸੀ.) ਦਾ ਗਠਨ ਕੀਤਾ ਗਿਆ ਹੈ। ਇਸ ਕਮੇਟੀ ਨੇ ਹੀ 2006-07 'ਚ 'ਮਾਹਿਕੋ' ਨੂੰ ਬੀ.ਟੀ. ਬੈਂਗਣ ਦੇ ਫੀਲਡ ਟਰਾਇਲ ਦੀ ਇਜਾਜ਼ਤ ਦਿੱਤੀ ਸੀ। ਜਦੋਂ ਜਨਵਰੀ 2009 'ਚ 'ਮਾਹਿਕੋ' ਵਲੋਂ ਬੀ.ਟੀ. ਬੈਂਗਣ ਬਾਰੇ ਦਿੱਤੀਆਂ ਗਈਆਂ ਸੂਚਨਾਵਾਂ ਨੂੰ ਕੁਝ ਆਜ਼ਾਦ ਸੰਸਥਾਵਾਂ ਨੇ ਸੂਚਨਾ ਅਧਿਕਾਰ ਕਾਨੂੰਨ ਦੇ ਤਹਿਤ ਚੁਣੌਤੀ ਦਿੱਤੀ ਅਤੇ ਸੁਪਰੀਮ ਕੋਰਟ ਨੇ ਵੀ ਇਸ ਬਾਰੇ ਹਦਾਇਤ ਦਿੱਤੀ, ਉਦੋਂ ਜੀ.ਈ.ਏ. ਸੀ. ਨੇ ਇਕ ਐਕਸਪਰਟ ਸਬ ਕਮੇਟੀ ਬਣਾਈ, ਜਿਸ ਵਿਚ ਸਿਹਤ ਮੰਤਰਾਲਾ ਅਤੇ ਹੋਰਨਾਂ ਕਈ ਸੰਸਥਾਵਾਂ ਦੇ ਮਾਹਿਰ ਨੁਮਾਇੰਦਿਆਂ ਨੂੰ ਸ਼ਾਮਿਲ ਕੀਤਾ ਗਿਆ।

ਕਈ ਸੰਸਥਾਵਾਂ ਨੇ ਇਸ ਕਮੇਟੀ ਦੇ ਸਰੂਪ ਦਾ ਵਿਰੋਧ ਕੀਤਾ, ਜਿਸ 'ਤੇ 29 ਮਈ 2009 ਨੂੰ ਜੀ.ਈ.ਏ.ਸੀ. ਨੇ ਹੈਦਰਾਬਾਦ ਦੇ ਪ੍ਰੋ. ਅਰਜੁਲਾ ਆਰ.ਰੈਡੀ ਦੀ ਪ੍ਰਧਾਨਗੀ ਹੇਠ ਇਕ 16 ਮੈਂਬਰੀ ਮਾਹਿਰ ਕਮੇਟੀ ਕਾਇਮ ਕੀਤੀ, ਜਿਸਨੇ 14 ਅਕਤੂਬਰ 2009 ਨੂੰ ਬੀ.ਟੀ. ਬੈਂਗਣ ਦੀ ਵਪਾਰਕ ਖੇਤੀ ਕਰਨ ਦੀ ਸਿਫਾਰਸ਼ ਕਰ ਦਿੱਤੀ ਹੈ। ਇਹ ਦੁਨੀਆ ਵਿਚ ਪਹਿਲੀ ਜੈਨੇਟੀਕਲੀ ਮੋਡੀਫਾਈਡ (ਜੀ.ਐਮ.) ਖਾਣ ਯੋਗ ਫਸਲ ਹੋਵੇਗੀ। ਉਂਝ ਮਾਹਿਰ ਕਮੇਟੀ ਦੇ ਕੁਝ ਮੈਂਬਰਾਂ ਨੇ ਇਹ ਰਾਇ ਵੀ ਪ੍ਰਗਟਾਈ ਸੀ ਕਿ ਅਜੇ ਬੀ.ਟੀ.ਬੈਂਗਣ ਤੇ ਹੋਰ ਜ਼ਿਆਦਾ ਖੋਜ ਅਤੇ ਅਧਿਐਨ ਕੀਤੇ ਜਾਣ ਦੀ ਲੋੜ ਹੈ।

ਮਾਹਿਰ ਕਮੇਟੀ ਦੀ ਰਿਪੋਰਟ ਹੁਣ ਸਰਕਾਰ ਦੇ ਵਿਚਾਰ ਅਧੀਨ ਹੈ। ਬੀ.ਟੀ.ਬੈਂਗਣ ਦਾ ਮਨੁੱਖੀ ਸਿਹਤ ਤੇ ਚੌਗਿਰਦੇ 'ਤੇ ਬੁਰਾ ਅਸਰ ਪੈਣ ਦੇ ਖਦਸ਼ਿਆਂ ਬਾਰੇ ਚਰਚਿਆਂ ਕਾਰਨ ਭਾਰਤ ਸਰਕਾਰ ਵੀ ਦੁਚਿੱਤੀ 'ਚ ਪਈ ਹੋਈ ਹੈ ਕਿਉਂਕਿ ਪੱਛਮ ਦੇ ਕਈ ਦੇਸ਼ਾਂ ਦੀਆਂ ਸਰਕਾਰਾਂ ਨੇ ਜੀ.ਐਮ.ਫਸਲਾਂ ਦੇ ਸੰਭਾਵੀ ਬੁਰੇ ਅਸਰਾਂ ਦੇ ਖਦਸ਼ੇ ਨੂੰ ਦੇਖਦਿਆਂ ਆਪਣੇ ਇਥੇ ਇਨ੍ਹਾਂ ਦੀ ਪੈਦਾਵਾਰ ਦੀ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਭਾਰਤ ਵਿਚ ਬੀ.ਟੀ.ਬੈਂਗਣ ਦੀ ਵਪਾਰਕ ਖੇਤੀ ਦੀ ਇਜਾਜ਼ਤ ਦੀ ਸਿਫਾਰਸ਼ ਕਰਨ ਵਾਲੀ ਕਮੇਟੀ ਦੀ ਰਿਪੋਰਟ ਦੀ ਤੁਕ ਨੂੰ ਲੈ ਕੇ ਵੀ ਦੇਸ਼ ਦੀਆਂ ਵੱਖ-ਵੱਖ ਸੰਸਥਾਵਾਂ ਵਲੋਂ ਕਈ ਖਦਸ਼ੇ ਜਾਹਿਰ ਕੀਤੇ ਜਾ ਰਹੇ ਹਨ। ਇਸੇ ਦੌਰਾਨ ਭਾਰਤ ਵਿਚ ਜੈਨੇਟਿਕ ਇੰਜੀਨੀਅਰਿੰਗ (ਜੇ.ਈ.) ਤਕਨੀਕ ਦੇ ਪਿਤਾਮਾ ਡਾ. ਪੁਸ਼ਪਾ ਭਾਰਗਵ, ਜਿਨ੍ਹਾਂ ਨੂੰ ਸੁਪਰੀਮ ਕੋਰਟ ਵਲੋਂ ਜੀ.ਈ.ਏ.ਸੀ. ਦਾ ਮੈਂਬਰ ਨਿਯੁਕਤ ਕੀਤਾ ਗਿਆ ਹੈ, ਨੇ ਇਸ ਸੰਬੰਧੀ ਪਿਛਲੇ ਦਿਨੀਂ ਕੁਝ ਖੁਲਾਸਾ ਕਰਕੇ ਇਕ ਵੱਡਾ ਧਮਾਕਾ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਹੈ ਕਿ 14 ਅਕਤੂਬਰ 2009 ਨੂੰ ਮਾਹਿਰ ਕਮੇਟੀ ਵਲੋਂ ਬੀ.ਟੀ. ਬੈਂਗਣ ਨੂੰ ਮਾਨਤਾ ਦਿੱਤੇ ਜਾਣ ਦੀ ਰਿਪੋਰਟ ਦੇਣ ਤੋਂ ਲੱਗਭੱਗ 2 ਹਫਤੇ ਪਹਿਲਾਂ ਮਾਹਿਰ ਕਮੇਟੀ ਦੇ ਮੁਖੀ ਪ੍ਰੋ. ਅਰਜੁਲਾ ਰੈਡੀ ਨੇ ਮੈਨੂੰ ਫੋਨ ਤੇ ਦੱਸਿਆ ਸੀ ਕਿ ਬੀ.ਟੀ. ਬੈਂਗਣ ਨੂੰ ਮਾਨਤਾ ਦੇਣ ਅਤੇ ਇਸਦੀ ਵਪਾਰਕ ਖੇਤੀ ਦੀ ਸਿਫਾਰਸ਼ ਕਰਨ ਲਈ ਜਿਥੇ ਬੀਟੀ ਬੈਂਗਣ ਉਤਪਾਦਕ ਕੰਪਨੀ ਦਾ ਦਬਾਅ ਸੀ, ਉਥੇ ਹੀ ਜੀ.ਈ.ਏ.ਸੀ. ਅਤੇ ਖੇਤੀਬਾੜੀ ਮੰਤਰੀ ਦਾ ਵੀ ਉਨ੍ਹਾਂ ਨੂੰ ਫੋਨ ਆਇਆ ਸੀ।'' ਡਾ. ਭਾਰਗਵ ਦਾ ਇਹ ਵੀ ਕਹਿਣਾ ਸੀ ਕਿ ਉਨ੍ਹਾਂ ਨੇ ਬੀ.ਟੀ. ਬੈਂਗਣ ਦੇ ਮਨੁੱਖੀ ਖਪਤ ਲਈ ਸੁਰੱਖਿਅਤ ਹੋਣ ਦੀ ਪੁਸ਼ਟੀ ਕਰਨ ਲਈ ਜਿਨ੍ਹਾਂ ਜ਼ਰੂਰੀ ਅੱਠ ਪ੍ਰੀਖਣਾਂ ਦਾ ਸੁਝਾਅ ਦਿੱਤਾ ਸੀ, ਉਹ ਨਹੀਂ ਕੀਤੇ ਗਏ। ਹੋਰ ਜੋ ਪ੍ਰਯੋਗ ਹੋਏ ਉਹ ਵੀ ਤਸੱਲੀਬਖਸ਼ ਨਹੀਂ ਸਨ। ਕਮੇਟੀ ਦੇ ਇਕ ਹੋਰ ਮੈਂਬਰ ਡਾ. ਕੇ.ਕੇ. ਤ੍ਰਿਪਾਠੀ ਜੋ ਬਾਇਓ ਟੈਕਨਾਲੋਜੀ ਵਿਭਾਗ 'ਚ ਹੀਵਿਊ ਕਮੇਟੀ ਆਫ ਜੈਨੇਟਿਕ ਮੈਨੂਪਲੇਸ਼ਨ ਦੇ ਮੈਂਬਰ ਸਕੱਤਰ ਹਨ, ਬਾਰੇ ਕੇਂਦਰੀ ਚੌਕਸੀ ਕਮਿਸ਼ਨ ਕੋਲ ਹੈਦਰਾਬਾਦ ਦੀ ਇਕ ਬੀਜ ਕੰਪਨੀ 'ਨਜ਼ੀਵਿਡੂ ਸੀਡਜ਼' ਨੇ ਸ਼ਿਕਾਇਤ ਕੀਤੀ ਸੀ ਉਹ 'ਮਾਹਿਕੋ-ਮੋਨਸੈਂਟੋ' ਦੇ ਪੱਖ 'ਚ ਕੰਮ ਕਰਦੇ ਰਹੇ ਹਨ। ਇਸ ਸ਼ਿਕਾਇਤ ਦੀ ਜਾਂਚ ਚੱਲ ਹੀ ਰਹੀ ਸੀ ਕਿ ਉਨ੍ਹਾਂ ਨੂੰ ਮਾਹਿਰ ਕਮੇਟੀ 'ਚ ਸ਼ਾਮਲ ਕਰ ਲਿਆ ਗਿਆ। ਦੱਸਿਆ ਜਾਂਦਾ ਹੈ ਕਿ ਉਨ੍ਹਾਂ ਨੇ 'ਮਾਹਿਕੋ' ਦੇ ਬੀ.ਟੀ. ਬੈਂਗਣ ਦੇ ਪੱਖ'ਚ ਫੈਸਲਾ ਕਰਵਾਉਣ 'ਚ ਪ੍ਰਮੁੱਖ ਭੂਮਿਕਾ ਅਦਾ ਕੀਤੀ।

ਇਸ ਦੇ ਨਾਲ ਹੀ ਮਾਹਿਰ ਕਮੇਟੀ 'ਚ ਦੋ ਅਜਿਹੇ ਮੈਂਬਰ ਵੀ ਸਨ, ਜੋ ਖੁਦ ਬੀ.ਟੀ. ਬੈਂਗਣ ਵਿਕਸਿਤ ਕਰ ਰਹੇ ਹਨ। ਇਨ੍ਹਾਂ 'ਚ ਡਾ. ਮਥੁਰਾ ਰਾਏ ਇੰਡੀਅਨ ਇੰਸਟੀਚਿਊਟ ਵੈਜੀਟੇਬਲ ਰਿਸਰਚ ਦੇ ਡਾਇਰੈਕਟਰ ਹਨ। ਇਨ੍ਹਾਂ ਨੂੰ ਯੂ.ਐਸ.ਏਡ ਵਲੋਂ 'ਏ.ਵੀ. ਐਸ.ਪੀ.-2' ਯੋਜਨਾ ਲਈ ਧਨ ਮਿਲਦਾ ਹੈ।

ਜ਼ਿਕਰਯੋਗ ਹੈ ਕਿ ਯੂ.ਐੱਸ.ਏਡ ਨੂੰ 'ਮੋਨਸੈਂਟੋ' ਧਨ ਮੁਹੱਈਆ ਕਰਵਾਉਂਦੀ ਹੈ। ਡਾ. ਰਾਏ ਹੀ 'ਮਾਹਿਕੋ' ਦੇ ਫੀਲਡ ਟਰਾਇਲਾਂ ਦੇ ਜਾਂਚ ਕਰਤਾ ਵੀ ਸਨ। ਇਸ ਗੱਲ 'ਤੇ ਵੀ ਹੈਰਾਨੀ ਪ੍ਰਗਟਾਈ ਜਾ ਰਹੀ ਹੈ ਕਿ ਸਿਹਤ ਮੰਤਰਾਲਾ ਦੇ ਦੋਹਾਂ ਨੁਮਾਇੰਦਿਆਂ ਨੇ ਵੀ ਮਾਹਿਰ ਕਮੇਟੀ ਦੀਆਂ ਬੈਠਕਾਂ 'ਚ ਚੁੱਪ ਹੀ ਵੱਟੀ ਰੱਖੀ।

# B&B

## REGISTRATION & TRAVEL SERVICES

## ALL DOMESTIC & INTERNATIONAL AIR TICKET



- ICC
- DOT
- IRP
- FUEL TAX
- ALL TRUCK PAPER WORK & INSURANCE ETC.

ਹਵਾਈ ਜਹਾਜ ਦੀਆਂ ਸਸਤੀਆਂ ਟਿਕਟਾਂ ਲਈ ਸੰਪਰਕ ਕਰੋ

*Call : Sukhvir*

**Office: 661-832-5500**
**Office: 661-832-5510**
**Fax : 661-832-5520**

bb4dmv@yahoo.com

3905 Hughes Ln, Ste. C Bakersfield CA 93304




ਆਪਣੇ ਅਤੇ ਆਪਣੇ ਪਰਿਵਾਰ ਲਈ
ਵਧੀਆ ਕੁਆਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

ਲੈਣ ਲਈ ਇਕੋ ਇਕ ਭਰੋਸੇਮੰਦ ਨਾਮ

ਹਮੇਸ਼ਾ ਯਾਦ ਰੱਖੋ

## ਮੇਜਰ ਸਿੰਘ ਚੌਹਾਨ



*Major Singh Chauhan*
AGENT
CA Ins. Lic #0D36632
New York Life Insurance Company

**Sacramento Office :**
120 Hoxsie Ct,
Folsom CA 95630

**Fremont Office :**
39650 Liberty St. #200
Fremont CA 94538

**Bakersfield Office :**
PO Box 40728
Bakersfield CA 93384

**Cell : 916-337-1683**
**Off : 916-983-4890**
**Off : 510-624-4190**
**Fax : 916-984-0110**

mc101048@gmail.com

THE COMPANY YOU KEEP



ਸਮੋਗ ਚੈਕ ਸਮੋਗ ਚੈਕ

# SMOG
SMOG CHECK

## STATE OF CALIFORNIA LICENSED

ਜੇਕਰ ਤੁਹਾਨੂੰ ਕਿਸੇ ਵੀ ਕਾਰ, ਟਰੱਕ ਜਾਂ ਮੋਟਰਹੋਮ ਆਦੋ ਦੀ ਸਮੋਗ ਚਾਹੀਦੀ ਹੋਵੇ ਤਾਂ Bakersfield ਅਤੇ Fresno Location ਤੁਹਾਡੀ ਸੇਵਾ ਵਿਚ ਹਾਜ਼ਰ ਹਨ ।

Big Special **39.75**

| | |
|---|---|
| 901 California Ave & P | 661.325-6666 |
| 1629 California Ave & H | 661.323.3333 |
| 406 S. Chester Ave & Terrace Way (Inside Gas Station) | 661.832.4444 |
| 5333 Whtie Ln & Grissom (Inside Big Brand Tire) | 661396.7664 |
| 1017 Bearmountain Blvd (Arvin) | 661.854.7664 |
| 1222 Golden State & M | 661.326.0346 |
| 1506 N. Black Stone & Mckinley | 559.268.7574 |
| 2597 N Black Stone (Between Clinton & Shield) | 559.222.9999 |
| 1161 1 Street Reedley &12th St | 559.638.9017 |
| 416 Orisi Ca & 63 Hwy | 559.528.6848 |
| 2420 Whiteson Ave & Thompson (By Kragen Auto Parts) Selma | 559.896.5555 |
| 646 Binuba Ave (Reedley) (By the DMV 3073) | 559.638.3243 |

Big Free Repair Upto $500

ਤੁਹਾਡੀ ਕਾਰ ਨੂੰ ਕਿਸੇ ਵੀ ਤਰ੍ਹਾਂ ਦੀ Problem ਹੋਵੇ ਤਾਂ ਤੁਸੀਂ ਸਮੋਗ ਕਰਵਾਉਣ ਤੋਂ ਪਹਿਲਾਂ ਸਲਾਹ ਲੈ ਸਕਦੇ ਹੋ । ਹਰ Location ਤੇ ਤੁਹਾਨੂੰ ਪੰਜਾਬੀ ਬੋਲਣ ਵਾਲਾ ਮਿਲੇਗਾ ।



# FAST OIL CHANGE

## BRAKES & ALL KINDS OF REPAIRS



ਅਸੀਂ ਹਰ ਤਰਾਂ ਦੀਆਂ ਕਾਰਾਂ ਦਾ ਤੇਲ ਬਦਲਦੇ ਹਾਂ
ਅਤੇ ਉਹਨਾਂ ਦੀ ਮੁਰੰਮਤ ਦਾ ਕੰਮ ਤਸੱਲੀਬਖਸ਼
ਤੇ ਸਭ ਤੋਂ ਸਸਤੇ ਰੇਟਾਂ ਤੇ ਕਰਦੇ ਹਾਂ



ਅਸੀਂ ਇਸ ਕੰਮ ਵਿੱਚ 20 ਸਾਲਾਂ ਤੋਂ ਵੱਧ ਦਾ ਤਜ਼ਰਬਾ ਰੱਖਦੇ ਹਾਂ

Special Oil Change & Filter **$21.95 & UP**



BMW HONDA MITSUBISHI NISSAN



**4300 Wible Road, Ste. C**
**(Next to Urner's)**
**Bakersfield CA 93313**

ਮਹਿੰਦਰ ਸਿੰਘ

ਫੋਨ : 661.834.3012
ਸੈਲ : 661.304.9141
ਫੈਕਸ : 661.834.3709

# ਪੰਜਾਬ ਟਾਈਮਜ਼

ਸਨਿਚਰਵਾਰ, 26 ਦਸੰਬਰ, 2009


ਦੁਨੀਆਂ ਦੇ ਸਭ ਤੋਂ ਨਾਖੁਸ਼ ਲੋਕ ਤਬਦੀਲੀ ਤੋਂ ਡਰਦੇ ਹਨ -ਮਿਗਨੰਨ ਮਕਲਾਓਗਲਿਨ

## ਸੰਪਾਦਕੀ

### *ਮਹਿੰਗਾਈ ਦਾ ਮੁੱਦਾ ਉਠਿਆ*

ਮਹਿੰਗਾਈ ਦਾ ਮੁੱਦਾ ਅਖੀਰ ਪਾਰਲੀਮੈਂਟ ਵਿਚ ਵੀ ਉਠਣਾ ਸ਼ੁਰੂ ਹੋ ਗਿਆ। ਪਿਛਲੇ ਕੁਝ ਹੀ ਸਮੇਂ ਵਿਚ ਦੇਸ਼ ਵਿਚ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਵਿਚ ਭਾਰੀ ਵਾਧਾ ਹੋਇਆ ਹੈ ਅਤੇ ਇਨ੍ਹਾਂ ਨੇ ਆਮ ਆਦਮੀ ਨੂੰ ਬੇਹਾਲ ਕਰ ਦਿੱਤਾ ਹੈ। ਪਿਛਲੀ ਵਾਰ ਜਦੋਂ ਕੇਂਦਰ ਸਰਕਾਰ ਬਹੁਤਾ ਸਮਾਂ ਖੱਬੇਪੱਖੀ ਪਾਰਟੀਆਂ ਉਪਰ ਮੁਨੱਸਰ ਰਹੀ ਸੀ ਤਾਂ ਉਨ੍ਹਾਂ ਦੇ ਪ੍ਰਭਾਵ ਅਧੀਨ ਕੇਂਦਰ ਸਰਕਾਰ ਨੇ ਲੋਕਾਂ ਲਈ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਉਪਰ ਕਿਸੇ ਨਾ ਕਿਸੇ ਤਰ੍ਹਾਂ ਕਾਬੂ ਰੱਖਿਆ ਸੀ ਪਰ ਜਿਉਂ ਹੀ ਕੇਂਦਰ ਸਰਕਾਰ ਦਾ ਖੱਬੇਪੱਖੀਆਂ ਤੋਂ ਖਹਿੜਾ ਛੁੱਟਿਆ ਹੈ, ਕੇਂਦਰ ਦੀਆਂ ਨੀਤੀਆਂ ਪ੍ਰਮੁੱਖ ਰੂਪ ਵਿਚ ਸੱਜੇ ਪੱਖੀ ਹੋ ਗਈਆਂ ਹਨ ਅਤੇ ਆਮ ਲੋਕਾਂ ਨਾਲ ਸੰਬੰਧਤ ਮੁੱਦਿਆਂ ਵਲ ਧਿਆਨ ਦੇਣ ਵਾਲਾ ਕੋਈ ਵੀ ਨਹੀਂ ਰਿਹਾ ਹੈ। ਅਜਿਹੀ ਸਥਿਤੀ ਵਿਚ ਇਹ ਗੱਲ ਚਿਰਾਂ ਤੋਂ ਵਿਚਾਰੀ ਜਾ ਰਹੀ ਸੀ ਕਿ ਖੱਬੇਪੱਖੀ ਧਿਰਾਂ ਨੂੰ ਆਮ ਲੋਕਾਂ ਨਾਲ ਸੰਬੰਧਤ ਮਹਿੰਗਾਈ ਦੇ ਮੁੱਦੇ ਨੂੰ ਚੁੱਕਣਾ ਚਾਹੀਦਾ ਹੈ। ਪਿਛਲੀਆਂ ਲੋਕ ਸਭਾ ਚੋਣਾਂ ਵੇਲੇ ਵੀ ਬਹੁਤ ਸਾਰੇ ਰਾਜਨੀਤਕ ਵਿਸ਼ਲੇਸ਼ਕਾਂ ਨੇ ਆਖਿਆ ਸੀ ਕਿ ਪ੍ਰਮਾਣੂ ਮੁੱਦੇ ਉਪਰ ਕੇਂਦਰ ਸਰਕਾਰ ਤੋਂ ਵੱਖ ਹੋਣਾ ਖੱਬੇਪੱਖੀਆਂ ਲਈ ਲਾਹੇਵੰਦ ਨਹੀਂ ਰਹੇਗਾ ਸਗੋਂ ਉਨ੍ਹਾਂ ਨੂੰ ਮਹਿੰਗਾਈ ਦੇ ਮੁੱਦੇ 'ਤੇ ਅੱਗੇ ਆਉਣਾ ਚਾਹੀਦਾ ਹੈ ਪਰ ਅਜਿਹੀਆਂ ਸਲਾਹਾਂ ਤੋਂ ਲੰਮਾ ਸਮਾਂ ਬਾਅਦ ਆਖ਼ਰ ਖੱਬੇਪੱਖੀਆਂ ਅਤੇ ਸਮਾਜਵਾਦੀ ਪਾਰਟੀ ਨੇ ਇਹ ਠੀਕ ਸਮਝਿਆ ਕਿ ਪਾਰਲੀਮੈਂਟ 'ਚ ਮਹਿੰਗਾਈ ਦਾ ਮੁੱਦਾ ਚੁੱਕ ਕੇ ਦੇਸ਼ ਦੇ ਆਮ ਲੋਕਾਂ ਵਿਚ ਆਪਣੀ ਸ਼ਾਖ ਨੂੰ ਸੁਧਾਰਨ ਵਲ ਅੱਗੇ ਵਧਿਆ ਜਾਵੇ। ਇਨ੍ਹਾਂ ਮੁੱਦਿਆਂ ਨੂੰ ਲੈ ਕੇ ਭਾਜਪਾ ਵੀ ਇਨ੍ਹਾਂ ਪਾਰਟੀਆਂ ਦਾ ਸਾਥ ਦੇਣ ਲਈ ਮਜਬੂਰ ਹੋ ਰਹੀ ਹੈ। ਲੰਘੀ 15-16 ਦਸੰਬਰ ਨੂੰ ਸਪਾ ਅਤੇ ਖੱਬੇਪੱਖੀ ਪਾਰਟੀਆਂ ਨੇ ਮਹਿੰਗਾਈ ਦਾ ਮੁੱਦਾ ਪਾਰਲੀਮੈਂਟ ਵਿਚ ਜ਼ੋਰ ਨਾਲ ਚੁੱਕਿਆ। ਇਸ ਤੋਂ ਇਲਾਵਾ ਭਾਜਪਾ, ਅਕਾਲੀ ਦਲ, ਸ਼ਿਵ ਸੈਨਾ, ਬੀਜੂ ਜਨਤਾ ਦਲ ਅਤੇ ਰਾਸ਼ਟਰੀ ਜਨਤਾ ਦਲ ਯੂਨਾਈਟਡ ਸਮੇਤ ਕਈ ਹੋਰ ਪਾਰਟੀਆਂ ਨੇ ਖੱਬੇਪੱਖੀਆਂ ਦਾ ਸਾਥ ਦਿੱਤਾ। ਖੱਬੇਪੱਖੀ ਅਤੇ ਸਮਾਜਵਾਦੀ ਪਾਰਟੀ ਨਾਲ ਸੰਬੰਧਤ ਆਗੂ ਸਪੀਕਰ ਕੋਲ ਜਾ ਕੇ ਇਕੱਠੇ ਹੋ ਗਏ ਅਤੇ ਮਹਿੰਗਾਈ ਰੋਕੂ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ।

ਉਧਰ ਸਪੀਕਰ ਮੀਰਾ ਕੁਮਾਰ ਨੇ ਇਸ ਦੌਰਾਨ ਆਖਿਆ ਕਿ ਮਹਿੰਗਾਈ ਉਪਰ ਬਹਿਸ 26 ਨਵੰਬਰ ਨੂੰ ਪੂਰੀ ਹੋ ਚੁੱਕੀ ਹੈ। ਇਸ ਤੋਂ ਬਾਅਦ ਵੀ ਹੰਗਾਮਾ ਜਾਰੀ ਰਿਹਾ। ਇੰਜ ਖੱਬੇ ਪੱਖੀ ਪਾਰਟੀਆਂ ਨੇ ਮਹਿੰਗਾਈ ਦੇ ਮੁੱਦੇ ਨੂੰ ਚੁੱਕ ਕੇ ਇਕ ਵਾਰ ਫਿਰ ਦੇਸ਼ ਦੇ ਲੋਕਾਂ ਦਾ ਧਿਆਨ ਆਪਣੇ ਵਲ ਖਿੱਚਿਆ ਹੈ। ਇਥੇ ਜ਼ਿਕਰਯੋਗ ਹੈ ਇਸ ਮੁੱਦੇ ਨੂੰ ਲੈ ਕੇ ਮੁਹਿੰਮ ਡਾ. ਮਨਮੋਹਨ ਸਿੰਘ ਦੀ ਪਿਛਲੀ ਸਰਕਾਰ ਵਲੋਂ ਬਣਾਈ ਗਈ ਸੁਰੇਸ਼ ਤੇਂਦੂਲਕਰ ਕਮੇਟੀ ਨੇ ਹਾਲ ਹੀ ਵਿਚ ਇਕ ਰਿਪੋਰਟ ਜਾਰੀ ਕੀਤੀ ਹੈ। ਸ੍ਰੀ ਤੇਂਦੂਲਕਰ ਪ੍ਰਧਾਨ ਮੰਤਰੀ ਦਫ਼ਤਰ ਵਿਚ ਆਰਥਿਕ ਸਲਾਹਕਾਰ ਕੌਂਸਲ ਦੇ ਮੁਖੀ ਰਹਿ ਚੁੱਕੇ ਹਨ। ਹੁਣ ਉਨ੍ਹਾਂ ਨੇ ਜਿਹੜੀ ਰਿਪੋਰਟ ਦਿੱਤੀ ਹੈ, ਉਸ ਦੇ ਨਤੀਜੇ ਭਾਰਤੀ ਯੋਜਨਾ ਕਮਿਸ਼ਨ ਦੇ ਅੰਕੜਿਆਂ ਦੇ ਕਾਫੀ ਉਲਟ ਹਨ। ਯਾਦ ਰਹੇ, 2007 ਵਿਚ ਯੋਜਨਾ ਕਮਿਸ਼ਨ ਨੇ ਇਹ ਰਿਪੋਰਟ ਪੇਸ਼ ਕੀਤੀ ਸੀ ਕਿ 1993-94 ਦੇ ਭਾਰਤ ਵਿਚ ਗਰੀਬਾਂ ਦੀ 35.97 ਫੀਸਦੀ ਦੇ ਮੁਕਾਬਲੇ 2004-05 ਵਿਚ ਸਿਰਫ 27.54 ਫੀਸਦੀ ਲੋਕ ਹੀ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਗਏ ਹਨ। ਇਸ ਰਿਪੋਰਟ ਉਪਰ ਉਦੋਂ ਵੀ ਹੰਗਾਮਾ ਖੜ੍ਹਾ ਹੋ ਗਿਆ ਸੀ। ਇਸ ਤੋਂ ਪਿਛੋਂ ਹੀ ਡਾ. ਮਨਮੋਹਨ ਸਿੰਘ ਦੀ ਸਰਕਾਰ ਨੇ ਮਾਹਿਰਾਂ ਦਾ ਇਕ ਗਰੁੱਪ ਗਠਿਤ ਕੀਤਾ ਸੀ। ਹੁਣ ਇਸ ਗਰੁੱਪ ਵਲੋਂ ਦਿੱਤੀ ਗਈ ਰਿਪੋਰਟ ਅਨੁਸਾਰ ਦੇਸ਼ ਵਿਚ 37 ਫੀਸਦੀ ਲੋਕ ਹਾਲੇ ਵੀ ਗਰੀਬੀ ਤੋਂ ਹੇਠਾਂ ਵਸਦੇ ਹਨ। ਇਸ ਦਾ ਭਾਵ ਇਹ ਹੋਇਆ ਕਿ ਗਰੀਬੀ ਘਟੀ ਨਹੀਂ, ਸਗੋਂ ਹੋਰ ਵਧ ਗਈ ਹੈ।

ਇਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਪਿਛਲੇ ਕੁਝ ਹੀ ਸਮੇਂ ਵਿਚ ਜ਼ਰੂਰੀ ਅਤੇ ਖਾਸ ਕਰਕੇ ਆਮ ਲੋਕਾਂ ਦੇ ਖਾਣ-ਪੀਣ ਵਾਲੀਆਂ ਵਸਤਾਂ ਦੀਆਂ ਕੀਮਤਾਂ ਅਸਮਾਨੀਂ ਜਾ ਚੜ੍ਹੀਆਂ ਹਨ। ਸਭ ਤੋਂ ਵਧੇਰੇ ਅਤੇ ਹਰ ਕਿਸਮ ਦੀ ਸਬਜ਼ੀ ਵਿਚ ਵਰਤੇ ਜਾਣ ਵਾਲੇ ਆਲੂ ਦੀ ਕੀਮਤ ਇਸ ਸਾਲ ਪਿਛਲੇ ਸਾਲ ਦੇ ਮੁਕਾਬਲੇ 136 ਫੀਸਦੀ ਵਧੀ ਹੈ। ਦਾਲਾਂ ਸਾਲ ਦੇ ਅੰਦਰ-ਅੰਦਰ 40 ਫੀਸਦੀ ਵਧ ਗਈਆਂ ਹਨ। ਕਣਕ ਦਾ ਆਟਾ 20 ਰੁਪਏ ਕਿਲੋ ਵਿਕ ਰਿਹਾ ਹੈ। ਗੰਢੇ 20 ਰੁਪਏ ਕਿਲੋ, ਚੀਨੀ 35 ਰੁਪਏ ਕਿਲੋ ਵਿਕ ਰਹੀ ਹੈ। ਇਸੇ ਤਰ੍ਹਾਂ ਚੌਲ, ਹੋਰ ਸਬਜ਼ੀਆਂ ਤੇ ਫਲ ਔਸਤ ਨਾਲੋਂ 25 ਫੀਸਦੀ ਮਹਿੰਗੇ ਵਿਕ ਰਹੇ ਹਨ। ਕੀਮਤਾਂ ਵਿਚ ਇਸ ਵਾਧੇ ਕਾਰਨ ਖਾਣ ਵਾਲੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਦਾ ਸੂਚਕ ਅੰਕ ਸਰਕਾਰੀ ਅੰਕੜਿਆਂ ਮੁਤਾਬਕ 20 ਫੀਸਦੀ ਵਧ ਗਿਆ ਹੈ। ਇੰਜ ਦੇਸ਼ ਦੀ 70-80 ਫੀਸਦੀ ਆਬਾਦੀ ਦਾ ਮਹਿੰਗਾਈ ਨੇ ਤਕਰੀਬਨ ਕਚੂੰਮਰ ਕੱਢ ਦਿੱਤਾ ਹੈ।

ਮਹਿੰਗਾਈ ਦੇ ਮੁੱਦੇ ਨੂੰ ਲੈ ਕੇ ਜਾਪਦਾ ਇਹ ਹੈ ਕਿ ਸਿਆਸੀ ਖੇਤਰ ਵਿਚ ਆਮ ਲੋਕਾਂ ਦੀ ਕੋਈ ਧਿਰ ਨਹੀਂ ਰਹਿ ਗਈ। ਖੱਬੇਪੱਖੀ ਭਾਵੇਂ ਇਨ੍ਹਾਂ ਮੁੱਦਿਆਂ ਨੂੰ ਲੈ ਕੇ ਪਾਰਲੀਮੈਂਟ ਵਿਚ ਬੋਲਣ ਲੱਗੇ ਹਨ ਅਤੇ ਉਹ ਆਪਣੇ-ਆਪ ਨੂੰ ਆਮ ਲੋਕਾਂ ਦੇ ਨੁਮਾਇੰਦੇ ਵੀ ਅਖਵਾਉਂਦੇ ਹਨ ਪਰ ਮਹਿੰਗਾਈ ਖਿਲਾਫ਼ ਉਨ੍ਹਾਂ ਦੀ ਤਾਜ਼ਾ ਮੁਹਿੰਮ ਰਾਜਨੀਤਕ ਤਰਜ਼ ਦੀ ਹੀ ਜਾਪਦੀ ਹੈ। ਇਹੋ ਜਿਹਾ ਹੀ ਹਾਲ ਉਨ੍ਹਾਂ ਦੀ ਸਾਥੀ ਸਮਾਜਵਾਦੀ ਪਾਰਟੀ ਅਤੇ ਮੁੱਖ ਵਿਰੋਧੀ ਪਾਰਟੀ ਭਾਜਪਾ ਦਾ ਹੈ। ਇਸ ਮੁਹਿੰਮ ਵਿਚੋਂ ਆਮ ਲੋਕਾਂ ਪ੍ਰਤੀ ਦਰਦ ਅਤੇ ਸੰਵੇਦਨਾ ਗਾਇਬ ਹੈ। ਦੇਸ਼ ਵਿਚ ਮਹਿੰਗਾਈ ਦੇ ਮੁੱਦੇ ਨੂੰ ਜੇ ਸਹੀ ਰੂਪ ਵਿਚ ਅਤੇ ਤੇਜ਼ੀ ਨਾਲ ਹੱਲ ਕਰਨਾ ਹੋਵੇ ਤਾਂ ਦੇਸ਼ ਦੇ ਜ਼ਖੀਰੇਬਾਜ਼ਾਂ ਅਤੇ ਜਮ੍ਹਾਖੋਰਾਂ ਨੂੰ ਨੱਥ ਪਾਉਣੀ ਬੇਹੱਦ ਜ਼ਰੂਰੀ ਹੈ। ਬੀਤੇ ਸਾਉਣ ਮਹੀਨੇ ਵਿਚ ਔੜ ਨੂੰ ਵੇਖਦਿਆਂ ਜਦੋਂ ਜ਼ਰੂਰੀ ਫਸਲਾਂ ਦੀ ਉਪਜ ਘੱਟ ਹੋਣ ਦੇ ਖਦਸ਼ੇ ਪ੍ਰਗਟ ਕੀਤੇ ਗਏ ਸਨ ਤਾਂ ਜਮ੍ਹਾਖੋਰਾਂ ਨੇ ਪਹਿਲਾਂ ਹੀ ਜ਼ਰੂਰੀ ਵਸਤਾਂ ਨੂੰ ਸਟੋਰ ਕਰਨਾ ਸ਼ੁਰੂ ਕਰ ਦਿੱਤਾ ਸੀ। ਦੇਸ਼ ਦੇ ਬਹੁਤੇ ਰਾਜਨੀਤਕ ਵੀ ਜਮ੍ਹਾਖੋਰ ਬਾਣੀਆਂ ਜਮਾਤ ਦੀ ਹੀ ਨੁਮਾਇੰਦਗੀ ਕਰਦੇ ਹਨ। ਜੇ ਖੱਬੇਪੱਖੀ ਪਾਰਟੀਆਂ ਨੂੰ ਛੱਡ ਵੀ ਦਿੱਤਾ ਜਾਵੇ ਤਾਂ ਬਾਕੀ ਰਾਜਨੀਤਕ ਪਾਰਟੀਆਂ ਮੁੱਖ ਰੂਪ ਵਿਚ ਅਜਿਹੀਆਂ ਧਿਰਾਂ ਉਪਰ ਹੀ ਮੁਨੱਸਰ ਕਰਦੀਆਂ ਹਨ। ਇਸ ਸਥਿਤੀ ਵਿਚ ਖੱਬੇਪੱਖੀ ਪਾਰਟੀਆਂ ਉਪਰ ਹੋਰ ਵੀ ਵੱਡੀ ਜ਼ਿੰਮੇਵਾਰੀ ਆ ਜਾਂਦੀ ਹੈ। ਉਂਜ ਰਾਜਨੀਤਕ ਸੱਤਾ ਤੋਂ ਬਾਹਰ ਹੁੰਦਿਆਂ ਅਜਿਹਾ ਕਰਨਾ ਬਹੁਤ ਮੁਸ਼ਕਲ ਹੈ। ਪਰ ਵਿਰੋਧੀ ਪਾਰਟੀ ਵਜੋਂ ਪਾਰਲੀਮੈਂਟ ਵਿਚ ਹੁੰਦਿਆਂ ਉਹ ਕੇਂਦਰ ਸਰਕਾਰ ਉਪਰ ਮਹਿੰਗਾਈ ਰੋਕਣ ਲਈ ਦਬਾਅ ਜ਼ਰੂਰ ਪਾ ਸਕਦੇ ਹਨ ਅਤੇ ਅਜਿਹੇ ਮੁੱਦਿਆਂ ਨੂੰ ਜੇ ਉਹ ਜਾਨ ਨਾਲ ਚੁੱਕਦੇ ਹਨ ਤਾਂ ਭਾਜਪਾ ਜਿਹੀ ਸਿਆਸੀ ਜਮਾਤ ਨੂੰ ਕੱਟ ਕੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਉਹ ਪ੍ਰਮੁੱਖ ਵਿਰੋਧੀ ਧਿਰ ਵਜੋਂ ਵੀ ਉਭਰ ਸਕਦੇ ਹਨ। ਖੱਬੇ ਪੱਖੀ ਅਤੇ ਸਮਾਜਵਾਦੀ ਪਾਰਟੀ ਜਦੋਂ ਆਪਣੇ ਖੇਤਰਾਂ ਵਿਚ ਪਿਛਲੇ ਕੁਝ ਸਮੇਂ ਤੋਂ ਉਖੜ ਰਹੀਆਂ ਹਨ ਤਾਂ ਉਨ੍ਹਾਂ ਨੂੰ ਆਪਣੇ ਪੁਰਾਣੇ ਖੇਤਰਾਂ ਅਤੇ ਦੇਸ਼ ਦੇ ਨਵੇਂ ਹਿੱਸਿਆਂ ਵਿਚ ਰਾਜਨੀਤਕ ਸ਼ਾਖ ਮੁੜ ਬਹਾਲ ਕਰਨ ਲਈ ਆਮ ਲੋਕਾਂ ਦੇ ਮੁੱਦੇ ਚੁੱਕਣ ਵਲ ਅੱਗੇ ਵਧਣਾ ਚਾਹੀਦਾ ਹੈ। ਇਸ ਰਾਹ 'ਤੇ ਤੁਰਦਿਆਂ ਹੀ ਉਹ ਦੇਸ਼ ਦੀ ਰਾਜਨੀਤੀ 'ਚ ਆਪਣੀ ਭੂਮਿਕਾ ਨਿਭਾ ਸਕਦੇ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਨੋਬਲ-ਪ੍ਰਾਈਜ਼ ਦਾ ਹੱਕਦਾਰ!*

ਪਤੀ ਉਹੀ ਕਲੇਸ਼ ਤੋਂ ਰਹੇ ਬਚਿਆ, ਪਤਨੀ ਮੋਹਰੇ ਜੋ ਫਰਮਾਂ-ਬਰਦਾਰ ਬਣਦੈ।
ਕੜੇ-ਕਾਇਦੇ ਕਾਨੂੰਨ ਨੂੰ ਟਿੱਚ ਜਾਣੇ, ਆਮ-ਖ਼ਾਸ ਲਈ ਉਹੀ ਦਮਦਾਰ ਬਣਦੈ।
ਰੇਪ, ਕਤਲ ਤੇ ਧਾੜੇ ਦੇ ਜੋੜ ਕਿੱਸੇ, ਲੋਕਾਂ ਵਾਸਤੇ ਨਿੱਤ ਅਖ਼ਬਾਰ ਬਣਦੈ।
ਲਾਰੇ ਲੱਪਿਆਂ ਗੱਪਾਂ ਨੂੰ ਮਿਕਸ ਕਰਕੇ, ਭਾਸ਼ਣ ਲੀਡਰਾਂ ਦਾ ਧੂੰਆਂ-ਧਾਰ ਬਣਦੈ।
ਸੱਚ ਬੋਲੇ ਜੇ 'ਬੇ-ਲਿਹਾਜ ਚਾਚਾ', ਜੀਣਾ ਉਹਦੇ ਲਈ ਨਿਰਾ ਦੁਸ਼ਵਾਰ ਬਣਦੈ।
ਸੁੱਟੇ ਬੰਬ ਜੋ ਕਿਸੇ ਦੇ ਮੁਲਕ ਉੱਤੇ, 'ਨੋਬਲ-ਪ੍ਰਾਈਜ਼' ਦਾ ਉਹੀ ਹੱਕਦਾਰ ਬਣਦੈ!

# ਕਮੇਟੀ ਚੋਣਾਂ ਤੇ ਬਾਦਲ ਵਿਰੋਧੀ ਰਣਨੀਤੀ

**ਜਸਵੰਤ ਸਿੰਘ 'ਅਜੀਤ'**

ਭਾਵੇਂ ਅਜੇ ਤਕ ਇਹ ਸਪੱਸ਼ਟ ਨਹੀਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਦੋਂ ਤੱਕ ਹੋਣਗੀਆਂ, ਫਿਰ ਵੀ ਇਸ ਸੰਭਾਵਨਾ ਕਾਰਨ ਕਿ ਇਹ ਚੋਣਾਂ ਅਗਲੇ ਵਰ੍ਹੇ ਦੇ ਦੂਜੇ ਦਹਾਕੇ ਦੇ ਆਰੰਭ ਤੱਕ ਹੋ ਸਕਦੀਆਂ ਹਨ, ਅਕਾਲੀ ਰਾਜਨੀਤੀ ਵਿਚ ਸਰਗਰਮੀ ਆਉਣੀ ਸ਼ੁਰੂ ਹੋ ਗਈ ਹੈ। ਇਹ ਸਰਗਰਮੀ ਸ਼੍ਰੋਮਣੀ ਅਕਾਲੀ ਦਲ (ਬਾਦਲ) ਨਾਲੋਂ ਕਿਤੇ ਵਧੇਰੇ ਉਸ ਦੇ ਵਿਰੋਧੀਆਂ ਵਿਚ ਵੇਖਣ ਨੂੰ ਮਿਲ ਰਹੀ ਹੈ। ਉਹ ਦਿਨ-ਰਾਤ ਇਹ ਪ੍ਰਚਾਰ ਕਰਨ ਵਿਚ ਜੁਟੇ ਹੋਏ ਹਨ ਕਿ ਜੇ ਸਿੱਖੀ ਅਤੇ ਉਸ ਦੀਆਂ ਮਰਿਆਦਾਵਾਂ ਤੇ ਇਤਿਹਾਸਕ ਵਿਰਸੇ ਨੂੰ ਬਚਾਉਣਾ ਹੈ ਤਾਂ ਸ਼੍ਰੋਮਣੀ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪੰਜੇ ਵਿਚੋਂ ਆਜ਼ਾਦ ਕਰਵਾਉਣਾ ਹੀ ਹੋਵੇਗਾ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਅਗਵਾਈ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਮਰਿਆਦਾਵਾਂ, ਪਰੰਪਰਾਵਾਂ ਅਤੇ ਸਿੱਖ ਇਤਿਹਾਸ ਦੀਆਂ ਸਥਾਪਤ ਮਾਨਤਾਵਾਂ ਦੀ ਰੱਖਿਆ ਕਰਨ ਅਤੇ ਸਿੱਖੀ ਦਾ ਪ੍ਰਚਾਰ ਅਤੇ ਪਸਾਰ ਕਰਨ ਪ੍ਰਤੀ ਆਪਣੀ ਜ਼ਿੰਮੇਵਾਰੀ ਨਿਭਾਉਣ ਵਿਚ ਇਮਾਨਦਾਰ ਸਾਬਤ ਨਹੀਂ ਹੋ ਸਕੀ। ਉਹ ਰਾਜਨੀਤੀ ਦਾ ਅੱਡਾ ਬਣ ਕੇ ਰਹਿ ਗਈ ਹੈ।

ਇਸੇ ਦਾ ਨਤੀਜਾ ਹੈ ਕਿ ਜਿਸ ਪੰਜਾਬ ਦੀ ਧਰਤੀ ਨੂੰ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੈ ਅਤੇ ਜਿਥੇ ਉਨ੍ਹਾਂ ਨੇ ਨਾ ਕੇਵਲ ਸਿੱਖੀ ਦਾ ਬੂਟਾ ਲਾਇਆ, ਸਗੋਂ ਉਸ ਨੂੰ ਆਪਣੇ ਖ਼ੂਨ ਨਾਲ ਸਿੰਜ ਕੇ ਪ੍ਰਵਾਨ ਵੀ ਚੜ੍ਹਾਇਆ, ਉਥੇ ਅੱਜ ਸਿੱਖੀ ਨੂੰ ਘੁਣ ਲੱਗ ਗਿਆ ਹੈ। ਸਿੱਖੀ ਦਾ ਆਧਾਰ ਖੁਰਦਾ ਜਾ ਰਿਹਾ ਹੈ, ਸਿੱਖੀ ਦੇ ਦੁਸ਼ਮਣ ਡੇਰੇਦਾਰਾਂ ਦਾ ਫੈਲਾਅ ਹੁੰਦਾ ਜਾ ਰਿਹਾ ਹੈ ਅਤੇ ਆਰ. ਐਸ. ਐਸ. ਵਰਗੀਆਂ ਸਿੱਖੀ-ਵਿਰੋਧੀ ਸ਼ਕਤੀਆਂ ਰਾਸ਼ਟਰੀ ਸਿੱਖ ਸੰਗਤ ਰਾਹੀਂ ਸਿੱਖੀ ਵਿਚ ਘੁਸਪੈਠ ਕਰਕੇ ਉਸ ਨੂੰ ਅੰਦਰੋਂ ਖੋਖਲਾ ਕਰਨ 'ਤੇ ਤੁਲ ਗਈਆਂ ਹਨ। ਇਹੋ ਨਹੀਂ, ਸਿੱਖੀ ਦੀ ਗੁੜ੍ਹਤੀ ਲੈ ਕੇ ਜਨਮੇ ਅਤੇ ਸਿੱਖ ਇਤਿਹਾਸ ਦੇ ਧਾਰਮਿਕ ਮਰਿਆਦਾਵਾਂ ਦੇ ਸਭ ਤੋਂ ਵੱਧ ਜਾਣੂ ਅਤੇ ਰਾਖੇ ਹੋਣ ਦਾ ਦਾਅਵਾ ਕਰਨ ਵਾਲੇ ਕੁਝ ਸਿੱਖੀ ਸਰੂਪ ਦੇ ਧਾਰਨੀ ਵੀ ਆਏ ਦਿਨ ਨਵੇਂ ਤੋਂ ਨਵੇਂ ਵਿਵਾਦਾਂ ਤੇ ਸਿੱਖਾਂ ਵਿਚ ਦੁਬਿਧਾ ਪੈਦਾ ਕਰਕੇ ਉਨ੍ਹਾਂ ਨੂੰ ਸਿੱਖੀ ਤੋਂ ਦੂਰ ਧੱਕ ਕੇ ਡੇਰੇਦਾਰਾਂ ਦੀ ਮਦਦ ਕਰਨ ਵਿਚ ਕੋਈ ਕਸਰ ਨਹੀਂ ਛੱਡ ਰਹੇ।

ਦੂਜੇ ਪਾਸੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ 'ਤੇ ਕਾਬਜ਼ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਆਪਣੀ ਮਜਬੂਰੀ ਹੈ ਕਿ ਉਹ ਭਾਜਪਾ ਦੇ ਠੁੱਮਣੇ ਤੋਂ ਬਿਨਾ ਸੱਤੇ 'ਤੇ ਨਾ ਤਾਂ ਕਾਬਜ਼ ਹੋ ਸਕਦੀ ਹੈ ਅਤੇ ਨਾ ਹੀ ਕਾਬਜ਼ ਬਣੀ ਰਹਿ ਸਕਦੀ ਹੈ। ਇਸੇ ਕਾਰਨ ਉਸ ਨੇ ਆਪਣੇ-ਆਪ ਨੂੰ ਪੂਰੀ ਤਰ੍ਹਾਂ ਉਸ ਸਾਹਮਣੇ ਸਮਰਪਿਤ ਕਰ ਦਿੱਤਾ ਹੋਇਆ ਹੈ। ਇਸ ਕਾਰਨ ਉਸ ਦੇ ਮੁਖੀ ਤਾਂ ਕੀ, ਆਮ ਵਰਕਰ ਤੱਕ ਵੀ ਭਾਜਪਾ ਅਤੇ ਉਸ ਦੇ ਸਹਿਯੋਗੀ ਆਰ. ਐਸ. ਐਸ. ਵਲੋਂ ਸਿੱਖੀ ਨੂੰ ਢਾਹ ਲਾਉਣ ਦੇ ਕੀਤੇ ਜਾ ਰਹੇ ਯਤਨਾਂ ਦੇ ਵਿਰੋਧ ਕਰਨ ਦੀ ਹਿੰਮਤ ਨਹੀਂ ਜੁਟਾ ਪਾ ਰਹੇ। ਹੋਰ ਤਾਂ ਹੋਰ, ਜਦੋਂ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਧਾਰਮਿਕ ਸਟੇਜਾਂ 'ਤੇ ਆ ਕੇ ਉਨ੍ਹਾਂ ਦੀ ਮੌਜੂਦਗੀ ਵਿਚ ਹੀ ਸਿੱਖ ਇਤਿਹਾਸ ਨੂੰ ਵਿਗਾੜਦੇ, ਸਿੱਖ ਧਰਮ ਦੀਆਂ ਸਥਾਪਤ ਮਰਿਆਦਾਵਾਂ ਅਤੇ ਪਰੰਪਰਾਵਾਂ ਦੇ ਨਾਲ-ਨਾਲ ਸਿੱਖੀ ਦੀ ਸੁਤੰਤਰ ਹੋਂਦ ਤੇ ਸਿੱਖੀ ਦੀ ਅੱਡਰੀ ਪਛਾਣ 'ਤੇ ਸੁਆਲੀਆ ਨਿਸ਼ਾਨ ਲਾਉਂਦਿਆਂ ਸਿੱਖ ਧਰਮ ਤੇ ਹਿੰਦੂ ਧਰਮ ਦਾ ਹੀ ਅੰਗ ਹੋਣ ਦਾ ਦਾਅਵਾ ਕਰਦੇ ਹਨ, ਤਾਂ ਉਹ ਉਨ੍ਹਾਂ ਨੂੰ ਨਾ ਤਾਂ ਰੋਕਦੇ ਹਨ ਅਤੇ ਨਾ ਹੀ ਉਨ੍ਹਾਂ ਦੇ ਸਾਹਮਣੇ ਆਪਣਾ ਵਿਰੋਧ ਦਰਜ ਕਰਵਾਉਂਦੇ ਹਨ। ਇਸ ਤੋਂ ਆਮ ਸਿੱਖਾਂ ਵਿਚ ਇਹ ਸੰਕੇਤ ਜਾਣਾ ਕੁਦਰਤੀ ਹੈ ਕਿ ਬਾਦਲ ਦਲ ਦੇ ਆਗੂਆਂ ਦੀ ਨਿਸ਼ਠਾ ਸਿੱਖੀ ਨੂੰ ਬਚਾਉਣ ਦੀ ਬਜਾਏ ਆਪਣੀ ਸੱਤਾ-ਲਾਲਸਾ ਪੂਰਿਆਂ ਕਰਨ ਪ੍ਰਤੀ ਹੀ ਸਮਰਪਿਤ ਹੈ।

ਇਸ ਹਾਲਾਤ ਵਿਚ ਜੇ ਇਮਾਨਦਾਰੀ ਨਾਲ ਸਿੱਖੀ ਨੂੰ ਬਚਾਉਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਪੰਜੇ ਵਿਚੋਂ ਆਜ਼ਾਦ ਕਰਾਉਣ ਦਾ ਨਾਅਰਾ ਲਾਇਆ ਅਤੇ ਸੰਘਰਸ਼ ਕੀਤਾ ਜਾਂਦਾ ਹੈ ਤਾਂ ਇਹ ਕਿਸੇ ਹੱਦ ਤੱਕ ਸਾਰਥਕ ਵੀ ਸਾਬਤ ਹੋ ਸਕਦਾ ਹੈ। ਇਸ ਦੇ ਲਈ ਸਭ ਤੋਂ ਵੱਧ ਜ਼ਰੂਰੀ ਲੋੜ ਰਾਜਨੀਤਕ ਸੁਆਰਥ ਤੋਂ ਉਪਰ ਉਠ ਕੇ ਨਿਰੋਲ ਧਾਰਮਿਕ ਆਧਾਰ 'ਤੇ ਹੀ ਸੰਘਰਸ਼ ਕਰਨ ਦੀ ਹੋਵੇਗੀ।

ਪਰ ਕੀ ਅਜਿਹਾ ਸੰਭਵ ਹੋ ਸਕੇਗਾ? ਇਹ ਸੁਆਲ ਉਠਣ ਦਾ ਮੁੱਖ ਕਾਰਨ ਇਹ ਹੈ ਕਿ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀ ਆਪ ਹੀ ਕਈ ਗੁੱਟਾਂ ਵਿਚ ਵੰਡੇ ਹੋਏ ਹਨ ਅਤੇ ਆਪੋ-ਆਪਣੀ ਡਫਲੀ ਵਜਾਉਂਦੇ ਅਤੇ ਮਜਮੇ ਲਾਉਂਦੇ ਆ ਰਹੇ ਹਨ। ਉਹ ਕਦੀ ਵੀ ਇਹ ਪ੍ਰਭਾਵ ਦੇਣ ਵਿਚ ਸਫਲ ਨਹੀਂ ਹੋ ਸਕੇ ਕਿ ਉਨ੍ਹਾਂ ਦਾ ਸੰਘਰਸ਼ ਕੇਵਲ ਧਰਮ ਆਧਾਰਤ ਹੈ ਅਤੇ ਉਹ ਸਿੱਖੀ ਨੂੰ ਬਚਾਉਣ ਲਈ ਇਕਜੁਟ ਹੋ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸ. ਬਾਦਲ ਦੇ ਰਾਜਸੀ ਪੰਜੇ ਵਿਚੋਂ ਮੁਕਤ ਕਰਵਾਉਣ ਲਈ ਸੰਘਰਸ਼ ਕਰ ਰਹੇ ਹਨ।

ਇਸ ਤੋਂ ਇਉਂ ਜਾਪਦਾ ਹੈ ਕਿ ਜੇ ਕਿਸੇ ਨੇ ਉਨ੍ਹਾਂ ਨੂੰ ਇਕ ਕਰਨ ਵਿਚ ਸਫਲਤਾ ਪ੍ਰਾਪਤ ਕਰ ਵੀ ਲਈ, ਤਾਂ ਵੀ ਉਹ ਉਨ੍ਹਾਂ ਦੀਆਂ ਪਿੱਠਾਂ ਮਿਲਾਉਣ ਤੱਕ ਹੀ ਸਫਲ ਹੋ ਸਕੇਗਾ, ਉਨ੍ਹਾਂ ਦੇ ਦਿਲਾਂ ਨੂੰ ਕਦੀ ਵੀ ਨਹੀਂ ਮਿਲਾ ਸਕੇਗਾ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਦੇ ਦਿਲ ਵਿਚ ਇਹ ਭੈਅ ਬਣਿਆ ਹੋਇਆ ਹੈ ਕਿ ਜੇ ਇਨ੍ਹਾਂ ਨੇ ਦਿਲ ਮਿਲਾ ਲਏ ਤਾਂ ਇਹ ਨਾ ਤਾਂ ਵੱਖਰੀ ਡਫਲੀ ਵਜਾ ਸਕਣਗੇ ਤੇ ਨਾ ਹੀ ਆਪਣੇ ਨਿੱਜੀ ਸੁਆਰਥ ਦੇ ਆਧਾਰ 'ਤੇ ਕੋਈ ਸਮਝੌਤਾ ਕਰਨ ਦੇ ਸਮਰੱਥ ਰਹਿ ਜਾਣਗੇ।

ਡੇਰਾ ਸੱਚਾ ਸੌਦਾ ਦੇ ਮੁਖੀ ਵਿਰੁਧ ਸੰਘਰਸ਼ ਦੌਰਾਨ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਪਰਮਜੀਤ ਸਿੰਘ ਸਰਨਾ ਅਤੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀਆਂ ਨੂੰ ਇਕਜੁਟ ਕਰਨ ਵਿਚ ਮੁੱਖ ਭੂਮਿਕਾ ਅਦਾ ਕੀਤੀ ਸੀ, ਪਰੰਤੂ ਜਦੋਂ ਇਕਜੁਟ ਹੋਇਆਂ ਦੇ ਆਪਸੀ ਹਿੱਤ ਟਕਰਾਏ ਤਾਂ ਉਨ੍ਹਾਂ ਨੇ ਨਾ ਕੇਵਲ ਸ. ਸਰਨਾ ਨੂੰ ਹੀ ਕਿਨਾਰੇ ਕਰ ਦਿੱਤਾ, ਸਗੋਂ ਆਪ ਵੀ ਮੁੜ ਵੱਖਰੀ-ਵੱਖਰੀ ਡਫਲੀ ਵਜਾਉਣ ਲੱਗ ਪਏ।

ਸ. ਸਿਮਰਨਜੀਤ ਸਿੰਘ ਮਾਨ ਲੁਧਿਆਣਾ ਕਾਂਡ ਵਿਚ ਪੁਲਿਸ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ ਦਰਸ਼ਨ ਸਿੰਘ ਨਮਿਤ ਹੋਈ ਅਰਦਾਸ ਦੇ ਸਮੇਂ ਵੀ ਆਪਣੀ ਰਾਜਨੀਤਕ ਲਾਲਸਾ ਨੂੰ ਪ੍ਰਗਟ ਕੀਤੇ ਬਿਨਾ ਨਾ ਰਹਿ ਸਕੇ। ਉਨ੍ਹਾਂ ਨੇ ਨਾ ਕੇਵਲ ਖਾਲਿਸਤਾਨ ਦਾ ਜ਼ਿਕਰ ਕੀਤਾ, ਸਗੋਂ ਉਸ ਦੇ ਨਾਅਰੇ ਵੀ ਲਗਵਾਏ। ਇਸੇ ਤਰ੍ਹਾਂ ਇਕ-ਦੋ ਹੋਰ ਅਜਿਹੀਆਂ ਜਥੇਬੰਦੀਆਂ ਦੇ ਮੁਖੀ ਹਨ, ਜੋ ਆਪਣੀ ਹੋਂਦ ਦਾ ਅਹਿਸਾਸ ਕਰਵਾਉਣ ਲਈ ਸਮੇਂ-ਸਮੇਂ ਭੜਕਾਊ ਨਾਅਰੇ ਲਾ ਕੇ ਸਿੱਖ ਨੌਜਵਾਨਾਂ ਦੀਆਂ ਭਾਵਨਾਵਾਂ ਨਾਲ ਖਿਲਵਾੜ ਕਰਦੇ ਰਹਿੰਦੇ ਹਨ। ਇਨ੍ਹਾਂ ਲੋਕਾਂ ਦਾ ਪਿਛੋਕੜ ਕੀ ਹੈ? ਜੇ ਇਸ ਤੋਂ ਪਰਦਾ ਚੁੱਕਿਆ ਜਾਵੇ ਤਾਂ ਇਹ ਤਿਲਮਿਲਾ ਉਠਣਗੇ। ਇਨ੍ਹਾਂ ਦੇ ਦਿਲ ਵਿਚ ਨਾ ਤਾਂ ਸਿੱਖੀ ਦਾ ਦਰਦ ਹੈ ਅਤੇ ਨਾ ਹੀ ਸਿੱਖ ਧਰਮ ਦੇ ਇਤਿਹਾਸ ਦਾ ਗਿਆਨ। ਇਨ੍ਹਾਂ ਨੇ ਆਪਣੀ ਦੁਕਾਨਦਾਰੀ ਚਲਾਉਣ ਤੇ ਚਮਕਾਉਣ ਲਈ ਇਕੋ ਰਟ ਲਾਈ ਹੈ, "ਰਾਜ ਬਿਨਾ ਨਹਿੰ ਧਰਮ ਚਲੇ ਹੈ" ਪ੍ਰੰਤੂ ਇਨ੍ਹਾਂ ਪਾਸ ਕੋਈ ਅਜਿਹਾ ਪ੍ਰਮਾਣ ਨਹੀਂ ਹੈ, ਜਿਸ ਤੋਂ ਇਹ ਸਾਬਤ ਕਰ ਸਕਣ ਕਿ ਜਦੋਂ ਕਦੀ ਬੀਤੇ ਵਿਚ ਸਿੱਖ ਸੱਤਾਧਾਰੀ ਬਣੇ, ਓਦੋਂ ਸਿੱਖੀ ਦਾ ਪਸਾਰ ਹੋਇਆ ਹੋਵੇ।

ਇਥੋਂ ਤਕ ਕਿ ਮਹਾਰਾਜਾ ਰਣਜੀਤ ਸਿੰਘ ਦੇ ਸੱਤਾਕਾਲ ਦੌਰਾਨ ਵੀ ਸਿੱਖਾਂ ਦੀ ਗਿਣਤੀ ਵਿਚ ਜੋ ਭਾਰੀ ਵਾਧਾ ਹੋਣ ਦੀ ਗੱਲ ਕੀਤੀ ਜਾਂਦੀ ਹੈ, ਉਹ ਵੀ ਸਿੱਖੀ ਪ੍ਰਤੀ ਵਿਸ਼ਵਾਸ ਦੇ ਆਧਾਰ 'ਤੇ ਨਹੀਂ ਸੀ ਹੋਇਆ, ਸਗੋਂ ਸੱਤਾ-ਸੁਖ ਦੀ ਲਾਲਸਾ ਦੇ ਅਧੀਨ ਹੋਇਆ ਸੀ। ਮਹਾਰਾਜਾ ਰਣਜੀਤ ਸਿੰਘ ਦੇ ਅੱਖਾਂ ਮੀਟਦਿਆਂ ਹੀ ਨਾ ਤਾਂ ਸਿੱਖ ਰਾਜ ਰਿਹਾ ਅਤੇ ਨਾ ਹੀ ਉਸ ਦੇ ਰਾਜ ਦੌਰਾਨ ਸਿੱਖੀ ਸਰੂਪ ਧਾਰਨ ਕਰਨ ਵਾਲੇ। ਜਿਉਂ ਹੀ ਰਾਜ ਗਿਆ, ਤਿਉਂ ਹੀ ਉਹ ਸਾਰੇ ਵੀ, ਜੋ ਸੱਤਾ ਸੁੱਖ ਦੀ ਪ੍ਰਾਪਤੀ ਦੀ ਲਾਲਸਾ ਵਿਚ ਸਿੱਖ ਬਣੇ ਸਨ, ਸਿੱਖੀ ਸਰੂਪ ਤਿਆਗ ਗਏ।

ਅੱਜ ਤਾਂ ਉਹ ਵੀ ਸਥਿਤੀ ਨਹੀਂ। ਆਜ਼ਾਦੀ ਪ੍ਰਾਪਤੀ ਅਤੇ ਪੰਜਾਬ ਦੇ ਪੁਨਰਗਠਨ ਤੋਂ ਬਾਅਦ ਕਿੰਨੀ ਹੀ ਵਾਰ ਅਕਾਲੀ ਪੰਜਾਬ ਦੀ ਰਾਜ-ਸੱਤਾ 'ਤੇ ਕਾਬਜ਼ ਹੋਏ ਅਤੇ ਕੇਂਦਰੀ ਸੱਤਾ ਵਿਚ ਵੀ ਭਾਈਵਾਲ ਰਹੇ। ਜ਼ਰਾ ਘੋਖ ਕੇ ਵੇਖੋ, ਇਸ ਸਮੇਂ ਦੌਰਾਨ ਸਿੱਖੀ ਦਾ ਪਸਾਰ ਹੋਇਆ ਹੈ ਜਾਂ ਘਾਣ। ਜੇ ਪਸਾਰ ਹੋਇਆ ਹੁੰਦਾ ਤਾਂ ਅੱਜ ਪੰਜਾਬ ਦਾ ਸਿੱਖ ਨੌਜਵਾਨ ਸਿੱਖੀ ਤੋਂ ਬੇਮੁਖ ਹੋਇਆ ਵਿਖਾਈ ਨਾ ਦਿੰਦਾ ਅਤੇ ਉਸ ਦੀ ਹਵਾ ਪੰਜਾਬ ਤੋਂ ਬਾਹਰ ਵੀ ਨਾ ਵਗ ਤੁਰਦੀ।

ਕੀ ਕਦੀ ਸਿੱਖ ਇਤਿਹਾਸ ਦੀ ਘੋਖ ਕੀਤੀ ਗਈ ਹੈ? ਗੁਰੂ ਸਾਹਿਬਾਨ ਪਾਸ ਕਿਹੜੀ ਰਾਜ-ਸੱਤਾ ਸੀ? ਉਸ ਸਮੇਂ ਤਾਂ ਨਾ ਅੱਜ ਵਰਗੇ ਯਾਤਰਾ ਦੇ ਸਾਧਨ ਸਨ ਤੇ ਨਾ ਹੀ ਪ੍ਰਚਾਰ ਸਾਧਨ। ਫਿਰ ਵੀ ਨਾ ਕੇਵਲ ਸਿੱਖੀ ਦਾ ਪ੍ਰਚਾਰ ਤੇ ਪਸਾਰ ਹੋਇਆ, ਸਗੋਂ ਸਿੱਖੀ ਦੀ ਖੁਸ਼ਬੂ ਵੀ ਦੂਰ-ਦੁਰਾਡੇ ਤੱਕ ਫੈਲੀ।

ਇਹ ਜ਼ਰੂਰ ਹੈ ਕਿ ਰਾਜਸੀ ਸ਼ਕਤੀ ਦੀ ਵਰਤੋਂ ਕਰਕੇ ਧਾਰਮਿਕ ਸੰਸਥਾਵਾਂ 'ਤੇ ਕਬਜ਼ਾ ਕੀਤਾ ਜਾ ਸਕਦਾ ਹੈ ਅਤੇ ਉਨ੍ਹਾਂ ਦੇ ਸਾਧਨਾਂ ਦੀ ਵਰਤੋਂ ਰਾਜ-ਸੱਤਾ ਤੱਕ ਪੁੱਜਣ ਲਈ ਪੌੜੀ ਵਜੋਂ ਕੀਤੀ ਜਾ ਸਕਦੀ ਹੈ, ਜਿਸ ਦਾ ਭਰਪੂਰ ਲਾਭ ਅੱਜ ਸ਼੍ਰੋਮਣੀ ਅਕਾਲੀ ਦਲ (ਬਾਦਲ) ਵਾਲੇ ਉਠਾ ਹੀ ਰਹੇ ਹਨ।

ਇਕ ਕੌੜੀ ਸੱਚਾਈ, ਜੋ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਵਿਰੋਧੀਆਂ ਦੇ ਗਲੇ ਨਹੀਂ ਉਤਰੇਗੀ, ਇਹ ਹੈ ਕਿ ਉਹ ਆਪਣੀ ਸਮੁੱਚੀ ਸ਼ਕਤੀ ਸਿੱਖੀ ਦੇ ਪ੍ਰਚਾਰ ਰਾਹੀਂ ਸਿੱਖੀ ਦੀ ਸੰਭਾਲ ਕਰਨ ਵਿਚ ਲਾ ਕੇ ਉਸ ਦਾ ਪਸਾਰ ਕਰਨ ਦੀ ਬਜਾਏ ਵਿਰੋਧ ਕਰਨ ਵਿਚ ਹੀ ਬਰਬਾਦ ਕਰ ਰਹੇ ਹਨ, ਜਦੋਂਕਿ ਜਿਨ੍ਹਾਂ ਦਾ ਉਹ ਵਿਰੋਧ ਕਰ ਰਹੇ ਹਨ, ਉਹ ਉਨ੍ਹਾਂ ਦੇ ਵਿਰੋਧ ਦਾ ਨੋਟਿਸ ਲੈਣ ਦੀ ਬਜਾਏ ਆਪਣੀ ਸ਼ਕਤੀ ਨੂੰ ਆਪਣਾ ਘੇਰਾ ਵਧਾਉਣ ਵਿਚ ਵਰਤ ਰਹੇ ਹਨ।

ਨਤੀਜਾ ਇਹ ਹੋ ਰਿਹਾ ਹੈ ਕਿ ਸਿੱਖੀ ਦਾ ਘੇਰਾ ਸੁੰਗੜਦਾ ਜਾ ਰਿਹਾ ਹੈ। ਕੀ ਇਸ ਗੱਲ ਤੋਂ ਕੋਈ ਇਨਕਾਰ ਕਰ ਸਕਦਾ ਹੈ ਕਿ ਇਸ ਸਥਿਤੀ ਦਾ ਲਾਭ ਸ਼੍ਰੋਮਣੀ ਅਕਾਲੀ ਦਲ (ਬਾਦਲ) ਨੂੰ ਹੀ ਮਿਲੇਗਾ।

ਵਿਰੋਧ ਕਰਨ ਵਿਚ ਹੀ ਸਮੁੱਚੀ ਸ਼ਕਤੀ ਝੋਕ ਦੇਣ ਦੇ ਫਲਸਰੂਪ ਸਿੱਖੀ ਦੀ ਛਵੀ ਉਹੀ ਬਣਦੀ ਜਾ ਰਹੀ ਹੈ, ਜਿਵੇਂ ਨਿਹੰਗ ਸਿੰਘ ਆਮ ਤੌਰ 'ਤੇ ਹੋਰ ਕੱਟੜਪੰਥੀ ਕਦੀ-ਕਦੀ ਕਿਹਾ ਕਰਦੇ ਹਨ, "ਖਾਲਸਾ ਉਹ, ਜੋ ਨਿੱਤ ਕਰੇ ਜੰਗ"। ਜੇ ਕੋਈ ਹੋਰ ਨਾ ਮਿਲੇ ਤਾਂ ਆਪੋ ਵਿਚ ਹੀ ਲੜ ਮਰਨ ਲਈ ਜੁਟ ਜਾਣ। ਉਨ੍ਹਾਂ ਨੇ ਕਦੀ ਇਸ ਦੇ ਮੂਲ ਭਾਵ ਕਿ ਸੱਚਾ ਖਾਲਸਾ ਉਹ ਹੈ, ਜੋ ਆਪਣੇ ਅੰਦਰ ਦੇ ਦੁਸ਼ਮਣਾਂ-ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦੇ ਨਾਲ ਸਦਾ ਜੰਗ ਕਰਦਾ ਅਤੇ ਉਨ੍ਹਾਂ ਨੂੰ ਪਛਾੜਦਾ ਰਹੇ, ਨਾ ਕਿ ਲੱਠ ਲੈ ਕੇ ਦੂਜਿਆਂ ਦੇ ਜਾਂ ਆਪਣਿਆਂ ਦੇ ਹੀ ਗਲ ਪੈ ਜਾਏ।

# ਅਸਥਾਨਾ ਦੀ ਮੌਤ ਤੇ ਅਦਾਲਤੀ ਭ੍ਰਿਸ਼ਟਾਚਾਰ



**ਵੀ. ਵੈਂਕਾਟੇਸਨ**

ਗਾਜ਼ੀਆਬਾਦ ਦਾ ਜ਼ਿਲ੍ਹਾ ਅਦਾਲਤ ਪ੍ਰਾਵੀਡੈਂਟ ਫੰਡ ਘੁਟਾਲਾ, ਜਿਹੜਾ ਜਨਵਰੀ 2008 ਵਿਚ ਜੱਗ ਜ਼ਾਹਰ ਹੋਇਆ ਸੀ, ਕਈ ਜ਼ਿਲ੍ਹਾ ਅਤੇ ਹਾਈ ਕੋਰਟ ਜੱਜਾਂ ਅਤੇ ਸੁਪਰੀਮ ਕੋਰਟ ਦੇ ਇੱਕ ਜੱਜ ਦੀ ਸੰਭਾਵਤ ਸ਼ਮੂਲੀਅਤ ਦਾ ਸੰਕੇਤ ਦਿੰਦਾ ਹੈ। ਇਸ ਘੁਟਾਲੇ ਵਿਚ ਪ੍ਰਾਵੀਡੈਂਟ ਫੰਡ ਪੇਸ਼ਗੀਆਂ ਦਾ ਸਾਜ਼ਿਸ਼ਾਨਾ ਢੰਗ ਨਾਲ ਕਢਵਾਏ ਜਾਣਾ ਸ਼ਾਮਲ ਹੈ। ਇਹ ਘੁਟਾਲਾ ਕੋਈ ਸੱਤ ਕਰੋੜ ਰੁਪਈਆਂ ਦਾ ਹੈ। ਇਹ ਸਾਰੀ ਰਕਮ ਗਾਜ਼ੀਆਬਾਦ ਦੇ ਜ਼ਿਲ੍ਹਾ ਖਜ਼ਾਨੇ ਵਿਚੋਂ ਜ਼ਿਲ੍ਹਾ ਅਦਾਲਤ ਦੇ ਤੀਜੇ ਅਤੇ ਚੌਥੇ ਦਰਜੇ ਦੇ ਮੁਲਾਜ਼ਮਾਂ ਦੇ ਨਾਂਅ ਉੱਤੇ 2001 ਤੋਂ 2007 ਦੇ ਦਰਮਿਆਨ ਕਢਵਾਈ ਗਈ ਸੀ। ਇਸ ਮਾਮਲੇ ਵਿਚ ਤਫਤੀਸ਼ ਜੂੰ ਦੀ ਤੋਰੇ ਚੱਲੀ ਸੀ ਅਤੇ ਇਸੇ ਹੀ ਸੰਦਰਭ ਵਿਚ 17 ਅਕਤੂਬਰ ਨੂੰ ਆਸ਼ੂਤੋਸ਼ ਅਸਥਾਨਾ, ਜੋ ਕਿ ਮੁੱਖ ਦੋਸ਼ੀ ਸੀ, ਦੀ ਗਾਜ਼ੀਆਬਾਦ ਦੀ ਦਾਸਨਾ ਜੇਲ੍ਹ ਵਿਚ ਹੋਈ ਮੌਤ ਨੂੰ ਵੇਖਿਆ ਜਾਣਾ ਚਾਹੀਦਾ ਹੈ।

ਗਵਾਹਾਂ ਲਈ ਲੋੜੀਂਦੇ ਹਿਫਾਜ਼ਤੀ ਕਦਮਾਂ ਦਾ ਨਾ ਹੋਣਾ ਵੀ ਅਸਥਾਨਾ ਦੇ ਵਿਰੁਧ ਗਿਆ, ਕਿਉਂਕਿ ਉਹ ਇੱਕ ਅਜਿਹਾ ਕੁੰਜੀਵਤ ਗਵਾਹ ਸੀ, ਜਿਸਨੇ 28 ਅਪ੍ਰੈਲ 2008 ਨੂੰ ਅਦਾਲਤ ਵਿਚ ਇਕਬਾਲੀਆ ਬਿਆਨ ਦਿੱਤਾ ਸੀ। ਇਸ ਬਿਆਨ ਵਿਚ ਉਸਨੇ ਇਲਜ਼ਾਮ ਲਗਾਇਆ ਸੀ ਕਿ ਇਸ ਮਾਮਲੇ ਵਿਚ 36 ਵਰਤਮਾਨ ਅਤੇ ਸੇਵਾ-ਮੁਕਤ ਨਿਆਂਕਾਰ ਸ਼ਾਮਲ ਸਨ, ਜਿਨ੍ਹਾਂ ਵਿਚ ਹਾਈ ਕੋਰਟ ਦੇ ਜੱਜ ਵੀ ਸ਼ਾਮਲ ਸਨ (ਜਿਨ੍ਹਾਂ ਵਿਚੋਂ ਕੁਝ ਹੁਣ ਸੇਵਾ-ਮੁਕਤ ਹੋ ਚੁੱਕੇ ਹਨ) ਅਤੇ ਸੁਪਰੀਮ ਕੋਰਟ ਦਾ ਇਕ ਵਰਤਮਾਨ ਜੱਜ ਵੀ ਦੋਸ਼ੀਆਂ ਵਿਚ ਸ਼ਾਮਲ ਸੀ। ਕੇਂਦਰੀ ਨਾਜ਼ਰ ਵਜੋਂ (ਖਜ਼ਾਨਾ ਅਫ਼ਸਰ) ਅਸਥਾਨਾ ਨੇ ਨੋਟ ਤਿਆਰ ਕੀਤੇ, ਜਿਨ੍ਹਾਂ ਦੇ ਆਧਾਰ ਉੱਤੇ ਜ਼ਿਲ੍ਹਾ ਜੱਜਾਂ ਨੇ ਅਦਾਇਗੀਆਂ ਨੂੰ ਮਨਜ਼ੂਰੀ ਦਿੱਤੀ। ਉਸਨੇ ਆਪਣੇ ਬਿਆਨ ਵਿਚ ਵਿਸ਼ੇਸ਼ ਤੌਰ 'ਤੇ ਕਿਹਾ ਕਿ ਉਸ ਨੇ ਜੀ. ਪੀ. ਐਫ. ਵਿਚੋਂ ਗੈਰ ਕਾਨੂੰਨੀ ਤੌਰ 'ਤੇ ਉੱਤੋਤਿੱੜੀ ਆਏ ਸੱਤ ਜ਼ਿਲ੍ਹਾ ਜੱਜਾਂ ਦੀਆਂ ਹਦਾਇਤਾਂ 'ਤੇ ਪੈਸਾ ਕਢਵਾਇਆ। ਉਨ੍ਹਾਂ ਜੱਜਾਂ ਦੇ ਉਸ ਨੇ ਨਾਂਅ ਵੀ ਦੱਸੇ। ਜਿਨ੍ਹਾਂ ਦੇ ਉਸ ਨੇ ਨਾਂਅ ਲਏ, ਉਹ ਇਸ ਲੁੱਟ 'ਚ ਲਾਭਪਾਤਰੀ ਵੀ ਸਨ।

ਆਪਣੇ ਬਿਆਨ ਵਿਚ ਅਸਥਾਨਾ ਨੇ ਕਿਹਾ ਕਿ ਫੰਡਾਂ ਦਾ ਇੱਕ ਵੱਡਾ ਹਿੱਸਾ, ਜਿਹੜੇ ਕਿ ਖਜ਼ਾਨੇ ਵਿਚੋਂ ਪ੍ਰਾਵੀਡੈਂਟ ਫ਼ੰਡ ਪੇਸ਼ਗੀਆਂ ਵਜੋਂ ਕਢਵਾਏ ਗਏ ਸਨ, ਘਰੇਲੂ ਵਸਤਾਂ ਖ਼ਰੀਦਣ 'ਤੇ ਖ਼ਰਚ ਕੀਤਾ ਗਿਆ ਸੀ, ਜਿਨ੍ਹਾਂ ਵਿਚ ਏਅਰ-ਕੰਡੀਸ਼ਨਰ, ਮੋਬਾਈਲ ਫੋਨ ਅਤੇ ਫ਼ਰਨੀਚਰ ਤੇ ਫਰਿੱਜਾਂ ਆਦਿ ਸ਼ਾਮਲ ਸਨ।

ਅਸਥਾਨਾ ਨੇ ਤਫ਼ਤੀਸ਼ੀ ਅਫ਼ਸਰਾਂ ਸਾਹਮਣੇ ਵੀ ਅਤੇ ਮੀਡੀਆ ਸਾਹਮਣੇ ਵੀ ਵੱਡੀ ਗਿਣਤੀ ਵਿਚ ਦਸਤਾਵੇਜ਼ ਪੇਸ਼ ਕੀਤੇ, ਜਿਹੜੇ ਦੱਸਦੇ ਸਨ ਕਿ ਇਹ ਵਸਤਾਂ ਗਾਜ਼ੀਆਬਾਦ ਦੇ ਵੱਖ-ਵੱਖ ਵਪਾਰੀਆਂ ਕੋਲੋਂ ਖਰੀਦੀਆਂ ਗਈਆਂ ਸਨ ਅਤੇ ਉਨ੍ਹਾਂ ਹੀ ਵਪਾਰੀਆਂ ਦੇ ਵਾਹਨਾਂ ਦੀ ਬਹੁਤ ਸਾਰੇ ਨਿਆਂ ਅਫ਼ਸਰਾਂ ਦੇ ਘਰਾਂ ਤੱਕ ਇਹ ਵਸਤਾਂ ਲਿਜਾਣ ਲਈ ਵਰਤੋਂ ਕੀਤੀ ਗਈ ਸੀ।

ਸਭ ਤੋਂ ਪਹਿਲਾਂ ਇਹ ਘੁਟਾਲਾ ਰਮਾ ਜੈਨ ਨੇ ਇਲਾਹਾਬਾਦ ਹਾਈ ਕੋਰਟ ਦੇ ਧਿਆਨ ਵਿਚ ਲਿਆਂਦਾ ਸੀ। ਰਮਾ ਜੈਨ ਗਾਜ਼ੀਆਬਾਦ ਦੀ ਜ਼ਿਲ੍ਹਾ ਅਦਾਲਤ ਵਿਚ ਵਿਜੀਲੈਂਸ ਅਫ਼ਸਰ ਸੀ। ਹਾਈਕੋਰਟ ਨੇ ਉਸਦੇ ਬਿਆਨ ਅਤੇ ਆਪਣੇ ਵਲੋਂ ਸਥਾਪਤ ਕੀਤੀ ਗਈ ਇੱਕ ਕਮੇਟੀ ਦੀਆਂ ਲੱਭਤਾਂ ਦੇ ਆਧਾਰ ਉੱਤੇ ਐਫ. ਆਈ. ਆਰ. ਦਰਜ ਕਰਨ ਦਾ ਹੁਕਮ ਦਿੱਤਾ ਸੀ।

ਇਹ ਐਫ. ਆਈ. ਆਰ. ਅਸਥਾਨਾ ਅਤੇ 82 ਹੋਰਨਾਂ ਵਿਰੁਧ ਦਰਜ ਕੀਤੀ ਗਈ ਸੀ। ਐਫ. ਆਈ. ਆਰ. ਵਿਚ ਕਿਹਾ ਗਿਆ ਸੀ ਕਿ ਅਦਾਲਤ ਦੇ 39, ਬਾਹਰਲਿਆਂ 13 ਤੀਜੇ ਦਰਜੇ ਦੇ ਅਤੇ 30 ਚੌਥੇ ਦਰਜੇ ਦੇ ਮੁਲਾਜ਼ਮਾਂ ਦੀ ਮਿਲੀ ਭੁਗਤ ਨਾਲ ਅਸਥਾਨਾ ਨੇ ਮੁਲਾਜ਼ਮਾਂ ਦੇ ਪ੍ਰਾਵੀਡੈਂਟ ਫ਼ੰਡ ਵਿਚੋਂ ਕਰੋੜਾਂ ਰੁਪਏ ਕਢਵਾਏ ਸਨ। ਕਾਰਜਵਿਧੀ ਉਸ ਦੀ ਇਹ ਸੀ ਕਿ ਉਹ ਬਾਹਰਲਿਆਂ ਅਤੇ ਤੀਜਾ ਦਰਜਾ ਮੁਲਾਜ਼ਮਾਂ ਨੂੰ ਚੌਥੇ ਦਰਜੇ ਦੇ ਮੁਲਾਜ਼ਮਾਂ ਵਜੋਂ ਵਿਖਾ ਕੇ ਉਨ੍ਹਾਂ ਦੇ ਨਾਂਅ ਪ੍ਰਾਵੀਡੈਂਟ ਫੰਡ ਪੇਸ਼ਗੀਆਂ ਕਢਵਾ ਲੈਂਦਾ ਅਤੇ ਇੰਜ ਪ੍ਰਾਪਤ ਹੋਏ ਚੈੱਕਾਂ ਨੂੰ ਜਾਅਲੀ ਤੀਜੇ ਦਰਜੇ ਅਤੇ ਚੌਥੇ ਦਰਜੇ ਦੇ ਮੁਲਾਜ਼ਮਾਂ ਦੇ ਬੈਂਕ ਖਾਤਿਆਂ ਵਿਚ ਜਮ੍ਹਾ ਕਰਵਾ ਦਿੰਦਾ ਅਤੇ ਬਾਅਦ ਵਿਚ ਉਨ੍ਹਾਂ ਰਾਹੀਂ ਪੈਸੇ ਕਢਵਾ ਲੈਂਦਾ।

ਗ਼ਾਜ਼ੀਆਬਾਦ ਪੁਲਿਸ ਨੇ ਦੋਸ਼ੀਆਂ ਵਿਚਲੇ ਗ਼ੈਰ-ਅਦਾਲਤੀ ਅਫ਼ਸਰਾਂ ਦੀ ਭੂਮਿਕਾ ਬਾਰੇ ਤਫ਼ਤੀਸ਼ ਕੀਤੀ ਅਤੇ ਜ਼ਿਲ੍ਹਾ ਅਦਾਲਤ ਦੇ 60 ਤੋਂ ਵਧ ਮੁਲਾਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ। ਜਿਹੜੇ ਗ੍ਰਿਫ਼ਤਾਰ ਕੀਤੇ ਗਏ, ਉਨ੍ਹਾਂ ਵਿਚ ਅਸਥਾਨਾ ਵੀ ਸ਼ਾਮਲ ਸੀ ਅਤੇ ਉਸਦੀ ਪਤਨੀ ਸੁਸ਼ਮਾ ਅਸਥਾਨਾ, ਉਸਦੀ ਸੱਸ ਸਵਿੱਤਰੀ ਅਤੇ ਬੇਟੀ ਚੰਚਲ ਵੀ ਸ਼ਾਮਲ ਸਨ। ਚੰਚਲ ਨੂੰ ਦੋਸ਼ਾਂ ਦੇ ਘੇਰੇ ਤੋਂ ਬਾਹਰ ਕਰ ਦਿੱਤਾ ਗਿਆ ਸੀ, ਜਦੋਂ ਪੁਲਿਸ ਨੇ ਇਹ ਕਹਿ ਦਿੱਤਾ ਸੀ ਕਿ ਉਸਦੀ ਗ੍ਰਿਫ਼ਤਾਰੀ ਗਲਤ ਪਛਾਣ ਕਾਰਨ ਹੋ ਗਈ ਸੀ।

ਪੁਲਿਸ ਨਿਆਂ ਅਫ਼ਸਰਾਂ ਕੋਲੋਂ ਪੁੱਛਗਿੱਛ ਇਸ ਲਈ ਨਹੀਂ ਸੀ ਕਰ ਸਕੀ, ਕਿਉਂਕਿ 1991 ਦੇ ਇਕ ਮਾਮਲੇ ਵਿਚ ਸੁਪਰੀਮ ਕੋਰਟ ਨੇ ਹੁਕਮ ਦਿੱਤਾ ਸੀ ਕਿ ਚੀਫ਼ ਜਸਟਿਸ ਦੀ ਆਗਿਆ ਤੋਂ ਬਿਨਾ ਅਜਿਹਾ ਨਹੀਂ ਹੋ ਸਕਦਾ।

ਗਾਜ਼ੀਆਬਾਦ ਦੇ ਐਸ. ਐਸ. ਪੀ. ਨੇ ਸੰਬੰਧਤ ਨਿਆਂ ਅਫ਼ਸਰਾਂ ਦੀ ਤਫਤੀਸ਼ ਕਰਨ ਲਈ ਆਗਿਆ ਦੇਣ ਵਾਸਤੇ ਚੀਫ਼ ਜਸਟਿਸ ਨੂੰ ਲਿਖਿਆ ਸੀ। ਸੁਪਰੀਮ ਕੋਰਟ ਦੇ ਰਜਿਸਟਰਾਰ ਜਨਰਲ ਨੇ ਚੀਫ਼ ਜਸਟਿਸ ਦੀ ਹਦਾਇਤ 'ਤੇ ਗਾਜ਼ੀਆਬਾਦ ਦੇ ਐਸ. ਐਸ. ਪੀ. ਨੂੰ ਉਹ ਸਵਾਲ ਭੇਜਣ ਲਈ ਕਿਹਾ ਸੀ, ਜਿਹੜੇ ਕਿ ਹਰ ਜੱਜ ਕੋਲੋਂ ਪੁੱਛੇ ਜਾਣੇ ਸਨ ਅਤੇ ਨਾਲ ਹੀ ਉਹ ਸ਼ਹਾਦਤ ਵੀ ਭੇਜਣ ਲਈ ਕਿਹਾ ਸੀ, ਜਿਹੜੀ ਉਨ੍ਹਾਂ ਦੇ ਵਿਰੁਧ ਸੀ। ਐਸ. ਐਸ. ਪੀ. ਨੇ ਉਨ੍ਹਾਂ ਦੀਆਂ ਹਦਾਇਤਾਂ ਦੀ ਪਾਲਣਾ ਕਰ ਦਿੱਤੀ ਸੀ।

ਰਾਜ ਦੀ ਪੁਲਿਸ ਉੱਤੇ ਦਬਾਅ ਪਾਏ ਜਾਣ ਨੂੰ ਲੈ ਕੇ ਗਾਜ਼ੀਆਬਾਦ ਦੀ ਬਾਰ ਐਸੋਸੀਏਸ਼ਨ ਨੇ ਇਲਾਹਾਬਾਦ ਹਾਈ ਕੋਰਟ ਵਿਚ ਇਕ ਪਟੀਸ਼ਨ ਦਾਇਰ ਕਰ ਦਿੱਤੀ ਸੀ, ਜਿਸ ਵਿਚ ਬੇਨਤੀ ਕੀਤੀ ਗਈ ਸੀ ਕਿ ਮਾਮਲਾ ਸੀ. ਬੀ. ਆਈ. ਨੂੰ ਸੌਂਪ ਦਿੱਤਾ ਜਾਵੇ।

ਜਦੋਂ ਹਾਈ ਕੋਰਟ ਨੇ ਇਹ ਬੇਨਤੀ ਰੱਦ ਕਰ ਦਿੱਤੀ ਤਾਂ ਇਕ ਵਕੀਲ ਨਾਹਰ ਸਿੰਘ ਨੇ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਦਾਇਰ ਕਰ ਦਿੱਤੀ। ਇਸ ਵਿਚ ਇਸ ਘੁਟਾਲੇ ਕਾਰਨ ਸਰਕਾਰੀ ਖਜ਼ਾਨੇ ਨੂੰ ਹੋਏ ਨੁਕਸਾਨ ਦਾ ਅੰਦਾਜ਼ਾ 23 ਕਰੋੜ ਰੁਪਏ ਲਗਾਇਆ ਗਿਆ ਸੀ।

ਟ੍ਰਾਂਸਪੇਰੈਂਸੀ ਇੰਟਰਨੈਸ਼ਨਲ ਇੰਡੀਆ (ਟੀ ਆਈ) ਨੇ ਵੀ ਸੁਪਰੀਮ ਕੋਰਟ ਵਿਚ ਇਕ ਅਰਜ਼ੀ ਦਾਖਲ ਕੀਤੀ ਸੀ, ਜਿਸ ਵਿਚ ਇਸ ਮਾਮਲੇ ਬਾਰੇ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਸੀ ਅਤੇ ਅਦਾਲਤ ਦੇ ਰਜਿਸਟਰਾਰ ਜਨਰਲ 'ਤੇ ਇਹ ਦੋਸ਼ ਲਗਾਇਆ ਸੀ ਕਿ ਉਹ ਨਿਆਂ ਅਧਿਕਾਰੀਆਂ ਵਿਰੁਧ ਤਫਤੀਸ਼ ਕਰਨ ਲਈ ਪੁਲਿਸ ਦੇ ਰਸਤੇ ਵਿਚ ਰੋੜੇ ਅਟਕਾ ਰਿਹਾ ਸੀ ਅਤੇ ਇਸ ਲਈ ਉਸਨੂੰ ਇਕ ਉੱਤਰਵਾਦੀ ਬਣਾ ਲਿਆ ਗਿਆ ਸੀ।

ਟੀ. ਆਈ. ਦੇ ਵਕੀਲ ਸ਼ਾਂਤੀ ਭੂਸ਼ਨ ਨੇ ਪਟੀਸ਼ਨ ਵਿਚ ਇਹ ਵੀ ਕਿਹਾ ਸੀ ਕਿ ਅਜਿਹਾ ਚੀਫ਼ ਜਸਟਿਸ ਸ੍ਰੀ ਕੇ. ਜੀ. ਬਾਲਾਕ੍ਰਿਸ਼ਨਨ ਦੀ ਹਦਾਇਤ ਉੱਤੇ ਕੀਤਾ ਗਿਆ ਸੀ, ਜਿਸ ਕਾਰਨ ਉਨ੍ਹਾਂ ਨੇ ਆਪਣੇ ਆਪ ਨੂੰ ਇਸ ਮਾਮਲੇ ਦੀ ਸੁਣਵਾਈ ਕਰਨ ਵਾਲੇ ਬੈਂਚ ਤੋਂ ਵੱਖ ਕਰ ਲਿਆ ਸੀ। ਛੇਤੀ ਹੀ ਇਕ ਹੋਰ ਬੈਂਚ, ਜਿਸਦੇ ਮੁਖੀ ਜਸਟਿਸ ਬੀ. ਐਨ. ਅਗਰਵਾਲ ਸਨ, ਨੇ ਮਾਮਲੇ ਦੀ ਸੁਣਵਾਈ ਕਰਨੀ ਸ਼ੁਰੂ ਕਰ ਦਿੱਤੀ ਪ੍ਰੰਤੂ ਜਸਟਿਸ ਅਗਰਵਾਲ ਨੇ ਵੀ ਉਦੋਂ ਇਸ ਤੋਂ ਅਲਹਿਦਗੀ ਇਖ਼ਤਿਆਰ ਕਰ ਲਈ, ਜਦੋਂ ਟੀ. ਆਈ. ਦੇ ਵਕੀਲ ਅਤੇ ਬੈਂਚ ਦਰਮਿਆਨ ਪਿਛਲੇ ਸਾਲ 7 ਅਗਸਤ ਨੂੰ ਰੋਹ ਭਰੀਆ ਝੜੱਪਾਂ ਹੋ ਗਈਆਂ।

ਹੁਣ ਸੇਵਾ-ਮੁਕਤ ਹੋ ਚੁੱਕੇ ਜਸਟਿਸ ਅਰਜਿਤ ਪਸਾਇਤ ਦੀ ਅਗਵਾਈ ਵਿਚ ਤਿੰਨ ਜੱਜਾਂ ਦੇ ਇੱਕ ਬੈਂਚ, ਜਿਸ ਵਿਚ ਜਸਟਿਸ ਵੀ. ਐਸ. ਸਿਰਪੁਰਕਰ ਅਤੇ ਜਸਟਿਸ ਜੀ. ਐਸ. ਸਿੰਘ ਵੀ ਸ਼ਾਮਲ ਸਨ, ਨੇ ਫਿਰ ਮਾਮਲੇ ਦੀ ਸੁਣਵਾਈ ਸ਼ੁਰੂ ਕਰ ਦਿੱਤੀ। 23 ਦਸੰਬਰ 2008 ਵਾਲੇ ਦਿਨ ਇਸ ਨੇ ਸੀ. ਬੀ. ਆਈ. ਨੂੰ ਇਸ ਘੁਟਾਲੇ ਦੀ ਤਫਤੀਸ਼ ਕਰਨ ਅਤੇ ਸਮੇਂ ਸਮੇਂ ਪੜਤਾਲ ਦੀ ਸਥਿਤੀ ਬਾਰੇ ਆਪਣੀਆਂ ਰਿਪੋਰਟਾਂ ਅਦਾਲਤ ਨੂੰ ਭੇਜਦੇ ਰਹਿਣ ਦੀ ਹਦਾਇਤ ਕਰ ਦਿੱਤੀ। ਇਹ ਹਦਾਇਤ ਓਦੋਂ ਕੀਤੀ ਗਈ ਜਦੋਂ ਉੱਤਰ ਪ੍ਰਦੇਸ਼ ਸਰਕਾਰ ਨੇ ਅਦਾਲਤ ਨੂੰ ਇਹ ਕਹਿ ਦਿੱਤਾ ਕਿ ਉਸ ਦੀ ਪੁਲਿਸ ਖੁੱਲ੍ਹੇ ਤੌਰ ਉੱਤੇ ਨਿਰਪੱਖਤਾ ਨਾਲ ਅਤੇ ਸੁਤੰਤਰਤਾਪੂਰਨ ਉਨ੍ਹਾਂ ਜੱਜਾਂ ਦੀ ਤਫ਼ਤੀਸ਼ ਨਹੀਂ ਕਰ ਸਕਦੀ, ਜਿਨ੍ਹਾਂ ਉੱਪਰ ਇਸ ਘੁਟਾਲੇ ਵਿਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਹੈ।

ਹੁਣ ਤੱਕ ਸੀ. ਬੀ. ਆਈ. ਵਲੋਂ ਅਦਾਲਤ ਨੂੰ ਚਾਰ ਸਟੇਟਸ ਰਿਪੋਰਟਾਂ ਪੇਸ਼ ਕੀਤੀਆਂ ਜਾ ਚੁੱਕੀਆਂ ਹਨ। ਰਿਪੋਰਟਾਂ ਵੇਖਣ ਤੋਂ ਬਾਅਦ ਬੈਂਚ ਨੇ ਇਹ ਹਦਾਇਤ ਜਾਰੀ ਕੀਤੀ ਕਿ ਇਹ ਰਿਪੋਰਟਾਂ ਮੋਹਰਬੰਦ ਲਿਫ਼ਾਫ਼ੇ ਵਿਚ ਇਸਦੇ ਰਜਿਸਟਰਾਰ ਕੋਲ ਰੱਖੀਆਂ ਜਾਣ। 27 ਮਾਰਚ 2009 ਦੇ ਇੱਕ ਹੁਕਮ ਵਿਚ ਬੈਂਚ ਨੇ ਕਿਹਾ ਸੀ ਕਿ ਸੀ. ਬੀ. ਆਈ. ਨੇ ਕਈ ਨਿਆਂ ਅਧਿਕਾਰੀਆਂ ਕੋਲੋਂ ਪੁੱਛ ਪੜਤਾਲ ਕੀਤੀ ਹੈ। ਬੈਂਚ ਨੇ ਵੇਲੇ ਦੇ ਸੋਲਿਸਟਰ ਜਨਰਲ ਜੀ. ਈ. ਵਾਹਨਵਤੀ (ਜਿਹੜੇ ਕਿ ਹੁਣ ਭਾਰਤ ਦੇ ਅਟਾਰਨੀ ਜਨਰਲ ਹਨ) ਨੂੰ ਕਿਹਾ ਸੀ ਕਿ ਉਹ ਇਸ ਬਾਰੇ ਇੱਕ ਰਿਪੋਰਟ ਪੇਸ਼ ਕਰਨ ਕਿ ਕੀ ਪੜਤਾਲ ਦੌਰਾਨ ਕੋਈ ਇਤਰਾਜ਼ਯੋਗ ਚੀਜ਼ ਸਾਹਮਣੇ ਆਈ ਹੈ। ਇਹ ਰਿਪੋਰਟ ਵੀ, ਜੋ ਕਿ 31 ਮਾਰਚ ਨੂੰ ਪੇਸ਼ ਕੀਤੀ ਗਈ ਸੀ, ਲਿਫ਼ਾਫ਼ੇ ਵਿਚ ਹੀ ਬੰਦ ਪਈ ਹੈ।

ਇਸ ਦੌਰਾਨ 4 ਸਤੰਬਰ ਨੂੰ ਅਦਾਲਤ ਵਿਚ ਦਾਖ਼ਲ ਕੀਤੀ ਗਈ ਆਪਣੀ ਅਰਜ਼ੀ ਵਿਚ ਨਾਹਰ ਸਿੰਘ ਯਾਦਵ ਨੇ ਇਸ ਗੱਲ 'ਤੇ ਅਫਸੋਸ ਪ੍ਰਗਟ ਕੀਤਾ ਸੀ ਕਿ ਸੀ. ਬੀ. ਆਈ. ਨੇ ਸੁਪਰੀਮ ਕਰੋਟ ਵਿਚ ਚਾਰ ਸਟੇਟਸ ਰਿਪੋਰਟਾਂ ਪੇਸ਼ ਕੀਤੇ ਜਾਣ ਦੇ ਬਾਵਜੂਦ ਅਜੇ ਤੱਕ ਕਿਸੇ ਵੀ ਨਿਆਂ ਅਧਿਕਾਰੀ ਵਿਰੁਧ ਨਾ ਤਾਂ ਕੋਈ ਐਫ. ਆਈ. ਆਰ. ਦਰਜ ਕੀਤੀ ਹੈ ਅਤੇ ਨਾ ਹੀ ਕੋਈ ਫਰਦ ਜੁਰਮ ਦਾਖ਼ਲ ਕੀਤੀ ਹੈ। ਹਾਲਾਂਕਿ ਉਨ੍ਹਾਂ ਵਿਚੋਂ ਕਈ ਸੇਵਾ-ਮੁਕਤ ਵੀ ਹੋ ਚੁੱਕੇ ਹਨ। ਸੇਵਾ-ਮੁਕਤ ਹੋਏ ਜੱਜਾਂ ਦੇ ਨਾਂਅ ਐਸ. ਐਲ. ਪੀ. ਦੇ ਪੰਨਾ 48 'ਤੇ ਦਰਜ ਕੀਤੇ ਗਏ ਹਨ। ਇਨ੍ਹਾਂ ਵਿਚੋਂ ਕਈ ਆਪਣੇ-ਆਪਣੇ ਸਮੇਂ ਗਾਜ਼ੀਆਬਾਦ ਦੇ ਜ਼ਿਲਾ ਜੱਜ ਵੀ ਰਹੇ ਸਨ। ਬਿਨੈਕਰਤਾ ਨੇ ਅਦਾਲਤ ਦੇ ਨੋਟਿਸ ਵਿਚ ਇਹ ਗੱਲ ਲਿਆਂਦੀ ਕਿ ਰਮਾ ਜੈਨ ਨੂੰ ਸੁਲਤਾਨਪੁਰ ਤਬਦੀਲ ਕਰ ਦਿੱਤਾ ਗਿਆ ਹੈ, ਜੋ ਕਿ ਗਾਜ਼ੀਆਬਾਦ ਤੋਂ 500 ਕਿਲੋਮੀਟਰ ਤੋਂ ਵੀ ਵਧ ਦੀ ਦੂਰੀ 'ਤੇ ਹੈ।

ਇਹ ਗੱਲ ਬੜੀ ਵਿਅੰਗਮਈ ਹੈ ਕਿ ਸ਼ਿਕਾਇਤਕਰਤਾ ਨੂੰ ਦੂਰ-ਦੁਰਾਡੀ ਥਾਂ ਤਬਦੀਲ ਕਰ ਦਿੱਤਾ ਗਿਆ ਸੀ, ਜਦੋਂ ਕਿ ਬਹੁਤ ਸਾਰੇ ਦੋਸ਼ਾਂ ਦੇ ਘੇਰੇ ਵਿਚ ਆਏ ਨਿਆਂ ਅਧਿਕਾਰੀ ਗਾਜ਼ੀਆਬਾਦ ਵਿਚ ਹੀ ਸੇਵਾ ਨਿਭਾ ਰਹੇ ਹਨ ਜਾਂ ਆਪਣੀ ਮਰਜ਼ੀ ਦੀਆਂ ਥਾਵਾਂ 'ਤੇ ਲੱਗੇ ਹੋਏ ਹਨ। ਇਹ ਗੱਲ ਨਿਰੀਖਕਾਂ ਤੋਂ ਵੀ ਲੁਕੀ ਹੋਈ ਨਹੀਂ ਹੈ। ਸੁਪਰੀਮ ਕੋਰਟ ਸਹੀ ਤੌਰ 'ਤੇ ਇਸ ਗੱਲ ਲਈ ਫ਼ਿਕਰਮੰਦ ਹੈ ਕਿ ਜੇ ਤਫਤੀਸ਼ ਦੇ ਨਤੀਜੇ ਇਸ ਦੇ ਮੁਕੰਮਲ ਹੋਣ ਤੋਂ ਪਹਿਲਾਂ ਜੱਗ-ਜ਼ਾਹਰ ਹੋ ਜਾਂਦੇ ਹਨ ਤਾਂ ਸੰਭਵ ਹੈ ਕਿ ਪ੍ਰਚਾਰ-ਪ੍ਰਸਾਰ ਸਾਧਨ ਹੀ ਇਸ ਬਾਰੇ ਚੀਰ-ਫਾੜ ਕਰਨੀ ਸ਼ੁਰੂ ਕਰ ਦੇਣ। ਪ੍ਰੰਤੂ ਬਿਨੈਕਾਰ ਸੀ. ਬੀ. ਆਈ. ਦੀਆਂ ਤਫ਼ਤੀਸ਼ੀ ਰਿਪੋਰਟਾਂ ਵੇਖਣਾ ਚਾਹੁੰਦੇ ਸਨ, ਕਿਉਂਕਿ ਇਸ ਮਾਮਲੇ ਵਿਚ ਜਨਤਕ ਧਨ ਦੇ ਗਬਨ ਦਾ ਸਵਾਲ ਸ਼ਾਮਲ ਹੈ ਅਤੇ ਨਾਲ ਹੀ ਸਰਕਾਰੀ ਖਾਤਿਆਂ ਵਿਚ ਹੇਰਾ-ਫੇਰੀ ਦਾ ਮਾਮਲਾ ਵੀ ਇਸ ਵਿਚ ਸ਼ਾਮਲ ਹੈ।

ਨਾਹਰ ਸਿੰਘ ਯਾਦਵ ਨੇ ਆਪਣੇ ਸੀਨੀਅਰ ਵਕੀਲ ਅਨਿਲ ਦੀਵਾਨ ਰਾਹੀਂ ਅਦਾਲਤ ਨੂੰ ਇਹ ਬੇਨਤੀ ਕੀਤੀ ਸੀ ਕਿ ਗਾਜ਼ੀਆਬਾਦ ਦੇ ਸੀ. ਬੀ. ਆਈ. ਦੇ ਵਿਸ਼ੇਸ਼ ਜੱਜ ਕੋਲੋਂ ਮੁਕੱਦਮਾ ਬਦਲ ਕੇ ਨਵੀਂ ਦਿੱਲੀ ਦੀ ਸੀ. ਬੀ. ਆਈ. ਅਦਾਲਤ ਵਿਚ ਜਾਂ ਕਿਸੇ ਹੋਰ ਥਾਂ ਤਬਦੀਲ ਕਰ ਦਿੱਤਾ ਜਾਵੇ ਅਤੇ ਇਸ ਮੁਕੱਦਮੇ ਬਾਰੇ ਇੱਕ ਵਿਸ਼ੇਸ਼ ਤਫ਼ਤੀਸ਼ੀ ਟੀਮ ਦਾ ਗਠਨ ਕੀਤਾ ਜਾਵੇ, ਜਿਸ ਦਾ ਮੁਖੀ ਕੋਈ ਅਜਿਹਾ ਸੇਵਾ-ਮੁਕਤ ਪੁਲਿਸ ਅਫਸਰ ਹੋਵੇ, ਜਿਸ ਦੀ ਈਮਾਨਦਾਰੀ ਉੱਤੇ ਸ਼ੱਕ ਨਾ ਕੀਤਾ ਜਾ ਸਕੇ। ਸਰਵਸ੍ਰੀ ਡੀ. ਕੇ. ਜੈਨ, ਵੀ. ਐਸ. ਸਿਰਪੁਰਕਰ ਅਤੇ ਜੀ. ਐਸ. ਸਿੰਘਵੀ ਉੱਤੇ ਆਧਾਰਤ ਬੈਂਚ ਨੇ 20 ਅਕਤੂਬਰ ਨੂੰ ਸ੍ਰੀ ਅਸਥਾਨਾ ਦੀ ਮੌਤ ਬਾਰੇ ਤਫਤੀਸ਼ ਕਰਨ ਲਈ ਵਿਸ਼ੇਸ਼ ਜਾਂਚ ਟੀਮ ਗਠਿਤ ਕਰਨ ਬਾਰੇ ਟੀ. ਆਈ. ਦੇ ਵਕੀਲ ਦੀ ਬੇਨਤੀ ਰੱਦ ਕਰ ਦਿੱਤੀ ਸੀ। ਇਸਨੇ ਕਿਹਾ ਸੀ ਕਿ ਕਿਉਂਕਿ ਇੱਕ ਅਦਾਲਤੀ ਤਫਤੀਸ਼ ਦਾ ਐਲਾਨ ਪਹਿਲਾਂ ਹੀ ਕੀਤਾ ਜਾ ਚੁੱਕਾ ਹੈ, ਇਸ ਲਈ ਮੁਕਾਬਲੇ ਦੀ ਤਫਤੀਸ਼ ਫਜ਼ੂਲ ਹੋਵੇਗੀ।

ਜਦੋਂ ਵਕੀਲ ਪ੍ਰਸ਼ਾਂਤ ਭੂਸ਼ਨ ਨੇ ਇਹ ਕਿਹਾ ਕਿ ਲੋਕ ਕਿਸੇ ਜੁਡੀਸ਼ਲ ਮੈਜਿਸਟਰੇਟ ਦੀ ਤਫਤੀਸ਼ ਵਿਚ ਵਿਸ਼ਵਾਸ ਨਹੀਂ ਕਰਨਗੇ, ਕਿਉਂਕਿ ਜੱਜਾਂ ਉੱਤੇ ਇਸ ਮਾਮਲੇ ਵਿਚ ਸ਼ਾਮਲ ਹੋਣ ਦਾ ਦੋਸ਼ ਹੈ ਅਤੇ ਸੁਝਾਅ ਉਨ੍ਹਾਂ ਨੇ ਇਹ ਦਿੱਤਾ ਕਿ ਜਾਂਚ ਕਿਸੇ ਅਜਿਹੇ ਵਿਅਕਤੀ ਦੀ ਅਗਵਾਈ ਵਿਚ ਇੱਕ ਸਪੈਸ਼ਲ ਇਨਵੈਸਟੀਗੇਸ਼ਨ ਟੀਮ ਕੋਲੋਂ ਕਰਵਾਈ ਜਾਵੇ, ਜਿਸ ਦੀ ਦਿੱਖ ਬੇਦਾਗ ਹੋਵੇ ਤਾਂ ਅਦਾਲਤ ਨੇ ਕਹਿ ਦਿੱਤਾ ਕਿ ਉਹ ਜੁਡੀਸ਼ਲ ਮੈਜਿਸਟਰੇਟ ਦੀ ਰਿਪੋਰਟ ਦਾ ਅਗਲੇ ਅੱਠ ਹਫਤਿਆਂ ਲਈ ਇੰਤਜ਼ਾਰ ਕਰੇਗੀ ਅਤੇ ਅਗਲੀ ਕਾਰਵਾਈ ਇਸ ਤੋਂ ਬਾਅਦ ਹੀ ਹੋਵੇਗੀ। ਬੈਂਚ ਨੇ ਉੱਤਰ ਪ੍ਰਦੇਸ਼ ਸਰਕਾਰ ਨੂੰ ਹਦਾਇਤ ਕੀਤੀ ਕਿ ਉਹ ਅਸਥਾਨਾ ਦੇ ਸਰੀਰ ਵਿਚੋਂ ਲਏ ਗਏ ਵਿਸ਼ੇਸ਼ ਨਮੂਨਿਆਂ ਨੂੰ ਸੀ. ਬੀ. ਆਈ. ਦੇ ਹਵਾਲੇ ਕਰ ਦੇਵੇ, ਤਾਂ ਜੁ ਉਹ ਇਨ੍ਹਾਂ ਦਾ ਪ੍ਰੀਖਣ ਨਵੀਂ ਦਿੱਲੀ ਦੀ ਆਲ ਇੰਡੀਆ ਇੰਸਟੀਚਿਊਟ ਆਫ ਮੈਡੀਕਲ ਸਾਇੰਸਿਜ਼ ਕੋਲ ਭੇਜ ਸਕੇ। ਵਿਸਰਾ ਟੈਸਟ ਤੋਂ ਇਹ ਸਾਬਤ ਹੋਣ ਦੀ ਸੰਭਾਵਨਾ ਹੈ ਕਿ ਅਸਥਾਨਾ ਦੀ ਮੌਤ ਕਿਵੇਂ ਹੋਈ।


ਬੈਂਚ ਨੇ ਰਾਜ ਸਰਕਾਰ ਨੂੰ ਇਹ ਹਦਾਇਤ ਵੀ ਕੀਤੀ ਕਿ ਉਹ ਇਸ ਮੁਕੱਦਮੇ ਦੇ ਗਵਾਹ ਅਤੇ ਦੋਸ਼ੀਆਂ ਨੂੰ ਮੁਨਾਸਬ ਸੁਰੱਖਿਆ ਪ੍ਰਦਾਨ ਕਰੇ। ਪ੍ਰੰਤੂ ਰਾਜ ਦੀ ਪੁਲਿਸ ਇਸ ਗੱਲ ਦਾ ਨਿਰਣਾ ਨਹੀਂ ਕਰ ਪਾ ਰਹੀ ਕਿ ਹਰ ਵਿਅਕਤੀ ਨੂੰ ਕਿਸ ਹੱਦ ਤੱਕ ਸੁਰਖਿਆ ਪ੍ਰਦਾਨ ਕੀਤੀ ਜਾਵੇ, ਕਿਉਂਕਿ ਹੁਣ ਤਫ਼ਤੀਸ਼ੀ ਅਥਾਰਟੀ ਸੀ. ਬੀ. ਆਈ. ਹੈ।

ਬਦਕਿਸਮਤੀ ਵਾਲੀ ਗੱਲ ਇਹ ਹੈ ਕਿ ਸੀ. ਬੀ. ਆਈ. ਓਨੀ ਦੇਰ ਰਾਜ ਪੁਲਿਸ ਨਾਲ ਇਹ ਜਾਣਕਾਰੀ ਸਾਂਝੀ ਨਹੀਂ ਕਰ ਸਕਦੀ, ਜਦੋਂ ਤੱਕ ਸੁਪਰੀਮ ਕੋਰਟ ਕੋਲੋਂ ਉਸਨੂੰ ਸਪੱਸ਼ਟ ਹਦਾਇਤਾਂ ਨਹੀਂ ਮਿਲ ਜਾਂਦੀਆਂ। ਇਸ ਲਈ ਇਸ ਮਾਮਲੇ ਦੇ ਦੂਜੇ ਕੁੰਜੀਵਤ ਗਵਾਹਾਂ ਅਤੇ ਦੋਸ਼ੀਆਂ ਦੀ ਸੁਰੱਖਿਆ ਖ਼ਤਰੇ ਵਿਚ ਜਾਪਦੀ ਹੈ। ਅਸਥਾਨਾ ਦੀ ਮੌਤ ਹੋ ਜਾਣ ਨੇ ਇਸਤਗਾਸਾ ਦੀ ਪ੍ਰਭਾਵਸ਼ੀਲਤਾ ਬਾਰੇ ਸ਼ੰਕੇ ਖੜੇ ਕਰ ਦਿੱਤੇ ਹਨ। ਜੇ ਉਹ ਜ਼ਿੰਦਾ ਹੁੰਦਾ ਤਾਂ ਉਸਨੇ ਇਕਬਾਲੀਆ ਬਿਆਨ ਦੀ ਭਰੋਸੇਯੋਗਤਾ, ਜੋ ਕਿ ਤਾਜ਼ੀਰਾਤ-ਇ-ਹਿੰਦ ਦੀ ਧਾਰਾ 164 ਦੇ ਅਧੀਨ ਮੈਜਿਸਟਰੇਟ ਦੇ ਸਾਹਮਣੇ ਦਰਜ ਕੀਤਾ ਗਿਆ ਸੀ, ਦੀ ਤਸਦੀਕ ਕੀਤੀ ਜਾ ਸਕਦੀ ਸੀ ਅਤੇ ਸਹਿਦੋਸ਼ੀਆਂ ਵਲੋਂ ਉਸ ਉੱਤੇ ਜਿਰ੍ਹਾ ਕੀਤੀ ਜਾ ਸਕਦੀ ਸੀ ਪ੍ਰੰਤੂ ਉਸ ਦੇ ਇਕਬਾਲੀਆ ਬਿਆਨ ਦੀ ਗਵਾਹੀ ਵਜੋਂ ਅਹਿਮੀਅਤ ਇਸ ਗੈਰ ਮੌਜੂਦਗੀ ਕਾਰਨ ਘਟਾਏ ਜਾਣ ਦੀ ਸੰਭਾਵਨਾ ਨਹੀਂ ਹੈ, ਜੋ ਕਿ ਖੁਦ-ਬ-ਖੁਦ ਦਿੱਤਾ ਗਿਆ ਸੀ, ਕਿਉਂਕਿ ਉਸਨੇ ਇਹ ਬਿਆਨ ਆਪਣੀ ਇੱਛਾ ਨਾਲ ਸੁਣਵਾਈ ਕਰਨ ਵਾਲੀ ਅਦਾਲਤ ਸਾਹਮਣੇ ਦਿੱਤਾ ਸੀ।

ਜਿਸ ਮੈਜਿਸਟਰੇਟ ਨੇ ਅਸਥਾਨਾ ਦਾ ਇਕਬਾਲੀਆ ਬਿਆਨ ਰਿਕਾਰਡ ਕੀਤਾ ਸੀ, ਉਸਨੇ ਅਸਥਾਨਾ ਨੂੰ ਕਿਹਾ ਸੀ ਕਿ ਉਸਨੂੰ ਤਾਜ਼ੀਰਾਤ-ਇ-ਹਿੰਦ ਦੀ ਧਾਰਾ 164 ਅਧੀਨ ਬਿਆਨ ਦੇਣ ਦੀ ਲੋੜ ਨਹੀਂ ਹੈ ਅਤੇ ਕਿ ਉਸਦਾ ਇਹ ਬਿਆਨ ਉਸ ਵਿਰੁਧ ਗਵਾਹੀ ਵਜੋਂ ਵੀ ਵਰਤਿਆ ਜਾ ਸਕਦਾ ਹੈ।

ਇਸਦੇ ਬਾਵਜੂਦ ਉਸਨੇ ਅਜਿਹਾ ਕੀਤਾ ਅਤੇ ਇਕਬਾਲ ਕਰ ਲਿਆ। ਕਿਉਂਕਿ ਮੈਜਿਸਟਰੇਟ ਨੇ ਇਕਬਾਲੀਆ ਬਿਆਨ ਦਰਜ ਕਰਨ ਲਈ ਮੁਨਾਸਬ ਵਿਧੀ ਵਰਤੀ ਸੀ, ਇਸ ਲਈ ਇਕ ਸਮਾਇਤ ਅਦਾਲਤ ਵਲੋਂ ਇਸ ਸ਼ਹਾਦਤ ਨੂੰ ਭਰੋਸੇਯੋਗ ਸ਼ਹਾਦਤ ਮੰਨ ਲਏ ਜਾਣ ਦੀ ਸੰਭਾਵਨਾ ਹੈ ਅਤੇ ਉਹ ਇਸ ਦਾ ਬਾਕੀ ਦੀ ਸ਼ਹਾਦਤ ਤੋਂ ਹਾਲਾਤ ਨਾਲ ਮੁਕਾਬਲਾ ਵੀ ਕਰ ਸਕਦੀ ਹੈ। ਇਸ ਲਈ ਤਫ਼ਤੀਸ਼ਕਰਤਾਵਾਂ ਉਪਰ ਇਹ ਬਹੁਤ ਵੱਡੀ ਜ਼ਿੰਮੇਵਾਰੀ ਹੈ ਕਿ ਦੂਜੇ ਸਹਿ ਦੋਸ਼ੀਆਂ ਵਿਰੁਧ ਇਸ ਦੇ ਹੱਕ ਵਿਚ ਸ਼ਹਾਦਤ ਇਕੱਠੀ ਕਰਨ ਅਤੇ ਅਸਥਾਨਾ ਦੇ ਅਦਾਲਤੀ ਇਕਬਾਲ ਨੂੰ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਇੱਕ ਠੋਸ ਸ਼ਹਾਦਤ ਵਜੋਂ ਵਰਤਣ।

**ਜਦੋਂ ਹਾਈ ਕੋਰਟ ਨੇ ਇਹ ਬੇਨਤੀ ਰੱਦ ਕਰ ਦਿੱਤੀ ਤਾਂ ਇਕ ਵਕੀਲ ਨਾਹਰ ਸਿੰਘ ਨੇ ਸੁਪਰੀਮ ਕੋਰਟ ਵਿਚ ਸਪੈਸ਼ਲ ਲੀਵ ਪਟੀਸ਼ਨ ਦਾਇਰ ਕਰ ਦਿੱਤੀ। ਇਸ ਵਿਚ ਇਸ ਘੁਟਾਲੇ ਕਾਰਨ ਸਰਕਾਰੀ ਖਜ਼ਾਨੇ ਨੂੰ ਹੋਏ ਨੁਕਸਾਨ ਦਾ ਅੰਦਾਜ਼ਾ 23 ਕਰੋੜ ਰੁਪਏ ਲਗਾਇਆ ਗਿਆ ਸੀ। ਟ੍ਰਾਂਸਪੇਰੈਂਸੀ ਇੰਟਰਨੈਸ਼ਨਲ ਇੰਡੀਆ (ਟੀ ਆਈ) ਨੇ ਵੀ ਸੁਪਰੀਮ ਕੋਰਟ ਵਿਚ ਇਕ ਅਰਜ਼ੀ ਦਾਖਲ ਕੀਤੀ ਸੀ, ਜਿਸ ਵਿਚ ਇਸ ਮਾਮਲੇ ਬਾਰੇ ਨਿਰਪੱਖ ਜਾਂਚ ਦੀ ਮੰਗ ਕੀਤੀ ਗਈ ਸੀ ਅਤੇ ਅਦਾਲਤ ਦੇ ਰਜਿਸਟਰਾਰ ਜਨਰਲ 'ਤੇ ਇਹ ਦੋਸ਼ ਲਗਾਇਆ ਗਿਆ ਸੀ ਕਿ ਉਹ ਨਿਆਂ ਅਧਿਕਾਰੀਆਂ ਵਿਰੁਧ ਤਫਤੀਸ਼ ਕਰਨ ਲਈ ਪੁਲਸ ਦੇ ਰਸਤੇ ਵਿਚ ਰੋੜੇ ਅਟਕਾ ਰਿਹਾ ਸੀ ਅਤੇ ਇਸ ਲਈ ਉਸਨੂੰ ਇਕ ਉੱਤਰਵਾਦੀ ਬਣਾ ਲਿਆ ਗਿਆ ਸੀ।**



# ਕਸਾਈ-ਕੰਪਿਊਟਰ ਅਤੇ ਕਲਮ ਦੇ ਹਟਕੋਰੇ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਲਗਦਾ ਵੈਸੇ ਇਦਾਂ ਐ, ਜਿਵੇਂ ਜੁੱਗੜੇ ਵਿਹਾ ਗਏ ਹੋਣ। ਪਰ ਹੈਨ ਇਹ ਕੱਲ੍ਹ ਦੀਆਂ ਗੱਲਾਂ। ਕੰਪਿਊਟਰ ਤੋਂ ਮੈਂ ਇਹੀ ਭਾਵ-ਅਰਥ ਲੈਂਦਾ ਹੁੰਦਾ ਸਾਂ ਕਿ ਇਹ ਉਸ 'ਮਸ਼ੀਨ' ਦਾ ਨਾਮ ਹੈ, ਜਿਹੜੀ ਦਫਤਰਾਂ ਵਿਚ ਕਈ ਕਈ ਕਲਰਕਾਂ ਦਾ ਕੰਮ ਇਕੱਲੀ ਹੀ ਕਰੀ ਜਾਂਦੀ ਹੈ। ਡਾਇਰੀਆਂ, ਕੈਲੰਡਰਾਂ ਜਾਂ ਅਖ਼ਬਾਰਾਂ ਵਿਚ ਛਪਦੇ ਵੱਖ-ਵੱਖ ਕੰਪਨੀਆਂ ਦੇ ਇਸ਼ਤਿਹਾਰਾਂ ਦੇ ਥੱਲੇ ਟੈਲੀਫੋਨ ਨੰਬਰਾਂ ਦੇ ਨਾਲ ਲਿਖੀ ਹੋਈ 'ਈ-ਮੇਲ' ਆਈ ਡੀ ਬਾਰੇ ਮੇਰੇ ਮਨ ਵਿਚ ਭੰਬਲਭੂਸਾ ਪਿਆ ਰਹਿੰਦਾ ਸੀ। ਛੋਟੀ 'ਏ-ਬੀ-ਸੀ' ਦੇ ਅੱਖਰਾਂ ਨਾਲ ਲਿਖੀ ਇਕ ਲਾਈਨ ਦੇ ਵਿਚਕਾਰ ਜਿਹੇ 'ਏ' ਦੁਆਲੇ ਖੁਲ੍ਹੇ ਮੂੰਹ ਵਾਲਾ ਗੋਲ ਦਾਇਰਾ ਅਤੇ ਅੱਗੇ 'ਯਾਹੂ' ਜਾਂ 'ਜੀ-ਮੇਲ' ਨਾਲ ਬਿੰਦੀ ਲਾ ਕੇ 'ਕਾਮ'...ਇਹ ਭਲਾ ਕੀ ਬਲਾ ਹੋਈ? ਆਪਣੀ ਬੁੱਧੀ 'ਤੇ ਸਾਰਾ ਜੋਰ ਪਾ ਕੇ ਮੈਂ ਈ-ਮੇਲ ਦਾ ਅਰਥ ਕੱਢਿਆ ਕਰਦਾ ਸਾਂ-ਐਮਰਜੈਂਸੀ-ਮੇਲ! 'ਜਿਹੜੇ ਪਿੰਡ ਜਾਣਾ ਹੀ ਨਾ ਹੋਵੇ, ਉਸਦਾ ਰਾਹ ਨਹੀਂ ਪੁੱਛੀਦਾ'-ਇਸ ਅਖੌਤ ਨੂੰ ਘੁੱਟ ਕੇ ਪੱਲੇ ਬੰਨ੍ਹਦਿਆਂ, ਉਹਾਂ ਈ-ਮੇਲ ਦੇ ਨਾਨਕਿਆਂ-ਦਾਦਕਿਆਂ ਬਾਰੇ ਕਿਸੇ ਨੂੰ ਨਹੀਂ ਸੀ ਪੁੱਛਿਆ ਕਦੇ।


ਬੀਬੀ ਜਗੀਰ ਕੌਰ ਦੇ ਪ੍ਰਧਾਨਗੀ-ਕਾਲ ਸਮੇਂ ਸਾਨੂੰ ਸ਼੍ਰੋਮਣੀ ਕਮੇਟੀ ਦਫਤਰੋਂ ਸੱਦਾ-ਪੱਤਰ ਆਏ ਜਿਨ੍ਹਾਂ ਵਿਚ ਇਹ ਖੁਸ਼ਖਬਰੀ ਦਿੱਤੀ ਗਈ ਸੀ ਕਿ 'ਐਸ.ਜੀ.ਪੀ.ਸੀ.' ਦੇ ਕੰਮਕਾਜ ਦਾ ਕੰਪਿਊਟਰੀਕਰਨ ਕੀਤਾ ਜਾ ਰਿਹਾ ਹੈ। ਸਾਨੂੰ ਇਸ ਦੇ ਉਦਘਾਟਨੀ ਸਮਾਗਮ ਵਿਚ ਹਾਜ਼ਰੀਆਂ ਭਰਨ ਲਈ 'ਸਨਿਮਰ ਅਰਜ਼' ਕੀਤੀ ਹੋਈ ਸੀ। ਗੁਰੂ ਹਰਿਗੋਬਿੰਦ ਨਿਵਾਸ ਦੀ ਬੇਸਮੈਂਟ 'ਚ ਬਣੇ ਹੋਏ ਠੰਢੇ-ਠਾਰ ਕਮਰਿਆਂ ਵਿਚ ਫਿੱਟ ਕੀਤੀਆਂ ਟੀ.ਵੀ. ਵਰਗੀਆਂ ਸਕਰੀਨਾਂ ਜਿਹੀਆਂ ਮੋਹਰੇ ਪਏ ਹੋਏ ਯੰਤਰਾਂ ਦਾ ਕੋਈ ਕਲ-ਪੁਰਜਾ ਦਬਾ ਕੇ, ਬੀਬੀ ਜੀ ਨੇ ਕੰਪਿਊਟਰ ਦਾ ਸ਼ੁੱਭ-ਉਦਘਾਟਨ ਕੀਤਾ। ਬੀਬੀ ਜੀ ਦੇ ਪੀ.ਏ. ਨੇ ਪੂਰੇ ਜੋਸ਼ ਨਾਲ ਜੈਕਾਰਾ ਛੱਡਿਆ। ਸਾਰੇ ਮੈਂਬਰਾਂ ਵਲੋਂ ਗਜਾਏ 'ਬੋਲੇ ਸੋ ਨਿਹਾਲ' ਵਿਚ ਆਪਾਂ ਵੀ ਆਵਾਜ਼ ਰਲਾ ਦਿੱਤੀ। 'ਕੰਪਿਊਟਰਾਈਜ਼ਡ' ਦਾ ਮਤਲਬ ਕੀ ਹੁੰਦਾ ਹੈ? ਜਾਂ ਇਹਦਾ ਫੈਦਾ ਕੀ ਤੇ ਕਿਸਨੂੰ ਹੋਵੇਗਾ? ਇਨ੍ਹਾਂ ਸਵਾਲਾਂ ਤੋਂ ਆਪਾਂ ਕੀ ਲੈਣਾ-ਦੇਣਾ ਸੀ? ਬੱਸ, ਮੂੰਗੀ ਦਾ ਚੋਂਦਾ ਚੋਂਦਾ ਹਲਵਾ ਅਤੇ ਮਟਰ-ਪਨੀਰ ਛਕ ਕੇ ਵਾਪਸ ਪਿੰਡ ਆ ਵੜੇ।

ਇਸ ਤੋਂ ਬਾਅਦ ਢਾਹਾਂ-ਕਲੇਰਾਂ ਦੇ ਅਦਾਰੇ ਵਿਚ, ਜਿੱਥੇ ਮੈਂ ਤ੍ਰੈ-ਮਾਸਿਕ ਮੈਗਜ਼ੀਨ ਦੇ ਉਪ-ਸੰਪਾਦਕ ਵਜੋਂ ਜੌਬ ਕਰ ਰਿਹਾ ਸਾਂ, ਇੰਟਰਨੈੱਟ ਦੀ ਸ਼ੁਰੂਆਤ ਹੋਈ। ਕੈਨੇਡਾ ਤੋਂ ਪਹਿਲੀ ਈ-ਮੇਲ ਆਉਣ ਮੌਕੇ ਇਥੇ ਵੀ ਜੈਕਾਰੇ ਛੱਡਣ ਵਾਲਿਆਂ ਅਤੇ ਖੁਸ਼ੀ ਵਿਚ ਬਰਫੀ ਖਾਣ ਵਾਲਿਆਂ ਵਿਚ ਮੈਂ ਸ਼ਾਮਲ ਸਾਂ। ਕੰਪਿਊਟਰ ਅੱਗੇ ਪਏ ਕੀ ਬੋਰਡ 'ਤੇ ਪਾਣੀ ਵਾਂਗ ਉਂਗਲੀਆਂ ਚਲਾਉਂਦੀ ਕੁੜੀ ਸੁਖਵਿੰਦਰ ਕਈ ਵਾਰ ਮੈਨੂੰ 'ਮਾਊਸ' ਹੱਥ ਵਿਚ ਲੈਣ ਲਈ ਆਖਦੀ। ਪਰ ਮੈਂ ਮਾਊਸ ਤੋਂ ਇੰਜ ਤ੍ਰਹਿੰਦਾ ਸਾਂ ਜਿਵੇਂ ਕਿਤੇ ਉਹ ਬਿਜਲੀ ਦੀ ਨੰਗੀ ਤਾਰ ਹੋਵੇ! ਜਾਂ ਗਲੀਜ਼ ਚੂਹੇ ਨੂੰ ਹੱਥ ਵਿਚ ਲੈਣਾ ਹੋਵੇ। ਕਦੀ ਕਦੀ ਉਸਨੇ ਮੇਰੇ ਮਨ ਵਿਚ ਕੰਪਿਊਟਰ ਸਿੱਖਣ ਦਾ ਚਾਅ ਪੈਦਾ ਕਰਨ ਲਈ, ਗੁਰਮੁਖੀ ਦੇ ਸੋਹਣੇ ਸੋਹਣੇ ਰੰਗ ਬਰੰਗੇ ਅੱਖਰ ਟਾਈਪ ਕਰਨੇ।

ਨਾਲੇ ਆਖਣਾ "ਸਰ ਜੀ, ਦੇਖੋ ਕਿੰਨੀ ਖ਼ੂਬਸੂਰਤੀ ਨਾਲ ਲਿਖਿਆ ਜਾ ਸਕਦਾ ਹੈ ਕੰਪਿਊਟਰ ਨਾਲ!" ਪਰ ਮੈਂ ਆਪਣੀ ਜਥੇਦਾਰੀ ਦੀ ਆਕੜ ਵਿਚ ਕਦੇ ਨਹੁੰ ਨਹੀਂ ਸੀ ਖੁਭਣ ਦਿੱਤਾ। ਉਂਜ ਇਹ ਦੇਖ ਦੇਖ ਹੈਰਾਨ ਹੋਈ ਜਾਂਦਾ ਰਹਿੰਦਾ ਸਾਂ ਕਿ ਇਹ ਉਂਗਲੀਆਂ ਦੇ ਪੋਟੇ ਤਾਂ ਅੰਗਰੇਜ਼ੀ ਦੇ ਏ ਬੀ ਸੀ 'ਤੇ ਮਾਰਦੀ ਹੈ, ਪਰ 'ਮਾਨੀਟਰ' ਉੱਪਰ 'ਕੱਕਾ-ਖੱਖਾ-ਗੱਗਾ' ਛਪੀ ਜਾ ਰਿਹਾ ਹੈ! ਹਾਂ, ਇਥੇ ਰਹਿੰਦਿਆਂ ਮੈਂ ਫੈਕਸ ਕਰਨਾ (ਆਪਣੇ ਚਿੱਤੋਂ ਬੜਾ ਭਾਰਾ ਕੰਮ!) ਦੇਖਾ-ਦੇਖੀ ਹੀ ਸਿੱਖ ਲਿਆ ਸੀ। ਏਦੂੰ ਵਧ ਹੋਰ ਕੁੱਝ ਨਹੀਂ।

ਮੇਰੇ ਪਿੰਡ ਵਾਸੀਆਂ ਨੇ ਫਿਰ ਮੈਨੂੰ ਸਰਪੰਚ ਚੁਣ ਲਿਆ। ਕਈ ਸਾਲ ਕੰਪਿਊਟਰ ਨਾਲ ਸਿੱਧਾ ਜਾਂ ਅਸਿੱਧਾ ਟੱਕਰਨ ਦੀ ਥਾਂ, ਪਿੰਡ ਦੇ ਰਾਸ਼ਨ ਕਾਰਡ, ਪੀਲੇ ਕਾਰਡ, ਗਲੀਆਂ-ਨਾਲੀਆਂ ਬਣਾਉਣ ਜਾਂ ਆਂਗਣਵਾੜੀ ਦੇ ਗੋਰਖਧੰਦੇ ਵਿਚ ਫਸਿਆ ਰਿਹਾ। ਸਰਪੰਚੀ ਅਤੇ ਜਥੇਦਾਰੀ ਦੇ ਟੌਹਰ ਨੇ ਕੰਪਿਊਟਰ ਦੇ ਕੀੜੇ ਨੂੰ ਕਦੇ ਨੇੜੇ ਹੀ ਨਹੀਂ ਸੀ ਫਟਕਣ ਦਿੱਤਾ!

ਜਹਾਂ ਦਾਣੇ-ਤਹਾਂ ਖਾਣੇ ਦੇ ਭਾਣੇ ਅਨੁਸਾਰ ਅਮਰੀਕਾ ਪਹੁੰਚਣ ਤੱਕ ਮੈਂ ਕੰਪਿਊਟਰ ਦਾ ਪੱਕਾ ਦੁਸ਼ਮਣ ਹੀ ਸਾਂ। ਮੇਰੇ ਅਖ਼ਬਾਰ-ਪ੍ਰੀਤ ਸੁਭਾਅ ਦੀ 'ਬਦਨਾਮ ਖ਼ਬਰ' ਅਮਰੀਕਾ ਰਹਿੰਦੀ ਵੱਡੀ ਭੈਣ ਦੇ ਘਰੇ, ਮੈਥੋਂ ਵੀ ਪਹਿਲਾਂ ਪਹੁੰਚੀ ਹੋਈ ਸੀ। ਇਕ ਸ਼ਾਮ, ਪੰਜਾਬ ਦੀਆਂ ਯਾਦਾਂ ਦੇ ਵੇਰਵੇ ਵਿਚ ਰੁੱਸੀ ਹੋਈ ਤੀਵੀਂ ਵਰਗਾ ਮੂੰਹ ਬਣਾਈ ਬੈਠਾ ਸਾਂ। ਮੇਰੇ ਛੋਟੇ ਭਾਣਜੇ ਨੇ ਮੇਰੇ ਹੁਲੀਏ ਤੋਂ ਸਹੀ ਅੰਦਾਜ਼ਾ ਲਾਉਂਦਿਆਂ ਮੁਸਕਰਾ ਕੇ ਪੁੱਛਿਆ-"ਮਾਮਾ ਜੀ, ਪੰਜਾਬ ਦੀ ਕੋਈ ਅਖ਼ਬਾਰ ਪੜ੍ਹਨੀ ਐਂ?"



"ਕਿੱਥੇ ਐ?" ਲਿਸ਼ਕਦੀਆਂ ਅੱਖਾਂ ਅਤੇ ਮੂੰਹ ਉਤਾਂਹ ਨੂੰ ਚੁੱਕ ਕੇ ਮੈਂ ਬਿਹਬਲ ਜਿਹਾ ਹੋ ਕੇ ਪੁੱਛਿਆ। ਬਾਹੋਂ ਫੜ ਕੇ ਉਹ ਮੈਨੂੰ ਇੰਟਰਨੈਟ ਮੋਹਰੇ ਲੈ ਗਿਆ। ਪਲਾਂ-ਛਿਣਾਂ ਵਿਚ ਹੀ ਮਾਨੀਟਰ ਉਪਰ ਛਾਇਆ, ਜਲੰਧਰੋਂ ਛਪਦੀ ਅਖ਼ਬਾਰ ਦਾ ਰੰਗਦਾਰ ਸਫਾ ਦੇਖ ਕੇ ਮੇਰੀਆਂ ਵਰਾਛਾਂ ਖਿੜ ਗਈਆਂ! ਭਾਣਜਾ, ਚਾਅ ਨਾਲ ਸਫੇ ਪਲਟੀ ਗਿਆ ਮੈਂ ਰੀਝਾਂ ਨਾਲ ਪੜ੍ਹਦਾ ਰਿਹਾ। ਇੰਟਰਨੈਟ 'ਤੇ ਕੋਈ ਅਖ਼ਬਾਰ ਪੜ੍ਹਨ ਦਾ, ਇਹ ਮੇਰਾ ਪਹਿਲਾ ਮੌਕਾ ਸੀ।

ਕੰਮ ਤੋਂ ਥੱਕਿਆ-ਹਾਰਿਆ ਜਦੋਂ ਉਹ ਸ਼ਾਮ ਨੂੰ ਘਰੇ ਆਉਂਦਾ ਤਾਂ ਅੱਗਿਉਂ ਮੈਂ 'ਵਿਹਲੜ ਮਾਮਾ' ਨਿਆਣਿਆਂ ਦੇ ਚੀਜੀ ਮੰਗਣ ਵਾਂਗ, ਉਸ ਨੂੰ ਅਖ਼ਬਾਰ 'ਕੱਢ ਕੇ ਦੇਣ' ਲਈ ਕਹਿਣ ਲੱਗ ਪੈਂਦਾ ਸਾਂ। ਦੋ ਚਾਰ ਕੁ ਦਿਨ ਤਾਂ ਉਹ ਮੇਰਾ ਆਖਾ ਮੰਨਦਾ ਰਿਹਾ। ਪਰ ਇਕ ਦਿਨ ਉਸਨੇ ਬਦੋ-ਬਦੀ ਮੈਨੂੰ ਕੰਪਿਊਟਰ ਵਾਲੀ ਕੁਰਸੀ 'ਤੇ ਬਿਠਾ ਦਿੱਤਾ। ਉਹ ਉਹ 'ਇੰਸਟ੍ਰਕਟਰ' ਬਣ ਕੇ ਮੇਰੇ ਸਿਰ 'ਤੇ ਖੜ੍ਹ ਗਿਆ। ਪਹਿਲੀ ਵਾਰ ਮੈਂ ਮਾਊਸ ਨੂੰ ਇੰਜ ਹੱਥ ਪਾਇਆ ਜਿੱਦਾਂ ਹਲ ਦਾ ਮੁੰਨਾ ਫੜੀਦੈ। ਪੈਡ ਉਪਰ ਹਲਿਆਈ ਵਗਲਣ ਵਾਂਗੂ ਮਾਊਸ ਘੁਮਾਇਆ। ਮਾਨੀਟਰ ਉਪਰ ਤੈਰਦਾ 'ਪੁਆਂਇਟਰ' ਪਤਾ ਨਹੀਂ ਕਿੱਧਰ ਜਾ ਚੜ੍ਹਿਆ!...ਸੁੱਖ ਸਬੀਲੀ ਨਾਲ ਪਹਿਲਾ ਸਬਕ ਪੂਰਾ ਹੋ ਗਿਆ।

ਹੁਣ ਤੱਕ 'ਕੰਪਿਊਟਰ ਸ਼੍ਰੀਮਾਨ' ਦਾ ਕੇਵਲ ਬਾਹਰੀ ਸਰੂਪ ਹੀ ਤੱਕਿਆ ਹੋਇਆ ਸੀ। ਲੇਕਿਨ ਆਪਣੇ ਭਾਣਜੇ ਦੀ ਕ੍ਰਿਪਾ ਸਦਕਾ ਜਦ ਇਸਦੇ ਅੰਦਰੋਂ ਦਰਸ਼ਨ ਕੀਤੇ ਤਾਂ ਇਹ ਜਾਣ ਕੇ ਹੈਰਾਨੀ ਨਾਲ ਮੂੰਹ ਅੱਡਿਆ ਹੀ ਰਹਿ ਗਿਆ! ਕਿ ਇਹਦੇ ਵਿਚ ਤਾਂ ਸਮੁੱਚੇ ਬ੍ਰਹਿਮੰਡ ਦੀ ਜਾਣਕਾਰੀ ਦੇ ਅੰਬਾਰ ਲੱਗੇ ਪਏ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਵਨ ਪਾਠ, ਕਥਾ, ਕੀਰਤਨ, ਢਾਡੀ ਵਾਰਾਂ ਅਤੇ ਹੋਰ ਬਹੁਤ ਕੁਝ ਉਪਲਬੱਧ ਹੈ ਇਸ ਵਿਚ। ਹੌਲੀ ਹੌਲੀ ਮਨ-ਪਸੰਦ ਦੀਆਂ 'ਸਾਈਟਾਂ' ਕੱਢਣ ਦੀ ਜਾਚ ਵੀ ਭਾਣਜੇ ਨੇ ਮੈਨੂੰ ਸਿਖਾ ਦਿੱਤੀ। ਇੱਕ ਦਿਨ ਹਾਸੇ ਹਾਸੇ ਵਿਚ ਉਸਨੇ ਮੇਰੀ 'ਈ-ਮੇਲ' ਆਈ ਡੀ ਵੀ ਬਣਾ ਦਿੱਤੀ। ਨਾਲੇ ਰੋਜ਼ ਦੀ ਰੋਜ਼ ਇਸ ਨੂੰ ਚੈੱਕ ਕਰਨ ਦਾ ਵਲ ਵੀ ਸਿਖਾਇਆ।

ਇਨ੍ਹਾਂ ਹੀ ਦਿਨਾਂ ਵਿਚ ਮੈਂ ਅਮਰੀਕਨ ਪੰਜਾਬੀ ਅਖ਼ਬਾਰਾਂ ਵਿਚ ਛੋਟੇ-ਮੋਟੇ ਆਰਟੀਕਲ ਲਿਖਣ ਲੱਗ ਪਿਆ ਸਾਂ। ਇਨ੍ਹਾਂ ਲਿਖਤਾਂ ਦੀ ਪੜਚੋਲ ਕਰਦਿਆਂ, ਆਪਣੇ ਵਿਚਾਰ ਈ-ਮੇਲ ਰਾਹੀਂ ਭੇਜੇ ਹੇਵਰਡ ਵਾਸੀ ਬਲਵਿੰਦਰ ਸਿੰਘ ਖਾਲਸਾ ਨੇ। ਇੰਜ ਇਹ ਪਹਿਲੀ 'ਸੁਭਾਗੀ ਈ-ਮੇਲ' ਸੀ ਜੋ ਮੈਂ ਚਾਈਂ-ਚਾਈਂ ਪੜ੍ਹਨ ਦਾ ਲੁਤਫ਼ ਲਿਆ। ਕਹਿਣ ਦਾ ਭਾਵ, ਕੰਪਿਊਟਰ ਨਾਲ ਆੜੀ ਪੈਣ ਦੇ ਇਹ ਅਰੰਭਲੇ ਦਿਨ ਸਨ।

ਇਧਰ 'ਪੰਜਾਬ ਟਾਈਮਜ਼' ਨਾਲ ਜੁੜਨ ਕਰਕੇ ਮੇਰੇ ਪਾਠਕਾਂ/ਪ੍ਰਸ਼ੰਸਕਾਂ ਦਾ ਘੇਰਾ ਵਿਸ਼ਾਲ ਹੋ ਗਿਆ, ਉਧਰ 'ਆਪਣੇ ਘਰ' ਚਲੇ ਜਾਣ ਕਾਰਨ, ਨੈਟ ਦੀ ਵਰਤੋਂ ਬਾਰੇ ਭਾਣਜੇ ਪਾਸੋਂ 'ਲੈਸਨ' ਲੈਣ ਦੀ ਲੜੀ ਟੁੱਟ ਗਈ। ਕੁਝ ਉਹਣੀ ਬੇਟੀ ਦੀ ਮਦਦ ਨਾਲ ਅਤੇ ਕੁਝ ਉਹੇ ਈ ਟੱਕਰਾਂ-ਟੁੱਕਰਾਂ ਮਾਰਦਿਆਂ, ਹੱਥ-ਲਿਖਤ ਸਮਗਰੀ ਸਕੈਨ ਕਰਕੇ ਈ-ਮੇਲ ਕਰਨੀ ਸਿੱਖ ਲਈ। ਇਸ ਤੋਂ ਪਹਿਲਾਂ ਮੈਂ ਉਹਣੇ ਆਰਟੀਕਲ ਫੈਕਸ ਰਾਹੀਂ ਜਾਂ ਡਾਕ ਦੇ ਖਰਚੀਲੇ ਢੰਗ ਨਾਲ ਭੇਜਿਆ ਕਰਦਾ ਸਾਂ। ਅਖੇ, ਕੀੜੀ ਨੂੰ ਕੂੰਡਾ ਹੀ ਦਰਿਆ ਹੁੰਦਾ ਹੈ! ਲਿਖਤਾਂ ਦੀਆਂ ਫੋਟੋ-ਕਾਪੀਆਂ, ਲਿਫਾਫਿਆਂ 'ਤੇ ਮਹਿੰਗੇ ਭਾਅ ਦੀਆਂ ਟਿਕਟਾਂ ਲਗਾ ਕੇ ਮੇਲ ਕਰਨ ਦਾ ਝੰਜਟ ਛੱਡ ਕੇ, ਸਕੈਨ ਕਰਨੀ ਮੈਂ ਇੰਜ ਸਿੱਖੀ ਸੀ, ਜਿਵੇਂ ਕੋਈ ਬਹੁਤ ਵੱਡੀ ਟੀਸੀ ਸਰ ਕਰ ਲਈ ਹੋਵੇ। ਲੇਕਿਨ 'ਮੰਜ਼ਿਲੇਂ ਔਰ ਭੀ ਹੈਂ' ਦੇ ਕਹਿਣ ਵਾਂਗ ਮਿੱਤਰਾਂ ਦੋਸਤਾਂ, ਖ਼ਾਸ ਕਰਕੇ ਸੰਪਾਦਕਾਂ ਨੇ ਮੈਨੂੰ ਇੱਕ ਨਵਾਂ ਸੁਝਾਅ ਦੇਣਾ ਸ਼ੁਰੂ ਕਰ ਦਿੱਤਾ। ਉਹ ਇਹ ਕਿ ਮੈਂ ਹੱਥ ਨਾਲ ਲਿਖਣਾ ਛੱਡ ਕੇ ਕੰਪਿਊਟਰ ਟਾਈਪ ਕਰਨੀ ਸਿੱਖ ਲਵਾਂ।

ਦੇਖਣ-ਸੁਣਨ ਨੂੰ ਇਹ ਸਲਾਹ ਬੜੀ ਪਿਆਰੀ ਅਤੇ ਮਾਡਰਨ ਯੁਗ ਦੀ ਹਾਣਣ ਲੱਗਦੀ ਹੈ। ਹੈ ਵੀ ਇਹ ਦਰੁਸਤ ਕਿ ਕੌਣ ਪੈਨ ਪੇਪਰ ਗੱਤੇ ਲੱਭਦਾ ਫਿਰੇ? ਲੈਪਟਾਪ ਖੋਲ੍ਹੋ, ਟਿਕ-ਟਿਕ-ਟਿਕ ਉਂਗਲੀਆਂ ਚਲਾਉ ਤੇ ਟਾਈਪ ਕੀਤੀ ਹੋਈ ਸਮਗਰੀ, ਪਲਾਂ ਛਿਣਾਂ ਵਿਚ ਹੀ ਦੁਨੀਆਂ ਭਰ ਦੀਆਂ ਅਖ਼ਬਾਰਾਂ ਜਾਂ ਵੈਬ-ਸਾਈਟਾਂ ਨੂੰ ਭੇਜ ਦਿਉ।

ਲੇਖਕ ਦੋਸਤਾਂ ਦੇ ਦੱਸਣ ਮੁਤਾਬਿਕ, ਵਧ ਤੋਂ ਵਧ ਦੋ ਹਫਤਿਆਂ ਵਿਚ ਹੀ ਟਾਈਪ ਕਰਨੀ ਸਿੱਖੀ ਜਾ ਸਕਦੀ ਹੈ। ਮੈਨੂੰ ਉਹਣੇ ਉਹ 'ਤੇ ਭਰੋਸਾ ਵੀ ਹੈ ਕਿ ਬੜੀ ਨਿਪੁੰਨਤਾ ਨਾਲ ਮੈਂ ਇਹ ਕੰਮ ਸਿੱਖ ਸਕਦਾ ਹਾਂ। ਇਹ ਕੋਈ ਐਵਰੈਸਟ ਦੀ ਚੋਟੀ ਨਹੀਂ ਜੋ ਮੈਂ ਚੜ੍ਹ ਨਹੀਂ ਸਕਦਾ! ਪਰ ਹੁਣ ਤੱਕ ਟਾਈਪ ਕਰਨੀ ਸਿੱਖੀ ਕਿਉਂ ਨਹੀਂ? ਜਾਂ ਹੁਣੇ ਸਿੱਖਣੀ ਸ਼ੁਰੂ ਕਿਉਂ ਨਹੀਂ ਕਰ ਦਿੰਦਾ? ਇਨ੍ਹਾਂ ਸਵਾਲਾਂ ਦਾ ਜਵਾਬ ਮੇਰੇ ਇੱਕ 'ਜਜ਼ਬਾਤੀ ਸ਼ੌਕ ਨਾਲ ਜੁੜਿਆ ਹੋਇਆ ਹੈ। ਜੋ ਸ਼ਾਇਦ ਕਿਸੇ ਲਈ ਮਜ਼ਾਕ ਦਾ ਵਿਸ਼ਾ ਹੀ ਹੋਵੇ। ਪ੍ਰੰਤੂ ਮੇਰੇ ਲਈ ਅਜਿਹਾ ਨਹੀਂ।

ਸਕੂਲੀ ਪੜ੍ਹਾਈ ਤੋਂ ਲੈ ਕੇ ਹੁਣ ਤੱਕ, ਜੇਬ ਨੂੰ ਪੈਨ ਲਾ ਕੇ ਰੱਖਣ ਦਾ ਮੇਰਾ ਸ਼ੌਕ ਬਦਸਤੂਰ ਚਲਦਾ ਆ ਰਿਹਾ ਹੈ। ਮੇਰਾ ਉਹਣੇ ਬਾਰੇ ਕਥਨ ਹੈ ਕਿ ਇਹ ਤਾਂ ਹੋ ਸਕਦੈ, ਮੇਰੀ ਜੇਬ ਵਿਚ ਕੋਈ ਪੈਸਾ ਧੇਲਾ ਨਾ ਹੋਵੇ, ਪਰ ਮੇਰੀ ਜੇਬ ਕਦੇ ਪੈਨ ਜਾਂ ਕਾਗਜ਼ ਤੋਂ ਸੁੰਨੀ ਨਹੀਂ ਹੋ ਸਕਦੀ। ਘਰ ਤੋਂ ਕਿਤੇ ਦੂਰ ਦੁਰਾਡੇ ਜਾਣ ਵੇਲੇ ਮੇਰੀ ਤਿਆਰੀ ਪੈਨ ਪੇਪਰਾਂ ਤੋਂ ਸ਼ੁਰੂ ਹੁੰਦੀ ਹੈ। ਸਫ਼ਰ ਦੌਰਾਨ ਮੇਰੀ ਜੇਬ ਨਾਲ ਅਕਸਰ ਦੋ ਪੈਨ ਲਟਕਦੇ ਹੁੰਦੇ ਹਨ। ਪੰਜਾਬ ਰਹਿੰਦਿਆਂ ਬੱਸ ਸਫਰ ਦੌਰਾਨ ਮਿਲੀਆਂ ਟਿਕਟਾਂ ਦੇ ਪਿਛਲੇ ਪਾਸੇ ਟੋਟਕੇ ਜਾਂ ਯਾਦ ਰੱਖਣਯੋਗ ਗੱਲਾਂ ਅਤੇ ਸ਼ਿਅਰ ਲਿਖਣੇ, ਮੇਰੀ ਪੱਕੀ ਆਦਤ ਬਣੀ ਰਹੀ। ਪਲੇਨ ਕਾਗਜ਼ ਦਾ ਅੱਧ-ਪਚੱਧਾ ਕੋਈ ਟੁਕੜਾ ਮੇਰੇ ਹੱਥ ਆ ਜਾਏ ਸਹੀ। ਜਦ ਤੱਕ ਮੈਂ ਉਹਦੇ 'ਤੇ ਚਾਰ ਅੱਖਰ ਲਿਖ ਨਹੀਂ ਲੈਂਦਾ ਤਦ ਤੱਕ ਮੈਨੂੰ ਚੈਨ ਨਹੀਂ ਆਉਂਦਾ। ਇਸ ਅਵੱਲੇ ਸ਼ੌਕ ਦੀ ਬਦੌਲਤ ਮੈਂ 1971 ਤੋਂ ਸੰਨ 89-90 ਤੱਕ ਰੋਜ਼ਾਨਾ ਨਿੱਜੀ ਡਾਇਰੀ ਲਿਖਦਾ ਰਿਹਾ ਹਾਂ। ਮੇਰੇ ਪਿੰਡ ਵਾਲੇ ਘਰ ਦੀ ਅਲਮਾਰੀ ਵਿਚ ਪੁਰਾਣੀਆਂ ਡਾਇਰੀਆਂ ਦੀ ਇਵੇਂ ਧਾਂਕ ਲੱਗੀ ਪਈ ਹੈ, ਜਿਵੇਂ ਐਫ.ਸੀ.ਆਈ. ਦੇ ਗੋਦਾਮ ਵਿਚ ਕਣਕ ਦੀਆਂ ਬੋਰੀਆਂ ਚਿਣੀਆਂ ਹੁੰਦੀਆਂ ਨੇ। ਇਹ ਅਮੁੱਲਾ ਸਰਮਾਇਆ ਮੇਰੇ ਪੈਨ ਮੋਹ ਸਦਕਾ ਹੀ ਹੋਂਦ ਵਿਚ ਆ ਸਕਿਆ। ਕਿਸੇ ਦੂਸਰੇ ਸ਼ਹਿਰ ਵਿਚ ਗਿਆ ਹੋਇਆ ਹੋਵਾਂ ਤਾਂ ਨਵੇਂ ਪੈਨ-ਡਾਇਰੀਆਂ ਖਰੀਦਣ ਲਈ ਮੈਂ ਉਥੇ ਸਟੇਸ਼ਨਰੀ ਦੀ ਦੁਕਾਨ ਭਾਲਣੋਂ ਕਦੇ ਨਹੀਂ ਉੱਕਦਾ!

ਜਨੂੰਨ ਦੀ ਹੱਦ ਤੱਕ ਪਹੁੰਚੀ ਹੋਈ ਮੇਰੀ 'ਪੈਨ-ਪ੍ਰੀਤੀ' ਦੇ ਕਾਰਨ ਜਾਨਣ ਲਈ ਮੈਨੂੰ ਉਹਣੇ ਮੂੰਹ ਮੀਆਂ ਮਿੱਠੂ ਬਣਨ ਦੀ ਥੋੜ੍ਹੀ ਜਿਹੀ ਇਜਾਜ਼ਤ ਦਿਉ। ਪਹਿਲੋਂ ਪਹਿਲ ਚੁੱਲ੍ਹੇ ਵਿਚ ਬਲੇ ਗੋਟਿਆਂ ਦੀ ਸੁਆਹ, ਪੱਧਰੀ ਧਰਤੀ ਉਤੇ ਬਲੂਰ ਕੇ, ਮੈਂ 'ਪੈਂਤੀ ਅੱਖਰੀ' ਸਿੱਖਣੀ ਸ਼ੁਰੂ ਕੀਤੀ। ਮੇਰੇ ਬਾਪ ਨੇ ਗੁਰਮੁਖੀ ਲਿੱਪੀ ਦੇ ਅੱਖਰਾਂ ਦੀ ਗੋਲਾਈ ਅਤੇ ਨੁਕੀਲੇਪਣ ਵਾਲੇ ਵਿਸ਼ੇਸ਼ ਰੂਪ ਨੂੰ ਮੇਰੇ ਹਿਰਦੇ ਵਿਚ ਵਸਾਉਣ ਲਈ ਬੜਾ ਤਰੱਦਦ ਕੀਤਾ। 'ਯੱਯਾ' ਅਤੇ 'ਣਾਣਾ' ਸਹੀ ਰੂਪ ਵਿਚ ਲਿਖਣ ਲਈ ਕਈ ਵਾਰੀ ਚੁਪੇੜਾਂ ਵੀ ਖਾਧੀਆਂ। ਇਸੇ ਕਰਕੇ ਸੱਤਵੀਂ-ਅੱਠਵੀਂ ਤੱਕ ਫਟੀ ਲਿਖਦਿਆਂ ਹਮੇਸ਼ਾ ਮੈਨੂੰ ਦਸ ਬਟਾ ਦਸ ਨੰਬਰ ਮਿਲਦੇ ਹੁੰਦੇ ਸਨ। ਕਈ ਵਾਰੀ ਮਾਸਟਰ ਜੀ ਮੇਰੀ ਫੱਟੀ ਅਤੇ ਮੇਰੀਆਂ ਕਾਪੀਆਂ ਉਤਾਂਹ ਨੂੰ ਚੁੱਕ ਕੇ ਸਾਰੀ ਜਮਾਤ ਨੂੰ ਦਿਖਾਉਂਦਿਆਂ ਕਿਹਾ ਕਰਦੇ ਸਨ- "ਅਹਿ ਦੇਖੋ ਓਏ, ਕਿਵੇਂ ਮੋਤੀ ਪਰੋਏ ਹੋਏ ਨੇ!" ਉਹਣੀ ਖੁਸ਼ਖਤ ਲਿਖਾਈ ਨਾਲ ਸਬੰਧਿਤ ਕਈ ਹੋਰ ਦਿਲਚਸਪ ਵਾਕਿਆਤ ਇਥੇ ਲਿਖ ਕੇ ਮੈਂ ਸੱਚੀਂ-ਮੁੱਚੀਂ ਮੀਆਂ ਮਿੱਠੂ ਨਹੀਂ ਬਣਨਾ ਚਾਹੁੰਦਾ। ਉਹਣੀ ਤਹਿਰੀਰ ਮੁਕਾਵਾਂ!

ਸੁਣਿਆ ਹੈ ਕਿ ਸਿਰਦਾਰ ਕਪੂਰ ਸਿੰਘ ਜੀ ਨੇ ਬੁਢਾਪੇ ਵਿਚ ਅਧਰੰਗ ਦਾ ਸ਼ਿਕਾਰ ਹੋ ਜਾਣ ਦੇ ਬਾਵਜੂਦ, ਚੂੜੀਦਾਰ ਪਜ਼ਾਮਾ ਪਹਿਨਣ ਦਾ ਉਹਨਾ ਸ਼ੌਕ ਨਹੀਂ ਸੀ ਛੱਡਿਆ। ਬੇ-ਸ਼ੱਕ ਉਨ੍ਹਾਂ ਨੂੰ ਇਹ ਪਹਿਨਣ ਲੱਗਿਆਂ ਕਾਫੀ ਲਾਚਾਰਗੀ ਮਹਿਸੂਸ ਹੁੰਦੀ ਸੀ। ਹੁਣ ਮੈਂ ਜਦੋਂ ਕਦੇ ਉਲਾਰ ਚਿੱਤ ਹੋ ਕੇ ਕੰਪਿਊਟਰ 'ਤੇ ਪੰਜਾਬੀ ਟਾਈਪ ਕਰਨ ਲਈ ਬੈਠਦਾ ਹਾਂ, ਤਾਂ ਮੈਨੂੰ ਉਹਣੀ ਜੇਬ ਨਾਲ ਲਗੇ ਪੈਨ ਦੇ ਹਟਕੋਰੇ ਸੁਣਦੇ ਮਹਿਸੂਸ ਹੁੰਦੇ ਹਨ! ਤਬਦੀਲੀ ਜਾਂ ਵਿਕਾਸ ਦੀ ਚਾਲ ਨੂੰ ਡੱਕਿਆ ਨਹੀਂ ਜਾ ਸਕਦਾ। ਨਵੀਆਂ ਕਾਢਾਂ, ਪਹਿਲੀਆਂ ਨੂੰ ਹੜੱਪੀ ਜਾ ਰਹੀਆਂ ਹਨ। ਕੰਪਿਊਟਰ ਨੇ ਕਿਤਾਬਾਂ ਨੂੰ ਵੀ ਲਾਲ ਝੰਡੀ ਦਿਖਾਲੀ ਹੋਈ ਹੈ। ਗੁਰਭਜਨ ਸਿੰਘ ਗਿੱਲ ਤੌਖਲਾ ਪ੍ਰਗਟ ਕਰਦੇ ਨੇ- "ਡੱਬੇ ਅੰਦਰ ਬੰਦ ਕਿਆਮਤ, ਕਿੰਦਾਂ ਰਹੂ ਕਿਤਾਬ ਸਲਾਮਤ!"

ਇੰਟਰਨੈਟ ਨਾਲ 'ਅੱਖੀਆਂ ਲਾਉਣ' ਵਾਲੇ ਪਤੀਆਂ ਦੀਆਂ ਪਤਨੀਆਂ ਨੂੰ ਹਾਈ ਬਲੱਡ-ਪ੍ਰੈਸ਼ਰ ਦੀ ਬਿਮਾਰੀ ਦਾ ਪ੍ਰਸ਼ਾਦ ਦੇਣ ਵਾਲੇ ਕੰਪਿਊਟਰ ਨੇ ਕਿਤਾਬਾਂ ਤੋਂ ਬਾਅਦ ਹੁਣ ਕਲਮਾਂ ਵਲ ਧਾਵਾ ਬੋਲਿਆ ਹੋਇਆ ਹੈ। ਜਾਪਦਾ ਹੈ ਇਸ ਕਸਾਈ ਨੇ ਕਲਮਾਂ ਦੇ ਹਟਕੋਰਿਆਂ ਦੀ ਪ੍ਰਵਾਹ ਨਹੀਂ ਕਰਨੀ!! ਰੱਬ ਖ਼ੈਰ ਕਰੇ!!!

# ਅਸੀਂ ਖੋਟੀਆਂ ਕਿਸਮਤਾਂ ਵਾਲੇ

**ਪਰਮਿੰਦਰ ਕੁਮਾਰ ਲੌਂਗੋਵਾਲ**

ਕਈ ਦਿਨ ਪਹਿਲਾਂ ਮੈਂ ਰੋਜ਼ਾਨਾ ਦੀ ਤਰ੍ਹਾਂ ਸਕੂਲ ਜਾਣ ਲਈ ਸਰਕਾਰੀ ਬੱਸ ਲਈ ਤਾਂ ਡਰਾਈਵਰ ਦੀ ਸੀਟ ਦੇ ਖੱਬੇ ਪਾਸੇ ਲਿਖਿਆ ਹੋਇਆ ਸੀ, "ਅਸੀਂ ਖੋਟੀਆਂ ਕਿਸਮਤਾਂ ਵਾਲੇ, ਕਿਹੜੇ-ਕਿਹੜੇ ਦੁੱਖ ਦਸੀਏ।" ਇਹ ਪੜ੍ਹ ਕੇ ਮੈਂ ਕਦੇ ਡਰਾਈਵਰ, ਕਦੇ ਕੰਡਕਟਰ ਤੇ ਕਦੇ ਸਹੁਰੇ ਘਰ ਪਹੁੰਚਣ ਤੋਂ ਪਹਿਲਾਂ ਹੀ ਵਿਧਵਾ ਹੋਣ ਵਾਲੀ ਪੀ. ਆਰ. ਟੀ. ਸੀ. ਦੀ ਬੱਸ ਬਾਰੇ ਸੋਚਦਾ ਰਿਹਾ ਕਿ ਇਨ੍ਹਾਂ ਵਿਚੋਂ ਕੌਣ ਇਹ ਸ਼ਬਦ ਬੋਲ ਰਿਹਾ ਹੈ। ਮੇਰਾ ਮਨ ਇਸ ਵਾਕ ਵਿਚੋਂ ਕੁਝ ਲੱਭਣ ਲਈ ਯਤਨਸ਼ੀਲ ਰਿਹਾ ਤੇ ਅਚਾਨਕ ਇਕ ਰਾਤ ਨੂੰ ਮੈਂ ਜੋ ਸੁਪਨਾ ਦੇਖਿਆ, ਉਸ ਵਿਚੋਂ ਮੈਨੂੰ ਸਾਰਾ ਕੁਝ ਹੀ ਲੱਭ ਗਿਆ। ਸੁਪਨੇ ਵਿਚ ਮੈਂ ਕੀ ਦੇਖਿਆ ਕਿ ਇਕ ਵੱਡੀ ਸਾਰੀ ਉਚੀ ਕੁਰਸੀ 'ਤੇ ਇਕ ਚਿੱਟੇ ਕੱਪੜੇ ਪਾਈ ਸਫੈਦ ਦਾੜ੍ਹੀ ਵਾਲਾ ਬਾਬਾ, ਜਿਸ ਦੇ ਪਿੱਛੇ ਧਰਮਰਾਜ ਦੀ ਪਲੇਟ ਲੱਗੀ ਹੋਈ ਸੀ, ਬੈਠਿਆ ਹੋਇਆ ਹੈ। ਉਸ ਨੇ ਉਹਣੀ ਕਚਹਿਰੀ ਲਗਾਈ ਹੋਈ ਹੈ ਜਿਸ ਵਿਚ ਹਰ ਕੋਈ ਉਹਣੇ ਉਹਣੇ ਦੁੱਖ ਦੱਸ ਰਿਹਾ ਹੈ ਪਰ ਧਰਮਰਾਜ ਸੁਣਦਾ ਬਹੁਤ ਧਿਆਨ ਨਾਲ ਹੈ ਤੇ ਹੱਲ ਕੋਈ ਨਹੀਂ ਦੱਸ ਰਿਹਾ। ਸਭ ਤੋਂ ਪਹਿਲਾਂ ਇਕ ਗਰੀਬ ਮਜ਼ਦੂਰ ਖੜ੍ਹਾ ਹੁੰਦਾ ਹੈ ਤੇ ਮਹਿੰਗਾਈ ਦੀ ਮਾਰ ਦਾ ਮਰਿਆ ਹੋਇਆ ਬੜੀ ਮੱਧਮ ਆਵਾਜ਼ ਵਿਚ ਕਹਿੰਦਾ ਹੈ, "ਹੇ ਮਹਾਰਾਜ! ਸਰਕਾਰ ਅੰਨ੍ਹੀ-ਬੋਲੀ ਤੇ ਗੂੰਗੀ ਹੋ ਚੁੱਕੀ ਹੈ, ਡਾਂਗਾਂ ਖਾ ਚੁੱਕੇ ਹਾਂ, ਉਹਣੇ ਤੇ ਉਹਣੇ ਪਰਿਵਾਰ ਲਈ ਦੋ ਵਕਤ ਦੀ ਰੋਟੀ ਗੰਢੇ ਨਾਲ ਵੀ ਖਾਣ ਦੇ ਸਮਰੱਥ ਨਹੀਂ, ਦਾਲ ਦਾ ਤਾਂ ਮੈਂ ਸੁਪਨੇ ਵਿਚ ਵੀ ਸੋਚ ਨਹੀਂ ਸਕਦਾ। ਕੀ ਤੁਸੀਂ ਕੋਈ ਹੱਲ ਕਰੋਗੇ ਜਾਂ ਫਿਰ ਸਾਰਾ ਪਰਿਵਾਰ ਸਲਫਾਸ ਦੀਆਂ ਗੋਲੀਆਂ ਖਾ ਕੇ ਤੁਹਾਡੇ ਚਰਨਾਂ ਵਿਚ ਆ ਬਿਰਾਜੀਏ?" ਇਸ ਤੋਂ ਬਾਅਦ ਇਕ ਹਰੇ ਰੰਗ ਦੀ ਪੱਗ ਬੰਨ੍ਹੀ ਕਿਸਾਨ ਖੜ੍ਹਾ ਹੁੰਦਾ ਹੈ ਜੋ ਅਰਜ਼ ਕਰਦਾ ਹੈ, "ਮਹਾਰਾਜ! ਅੱਜ ਐਨਾ ਵੱਡਾ ਧੱਕਾ, ਕਲਯੁੱਗ ਤਾਂ ਸੁਣਿਆ ਸੀ, ਪਰ ਆਹ ਹਨੇਰਾ ਯੁੱਗ ਤਾਂ ਕਦੇ ਨਹੀਂ ਸੀ ਸੋਚਿਆ। ਸਾਡੇ ਤੋਂ ਮੂੰਗੀ 40 ਰੁਪਏ ਕਿਲੋ ਲੈਂਦੇ ਤੇ ਸਾਨੂੰ ਹੀ 90-100 ਰੁਪਏ ਵੇਚੀ ਜਾਂਦੇ ਨੇ, ਤੁਸੀਂ ਕੁਝ ਕਰੋਗੇ ਜਾਂ ਫਿਰ ਅਸੀਂ ਕਰੀਏ ਉਨ੍ਹਾਂ ਦੀ...।"

ਕਿਸਾਨ ਅਜੇ ਬੈਠਣ ਦੀ ਤਾਕ ਵਿਚ ਸੀ ਕਿ ਇਕ ਸਫੈਦ ਕੁੜਤਾ ਪਜਾਮਾ ਪਹਿਨੀ ਤੇ ਸਿਰ 'ਤੇ ਕੇਸਰੀ ਪੱਗ ਬੰਨ੍ਹੀ 50-55 ਸਾਲਾਂ ਦਾ ਗਿਆਨੀ ਜਿਹਾ ਸੰਤ ਸੁਭਾਅ ਦਾ ਸੱਜਣ ਉਠਿਆ ਤੇ ਕਹਿਣ ਲੱਗਾ, "ਮਹਾਰਾਜ ਤੁਸੀਂ ਮੇਰੇ ਨਾਲ ਚੰਗਾ ਨਹੀਂ ਕਰ ਰਹੇ, ਮੈਨੂੰ ਮੇਰੇ ਹਲਕੇ ਦੇ ਲੋਕ ਊਚ-ਨੀਚ, ਜਾਤ-ਪਾਤ, ਅਮੀਰੀ-ਗਰੀਬੀ ਤੋਂ ਉਪਰ ਉਠ ਕੇ ਲਗਾਤਾਰ ਤੀਜੀ ਵਾਰ ਵਿਧਾਨ ਸਭਾ ਵਿਚ ਭੇਜ ਰਹੇ ਹਨ, ਪਰ ਮੇਰੀ ਪਾਰਟੀ ਵਾਲੇ ਹੀ ਮੈਨੂੰ ਝੰਡੀ ਵਾਲੀ ਕਾਰ ਨਹੀਂ ਦੇ ਰਹੇ। ਦੱਸੋ ਮੈਂ ਤੁਹਾਡਾ ਕੀ ਮਾੜਾ ਕੀਤਾ ਹੈ? ਹੋਰ ਤਾਂ ਹੋਰ ਕੱਲ੍ਹ ਦੇ ਨਿਆਣੇ ਪਹਿਲੀ ਵਾਰ ਜਿੱਤ ਕੇ ਝੰਡੀ ਵਾਲੀਆਂ ਕਾਰਾਂ ਦਾ ਆਨੰਦ ਮਾਣਦੇ ਫਿਰਦੇ ਨੇ।" ਦੇਖਦੇ ਹੀ ਦੇਖਦੇ ਇਕ ਕਾਲਜੀਏਟ ਉਹਣੀ ਪੱਗ ਦੇ ਪੇਚ ਠੀਕ ਕਰਦਾ ਹੋਇਆ ਉਠਿਆ ਤੇ ਗਰਮ ਸ਼ਬਦਾਂ ਵਿਚ ਬੋਲਿਆ, "ਸਰਕਾਰ, ਸਾਨੂੰ ਰੁਜ਼ਗਾਰ ਤਾਂ ਕੀ ਦੇਵੇਗੀ, ਉਹ ਸਾਡੇ ਤੋਂ ਸਾਡਾ ਬੱਸ ਪਾਸਾਂ ਦਾ ਜਨਮ ਸਿੱਧ ਅਧਿਕਾਰ ਖੋਹਣ ਦਾ ਮਨ ਬਣਾ ਰਹੀ ਹੈ। ਇਹ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਹੋਵੇਗਾ। ਜੇਕਰ ਅਜਿਹਾ ਹੋਇਆ ਤਾਂ ਅਸੀਂ ਹਥਿਆਰ ਚੁੱਕਣ ਤੋਂ ਗੁਰੇਜ਼ ਨਹੀਂ ਕਰਾਂਗੇ, ਇਸ ਦੀ ਸਿੱਧੀ ਜ਼ਿੰਮੇਵਾਰੀ ਧਰਮਰਾਜ ਜੀ ਤੁਹਾਡੀ ਹੋਵੇਗੀ, ਤੁਹਾਡੀ।"

ਇਸ ਤੋਂ ਬਾਅਦ ਇਕ ਸਰਕਾਰੀ ਸਕੂਲ ਦਾ ਅਧਿਉਹਕ ਉਠਿਆ ਤੇ ਕਹਿਣ ਲੱਗਿਆ, "ਵੈਸੇ ਤਾਂ ਕੋਈ ਖਾਸ ਗੱਲ ਨਹੀਂ, ਪਰ ਖਾਸ ਵੀ ਐ, ਆਹ ਸਰਕਾਰ ਨੇ ਇਕ ਆਈ. ਏ. ਐਸ. ਅਫਸਰ ਨੂੰ ਡਾਇਰੈਕਟਰ ਜਨਰਲ ਲਾ ਕੇ ਸਾਡੇ ਵਰਗੇ ਵਿਹਲੇ ਅਧਿਉਹਕਾਂ ਨੂੰ ਵਖਤ ਪਾ ਰੱਖਿਆ ਹੈ, ਨਾ ਸਕੂਲ 'ਚੋਂ ਫਰਲੋ ਲੈ ਸਕਦੇ ਹਾਂ ਤੇ ਨਾ ਹੀ ਕੋਈ ਨਾਲ ਕਾਰੋਬਾਰ ਕਰ ਸਕਦੇ ਹਾਂ।" ਇਸ ਬਾਰੇ ਜ਼ਰੂਰ ਕੁਝ ਵਿਚਾਰ ਕਰਿਓ।" ਐਨੇ ਨੂੰ ਧਰਮਰਾਜ ਨੂੰ ਕੋਈ ਫੋਨ ਆ ਜਾਂਦਾ ਹੈ, ਫੋਨ 'ਤੇ ਗੱਲ ਖ਼ਤਮ ਹੁੰਦੇ ਸਾਰ ਹੀ ਇਕ ਸੰਤ ਮਹਾਤਮਾ ਉਠ ਕੇ ਅਰਜ਼ ਕਰਦੇ ਹਨ, "ਮਹਾਰਾਜ ਅਸੀਂ ਭੁੱਲਿਆਂ ਨੂੰ ਸਿੱਧੇ ਰਾਹ ਪਾਉਂਦੇ ਹਾਂ, ਇਕ ਥਾਂ ਤੋਂ ਦੂਜੀ ਥਾਂ ਜਾਂਦੇ-ਆਉਂਦੇ ਹਾਂ, ਸੰਗਤਾਂ ਨੂੰ ਪ੍ਰਵਚਨ ਸੁਣਾਉਂਦੇ ਹਾਂ। ਕੀ ਹੋਇਆ ਜੇ ਕੋਈ ਵੱਡੀ ਗੱਡੀ ਲਿਆਉਂਦੇ ਹਾਂ ਤੇ ਕੋਈ ਨੀਲੀ-ਲਾਲ ਬੱਤੀ ਵੀ ਲਾਉਂਦੇ ਹਾਂ, ਪਰ ਕਿਸੇ ਦਾ ਮਨ ਤਾਂ ਨਹੀਂ ਦੁਖਾਉਂਦੇ, ਪਰ ਕੁਝ ਆਹ ਫੈਂਸੀਆਂ ਪੀ ਕੇ ਨਵੇਂ ਬਣੇ ਗਾਉਣ ਵਾਲੇ ਸਾਨੂੰ ਮੰਦਾ-ਚੰਗਾ ਬੋਲੀ ਜਾਂਦੇ ਨੇ, ਇਸ ਬਾਰੇ ਵੀ ਕੁਝ ਸੋਚੋ।"

ਇਸੇ ਸਮੇਂ ਸੂਟ-ਬੂਟ ਪਾਈ, ਟਾਈ ਲੱਗੀ ਹੋਈ, ਨਾਲ ਦੋ ਫਾਈਲਾਂ ਚੁੱਕੀ ਬਾਬੂ ਤੇ ਦੋ ਬਾਡੀਗਾਰਡਾਂ ਵਾਲਾ ਇਕ ਭੱਦਰਪੁਰਸ਼ ਉਠਦਾ ਹੈ ਤੇ ਧਰਮਰਾਜ ਦੇ ਕੋਲ ਹੋ ਕੇ ਕੋਈ ਗੁਪਤ ਗੱਲ ਕਰਨ ਦੀ ਇੱਛਾ ਜਤਾਉਂਦਾ ਹੈ ਤਾਂ ਧਰਮਰਾਜ ਕਹਿੰਦਾ ਹੈ, "ਇਸ ਦਰਬਾਰ ਵਿਚ ਸਾਰੇ ਬਰਾਬਰ ਹਨ। ਹਰ ਕਿਸੇ ਨੂੰ ਆਪਣਾ ਦੁੱਖ ਸੰਗਤਾਂ ਦੇ ਵਿਚ ਹੀ ਦੱਸਣਾ ਪੈਂਦਾ ਹੈ।" ਭੱਦਰਪੁਰਸ਼ ਕਿਸੇ ਜ਼ਿਲੇ ਦਾ ਡਿਪਟੀ ਕਮਿਸ਼ਨਰ ਸੀ, ਉਸ ਨੇ ਸਪੱਸ਼ਟ ਸ਼ਬਦਾਂ 'ਚ ਕਿਹਾ, "ਆਹ ਸਰਕਾਰ ਨੇ ਸੂਚਨਾ ਅਧਿਕਾਰ ਦਾ ਅਜਿਹਾ ਸਿਉਹਾ ਛੇੜਿਆ ਕਿ ਨਾ ਅਸੀਂ ਖੁੱਲ੍ਹਾ ਖਾ ਸਕਦੇ ਹਾਂ ਤੇ ਨਾ ਹੀ ਕੁਝ ਬਣਾ ਸਕਦੇ ਹਾਂ।" ਅਸੀਂ ਖੋਟੀ ਕਿਸਮਤ ਵਾਲੇ ਹੀ ਹਾਂ ਕਿਉਂਕਿ ਸਾਡੇ ਸੀਨੀਅਰਾਂ ਨੇ ਬਹੁਤ ਕੁਝ ਬਣਾਇਆ ਹੈ ਤੇ ਸਾਡੇ ਵਾਰੀ ਆਹ ਫਾਨਾ ਛੇੜਤਾ।

# ਬੇਕਰਜ਼ਫੀਲਡ ਪੁਲਿਸ ਮਹਿਕਮੇ ਵਲੋਂ 7 ਅਫਸਰਾਂ ਨੂੰ ਤਰੱਕੀ, 6 ਦਾ ਸਨਮਾਨ

**ਬੇਕਰਜ਼ਫੀਲਡ (ਮਨਦੀਪ ਮਾਨ):** ਇਥੇ ਬੇਕਰਜ਼ਫੀਲਡ ਪੁਲਿਸ ਮਹਿਕਮੇ ਦੇ ਪੁਲਿਸ ਆਡੀਟੋਰੀਅਮ ਵਿਚ 22 ਦਸੰਬਰ ਨੂੰ ਹੋਏ ਸਾਲਾਨਾ ਸਮਾਗਮ ਵਿਚ 6 ਪੁਲਿਸ ਅਫਸਰਾਂ ਦਾ ਸਨਮਾਨ ਕੀਤਾ ਗਿਆ ਜਦੋਂਕਿ ਪੁਲਿਸ ਨੂੰ ਸਹਿਯੋਗ ਦੇਣ ਲਈ ਕੁਝ ਸ਼ਹਿਰੀਆਂ ਦਾ ਵੀ ਮਾਣ-ਸਨਮਾਨ ਕੀਤਾ ਗਿਆ। ਸਮਾਰੋਹ ਦੀ ਪ੍ਰਧਾਨਗੀ ਬੇਕਰਜ਼ਫੀਲਡ ਦੇ ਪੁਲਿਸ ਮੁਖੀ ਮਿਸਟਰ ਬਿਲ ਰੈਕਟਰ ਨੇ ਕੀਤੀ।

ਜਿਹੜੇ ਪੁਲਿਸ ਅਫਸਰਾਂ ਦਾ ਸਨਮਾਨ ਕੀਤਾ ਗਿਆ ਉਨ੍ਹਾਂ ਵਿਚੋਂ ਕਲਿੰਟ ਬਲੈਕਬਰਨ ਨੂੰ ਆਫੀਸਰ ਆਫ ਦਾ ਯੀਅਰ ਐਲਾਨਿਆ ਗਿਆ। ਇਸ ਤੋਂ ਇਲਾਵਾ ਸਾਰਜੈਂਟ ਫਰੈਂਕ ਗੌਂਜ਼ਾਲੇਜ਼, ਆਫੀਸਰ ਐਰਨ ਸਟਿੰਗਰ, ਆਫੀਸਰ ਐਂਥਨੀ ਹਰਨਾਂਡੇਜ਼ ਅਤੇ ਆਫੀਸਰ ਸ਼ਰਮੇਨ ਗੌਂਜ਼ਾਲੇਜ਼ ਨੂੰ ਵਿਸ਼ੇਸ਼ ਸਨਮਾਨ ਦਿਤਾ ਗਿਆ। ਮਿਸ ਲੈਸਲੀ ਨੂੰ ਡਿਸਪੈਚਰ ਆਫ ਦਾ ਯੀਅਰ ਐਲਾਨਿਆ ਗਿਆ। ਇਲਾਕੇ ਵਿਚ ਡਰੱਗ ਦੀ ਵਰਤੋਂ ਨਾਲ ਸਬੰਧਤ ਜ਼ਰਾਇਮ ਨੂੰ ਘਟਾਉਣ ਅਤੇ ਇਸਦੇ ਵਿਰੁਧ ਵਿੱਢੀ ਮੁਹਿੰਮ ਲਈ ਸੀਨੀਅਰ ਸਿਟੀਜ਼ਨ ਮਾਰਥਾ ਜੈਕਸਨ ਦਾ ਸਨਮਾਨ ਕੀਤਾ ਗਿਆ।


ਸਨਮਾਨ ਪਾਉਣ ਵਾਲੇ ਪੁਲਿਸ ਅਫਸਰ

ਇਸ ਤੋਂ ਪਹਿਲਾਂ ਇਕ ਵੱਖਰੇ ਪ੍ਰਭਾਵਸ਼ਾਲੀ ਸਮਾਗਮ ਵਿਚ ਬੇਕਰਜ਼ਫੀਲਡ ਪੁਲਿਸ ਮਹਿਕਮੇ ਨੇ ਆਪਣੇ ਸੱਤ ਪੁਲਿਸ ਅਫਸਰਾਂ ਨੂੰ ਤਰੱਕੀ ਦੇ ਬੈਜ ਲਾਏ ਗਏ। ਇਨ੍ਹਾਂ ਪੁਲਿਸ ਅਫਸਰਾਂ ਵਿਚੋਂ ਚਾਰਾਂ-ਮੈਰੀ ਡੀਗੇਅਰ, ਵਿਲੀਅਮ ਡਰਬੀ, ਜੋ ਡੋਰਥੀ, ਜੈਸਨ ਮੈਟਸਨ ਨੂੰ ਸਾਰਜੰਟ ਅਤੇ ਤਿੰਨ ਪੁਲਿਸ ਅਫਸਰਾਂ-ਡਨੀਸ ਐਡੀ, ਜਾਨ ਬਲੰਟ ਅਤੇ ਮਰਸਿਲਾ ਗਾਰਸ਼ੀਆ ਨੂੰ ਸੀਨੀਅਰ ਪੁਲਿਸ ਅਫਸਰ ਬਣਾਇਆ ਗਿਆ ਹੈ। ਤਰੱਕੀ ਪਾਉਣ ਵਾਲੇ ਇਨ੍ਹਾਂ ਪੁਲਿਸ ਅਫਸਰਾਂ ਨੂੰ ਤਰੱਕੀ ਦੇ ਬੈਜ ਬੇਕਰਜ਼ਫੀਲਡ ਪੁਲਿਸ ਦੇ ਮੁਖੀ ਬਿਲ ਰੈਕਟਰ ਨੇ ਲਾਏ। ਇਸ ਮੌਕੇ ਪੁਲਿਸ ਅਫਸਰਾਂ ਦੇ ਪਰਿਵਾਰ ਵੀ ਮੌਜੂਦ ਸਨ ਅਤੇ ਬਹੁਤ ਖੁਸ਼ ਨਜ਼ਰ ਆ ਰਹੇ ਸਨ। ਇਥੇ ਜ਼ਿਕਰਯੋਗ ਹੈ ਕਿ ਪੁਲਿਸ ਅਫਸਰ ਡਨੀਸ ਐਡੀ ਦੀ ਲੱਤ ਵਿਚ ਇਕ ਮੁਕਾਬਲੇ ਦੌਰਾਨ ਗੋਲੀ ਲਗ ਗਈ ਸੀ ਜਿਸ ਕਰ ਕੇ ਉਨ੍ਹਾਂ ਦੀ ਇਹ ਲੱਤ ਕਟਣੀ ਪੈ ਗਈ ਸੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ੍ਰੀ ਰੈਕਟਰ ਨੇ ਆਖਿਆ ਕਿ ਉਨ੍ਹਾਂ ਨੂੰ ਆਪਣੇ ਇਨ੍ਹਾਂ ਪੁਲਿਸ ਅਫਸਰਾਂ 'ਤੇ ਮਾਣ ਹੈ ਅਤੇ ਇਨ੍ਹਾਂ ਨੂੰ ਇਹ ਤਰੱਕੀਆਂ ਉਨ੍ਹਾਂ ਦੀ ਸਖ਼ਤ ਮਿਹਨਤ ਅਤੇ ਡਿਊਟੀ ਪ੍ਰਤੀ ਨਿਸ਼ਠਾ ਕਰਕੇ ਦਿੱਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਬੇਕਰਜ਼ੀਫਲਡ ਪੁਲਿਸ ਮਹਿਕਮਾ ਇਕ ਪਰਿਵਾਰ ਦੀ ਤਰ੍ਹਾਂ ਹੈ ਅਤੇ ਹਰ ਪੁਲਿਸ ਅਫਸਰ ਪੂਰੀ ਜ਼ਿੰਮੇਵਾਰੀ ਨਾਲ ਆਪਣਾ ਫਰਜ਼ ਨਿਭਾਉਂਦਾ ਹੈ।

ਬਾਅਦ 'ਚ ਇਸ ਪੱਤਰਕਾਰ ਨਾਲ ਗੱਲ ਕਰਦਿਆਂ ਸ੍ਰੀ ਰੈਕਟਰ ਨੇ ਪੰਜਾਬੀ ਭਾਈਚਾਰੇ ਦੇ ਤਰੱਕੀਪਸੰਦ ਸੁਭਾਅ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਪੰਜਾਬੀ ਮੀਡੀਆ ਨੂੰ ਪੁਲਿਸ ਮਹਿਕਮੇ ਦੀਆਂ ਖਬਰਾਂ ਪੰਜਾਬੀ ਵਸੋਂ ਵਿਚ ਪਹੁੰਚਾਉਣ ਲਈ ਵਧੇਰੇ ਸਰਗਰਮ ਹੋਣਾ ਚਾਹੀਦਾ ਹੈ। ਜਦੋਂ ਇਸ ਪੱਤਰਕਾਰ ਵਲੋਂ ਪੁਲਿਸ ਅਫਸਰਾਂ ਦੀ ਤਸਵੀਰ ਲਈ ਗਈ ਤਾਂ ਉਨ੍ਹਾਂ ਦੀ ਟਿੱਪਣੀ ਸੀ, "ਡੌਂਟ ਫਾਰਗੈਟ ਮਾਈ ਕਾਪੀ" (ਮੇਰੀ ਤਸਵੀਰ ਮੈਨੂੰ ਭੇਜਣਾ ਨਾ ਭੁੱਲਣਾ)।


ਪੱਤਰਕਾਰ ਮਨਦੀਪ ਮਾਨ ਪੁਲਿਸ ਮੁਖੀ ਬਿਲ ਰੈਕਟਰ ਨਾਲ


(ਖਬਿਓਂ ਸੱਜੇ) ਸਾਰਜੈਂਟ ਜੋ ਡੋਰਥੀ, ਪੁਲਿਸ ਮੁਖੀ ਬਿਲ ਰੈਕਟਰ, ਸਾਰਜੈਂਟ ਮੈਰੀ ਡੀਗੇਅਰ ਅਤੇ ਅਸਿਸਟੈਂਟ ਪੁਲਿਸ ਚੀਫ ਬਰਾਇਨ ਲਿਨ। ਸ੍ਰੀ ਬਰਾਇਨ ਲਿਨ 21 ਦਸੰਬਰ ਨੂੰ ਰਿਟਾਇਰ ਹੋ ਗਏ। ਪੁਲਿਸ ਚੀਫ ਸ੍ਰੀ ਰੈਕਟਰ ਆਉਂਦੀ 15 ਜਨਵਰੀ ਨੂੰ ਰਿਟਾਇਰ ਹੋ ਰਹੇ ਹਨ।


Fast Cargo Inc.
2330 Enterprise Park Dr., Indianapolis, IN 46218
Phone # 317-472-6420 X372
ਟਰੱਕਿੰਗ ਕੰਪਨੀ ਲਈ ਓਨਰ ਅਪਰੇਟਰਾਂ ਦੀ ਲੋੜ ਹੈ
ਸਾਡੇ ਪਾਸ ਹੇਠ ਲਿਖੇ ਰੂਟ ਹਨ
ਡਿਸਪੈਚ ਸੱਤੇ ਦਿਨ, 24 ਘੰਟੇ
ਫਿਊਲ ਅਡਵਾਂਸ
CA to IN, OH, PA, NJ, MD, VA, TN & Back to CA
CA to OR & WA Back to CA
ਅਤੇ WA, OR to OH and Back to WA, OR






*ਰੈਂਟ ਉਤੇ ਟਰੇਲਰ ਵੀ ਦਿੰਦੇ ਹਾਂ *ਈਸਟ ਕੋਸਟ ਤੋਂ ਵੈਸਟ ਕੋਸਟ ਰੂਟ 'ਤੇ ਟਰਾਲੇ ਹੁੱਕ ਐਂਡ ਡਰਾਪ ਉਪਲਬਧ ਹਨ
ਸਹੀ ਪੇਪਰ ਮਿਲਣ 'ਤੇ ਪੈਸੇ ਤੁਰਤ

G.M. Lawrence Insurance Brokerage ਅਤੇ Valley Truck Services

ਟਰੱਕ ਇੰਸ਼ੋਰੈਂਸ ਸੇਵਾਵਾਂ
- 28 Years of Experience in Truck Insurance Industry
- Appointed by 24 Top Rated US Insurance Companies
- All type of Trucking Coverage for Trucks, Container and Cargo
- Flexible Down Payment and Monthly Payment Options
- Quick Certificates & Excellent Services Guaranted!

ਸਾਡੀਆਂ ਟਰੱਕਿੰਗ ਸੇਵਾਵਾਂ
- California DMV Services
  » New License Plates & Renewals
- Interstate & Intrastate Permits
  » DOT #, MC #, CA #
  » IFTA, UCR, MCP
  » NM, KY, NY, OR Permits
  » Highway Use Tax(2290)
- Truck Financing
- Corporation Setup
- Document Typing





ਸਾਨੂੰ ਅੱਜ ਹੀ ਕਾਲ ਕਰੋ

ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawemceins.com

ਟਰਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com






ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ
2403 Gilberte Street, Tracy, CA 95304
ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗਾ ਤੇ

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੇ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ, ਕੈਲੀਫੋਰਨੀਆ

## ਸਭਨਾਂ ਨੂੰ ਸਾਲ 2010 ਮੁਬਾਰਕ!

ਗੁਰੂ ਪਿਆਰੀ ਸਿੱਖ ਸੰਗਤ ਜੀਉ
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫਤਿਹ।

ਆ ਰਹੇ ਸਾਲ 2010 ਨੂੰ ਜੀ ਆਇਆਂ ਕਹਿਣ ਅਤੇ ਪ੍ਰਭੂ ਚਰਨਾਂ ਵਿਚ ਅਰਦਾਸ ਕਰਨ ਕਿ ਸਾਲ 2010 ਇਸ ਧਰਤੀ 'ਤੇ ਵਾਕਿਆ ਸਭ ਪ੍ਰਾਣੀਆਂ ਲਈ ਭਾਗਾਂ ਭਰਿਆ ਚੜ੍ਹੇ, ਦੁਨੀਆਂ ਵਿਚ ਅਮਨ ਅਮਾਨ ਵਰਤੇ ਗੁਰਦੁਆਰਾ ਸੈਨ ਹੋਜ਼ੇ ਵਿਖੇ 31 ਦਸੰਬਰ ਨੂੰ ਵਿਸ਼ੇਸ਼ ਦੀਵਾਨ ਸਜਾਏ ਜਾ ਰਹੇ ਹਨ। ਸਮੂਹ ਸੰਗਤਾਂ ਨੂੰ ਇਸ ਮੌਕੇ ਗੁਰੂ ਚਰਨਾਂ ਵਿਚ ਇਕੱਤਰ ਹੋ ਕੇ ਇਸ ਅਰਦਾਸ ਵਿਚ ਸ਼ਾਮਲ ਹੋਣ ਦੀ ਬੇਨਤੀ ਹੈ ਜੀ।



### ਨਵੇਂ ਸਾਲ ਦੀ ਆਮਦ 'ਤੇ ਧਾਰਮਿਕ ਪ੍ਰੋਗਰਾਮ

ਅਰੰਭ ਸ੍ਰੀ ਅਖੰਡ ਪਾਠ
29 ਦਸੰਬਰ, 2009
ਸ਼ਾਮ 5 ਵਜੇ

ਭੋਗ ਸ੍ਰੀ ਅਖੰਡ ਪਾਠ
31 ਦਸੰਬਰ, 2009
ਸ਼ਾਮ 6 ਵਜੇ

ਭਾਈ ਸਰਬਜੀਤ ਸਿੰਘ ਜੀ, ਭਾਈ ਪਰਮਜੀਤ ਸਿੰਘ ਜੀ, ਭਾਈ ਸੁਰਿੰਦਰ ਸਿੰਘ ਜੀ, ਭਾਈ ਨਰਿੰਦਰ ਸਿੰਘ ਜੀ, ਭਾਈ ਕੁਲਵੰਤ ਸਿੰਘ ਜੀ ਦੇ ਜਥਿਆਂ ਵਲੋਂ ਕੀਰਤਨ, ਭਾਈ ਮਹੇਸ਼ ਸਿੰਘ ਤੇ ਗੁਰਮੀਤ ਸਿੰਘ ਜੱਬਲਪੁਰੀ ਵਲੋਂ ਕਥਾ, ਭਾਈ ਕਮਲਜੀਤ ਸਿੰਘ ਬਿਲਗੇ ਵਾਲਿਆਂ ਦਾ ਢਾਡੀ ਜਥਾ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰੇਗਾ।

ਗੁਰੂ ਕੇ ਲੰਗਰ ਤੋਂ ਇਲਾਵਾ ਤਿੰਨੋਂ ਦਿਨ ਚਾਹ, ਪਕੌੜੇ, ਜਲੇਬੀਆਂ, ਮਠਿਆਈ ਅਤੇ ਛੋਲੇ ਭਟੂਰਿਆਂ ਦੇ ਲੰਗਰ ਦੀ ਸੇਵਾ ਵੀ ਹੋਵੇਗੀ।

ਬੇਨਤੀ ਕਰਤਾ:ਅਮੋਲਕ ਸਿੰਘ ਗਾਖਲ, ਪਲਵਿੰਦਰ ਸਿੰਘ ਗਾਖਲ, ਇਕਬਾਲ ਸਿੰਘ ਗਾਖਲ, ਅਵਤਾਰ ਸਿੰਘ ਬੈਂਸ, ਬਿੰਦਰ ਸਿੰਘ ਸਲੀਨਸ (ਯੂ ਐਸ ਟੋਇੰਗ), ਜਗਰਾਜ ਸਿੰਘ ਸਹੋਤਾ ਅਤੇ ਨਰਿੰਦਰ ਸਿੰਘ ਸਹੋਤਾ, ਰਘਵੀਰ ਸਿੰਘ (ਕਾਲਾ) ਗਾਖਲ, ਮੇਜਰ ਸਿੰਘ ਗਾਖਲ, ਹਰਭਜਨ ਸਿੰਘ ਗਾਖਲ, ਜੱਗਾ ਸਿੰਘ ਗਾਖਲ, ਗੁਰਮੇਲ ਸਿੰਘ ਗਾਖਲ, ਹਰਜਿੰਦਰ ਸਿੰਘ, ਗੁਰਮੀਤ ਸਿੰਘ, ਪਰਮਵੀਰ ਸਿੰਘ ਗਾਖਲ ਅਤੇ ਦਲਵਿੰਦਰ ਸਿੰਘ ਪੱਡਾ

**ਹੋਰ ਜਾਣਕਾਰੀ ਲਈ ਫੋਨ 831-840-9035 'ਤੇ ਸੰਪਰਕ ਕੀਤਾ ਜਾ ਸਕਦਾ ਹੈ।**

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com

INDIA CALL ਕਾਲ ਕਰਨ ਲਈ
ਵਧੀਆ ਅਤੇ ਭਰੋਸੇਮੰਦ ਸਰਵਿਸ

GT COMMUNICATION INC.

CRYSTAL CLEAR CONNECTIONS

100 ਘੰਟੇ ਸਿਰਫ 100 ਡਾਲਰ
ਵਿੱਚ ਬਿਨਾਂ ਕਿਸੇ ਪਿਨ ਤੋਂ ਗੱਲ ਕੋਰ



SAME RATES FOR :
England,Canada,Australia,New Zealand, Austria,Holland,Germany,France

- NO CONNECTION FEE
- NO MONTHLY FEE
- NO MAINTENANCE FEE
- NO HIDDEN CHARGES

ਹੋਰ ਜਾਣਕਾਰੀ ਲੈਣ ਲਈ ਕੈਲੀਫੋਰਨੀਆ ਦੀ
ਕੰਪਨੀ ਨੂੰ ਟੋਲ ਫਰੀ ਨੰਬਰ 'ਤੇ ਕਾਲ ਕਰੋ

1-800-914-1013



ਰੈਸਟੋਰੈਂਟ, ਰਿਟੇਲ ਸਟੋਰ, ਸੈਲੂਨ
ਅਤੇ ਹੋਰ ਬਿਜ਼ਨਸਾਂ ਲਈ

ਬਿਹਤਰੀਨ ਕੈਸ਼ ਰਜਿਸਟਰ

ਸਾਡਾ ਸਿਸਟਮ ਜਰਮਨੀ ਵਿੱਚ ਬਣਿਆ ਹੋਇਆ ਕਿਊਰੀਅਨ ਕੰਪਨੀ ਦਾ ਹੈ

QUORION POS SYSTEM: Q TOUCH 2, CONCERTO. www.quorion.de

For Convenience Store, Billiar Clube, Pizza Parlors
Fine Dinning, Fast Food

- Touch Screen
- with linux
- No Windows
- No Fans
- No Hard Drive to Crash
- No Freezing
- No Heating up
- No Moving Parts
- No Headaches
- User Friendly




Think of Speed and Quality
Think of Made in Germany

www.posmb.us




And with our DVRUNLIMITED COMPANY we offer DVR systems and integration of DVR to POS. Also we have just added POSMB PAYMENT SOLUTIONS for your CREDIT CARD, and DEBIT processing.

Free Training and 12 months of Free Technical Support for every Complete POS System.

ਕਾਲ ਕਰੋ: 916-216-4200 Arvinder Sandhu (Tony)

Designed by: QUIK SIGNS 661-703-8795, 661-900-7357



DOES WORRIES KEEPING YOU AWAKE!!



WATCH YOUR BUSINESS ANY PLACE ANY TIME

- We Install Anywhere in california
- We have Wide Range of Quality Cameras
- We Have Professional Technicians.
- Customer Satisfaction Is Our Priority.




INTEREST FREE LOAN FOR ONE YEAR (for qualifying customers only)

FREE CASH REGISTER INTERFACE WITH PURCHASE OF OUR DVR SYSTEM

FOR FREE ESTIMATES CALL US TODAY!!

1.800.780.0032

WWW.DVRUNLIMITED.COM

# ਇੰਡਸ ਵੈਲੀ ਚੈਂਬਰ ਦੀ ਦਾਅਵਤ 'ਤੇ ਭਰਵੀਂ ਰੌਣਕ ਰਹੀ

**ਸੈਕਰਾਮੈਂਟੋ:** ਇੰਡਸ ਵੈਲੀ ਚੈਂਬਰ ਆਫ ਕਾਮਰਸ ਵਲੋਂ ਦਿੱਤੀ ਗਈ ਸਾਲਾਨਾ ਪਾਰਟੀ ਵਿਚ ਜਿਥੇ ਭਾਰਤੀ ਭਾਈਚਾਰੇ ਦੇ ਬਿਜਨਸਮੈਨ ਸਿਆਸੀ ਤੇ ਸਭਿਆਚਾਰਕ ਆਗੂ ਸ਼ਾਮਲ ਹੋਏ ਉਥੇ ਅਮਰੀਕਨ ਭਾਈਚਾਰੇ ਦੇ ਕਈ ਉਘੇ ਆਗੂਆਂ ਨੇ ਵੀ ਹਿੱਸਾ ਲਿਆ। ਇਸ ਸ਼ਾਮ ਨੂੰ ਰੰਗੀਨ ਬਣਾਉਣ ਲਈ ਜਪਾਨੀ, ਚੀਨੀ ਅਤੇ ਅਮਰੀਕਨ ਨ੍ਰਿਤ ਆਈਟਮਾਂ ਤੋਂ ਇਲਾਵਾ ਗਿੱਧੇ, ਭੰਗੜੇ ਦੀ ਵੀ ਪੂਰੀ ਰੌਣਕ ਰਹੀ।






ਸਰਬਜੋਤ ਸਿੰਘ ਸਵੱਦੀ ਅਤੇ ਨੀਤੂ ਸਿੰਘ ਕਾਹਲੋਂ ਜਿਨ੍ਹਾਂ ਨੂੰ ਸਰਬਸੰਮਤੀ ਨਾਲ ਗੁਰਦੁਆਰਾ ਸੈਨਹੋਜ਼ੇ ਦੀ ਪ੍ਰਬੰਧਕ ਕਮੇਟੀ ਦੇ ਮੈਂਬਰ ਚੁਣਿਆ ਗਿਆ।


ਪ੍ਰੋਗਰਾਮ ਦਾ ਅਰੰਭ ਕਰਦਿਆਂ ਚੈਂਬਰ ਦੇ ਜਨਰਲ ਸਕੱਤਰ ਸੁਖਚੈਨ ਸਿੰਘ ਨੇ ਚੈਂਬਰ ਦੀਆਂ ਸਰਗਰਮੀਆਂ ਬਾਰੇ ਜਾਣਕਾਰੀ ਪਾਈ ਅਤੇ ਇਸ ਪਾਰਟੀ ਵਿਚ ਆਏ ਸਿਟੀ, ਕਾਊਂਟੀ ਅਤੇ ਸਟੇਟ ਦੇ ਸਿਆਸੀ ਆਗੂਆਂ ਦੀ ਜਾਣ ਪਛਾਣ ਆਏ ਮਹਿਮਾਨਾਂ ਨਾਲ ਕਰਵਾਈ। ਗਿੱਧਾ ਪੰਜਾਬਣਾਂ ਦਾ, ਗਿੱਧਾ ਮਾਵਾਂ ਧੀਆਂ ਦਾ, ਮਿੱਤਰਾਂ ਦੀ ਸ਼ਾਨ ਭੰਗੜਾ, ਵਿਰਸਾ ਪੰਜਾਬ ਦਾ ਭੰਗੜਾ ਆਦਿ ਟੀਮਾਂ ਨੇ ਦਰਸ਼ਕਾਂ ਦਾ ਭਰਪੂਰ ਮਨੋਰੰਜਨ ਕੀਤਾ। ਟੀਮਾਂ ਅਤੇ ਕਲਾਕਾਰਾਂ ਨੂੰ ਯਾਦ ਚਿੰਨ੍ਹ ਦੇ ਕੇ ਕਮਲ ਬੰਗਾ, ਸੁਖਚੈਨ ਸਿੰਘ, ਰਛਪਾਲ ਫਰਵਾਲਾ, ਸੁਰਿੰਦਰ ਬਿੰਦਰਾ ਅਤੇ ਜਸਚਰਨ ਸਿੰਘ ਗਿੱਲ ਨੇ ਉਨ੍ਹਾਂ ਦਾ ਮਾਣ ਸਨਮਾਨ ਕੀਤਾ। ਇਸ ਮੌਕੇ ਚੈਂਬਰ ਵਲੋਂ ਸਥਾਨਕ ਸ਼ਖਸੀਅਤਾਂ ਕਸ਼ਮੀਰ ਸਿੰਘ ਕਾਂਗਣਾ, ਤੀਰਥ ਸਿੰਘ ਸਹੋਤਾ ਅਤੇ ਪਵਿਤਰ ਨਾਹਲ ਦਾ ਵੀ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨ ਕੀਤਾ ਗਿਆ। ਡਾ. ਇਕਬਾਲ ਬਡਵਾਲ, ਜੇ.ਪੀ. ਸਿੰਘ, ਪੂਨਮ ਮਲਹੋਤਰਾ ਅਤੇ ਸ਼ਾਰਲਾ ਪਰਾਲਟਾ ਨੂੰ ਅਸੈਂਬਲੀ ਰੈਜ਼ੂਲੂਸ਼ਨ ਅਵਾਰਡ ਮੁੱਖ ਮਹਿਮਾਨ ਅਸੈਂਬਲੀਮੈਨ ਡੇਵ ਜੋਨਜ਼ ਤੋਂ ਦਿਵਾ ਕੇ ਉਨ੍ਹਾਂ ਦਾ ਮਾਣ-ਸਨਮਾਨ ਕੀਤਾ ਗਿਆ। ਚੈਂਬਰ ਦੇ ਪ੍ਰਧਾਨ ਮਨਜੀਤ ਸਿਬੀਆ ਨੇ ਰੈਫਲ ਇਨਾਮ ਕੱਢੇ। ਡੇਵ ਜੋਨਜ਼, ਰੋਜ਼ਰ ਡਿਕਸਨ ਅਤੇ ਜਿਮ ਕੂਪਰ ਨੇ ਆਪਣੀਆਂ ਸੰਖੇਪ ਤਕਰੀਰਾਂ ਵਿਚ 2010 ਦੀਆਂ ਚੋਣਾਂ ਬਾਰੇ ਜਾਣਕਾਰੀ ਦਿੱਤੀ।



ਗੁਰੂ ਘਰ ਸੈਨ ਹੋਜ਼ੇ ਨਾਲ ਸਬੰਧਤ ਜਰਨੈਲ ਸਿੰਘ ਜੋ ਕਿ ਗੁਰੂ ਘਰ ਦੀ ਬਣ ਰਹੀ ਨਵੀਂ ਇਮਾਰਤ ਲਈ ਹਮੇਸ਼ਾ ਦਿਲ ਖੋਲ ਕੇ ਮਾਇਆ ਭੇਟ ਕਰਦੇ ਹਨ, ਪਰਿਵਾਰ ਵਲੋਂ ਲੰਘੇ ਐਤਵਾਰ ਗੁਰੂ ਘਰ ਵਿਚ ਕਰਵਾਏ ਅਖੰਡ ਪਾਠ ਦੇ ਭੋਗ ਉਪਰੰਤ ਆਪਣੇ ਪਰਿਵਾਰ ਨਾਲ।



## ਜਨਮ ਦਿਨ ਮੁਬਾਰਕ !





ਸਿਮਰਨ ਸੂਚ (ਸਪੁੱਤਰੀ ਹਰਜਿੰਦਰ ਸਿੰਘ ਹੈਪੀ) ਨੂੰ ਜਨਮ ਦਿਨ ਮੁਬਾਰਕ ! ਵਾਹਿਗੁਰੂ ਕਰੇ ਸਿਮਰਨ ਆਪਣੇ ਮਾਪਿਆਂ ਅਤੇ ਭਾਈਚਾਰੇ ਦਾ ਸਿਰ ਉਚਾ ਕਰੇ।


Easy Pay

CREDIT & DEBIT CARD PROCESSING CORP.

We Surely Beat Any Rates

ਤੁਹਾਡੇ ਬਿਜ਼ਨਿਸ ਲਈ ਸਾਡੀ ਕੰਪਨੀ 5000 ਡਾਲਰ ਤੋਂ ਲੈ ਕੇ

1 ਮਿਲੀਅਨ ਡਾਲਰ

ਤੱਕ ਕੈਸ਼ ਐਡਵਾਂਸ ਦੇ ਸਕਦੀ ਹੈ ਅਤੇ ਸਾਨੂੰ ਆਪਣੀ ਕੰਪਨੀ ਵਿੱਚ ਕੰਮ ਕਰਨ ਲਈ 100 ਮੁੰਡੇ ਕੁੜੀਆਂ ਏਜੰਟਾਂ ਦੀ ਲੋੜ ਹੈ




Mandeep Mann
PRESIDENT & CEO
Toll Free : 1.800.258.1927
Cell : 661.889.1927
Fax : 1.888.327.6115
Fax : 661.397.7741

MAIN OFFICE : 4401 Bell Terrace, Bakersfield CA 93309
Sub Office : 761 Ravenswood Dr. Livingston CA 95334
Sub Office : 120 Hoxise Ct. Folsom CA 95630
Sub Office : 560 Golden Vista Ct. Reno NV 89506
Emails : gurmann@hotmail.com
easypay661@hotmail.com
www.easypaymerchantservices.com

Easy Pay & MTS is a Member Service Provider for HSBC Bank USA, National Association, Buffalo NY

# ਮਿੰਨੀ ਉਲੰਪਿਕ ਹਕੀਮਪੁਰ ਵਾਲੇ ਪੁਰੇਵਾਲ ਭਰਾ

## ਚੱਲ ਸੋ ਚੱਲ

**ਇਕਬਾਲ ਜੱਬੋਵਾਲੀਆ***

ਕੈਨੇਡਾ ਦੀ ਬ੍ਰਿਟਿਸ਼ ਕੋਲੰਬੀਆ ਵਿਚ ਬਲਿਊ ਬੇਰੀ ਫਾਰਮ ਦੇ ਮਾਲਕ ਤਿੰਨੇ ਭਰਾ ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਕਬੱਡੀ ਦੇ ਵੀ ਤਕੜੇ ਖਿਡਾਰੀ ਰਹਿ ਚੁੱਕੇ ਹਨ। ਇਨ੍ਹਾਂ ਦੇ ਫਾਰਮ ਵਿਚ ਵੱਡੀ ਗਿਣਤੀ ਵਿਚ ਲੋੜਵੰਦ ਪੰਜਾਬੀ ਕੰਮ ਕਰਦੇ ਹਨ। ਇਨ੍ਹਾਂ ਦਾ ਪਿਛਲਾ ਪਿੰਡ ਹਕੀਮਪੁਰ ਜ਼ਿਲ੍ਹਾ ਨਵਾਂ ਸ਼ਹਿਰ ਦਾ ਇਤਿਹਾਸਕ ਪਿੰਡ ਹੈ। ਇਸ ਪਿੰਡ ਦੀ ਮਿੱਟੀ ਨੂੰ ਗੁਰੂ ਨਾਨਕ ਦੇਵ, ਗੁਰੂ ਹਰਿ ਰਾਏ ਤੇ ਗੁਰੂ ਤੇਗ ਬਹਾਦਰ ਤਿੰਨਾਂ ਗੁਰੂ ਸਾਹਿਬਾਨ ਦੀ ਚਰਨ-ਛੋਹ ਪ੍ਰਾਪਤ ਹੈ। ਗੁਰੂ ਸਾਹਿਬਾਂ ਦੀ ਯਾਦ ਵਿਚ ਮੁਕੰਦਪੁਰ ਤੋਂ ਫਗਵਾੜਾ ਜਾਂਦੀ ਛੋਟੀ ਜਿਹੀ ਨਹਿਰ ਦੇ ਨਾਲ ਜਾਂਦੀ ਪੱਕੀ ਸੜਕ ਦੇ ਉਪਰ ਪਿੰਡ ਹਕੀਮਪੁਰ ਕੋਲ ਸੁੰਦਰ ਗੁਰਦੁਆਰਾ ਬਣਿਆ ਹੋਇਐ। ਪਰਮਾਤਮਾ ਦੀ ਕ੍ਰਿਪਾ ਨਾਲ ਹੀ ਇਸ ਨਗਰ ਨੇ ਕਬੱਡੀ ਕਮੈਂਟਰੀ ਦੇ ਧੁਰੰਤਰ ਪ੍ਰੋ. ਮੱਖਣ ਸਿੰਘ ਨੂੰ ਜਨਮ ਦੇਣ ਤੋਂ ਇਲਾਵਾ ਕਬੱਡੀ ਖਿਡਾਰੀ ਸਰਬਣ ਸਿੰਘ, ਪਿਆਰਾ ਸਿੰਘ, ਤਿਲਕ, ਪ੍ਰਕਾਸ਼, ਸੁੱਚਾ ਸਿੰਘ, ਬਹਾਦਰ ਸਿੰਘ, ਮਹਿੰਦਰ ਸਿੰਘ ਤੇ ਲਹਿੰਬਰ ਸਿੰਘ 'ਲਹਿੰਬੀ" (ਦੋਵੇਂ ਭਰਾ), ਮਲਕੀਤ ਸਿੰਘ, ਚਰਨ ਸਿੰਘ ਤੇ ਗੁਰਜੀਤ ਸਿੰਘ ਵਰਗੇ ਟਾਪ ਖਿਡਾਰੀ ਸਾਡੀ ਝੋਲੀ ਪਾਏ ਹਨ। ਇਸ ਲੇਖ ਵਿਚ ਅੱਜ ਅਸੀਂ ਦੋ ਭਰਾਵਾਂ ਤੋਂ ਛੋਟੇ ਤੀਜੇ ਕਬੱਡੀ ਖਿਡਾਰੀ ਗੁਰਜੀਤ ਸਿੰਘ ਬਾਰੇ ਲਿਖਾਂਗੇ। ਮਲਕੀਤ ਸਿੰਘ ਅਤੇ ਚਰਨ ਸਿੰਘ ਬਾਰੇ ਫਿਰ ਕਿਤੇ ਲਿਖਾਂਗੇ।




ਪਿੰਡ ਹਕੀਮਪੁਰ ਦੇ ਇਕ ਖੇਡ ਮੇਲੇ ਮੌਕੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨਾਲ ਕਬੱਡੀ ਖਿਡਾਰੀ ਗੁਰਜੀਤ ਸਿੰਘ ਪੁਰੇਵਾਲ (ਸੱਜਿਓਂ ਦੂਜੇ) ਅਤੇ ਕੁਮੈਂਟੇਟਰ ਮੱਖਣ ਸਿੰਘ ਹਕੀਮਪੁਰ (ਐਨ ਖੱਬੇ)

ਗੁਰਜੀਤ ਸਿੰਘ ਦਾ ਜਨਮ ਪਿੰਡ ਹਕੀਮਪੁਰ ਵਿਚ 8 ਜੂਨ 1955 ਨੂੰ ਪੁਰੇਵਾਲ ਪਰਿਵਾਰ 'ਚ ਹੋਇਆ। ਗੁਰਜੀਤ ਦੇ ਜਨਮ ਵੇਲੇ ਪਿਤਾ ਸ. ਹਰਬੰਸ ਸਿੰਘ ਬਹੁਤ ਖੁਸ਼ ਹੋਏ ਕਿਉਂਕਿ ਉਸ ਦੇ ਪਿਤਾ ਪੁੱਤਰਾਂ ਨੂੰ ਪਹਿਲਵਾਨੀ ਤੇ ਹੋਰ ਖੇਡਾਂ ਦੇ ਬਾਹੂਬਲੀ ਖਿਡਾਰੀ ਬਣਾਉਣਾ ਚਾਹੁੰਦੇ ਸਨ। ਗੁਰਜੀਤ ਦੇ ਬਾਬਾ ਸ. ਊਧਮ ਸਿੰਘ ਤੇ ਪੜਦਾਦਾ ਸ. ਸੁੰਦਰ ਸਿੰਘ ਖੇਡਾਂ 'ਚ ਕਾਫੀ ਸ਼ੌਕ ਰੱਖਦੇ ਸਨ।

ਗੁਰਜੀਤ ਨੇ ਪ੍ਰਾਇਮਰੀ ਸਿਖਿਆ ਪਿੰਡੋਂ ਹਾਸਲ ਕਰਨ ਉਪਰੰਤ ਦਸਵੀਂ ਦਾ ਦਾਖਲਾ ਮੁਕੰਦਪੁਰ ਲੈ ਲਿਆ। ਮੁਕੰਦਪੁਰ ਪੜ੍ਹਦਿਆਂ ਹੀ ਗੁਰਜੀਤ ਕਬੱਡੀ 'ਚ ਉਹਣੇ ਨਾਂ ਦਾ ਡੰਕਾ ਵਜਾਉਣ ਲੱਗਾ ਤੇ ਸਕੂਲਾਂ ਦੀ ਸਟੇਟ ਚੈਂਪੀਅਨਸ਼ਿਪ ਵਿਚ ਖੇਡਿਆ। ਇਕ ਸਾਲ ਜਗਤਪੁਰ ਪੜ੍ਹਾਈ ਕਰਨ ਦੇ ਨਾਲ ਨਾਲ ਪੰਜਾਬ ਲੈਵਲ ਦਾ ਤਕੜਾ ਖਿਡਾਰੀ ਬਣ ਕੇ ਬਹਿਜਾ ਬਹਿਜਾ ਕਰਵਾ ਦਿੱਤੀ।

1974-75 ਵਿਚ ਗੁਰਜੀਤ ਅਤੇ ਲਹਿੰਬੀ ਨੇ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਦਾਖਲ ਹੋ ਕੇ ਚੰਗੀ ਪੜ੍ਹਾਈ ਕੀਤੀ ਤੇ ਦੋ ਸਾਲ ਡੱਟ ਕੇ ਕਬੱਡੀ ਖੇਡੀ। ਮਸ਼ਹੂਰ ਕੋਚ ਤੇ ਭਲਵਾਨ ਸ. ਜਗੀਰ ਸਿੰਘ ਉਹ ਦੋਨਾਂ ਨੂੰ ਬੰਗਾ ਕਾਲਜ ਤੋਂ ਖਾਲਸਾ ਕਾਲਜ ਜਲੰਧਰ ਲੈ ਗਏ। ਇਥੇ ਇਹ ਦੱਸਣਾ ਵੀ ਜ਼ਰੂਰੀ ਹੈ ਕਿ ਸ. ਜਗੀਰ ਸਿੰਘ ਚਾਦਰਾ ਕੁੜਤਾ ਪਾ ਕੇ ਵੀ ਕਾਲਜ ਚਲੇ ਜਾਇਆ ਕਰਦੇ ਸਨ। ਸ. ਜਗੀਰ ਸਿੰਘ ਦੇ ਭਰਾ ਭਤੀਜੇ ਵੀ ਪਹਿਲਵਾਨੀ ਦਾ ਸ਼ੌਕ ਰੱਖਦੇ ਹਨ। ਉਨ੍ਹਾਂ ਦਾ ਭਤੀਜਾ ਸ. ਸੁਖਵੀਰ ਸਿੰਘ ਪਹਿਲਵਾਨ 23 ਤੋਂ 26 ਅਪ੍ਰੈਲ 2008 ਵਿਚ ਲਾਸ ਵੇਗਸ ਦੀ ਰੈਸਲਿੰਗ ਚੈਂਪੀਅਨਸ਼ਿਪ 'ਚ ਹਿੱਸਾ ਲੈ ਕੇ ਵੈਟਰਨ ਗਰੀਕੋ ਰੋਮਨ ਨੈਸ਼ਨਲ ਚੈਂਪੀਅਨਸ਼ਿਪ ਅਤੇ ਫਰੀ ਸਟਾਇਲ ਵੈਟਰਨ ਨੈਸ਼ਨਲ ਰੈਸਲਿੰਗ ਚੈਂਪੀਅਨਸ਼ਿਪ ਵਿਚੋਂ ਦੋ ਮੈਡਲ ਪ੍ਰਾਪਤ ਕਰ ਚੁੱਕਾ ਹੈ।



ਕਬੱਡੀ ਖਿਡਾਰੀ ਗੁਰਜੀਤ ਸਿੰਘ ਪੁਰੇਵਾਲ

ਉਨ੍ਹਾਂ 1976-77 ਖਾਲਸਾ ਕਾਲਜ ਜਲੰਧਰ ਪੜ੍ਹਾਈ ਕੀਤੀ ਤੇ ਦੋ ਸਾਲ ਉੱਚ ਕੋਟੀ ਦੇ ਕਬੱਡੀ ਖਿਡਾਰੀ ਵਜੋਂ ਪਹਿਚਾਣ ਬਣਾਈ। ਘਰ 'ਚ ਚੰਗਾ ਗੁਜ਼ਾਰਾ ਹੋਣ ਕਰਕੇ ਖੁਰਾਕ ਦੀ ਕੋਈ ਘਾਟ ਨਾ ਆਈ। ਉਨ੍ਹਾਂ ਦੇ ਵੱਡੇ ਭਰਾਵਾਂ ਮਲਕੀਤ ਸਿੰਘ ਅਤੇ ਚਰਨ ਸਿੰਘ ਹੁਰਾਂ ਨੇ ਵੀ ਸਿੱਖ ਨੈਸ਼ਨਲ ਕਾਲਜ ਬੰਗਾ ਵਿਚ ਕਬੱਡੀ 'ਚ ਵਾਹਵਾ ਨਾਮਣਾ ਖੱਟਿਆ। ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਤਕੜੇ ਕਬੱਡੀ ਭਰਾਵਾਂ ਨੂੰ ਦੇਖ ਕੇ ਗੁਰਜੀਤ ਵੀ ਉਨ੍ਹਾਂ ਰਾਹਾਂ ਤੇ ਚਲਦਾ ਕਬੱਡੀ ਦਾ ਧਨੰਤਰ ਖਿਡਾਰੀ ਬਣਿਆ। ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵੈਲਫੇਅਰ ਸੈਂਟਰ, ਜਿੱਥੇ ਕਾਲਜ ਦੇ ਭਾਰ ਤੋਲਕ ਮਿਹਨਤ ਕਰਦੇ ਸਨ, ਕੰਟੀਨ ਦੇ ਨਾਲ ਹੀ ਕਬੱਡੀ ਟੀਮ ਦੀਆਂ ਫੋਟੋਆਂ ਲੱਗੀਆਂ ਵੇਖੀਆਂ ਕਿਉਂਕਿ ਮੈਂ ਵੀ ਬੀ.ਏ. ਤੱਕ ਬੰਗਾ ਕਾਲਜ ਹੀ ਪੜ੍ਹਿਆ ਹਾਂ।

ਉਸ ਨੇ 1976-77 ਦੋ ਸਾਲ ਆਨੰਦਪੁਰ ਸਾਹਿਬ ਮੇਲੇ ਉਤੇ ਕਬੱਡੀ ਮੈਚ ਖੇਡੇ। ਦੋ ਸਾਲ ਹੀ ਜਗਤਪੁਰ ਦੇ ਸ. ਨਿਰੰਜਨ ਸਿੰਘ ਸਟੇਡੀਅਮ ਵਿਚ ਸ਼ੋਅ ਮੈਚ ਲਾਏ। 1978 ਦੇ ਲਗਪਗ ਮੈਂ ਗੁਰਜੀਤ ਸਿੰਘ ਦੀ ਕਬੱਡੀ ਖੇਡ ਪਿੰਡ ਬੈਂਸਾਂ (ਮੇਰੇ ਪਿੰਡ ਜੱਬੋਵਾਲ ਦੇ ਨਾਲ ਦਾ ਪਿੰਡ) ਵਿਚ ਖੁਦ ਅੱਖੀਂ ਦੇਖੀ। ਗੁਰਜੀਤ ਨੇ ਬਹੁਤ ਸੋਹਣੀਆਂ ਰੇਡਾਂ ਪਾ ਕੇ ਧੰਨ ਧੰਨ ਕਰਵਾਈ ਤੇ ਲੋਕਾਂ ਵਲੋਂ ਪਿਆਰ ਦੀਆਂ ਝੋਲੀਆਂ ਭਰੀਆਂ ਗਈਆਂ।

ਲਾਇਲਪੁਰ ਖਾਲਸਾ ਕਾਲਜ, ਜਲੰਧਰ ਖੇਡਦੇ ਸਮੇਂ ਫਿੱਡੂ ਹੁਰਾਂ ਦੀ ਟੀਮ ਨੂੰ ਦੋ ਵਾਰ ਹਰਾਇਆ। ਉਸ ਵਕਤ ਨਡਾਲਾ ਕਾਲਜ ਦੀ ਟੀਮ ਵੀ ਤਕੜੀ ਹੁੰਦੀ ਸੀ ਜਿਨ੍ਹਾਂ ਵਿਚ ਬਲਵਿੰਦਰ ਫਿੱਡੂ ਤੇ ਅਰਜਣ ਕਾਉਂਕੇ ਵਰਗੇ ਕਬੱਡੀ ਖਿਡਾਰੀ ਹੁੰਦੇ ਸਨ। (ਅਰਜਣ ਕਾਉਂਕੇ ਕਬੱਡੀ ਖਿਡਾਰੀ ਲੱਖੇ ਗਾਜੀਪੁਰੀਏ ਦਾ ਚਾਚਾ ਹੈ)।

ਗੁਰਜੀਤ ਹੁਰਾਂ ਦੀ ਟੀਮ ਨੇ ਯੂਨੀਵਰਸਿਟੀ ਦੀ ਚੈਂਪੀਅਨਸ਼ਿਪ ਜਿੱਤੀ ਤੇ ਦੋਹਾਂ ਕਾਲਜਾਂ ਦੀਆਂ ਟੀਮਾਂ ਦਾ ਗੁਰਜੀਤ ਕਪਤਾਨ ਬਣਿਆ। ਇੰਟਰ ਯੂਨੀਵਰਸਿਟੀ ਚੈਂਪੀਅਨਸ਼ਿਪ ਵਿਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਉਹ ਨੇ ਪ੍ਰਤੀਨਿਧਤਾ ਕੀਤੀ। ਇਸ ਤਰ੍ਹਾਂ ਸਕੂਲਾਂ, ਕਾਲਜਾਂ, ਯੂਨੀਵਰਸਿਟੀ, ਇੰਟਰਯੂਨੀਵਰਸਿਟੀ ਤੇ ਪਿੰਡਾਂ ਦੇ ਖੇਡ ਮੇਲਿਆਂ ਦੇ ਸ਼ੋਅ ਮੈਚ ਲਾਉਂਦੇ ਹੋਏ ਉਸ ਨੇ ਬਹਿਰਾਮੀਏ ਸ਼ਿੰਦੇ, ਇਕਬਾਲ ਬਹਿਰਾਮ, ਕਮਲ ਪੰਡਿਤ ਚੱਕਾਂ ਵਾਲਾ, ਲਹਿੰਬਰ ਸਿੰਘ 'ਲਹਿੰਬੀ', ਪਰਮਜੀਤ ਚਿੱਟੀ, ਚਰਨ ਮਜਾਰੇ ਵਾਲਾ, ਜੈਲਾਪੁਰ ਡੱਬਾ, ਮੱਖਣ ਪੁਆਦੜਾ, ਮੋਹਣੀ ਮੁਠੱਡਾ, ਭਿੰਦਾ ਮੁਠੱਡਾ, ਸੁਰਜਣ ਚਮਿਆਰਾ, ਬਲਵੀਰ ਬਲੇਨਾ ਅਤੇ ਫਿੱਡੂ ਵਰਗੇ ਕਬੱਡੀ ਖਿਡਾਰੀਆਂ ਨਾਲ ਮੈਚ ਖੇਡੇ। 1978 'ਚ ਗੁਰਜੀਤ ਸਿੰਘ ਆਪਣੇ ਭਰਾਵਾਂ ਕੋਲ ਕੈਨੇਡਾ ਚਲਾ ਗਿਆ।

ਕੈਨੇਡਾ ਆ ਕੇ ਲਗਪਗ ਅੱਠ ਸਾਲ ਕਬੱਡੀ ਖੇਡੀ। ਇਸੇ ਸਾਲ ਹੀ ਉਹ ਦੀ ਸ਼ਾਦੀ ਪਿੰਡ ਪਾਸਲਾ ਦੀ ਲੜਕੀ ਨਾਲ ਹੋ ਗਈ। ਵਿਆਹ ਤੋਂ ਬਾਅਦ ਵੀ ਗੁਰਜੀਤ ਕਬੱਡੀ ਖੇਡਦਾ ਰਿਹਾ। 1978 ਵਿਚ ਹੀ ਇੰਗਲੈਂਡ ਦੀ ਕਬੱਡੀ ਟੀਮ ਕੈਨੇਡਾ ਖੇਡਣ ਗਈ। ਇਧਰ ਕੈਨੇਡਾ ਦੀ ਟੀਮ 'ਚ ਤਿੰਨੇ ਭਰਾ ਖੇਡੇ। ਗੁਰਜੀਤ ਨੂੰ ਟੋਰਾਂਟੋ, ਵੈਨਕੂਵਰ, ਐਡਮੰਟਨ ਦੇ ਮੈਚਾਂ ਵਿਚ ਵਧੀਆ ਧਾਵੀ ਐਲਾਨਿਆ ਗਿਆ। 1978-79 ਵਿਚ ਤਿੰਨਾਂ ਭਰਾਵਾਂ ਦੀ ਕਬੱਡੀ ਪੂਰੀ ਚੜ੍ਹਦੀ ਕਲਾ 'ਚ ਸੀ। ਫਿਰ ਕੈਨੇਡਾ ਦੀ ਟੀਮ ਨੇ ਇੰਗਲੈਂਡ ਕਬੱਡੀ ਖੇਡਣ ਜਾਣਾ ਸੀ। ਇਹ ਮੈਚ ਇਕ ਯਾਦਗਾਰੀ ਮੈਚ ਹੋ ਨਿਬੜਨਾ ਸੀ ਪਰ ਕੁਝ ਦਿਨ ਪਹਿਲਾਂ ਹੀ ਉਹਦੇ ਪਿਤਾ ਸ. ਹਰਬੰਸ ਸਿੰਘ ਪੁਰੇਵਾਲ ਦਾ ਦੇਹਾਂਤ ਹੋਣ ਕਰਕੇ ਉਹ ਮੈਚ ਖੇਡਣ ਨਾ ਜਾ ਸਕੇ।

ਘਰ ਵਿਚ ਖੇਡਾਂ ਦਾ ਪੂਰਾ ਮਾਹੌਲ ਹੋਣ ਕਰਕੇ ਪੁਰੇਵਾਲ ਪਰਿਵਾਰ ਦੀ ਚੌਥੀ ਪੀੜ੍ਹੀ ਵੀ ਖੇਡਾਂ 'ਚ ਪੂਰੀ ਦਿਲਚਸਪੀ ਲੈ ਰਹੀ ਹੈ। ਗੁਰਜੀਤ ਦੇ ਲੜਕੇ ਪਰਮਿੰਦਰ ਪੈਰੀ ਤੇ ਤਜਿੰਦਰ ਟੈਰੀ ਕੁਸ਼ਤੀਆਂ 'ਚ ਆਪਣੇ ਪਰਿਵਾਰ ਦਾ ਨਾਂ ਰੌਸ਼ਨ ਕਰ ਰਹੇ ਹਨ। ਪੈਰੀ ਬੀ.ਸੀ. ਦੇ ਸਕੂਲਾਂ ਦਾ ਚੈਂਪੀਅਨ ਬਣਿਆ ਤੇ ਸਮੁੱਚੇ ਕੈਨੇਡਾ 'ਚੋਂ ਦੂਸਰੀ ਪੁਜੀਸ਼ਨ ਹਾਸਲ ਕੀਤੀ। ਇਸ ਵਕਤ ਪੈਰੀ ਕਬੱਡੀ ਦਾ ਤਕੜਾ ਖਿਡਾਰੀ ਹੈ। ਟੈਰੀ ਨੇ ਵੀ ਕੁਸ਼ਤੀਆਂ ਵਿਚ ਬੀ.ਸੀ. ਦੀ ਚੈਂਪੀਅਨਸ਼ਿਪ ਜਿੱਤ ਲਈ ਅਤੇ ਨੈਸ਼ਨਲ ਵਿਚ ਵੀ ਮਾਣਮੱਤੀ ਜਿੱਤ ਪ੍ਰਾਪਤ ਕਰਕੇ ਆਪਣੇ ਪਰਿਵਾਰ ਦਾ ਨਾਂ ਮਾਣ ਨਾਲ ਉੱਚਾ ਕੀਤਾ ਹੈ। ਉਸਨੇ ਕੁਸ਼ਤੀ ਟੀਮ ਦਾ ਮੈਂਬਰ ਬਣ ਕੇ ਕਿਊਬਾ ਦਾ ਟੂਰ ਲਾਇਆ। ਟੈਰੀ ਹਕੀਮਪੁਰ ਦੇ ਪੁਰੇਵਾਲ ਖੇਡ ਮੇਲੇ ਵਿਚ ਪੰਜਾਬ ਕੁਮਾਰ ਤੇ ਭਾਰਤ ਕੁਮਾਰ ਦਾ ਟਾਈਟਲ ਜਿੱਤ ਚੁੱਕਾ ਹੈ। ਇਸ ਜਿੱਤ ਨਾਲ ਟੈਰੀ ਨੇ ਆਪਣੇ ਵੱਡੇ ਵਡੇਰਿਆਂ ਦੇ ਨਾਂ ਨੂੰ ਉੱਚਾ ਕਰਕੇ ਖੇਡ ਮੇਲੇ ਦੀ ਸ਼ੋਭਾ ਨੂੰ ਹੋਰ ਵਧਾਇਆ।

ਪੁਰੇਵਾਲ ਪਰਿਵਾਰ ਖੇਡਾਂ ਦੇ ਹਰ ਖੇਤਰ ਵਿਚ ਵਧ ਚੜ੍ਹ ਕੇ ਯੋਗਦਾਨ ਪਾ ਰਿਹਾ ਹੈ। ਯੋਗਤਾ ਰੱਖਣ ਵਾਲੇ ਹਰ ਖਿਡਾਰੀ ਦੀ ਹਰ ਤਰ੍ਹਾਂ ਨਾਲ ਮਦਦ ਕਰਨ ਲਈ ਤੱਤਪਰ ਰਹਿੰਦੇ ਹਨ। ਚੀਨ ਉਲੰਪਿਕ ਜਾਣ ਵਾਲੇ ਜਸਵੀਰ ਸਿੰਘ ਕਰਨਾਣਾ ਨੂੰ ਕੈਨੇਡਾ ਮੰਗਵਾਉਣ ਦਾ ਸਿਹਰਾ ਵੀ ਇਸ ਪਰਿਵਾਰ ਦੇ ਸਿਰ ਹੀ ਬੱਝਦਾ ਹੈ। ਵੇਟ ਲਿਫਟਿੰਗ ਦੇ ਮਸ਼ਹੂਰ ਕੋਚ ਮੱਖਣ ਸਿੰਘ ਸੰਧੂ ਦਾ ਪੁਰੇਵਾਲ ਪਰਿਵਾਰ ਨਾਲ ਪਿਆਰ ਸਦਕਾ ਹੀ ਵੇਟ ਲਿਫਟਰ ਜਸਵੀਰ ਸਿੰਘ ਨੂੰ ਕੈਨੇਡਾ ਆਉਣ ਦਾ ਸੁਭਾਗ ਪ੍ਰਾਪਤ ਹੋਇਆ।

1988 ਤੋਂ ਤਿੰਨੇ ਭਰਾ ਹਰ ਸਾਲ ਆਪਣੇ ਪਿਤਾ ਸ. ਹਰਬੰਸ ਸਿੰਘ ਪੁਰੇਵਾਲ ਦੀ ਯਾਦ ਵਿਚ ਵੱਡੇ ਇਨਾਮਾਂ ਵਾਲਾ ਖੇਡ ਮੇਲਾ ਕਰਵਾਉਂਦੇ ਆ ਰਹੇ ਹਨ। ਇਸ ਮੇਲੇ ਦਾ ਖਰਚ ਹਰ ਸਾਲ 40 ਲੱਖ ਤੋਂ ਵੀ ਉਪਰ ਚਲੇ ਜਾਂਦਾ ਹੈ। ਇਸ ਨੂੰ ਦੁਆਬੇ ਦਾ ਮਿੰਨੀ ਉਲੰਪਿਕ ਖੇਡ ਮੇਲਾ ਵੀ ਕਿਹਾ ਜਾਂਦੈ। ਆਪਣੀ ਕਿਰਤ ਕਮਾਈ 'ਚੋਂ ਦਸਵੰਧ ਕੱਢ ਕੇ ਲੱਖਾਂ ਰੁਪਏ ਖਰਚ ਕੇ ਹਰੇਕ ਖਿਡਾਰੀ ਨੂੰ ਬਣਦਾ ਸਰਦਾ ਮਾਣ ਸਨਮਾਨ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਉਚ ਕੋਟੀ ਦੇ ਖਿਡਾਰੀਆਂ ਤੋਂ ਇਲਾਵਾ ਵਿਧਾਇਕ, ਸੰਸਦ ਮੈਂਬਰ ਤੇ ਮੁੱਖ ਮੰਤਰੀ ਵੀ ਇਸ ਮੇਲੇ 'ਚ ਆ ਕੇ ਮਾਣ ਮਹਿਸੂਸ ਕਰਦੇ ਹਨ। ਇਸ ਮੇਲੇ 'ਚ ਪਿੰਡ ਦੀ ਪੰਚਾਇਤ ਤੇ ਇਲਾਕੇ ਦੇ ਮੋਹਤਬਰਾਂ ਵਲੋਂ ਪੂਰਾ ਪੂਰਾ ਸਹਿਯੋਗ ਦਿੱਤਾ ਜਾਂਦਾ ਹੈ।

*917-375-6395


ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖ਼ੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)

MANUFACTURE & EXPORTER OF HERBAL PRODUCTS

25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627



ABACA BAIL BONDS

LIC NO BA 1840939

"Help When You Need It"
24 Hours

TIMOTHY W.LEE

518 CHESTER AVE. AT 5TH & CHESTER
BAKERSFIELD CA 93301
661.324.8688

# ਪਾਰਲੀਮੈਂਟ ਨੂੰ ਮੱਛੀ ਮਾਰਕਿਟ ਬਣਾ ਛੱਡਦੇ ਸਾਡੇ ਸਿਆਸਤਦਾਨ

**ਜਤਿੰਦਰ ਪਨੂੰ**

ਕਿਸੇ ਗੀਤ ਦੀ ਤਰਜ਼ ਅਤੇ ਤੋਲ-ਤੁਕਾਂਤ ਦੀ ਨਕਲ ਕਰ ਕੇ ਤਿਆਰ ਕੀਤੇ ਗਏ ਗੀਤ ਨੂੰ ਪੈਰੋਡੀ ਕਿਹਾ ਜਾਂਦਾ ਹੈ। ਜਦੋਂ ਕੁਲਦੀਪ ਮਾਣਕ ਨੇ ਦੇਵ ਥਰੀਕਿਆਂ ਵਾਲੇ ਦਾ ਲਿਖਿਆ ਗੀਤ 'ਮਾਂ ਹੁੰਦੀ ਏ ਮਾਂ, ਓ ਦੁਨੀਆ ਵਾਲਿਓ' ਗਾਇਆ ਤਾਂ ਕੁਝ ਚਿਰ ਬਾਅਦ ਉਹਦੀ ਪੈਰੋਡੀ 'ਗਾਂ ਹੁੰਦੀ ਏ ਗਾਂ, ਓ ਦੁਨੀਆ ਵਾਲਿਓ' ਬਣ ਗਈ ਸੀ। ਪ੍ਰੀਤ ਹਰਪਾਲ ਦਾ ਲਿਖਿਆ ਜੈਜ਼ੀ ਬੈਂਸ ਦਾ ਗਾਇਆ ਗੀਤ 'ਜੀਹਨੇ ਸਾਡਾ ਦਿਲ ਲੁੱਟਿਆ' ਸੁਣ ਕੇ ਭੋਟੂ ਸ਼ਾਹ ਨੇ ਪੈਰੋਡੀ ਬਣਾ ਦਿੱਤੀ ਸੀ, 'ਕੀਹਨੇ ਸਾਡਾ ਭਈਆ ਕੁੱਟਿਆ।' ਇੰਜ ਹੀ ਜਦੋਂ ਗੁਰਦਾਸ ਮਾਨ ਦਾ ਇਹ ਗੀਤ ਆਇਆ ਸੀ, 'ਵਾਹ ਨੀ ਜਵਾਨੀਏਂ, ਤੇਰਾ ਵੀ ਜਵਾਬ ਨਹੀਂ', ਉਦੋਂ ਕਿਸੇ ਨੇ ਇਹ ਪੈਰੋਡੀ ਬਣਾ ਲਈ ਸੀ, 'ਵਾਹ ਨੀ ਸਿਆਸਤੇ, ਤੇਰਾ ਵੀ ਜਵਾਬ ਨਹੀਂ।'

ਜਿਵੇਂ ਬੁਨਿਆਦੀ ਗੀਤ ਇਕ ਖਾਸ ਭਾਵ ਨੂੰ ਪ੍ਰਗਟ ਕਰਦਾ ਹੈ, ਤੇ ਪੈਰੋਡੀ ਉਸ ਦੀ ਭੱਦੀ ਸਾਂਗ ਬਣ ਕੇ ਰਹਿ ਜਾਂਦੀ ਹੈ, ਸਾਡਾ ਭਾਰਤ ਦਾ ਲੋਕ ਰਾਜ ਵੀ ਅਸਲੀ ਲੋਕ ਰਾਜ ਦੀ ਇੱਕ ਨਿਹਾਇਤ ਘਟੀਆ ਸਾਂਗ ਬਣ ਕੇ ਰਹਿ ਗਿਆ ਜਾਪਦਾ ਹੈ। ਵਿਚਾਰਾਂ ਦੇ ਪ੍ਰਗਟਾਵੇ ਦੇ ਨਾਂਅ 'ਤੇ ਗਾਲ੍ਹਾਂ ਕੱਢੀਆਂ ਜਾ ਸਕਦੀਆਂ ਹਨ। ਉਦਘਾਟਨੀ ਸਮਾਗਮ ਮੌਕੇ ਰਾਸ਼ਟਰਪਤੀ ਜਾਂ ਗਵਰਨਰ ਦੀ ਤਕਰੀਰ ਦੌਰਾਨ ਵੀ ਧਮੱਚੜ ਪਾਇਆ ਜਾ ਸਕਦਾ ਹੈ ਤੇ ਹੋਰ ਤਾਂ ਹੋਰ, ਸ਼ਰਧਾਂਜਲੀ ਭੇਟ ਕਰਨ ਸਮੇਂ ਵੀ ਮਿਹਣੋਬਾਜ਼ੀ ਕੀਤੀ ਜਾ ਸਕਦੀ ਹੈ। ਹੁਣ ਤਾਂ ਸਮਾਗਮ ਵਿਚ ਬਹਿਸ ਦੀ ਨੌਬਤ ਆਉਣ ਤੋਂ ਪਹਿਲੀ ਰਸਮ, ਮੈਂਬਰੀ ਦੀ ਸਹੁੰ ਚੁੱਕਣ, ਮੌਕੇ ਵੀ ਫਸਾਦ ਹੋਣ ਲੱਗ ਪਿਆ ਹੈ।

ਸਾਡੇ ਪੰਜਾਬ ਦੀ ਵਿਧਾਨ ਸਭਾ ਦੀ ਮਿਸਾਲ ਹੈ ਕਿ ਏਥੇ ਤੀਜੀ ਵਾਰ ਹੱਥੋ ਪਾਈ ਦੀ ਨੌਬਤ ਆਈ ਹੈ। ਸਪੀਕਰ ਉੱਤੇ ਭ੍ਰਿਸ਼ਟਾਚਾਰ ਦੇ ਦੋਸ਼ ਏਨੇ ਹਨ ਕੇ ਸੀ ਬੀ ਆਈ ਮਨਜ਼ੂਰੀ ਮੰਗ ਰਹੀ ਹੈ। ਰਾਜ ਸਰਕਾਰ ਮਨਜ਼ੂਰੀ ਨਹੀਂ ਦੇ ਰਹੀ। ਇੰਜ ਕਰ ਕੇ ਸਰਕਾਰ ਵਲੋਂ ਸਪੀਕਰ ਨੂੰ ਖੁਸ਼ ਰੱਖਿਆ ਜਾ ਰਿਹਾ ਹੈ ਤੇ ਸਪੀਕਰ 'ਤੇ ਸਰਕਾਰ ਚਲਾ ਰਹੇ ਲੋਕਾਂ ਨੂੰ ਖੁਸ਼ ਰੱਖਣ ਲਈ ਮਰਿਆਦਾ ਨੂੰ ਅਣਦੇਖੀ ਕਰਨ ਦਾ ਇਲਜ਼ਾਮ ਲੱਗ ਰਿਹਾ ਹੈ।

ਪੰਜਾਬ ਵਿਧਾਨ ਸਭਾ ਵਿਚ ਤਾਂ ਨੌਬਤ ਹਾਲੇ ਹੱਥੋ-ਪਾਈ ਤੱਕ ਹੀ ਆਈ ਹੈ। ਉਂਜ ਓਥੇ ਇਸਤਰੀ ਮੈਂਬਰਾਂ ਦੀ ਹਾਜ਼ਰੀ ਵਿਚ ਇਕ ਦੂਜੇ ਨੂੰ ਉਹ ਗਾਲ੍ਹਾਂ ਵੀ ਕੱਢੀਆਂ ਗਈਆਂ, ਜਿਹੜੀਆਂ ਆਪੋ ਆਪਣੇ ਪਰਵਾਰ ਵਿਚ ਸ਼ਾਇਦ ਸਾਡੇ 'ਮਾਣਯੋਗ' ਮੈਂਬਰ ਕਦੇ ਨਾ ਕੱਢਦੇ ਹੋਣ। ਫਿਰ ਵੀ ਗੱਲ ਇਸ ਤੋਂ ਅੱਗੇ ਨਹੀਂ ਵਧੀ। ਦੂਜੇ ਰਾਜ ਸਾਡੇ ਪੰਜਾਬ ਤੋਂ ਜ਼ਿਆਦਾ ਤਰੱਕੀ ਕਰ ਗਏ ਹਨ। ਉੱਤਰ ਪ੍ਰਦੇਸ਼ ਵਿਧਾਨ ਸਭਾ ਅੰਦਰ ਮੈਂਬਰਾਂ ਵਲੋਂ ਇੱਕ ਵਾਰੀ ਇੱਕ ਦੂਜੇ ਨੂੰ ਮਾਈਕਰੋਫੋਨਾਂ ਤੋਂ ਲੈ ਕੇ ਛਿੱਤਰਾਂ ਤੱਕ ਨਾਲ ਚਾੜ੍ਹਿਆ ਗਿਆ ਕੁਟਾਪਾ ਅੱਜ ਤੱਕ ਕਿਸੇ ਨੂੰ ਭੁੱਲਾ ਨਹੀਂ। ਉਹਦੇ ਪਿੱਛੋਂ ਹੋਰ ਵੀ ਇੱਕ-ਦੋ ਥਾਂਈਂ ਏਦਾਂ ਵਾਪਰ ਜਾਂਦਾ ਰਿਹਾ। ਇਸ ਹਫਤੇ ਬਿਹਾਰ ਵਿਚ ਵੀ ਵਾਪਰ ਗਿਆ ਹੈ।

ਰਾਮ ਵਿਲਾਸ ਪਾਸਵਾਨ ਕਦੇ ਜਨਤਾ ਪਾਰਟੀ ਵਿਚ ਵੀ ਤੇ ਜਨਤਾ ਦਲ ਵਿਚ ਵੀ ਨਿਤੀਸ਼ ਕੁਮਾਰ ਹੁਰਾਂ ਦਾ ਸਾਥੀ ਹੁੰਦਾ ਸੀ। ਉਹ ਵਾਜਪਾਈ ਸਰਕਾਰ ਵਿਚ ਵੀ ਕਾਫੀ ਦੇਰ ਇਕੱਠੇ ਮੰਤਰੀ ਰਹੇ ਸਨ। ਹੁਣ ਨਿਤੀਸ਼ ਕੁਮਾਰ ਤਾਂ ਬਿਹਾਰ ਦਾ ਮੁੱਖ ਮੰਤਰੀ ਹੈ ਤੇ ਪਾਸਵਾਨ ਵਿਚਾਰਾ ਪਾਰਲੀਮੈਂਟ ਦੀ ਸੀਟ ਵੀ ਗੁਆ ਬੈਠਾ ਹੈ। ਉਸ ਨੇ ਆਪਣੇ ਕਾਰਿੰਦਿਆਂ ਤੋਂ ਲਾਠੀਆਂ



ਪੀ.ਚਿਦੰਬਰਮ



ਰਾਮ ਵਿਲਾਸ ਪਾਸਵਾਨ



ਨਿਤੀਸ਼ ਕੁਮਾਰ

ਸਮੇਤ ਪਟਨੇ ਵਿਚ ਮੁਜ਼ਾਹਰਾ ਕਰਵਾਇਆ ਤੇ ਪੁਲਸ ਨਾਲ ਟੱਕਰ ਹੋ ਗਈ। ਹੱਡ ਤੱਤੇ ਕਰਵਾਉਣ ਪਿੱਛੋਂ ਅਗਲੇ ਦਿਨ ਰਾਜ ਦੇ ਦੋਵੇਂ ਸਦਨਾਂ, ਵਿਧਾਨ ਸਭਾ ਤੇ ਵਿਧਾਨ ਪ੍ਰੀਸ਼ਦ, ਵਿਚ ਉਹਦੇ ਮੈਂਬਰਾਂ ਨੇ ਦੂਜੀ ਧਿਰ ਵਾਲਿਆਂ 'ਤੇ ਮੇਜ਼-ਕੁਰਸੀਆਂ ਚੁੱਕ-ਚੁੱਕ ਮਾਰੇ।

ਹੋਰ ਵੀ ਬਾਹਲਾ ਦਿਲਚਸਪ ਸਿਆਸੀ ਰੰਗ ਵੇਖਣ ਨੂੰ ਮਿਲਿਆ ਪਾਰਲੀਮੈਂਟ ਵਿਚ। ਓਥੇ ਦਿੱਲੀ ਦੀਆਂ 1984 ਦੀਆਂ ਖ਼ੂਨੀ ਘਟਨਾਵਾਂ ਉੱਤੇ ਬਹਿਸ ਹੋਈ, ਜਿਨ੍ਹਾਂ ਵਿਚ ਸੈਂਕੜਿਆਂ ਦੀ ਗਿਣਤੀ ਵਿਚ ਨਿਰਦੋਸ਼ੇ ਸਿੱਖ ਮਾਰੇ ਗਏ ਸਨ। ਦੇਸ਼ ਦੇ ਗ੍ਰਹਿ ਮੰਤਰੀ ਪੀ.ਚਿਦੰਬਰਮ ਨੂੰ ਆਮ ਕਰਕੇ ਜਾਇਜ਼ ਗੱਲ ਕਰਨ ਵਾਲਾ ਮੰਨਿਆ ਜਾਂਦਾ ਹੈ, ਪਰ ਉਸ ਦਿਨ ਉਸਨੇ ਹਰ ਪਾਸਿਓਂ ਦੋਸ਼ੀ ਗਰਦਾਨੇ ਜਾ ਰਹੇ ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਦੇ ਸਵਾਲ ਉਤੇ ਉਹ ਪੈਂਤੜਾ ਮੱਲਿਆ, ਜੋ ਜਾਇਜ਼ ਨਹੀਂ ਕਿਹਾ ਜਾ ਸਕਦਾ। ਮੰਗ ਇਹ ਹੋਈ ਸੀ ਕਿ ਉਨ੍ਹਾਂ ਵਿਰੁਧ ਮੁਕੱਦਮੇ ਦੀ ਆਗਿਆ ਦਿੱਤੀ ਜਾਣੀ ਚਾਹੀਦੀ ਹੈ, ਤੇ ਗ੍ਰਹਿ ਮੰਤਰੀ ਸਾਹਿਬ ਇਹ ਕਹਿਕੇ ਟਾਲ ਗਏ ਕਿ ਉਹ ਉੱਪ ਰਾਜਪਾਲ ਨੂੰ ਫਾਈਲ ਬਾਰੇ ਛੇਤੀ ਫੈਸਲਾ ਲੈਣ ਨੂੰ ਕਹਿਣਗੇ। ਸਿਰਫ਼ ਫੈਸਲਾ ਲੈਣ ਲਈ ਕਿਉਂ, ਉਹ ਮਨਜ਼ੂਰੀ ਦੇਣ ਲਈ ਕਿਉਂ ਨਹੀਂ ਕਹਿਣਗੇ? ਜਵਾਬ ਸੀ ਕਿ ਉੱਪ ਰਾਜਪਾਲ ਦੀ ਕਾਰਵਾਈ ਵਿਚ ਉਹ ਦਖ਼ਲ ਅੰਦਾਜ਼ੀ ਨਹੀਂ ਕਰਨਾ ਚਾਹੁੰਦੇ, ਪਰ ਅਸਲ ਗੱਲ ਸਭ ਨੂੰ ਪਤਾ ਹੈ ਕਿ ਉਹ ਆਪਣੇ ਪਾਰਟੀ ਸਾਥੀਆਂ ਨੂੰ ਮੁਸ਼ਕਲ ਵਿਚ ਨਹੀਂ ਫਸਾਉਣਾ ਚਾਹੁੰਦੇ।

ਦੂਜਾ ਪਾਸਾ ਵਿਰੋਧੀ ਧਿਰ ਦਾ ਸੀ। ਉਨ੍ਹਾਂ ਦੀ ਅਗਵਾਈ ਕਰਨ ਵਾਲਿਆਂ ਦੋਹ ਮੈਂਬਰਾਂ ਵਿਚੋਂ ਇੱਕ ਸੁਰਿੰਦਰਜੀਤ ਸਿੰਘ ਆਹਲੂਵਾਲੀਆ ਸੀ, ਜਿਹੜਾ ਹੁਣ ਭਾਰਤੀ ਜਨਤਾ ਪਾਰਟੀ ਦਾ ਲੀਡਰ ਹੈ, ਪਰ ਕਦੇ ਕਾਂਗਰਸੀ ਹੁੰਦਾ ਸੀ। ਖ਼ੂਨੀ ਘਟਨਾਵਾਂ ਹੋਈਆਂ ਸਨ 1984 ਵਿਚ ਤੇ ਆਹਲੂਵਾਲੀਆ ਸਰਦਾਰ ਕਾਂਗਰਸ ਵਿਚ ਰਿਹਾ ਸੀ 1996 ਤੱਕ ਦੇ ਬਾਰਾਂ ਹੋਰ ਸਾਲ। ਇਸ ਦੌਰਾਨ ਉਹ ਪਾਰਲੀਮੈਂਟ ਮੈਂਬਰ ਵੀ ਰਿਹਾ, ਨਰਸਿਮ੍ਹਾ ਰਾਓ ਸਰਕਾਰ ਦਾ ਕੇਂਦਰੀ ਮੰਤਰੀ ਵੀ, ਪਰ ਮਾਰੇ ਗਏ ਸਿੱਖਾਂ ਨੂੰ ਇਨਸਾਫ਼ ਦਿਵਾਉਣ ਬਾਰੇ ਕਦੇ ਬੋਲਿਆ ਹੀ ਨਹੀਂ ਸੀ। ਜਦੋਂ ਵਾਜਪਾਈ ਸਰਕਾਰ ਬਣੀ, ਉਹ ਭਾਜਪਾ ਵਲੋਂ ਮੰਤਰੀ ਬਣਿਆ, ਪਰ ਉਸ ਸਰਕਾਰ ਨੇ ਵੀ ਜਦੋਂ ਜਗਦੀਸ਼ ਟਾਈਟਲਰ ਤੇ ਸੱਜਣ ਕੁਮਾਰ ਨੂੰ ਕਟਹਿਰੇ 'ਚ ਖੜਾ ਕਰਨ ਲਈ ਕੁਝ ਨਾ ਕੀਤਾ, ਆਹਲੂਵਾਲੀਆ ਸਾਹਿਬ ਖਾਮੋਸ਼ ਰਹੇ ਸਨ। ਹੁਣ ਉਹਨਾਂ ਘਟਨਾਵਾਂ ਦੀ ਚਰਚਾ ਦੌਰਾਨ ਆਹਲੂਵਾਲੀਏ ਸਰਦਾਰ ਨੇ ਇਹ ਮੁੱਦਾ ਵੀ ਉਠਾਇਆ ਕਿ 1984 ਦੇ ਅਪ੍ਰੇਸ਼ਨ ਬਲਿਊ ਸਟਾਰ ਦੌਰਾਨ ਭਾਰਤੀ ਫ਼ੌਜ ਸ੍ਰੀ ਹਰਮੰਦਰ ਸਾਹਿਬ ਵਿਚੋਂ ਬਹੁਤ ਸਾਰੇ ਧਾਰਮਿਕ ਗ੍ਰੰਥ ਚੁੱਕ ਕੇ ਲੈ ਗਈ ਸੀ, ਉਹ ਵਾਪਸ ਕੀਤੇ ਜਾਣੇ ਚਾਹੀਦੇ ਹਨ। ਇਹ ਗੱਲ ਵੀ ਉਸ ਨੇ ਨਾ ਤਾਂ ਕਦੇ ਕਾਂਗਰਸੀ ਹੁੰਦਿਆਂ ਤੇ ਨਾ ਭਾਜਪਾ ਮੰਤਰੀ ਹੁੰਦਿਆਂ ਹੁਣ ਤੱਕ ਚੁੱਕੀ ਸੀ, ਸਗੋਂ ਜਦੋਂ ਵਾਜਪਾਈ ਸਰਕਾਰ ਦੇ ਰੱਖਿਆ ਮੰਤਰੀ ਜਾਰਜ ਫਰਨਾਂਡੇਜ਼ ਨੇ ਪਾਰਲੀਮੈਂਟ ਵਿਚ ਇਹ ਕਿਹਾ ਸੀ ਕਿ ਫ਼ੌਜ ਕੋਲ ਕੋਈ ਗ੍ਰੰਥ ਹੈ ਹੀ ਨਹੀਂ, ਇਹ ਤਾਂ ਓਦੋਂ ਵੀ ਨਹੀਂ ਸੀ ਬੋਲਿਆ। ਹੁਣ ਉਹ ਜਿੰਨਾ ਵੀ ਸੱਚ ਕਹੀ ਜਾਵੇ, ਇਸ ਨਾਲ ਇੱਕ ਗੱਲ ਆਪਣੇ ਆਪ ਜੁੜ ਜਾਵੇਗੀ ਕਿ ਉਹ ਜ਼ਮੀਰ ਦੀ ਆਵਾਜ਼ ਮੁਤਾਬਕ ਨਹੀਂ, ਮੌਕੇ ਦੇ ਰਾਜਨੀਤਕ ਪੈਂਤੜੇ ਅਤੇ ਰਾਜਨੀਤਕ ਲੋੜ ਨੂੰ ਮੁੱਖ ਰੱਖ ਕੇ ਹੀ ਬੋਲਦਾ ਹੈ।

ਰਾਜਨੀਤਕ ਗੈਰ-ਇਮਾਨਦਾਰੀ ਦੇ ਇਸ ਕੁਚੱਕਰ ਵਿਚ ਹੀ ਇਕ ਨਵੀਂ ਘਟਨਾ ਜੁੜ ਗਈ ਹੈ ਭਾਰਤੀ ਜਨਤਾ ਪਾਰਟੀ ਦੀ ਲੀਡਰਸ਼ਿਪ ਵਿਚ ਅਦਲਾ-ਬਦਲੀ ਦੀ। ਪਾਰਟੀ ਨੇ ਲੋਕ ਸਭਾ ਅੰਦਰ ਵਿਰੋਧੀ ਧਿਰ ਦੇ ਆਗੂ ਵਜੋਂ ਲਾਲ ਕ੍ਰਿਸ਼ਨ ਅਡਵਾਨੀ ਨੂੰ ਪਾਸੇ ਧੱਕ ਕੇ ਬੀਬੀ ਸੁਸ਼ਮਾ ਸਵਰਾਜ ਨੂੰ ਅੱਗੇ ਕਰ ਦਿੱਤਾ ਹੈ। ਲਾਲ ਕ੍ਰਿਸ਼ਨ ਅਡਵਾਨੀ ਦੇ ਉਂਜ ਵੀ ਹੁਣ ਸੰਨਿਆਸ ਦੇ ਦਿਨ ਨੇੜੇ ਹਨ ਤੇ ਆਪਣੇ-ਪਰਾਏ ਸਭ ਉਸ ਉਤੇ ਵਿਅੰਗਾਂ ਦੀ ਵਾਛੜ ਕਰਦੇ ਰਹਿੰਦੇ ਹਨ। ਪਾਰਟੀ ਦੀ ਪ੍ਰਧਾਨਗੀ ਦੇ ਚਾਹਵਾਨ ਇੱਕ ਮੀਤ ਪ੍ਰਧਾਨ ਨੇ ਤਾਂ ਅਡਵਾਨੀ ਸਾਹਿਬ ਨੂੰ 'ਉੱਲੀ ਲੱਗਾ ਹੋਇਆ ਆਚਾਰ' ਕਹਿਣ ਵਿਚ ਵੀ ਝਿਜਕ ਨਹੀਂ ਸੀ ਵਿਖਾਈ। ਹੋਰ ਜ਼ਲੀਲ ਹੋਣ ਨਾਲੋਂ ਪਾਸੇ ਹੋ ਜਾਣਾ ਹੀ ਠੀਕ ਸੀ।

ਕਿਹਾ ਜਾਂਦਾ ਹੈ ਕਿ ਭਾਜਪਾ ਅੰਦਰ ਅਡਵਾਨੀ ਦੀ ਥਾਂ ਸੁਸ਼ਮਾ ਸਵਰਾਜ ਦੀ ਨਿਯੁਕਤੀ ਤੋਂ ਹੋਈ ਤਬਦੀਲੀ ਦੀ ਇਸ ਸ਼ੁਰੂਆਤ ਪਿੱਛੇ ਆਰ ਐਸ ਐਸ ਦਾ ਹੱਥ ਹੈ। ਕੱਟੜ ਹਿੰਦੂ ਰਾਜਨੀਤੀ ਦਾ ਕੇਂਦਰੀ ਧੁਰਾ ਮੰਨੇ ਜਾਣ ਦੇ ਬਾਵਜੂਦ ਆਰ ਐਸ ਐਸ ਹਾਲੇ ਤੱਕ ਖੁਦ ਨੂੰ ਰਾਜਨੀਤੀ ਤੋਂ ਹਟਵਾਂ ਇੱਕ ਸੱਭਿਆਚਾਰਕ ਰਾਸ਼ਟਰਵਾਦੀ ਸੰਗਠਨ ਆਖਦਾ ਹੁੰਦਾ ਸੀ। ਇਸਦੇ ਮੌਜੂਦਾ ਮੁਖੀ ਮੋਹਨ ਭਾਗਵਤ ਨੇ ਆ ਕੇ ਸਿੱਧੇ ਤੌਰ ਉੱਤੇ ਭਾਜਪਾ ਲੀਡਰਾਂ ਦੀ ਉਠਕ-ਬੈਠਕ ਕਰਵਾਉਣੀ ਸ਼ੁਰੂ ਕਰ ਦਿੱਤੀ। ਉਸੇ ਨੇ ਇਹ ਗੱਲ ਪਹਿਲਾਂ ਇਸ਼ਾਰੇ ਵਜੋਂ ਕਹੀ ਤੇ ਫਿਰ ਸਿੱਧਾ ਹੁਕਮ ਕੀਤਾ ਕਿ ਪਾਰਟੀ ਦੀ ਲੀਡਰਸ਼ਿਪ ਬਦਲ ਕੇ ਨਵੀਂ ਪੀੜ੍ਹੀ ਅੱਗੇ ਲਿਆਉਣੀ ਹੋਵੇਗੀ, ਤੇ ਮਾੜੀ-ਮੋਟੀ ਨਾਂਹ-ਨੁੱਕਰ ਪਿੱਛੋਂ ਇਹ ਗੱਲ ਮੰਨ ਲਈ ਗਈ, ਪਰ ਦਿਲਚਸਪ ਰਹੀ ਸੁਸ਼ਮਾ ਸਵਰਾਜ ਦੀ ਅਹੁਦੇਦਾਰੀ।

ਜਦੋਂ ਐਮਰਜੈਂਸੀ ਪਿੱਛੋਂ ਮੋਰਾਰਜੀ ਡਿਸਾਈ ਦੀ ਜਨਤਾ ਪਾਰਟੀ ਸਰਕਾਰ ਬਣੀ ਸੀ, ਉਸ ਵਿਚ ਸ਼ਾਮਲ ਸਾਰੇ ਚਾਰ ਪਾਰਟੀਆਂ ਵਿਚ ਇਕ ਪਾਰਟੀ ਜਨ ਸੰਘ ਵੀ ਸੀ, ਜੋ ਆਰ.ਐਸ.ਐਸ. ਦਾ ਜਵਾਕ ਮੰਨੀ ਜਾਂਦੀ ਸੀ। ਦੋ ਸਾਲ ਪੂਰੇ ਹੋਣ ਪਿੱਛੋਂ ਇਹ ਝਗੜਾ ਪੈ ਗਿਆ ਕਿ ਪੁਰਾਣੇ ਜਨ ਸੰਘੀਆਂ ਨੇ ਜਨ ਸੰਘ ਤੋੜ ਕੇ ਜਨਤਾ ਪਾਰਟੀ ਦੀ ਮੈਂਬਰੀ ਤਾਂ ਲੈ ਲਈ, ਪਰ ਆਰ ਐਸ ਐਸ ਦਾ ਵਲੰਟੀਅਰਪੁਣਾ ਹਾਲੇ ਵੀ ਨਹੀਂ ਛੱਡਿਆ। ਅੱਗੋਂ ਜਨ ਸੰਘ ਵਾਲਿਆਂ ਵਾਜਪਾਈਆਂ, ਅਡਵਾਨੀਆਂ ਤੇ ਸ਼ੇਖਾਵਤਾਂ ਨੇ ਸਾਫ਼ ਕਹਿ ਦਿੱਤਾ ਕਿ ਜਨਤਾ ਪਾਰਟੀ ਤਾਂ ਛੱਡ ਸਕਦੇ ਹਾਂ, ਸਰਕਾਰ ਵੀ ਛੱਡ ਦਿਆਂਗੇ, ਆਰ ਐਸ ਐਸ ਨੂੰ ਨਹੀਂ ਛੱਡ ਸਕਦੇ। ਸਰਕਾਰ ਵੀ ਟੁੱਟ ਗਈ, ਜਨਤਾ ਪਾਰਟੀ ਵੀ। ਜਨ ਸੰਘ ਵਾਲਿਆਂ ਪੁਰਾਣਿਆਂ ਨੇ ਆਰ ਐਸ ਐਸ ਨਾਲ ਵਫ਼ਾਦਾਰੀ ਨਿਭਾਉਂਦਿਆਂ ਵੱਖਰੀ ਭਾਰਤੀ ਜਨਤਾ ਪਾਰਟੀ ਬਣਾ ਲਈ, ਪਰ ਸੁਸ਼ਮਾ ਸਵਰਾਜ ਉਨ੍ਹਾਂ ਨਾਲ ਜਾਣ ਦੀ ਥਾਂ ਆਰ ਐਸ ਐਸ ਦੇ ਵਿਰੋਧ ਦਾ ਫੱਟਾ ਚੁੱਕਣ ਵਾਲਿਆਂ ਸਮਾਜਵਾਦੀਆਂ ਨਾਲ ਖੜ੍ਹੀ ਸੀ। ਕਮਾਲ ਦੀ ਗੱਲ ਇਹ ਹੈ ਕਿ ਉਹ ਤਾਂ ਕੁਰਸੀ ਦੇ ਮੋਹ ਕਾਰਨ ਮੀਲਾਂ ਦਾ ਮੋੜਾ ਕੱਟ ਕੇ ਆਰ ਐਸ ਐਸ ਦੀ ਸ਼ਰਣ ਆਈ ਹੀ, ਆਰ ਐਸ ਐਸ ਦੀ ਸਭ ਤੋਂ ਚਹੇਤੀ ਆਗੂ ਵੀ ਬਣ ਕੇ ਉਹੋ ਉੱਭਰ ਆਈ ਹੈ।

ਤੇ ਇਸ ਨਾਲ ਫ਼ਰਕ ਕੀ ਪਵੇਗਾ? ਅਸੀਂ ਇਹ ਤਾਂ ਨਹੀਂ ਦੱਸਾਂਗੇ ਕਿ ਸੁਸ਼ਮਾ ਸਵਰਾਜ ਨੇ ਬੇਲਾਰੀ ਵਿਚ ਚੋਣ ਹਾਰਨ ਪਿੱਛੋਂ ਕੇਂਦਰੀ ਮੰਤਰੀ ਬਣਨ ਲਈ ਕੀ ਦਾਅ ਵਰਤਿਆ ਸੀ, ਹਾਲਾਂਕਿ ਉਹ ਵੀ ਇੱਕ ਦਿਲਚਸਪ ਕਿੱਸਾ ਹੈ, ਜਾਂ ਕਰਨਾਟਕ ਦੀ ਭਾਜਪਾ ਸਰਕਾਰ ਦਾ ਸੰਕਟ ਹੱਲ ਕਰਨ ਬਦਲੇ ਉਸ ਰਾਜ ਦੀ ਸਰਕਾਰ ਤੋਂ ਆਪਣੇ ਪਤੀ ਲਈ ਕਿਹੜੀ ਲਾਹੇਵੰਦੀ ਨਵੀਂ ਨਿਯੁਕਤੀ ਲਈ ਹੈ, ਸਗੋਂ ਇਹ ਦੱਸਾਂਗੇ ਕਿ ਜਿਸ ਪਾਰਲੀਮੈਂਟ ਅੰਦਰ ਉਸਨੇ ਵਿਰੋਧੀ ਧਿਰ ਦੀ ਆਗੂ ਹੋਣਾ ਹੈ, ਉਸ ਦਾ ਕੀ ਹਾਲ ਹੈ?

ਬੀਤੇ ਹਫਤੇ ਵਿਚ ਕਈ ਵਾਰੀ ਅਸੀਂ ਸਿੱਧੀ ਵਿਖਾਈ ਜਾ ਰਹੀ ਲੋਕ ਸਭਾ ਦੀ ਕਾਰਵਾਈ ਟੀ ਵੀ ਉੱਤੇ ਵੇਖੀ ਹੈ। ਕਾਹਦੀ ਕਾਰਵਾਈ, ਬਸ ਮੱਛੀ ਮੰਡੀ ਦਾ ਨਜ਼ਾਰਾ ਸੀ। ਵਿਰੋਧੀ ਧਿਰ ਲਗਾਤਾਰ ਨਾਹਰੇ ਮਾਰ ਰਹੀ ਸੀ ਤੇ ਉਹਦੇ ਨਾਹਰਿਆਂ ਦੌਰਾਨ ਪਾਰਲੀਮੈਂਟ ਦੀ ਕਾਰਵਾਈ 'ਚੱਲ ਰਹੀ' ਸੀ। ਮਾਣਯੋਗ ਸਪੀਕਰ ਬੀਬੀ ਮੀਰਾ ਕੁਮਾਰ ਮੰਤਰੀਆਂ ਦੇ ਨਾਂਅ ਲੈ ਕੇ ਬਿੱਲ ਪੇਸ਼ ਕਰਨ ਨੂੰ ਕਹਿੰਦੀ ਸੀ, ਉਹ ਉਠ ਕੇ ਬਿੱਲ ਪੜ੍ਹਨ ਦੀ ਥਾਂ 'ਪੇਸ਼ ਕੀਤਾ ਜਾਂਦਾ' ਵਰਗੇ ਸ਼ਬਦ ਕਹਿਕੇ ਬੈਠ ਜਾਂਦੇ ਸਨ। ਬਿਨਾਂ ਬਹਿਸ ਤੋਂ ਸਪੀਕਰ ਬੀਬੀ ਇਹ ਪੁੱਛ ਲੈਂਦੀ ਸੀ, 'ਜਿਹੜੇ ਮੈਂਬਰ ਹੱਕ ਵਿਚ ਹਨ, 'ਹਾਂ' ਬੋਲੋ। ਫਿਰ 'ਨਾਂਹ' ਵਾਲੇ ਪੁੱਛ ਕੇ ਨਾਹਰਿਆਂ ਦੇ ਰੌਲੇ ਵਿਚ ਹੀ ਇਸ ਨੂੰ ਆਵਾਜ਼ ਦੀ ਵੋਟ ਨਾਲ ਪਾਸ ਹੋਇਆ ਕਰਾਰ ਦੇ ਕੇ ਅਗਲਾ ਬਿੱਲ 'ਪਾਸ' ਕਰਨ ਦਾ ਕੰਮ ਸ਼ੁਰੂ ਹੋ ਜਾਂਦਾ ਸੀ। ਲੋਕਾਂ ਦੀ ਜ਼ਿੰਦਗੀ ਤੇ ਦੇਸ਼ ਦੇ ਹਿੱਤਾਂ ਦੇ ਮਸਲੇ ਬਿਨਾਂ ਵਿਚਾਰ ਕੀਤੇ ਤੋਂ ਡਰਾਮੇਬਾਜ਼ੀ ਵਿਚ ਪਾਸ ਕੀਤੇ ਜਾ ਰਹੇ ਸਨ, ਜਾਂ ਠੀਕ ਕਿਹਾ ਜਾਵੇ ਤਾਂ 'ਪਾਸੇ ਕੀਤੇ ਜਾ ਰਹੇ' ਸਨ। ਇੱਕ ਦਿਨ ਤਾਂ ਪੰਦਰਾਂ ਮਿੰਟਾਂ ਵਿਚ ਹੀ ਤਿੰਨ ਕਾਨੂੰਨ 'ਪਾਸ' ਹੋ ਗਏ ਸਨ।

ਸਿਰਫ਼ ਪੰਦਰਾਂ ਮਿੰਟਾਂ ਵਿਚ ਤਿੰਨ ਕਾਨੂੰਨ ਪਾਸ ਹੋ ਜਾਣਾ ਲੋਕਰਾਜ ਦੀ ਤੇਜ਼ ਗਤੀ ਦਾ ਨਮੂਨਾ ਨਹੀਂ, ਅਸਲੀ ਲੋਕ-ਰਾਜ ਦੀ ਘਟੀਆ ਪੈਰੋਡੀ ਮੰਨਿਆ ਜਾ ਸਕਦਾ ਹੈ, ਜਿਹੜੀ ਕਿਸੇ ਭੋਟੂ ਸ਼ਾਹ ਜਾਂ ਭਗਵੰਤ ਮਾਨ ਦੀ ਬਜਾਏ ਸਾਡੇ 'ਮਾਣਯੋਗ' ਪਾਰਲੀਮੈਂਟ ਮੈਂਬਰਾਂ ਨੇ ਦੇਸ਼ ਦੇ ਨਾਗਰਿਕਾਂ ਮੂਹਰੇ ਪੇਸ਼ ਕਰ ਛੱਡੀ ਹੈ। ਇਹੋ ਜਿਹੀ ਪਾਰਲੀਮੈਂਟ ਵਿਚ ਹਾਕਮ ਧਿਰ ਦਾ ਆਗੂ ਕੌਣ ਬਣਦਾ ਹੈ ਤੇ ਵਿਰੋਧੀ ਧਿਰ ਦਾ ਕੌਣ, ਇਸ ਨਾਲ ਕਿਸੇ ਨੂੰ ਕੀ ਮਤਲਬ, ਕਹਿਣਾ ਤਾਂ ਅੰਤ ਨੂੰ ਇਹੋ ਹੈ, ''ਵਾਹ ਨਹੀਂ ਸਿਆਸਤੇ, ਤੇਰਾ ਵੀ ਜਵਾਬ ਨਹੀਂ।''

# ਤਿਲੰਗਾਨਾ ਰਾਜ ਦਾ ਮਸਲਾ ਠੰਡੇ ਬਸਤੇ ਵਿਚ ਪਿਆ, ਵਿਰੋਧ ਜਾਰੀ

**ਪੰਜਾਬ ਟਾਈਮਜ਼ ਬਿਊਰੋ**

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮਨਮੋਹਨ ਸਿੰਘ ਨੇ ਆਂਧਰਾ ਪ੍ਰਦੇਸ਼ ਦੇ ਤੱਟਵਰਤੀ ਅਤੇ ਰਾਇਲ ਸੀਮਾ ਖੇਤਰ ਦੇ ਕਾਂਗਰਸੀ ਸਾਂਸਦਾਂ ਦੇ ਇੱਕ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਤੇਲੰਗਾਨਾ ਮੁੱਦੇ 'ਤੇ ਕੱਲ੍ਹ ਤੱਕ ਕੋਈ ਨਾ ਕੋਈ ਫ਼ੈਸਲਾ ਲੈ ਲਿਆ ਜਾਵੇਗਾ।

ਡਾ. ਮਨਮੋਹਨ ਸਿੰਘ ਨਾਲ ਮੁਲਾਕਾਤ ਤੋਂ ਬਾਅਦ ਸੂਬੇ ਦੇ ਕਾਂਗਰਸੀ ਸਾਂਸਦ ਕੇ ਐਸ ਰਾਓ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ 'ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਉਹ ਸਮਝ ਰਹੇ ਹਨ ਕਿ ਇਸ ਸੂਬੇ ਦੀ ਸਥਿਤੀ ਬੇਹੱਦ ਨਾਜ਼ੁਕ ਹੈ ਅਤੇ ਉਹ ਆਪਣੇ ਸਹਿਯੋਗੀਆਂ ਨਾਲ ਮਿਲ ਬੈਠ ਕੇ ਇਸ ਨੂੰ ਕਾਬੂ ਕਰਨ ਲਈ ਕੱਲ੍ਹ ਤੱਕ ਕੋਈ ਨਾ ਕੋਈ ਫ਼ੈਸਲਾ ਲੈ ਲੈਣਗੇ।' ਸਾਂਸਦ ਕੇ ਐਸ ਰਾਓ ਨੇ ਕਿਹਾ ਕਿ ਅਸੀਂ ਮੁਲਾਕਾਤ ਦੌਰਾਨ ਪ੍ਰਧਾਨ ਮੰਤਰੀ ਨੂੰ ਦੱਸਿਆ ਕਿ ਆਂਧਰਾ ਪ੍ਰਦੇਸ਼ 'ਚ ਸਥਿਤੀ ਦਿਨ-ਪ੍ਰਤੀ-ਦਿਨ ਹੱਥਾਂ 'ਚੋਂ ਨਿਕਲਦੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਸੀਂ ਪ੍ਰਧਾਨ ਮੰਤਰੀ ਨੂੰ ਸਾਰੀ ਸਥਿਤੀ ਬਾਰੇ ਜਾਣੂ ਕਰਵਾਉਂਦਿਆਂ ਕਾਂ ਨੂੰ ਰਾਹਤ ਦੇਣ ਲਈ ਇਸ ਮਾਮਲੇ ਸਬੰਧੀ ਕੋਈ ਐਲਾਨ ਜਲਦ ਕਰਨ ਲਈ ਕਿਹਾ ਹੈ।

ਜ਼ਿਕਰਯੋਗ ਹੈ ਕਿ ਵਫ਼ਦ 'ਚ ਇੱਕ ਦਰਜਨ ਤੋਂ ਵਧੇਰੇ ਸਾਂਸਦ ਸਨ, ਜਿਨ੍ਹਾਂ 'ਚ ਕੇਂਦਰੀ ਮੰਤਰੀ ਪਾਨਾਬਾਕਾ ਲਕਸ਼ਮੀ ਤੇ ਸਾਬਕਾ ਮੰਤਰੀ ਸੁਬੀਰਾਮੀ ਰੇਡੀ ਵੀ ਸ਼ਾਮਲ ਸਨ। ਸ੍ਰੀ ਰਾਓ ਨੇ ਕਿਹਾ ਕਿ ਤੇਲੰਗਾਨਾ ਬਾਰੇ 'ਚ ਗ੍ਰਹਿ ਮੰਤਰੀ ਦੇ ਬਿਆਨ ਤੋਂ ਬਾਅਦ ਤੱਟਵਰਤੀ ਆਂਧਰਾ ਪ੍ਰਦੇਸ਼ ਅਤੇ ਰਾਇਲ ਸੀਮਾ ਦੇ ਲੋਕਾਂ 'ਚ ਇਹ ਸ਼ੰਕੇ ਪੈਦਾ ਹੋ ਗਏ ਹਨ ਕਿ ਵੱਖਰੇ ਤੇਲੰਗਾਨਾ ਦੇ ਗਠਨ ਦੀ ਪ੍ਰਕਿਰਿਆ ਸ਼ੁਰੂ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਵੱਖਰੇ ਤੇਲੰਗਾਨਾ ਦੇ ਵਿਰੋਧ 'ਚ ਅੰਦੋਲਨ ਸ਼ਾਂਤੀਪੂਰਵਕ ਚੱਲ ਰਿਹਾ ਹੈ ਅਤੇ ਲੋਕਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿੱਤੀ ਹੈ। ਸ੍ਰੀ ਰਾਓ ਨੇ ਕਿਹਾ ਕਿ 'ਅਸੀਂ ਪ੍ਰਧਾਨ ਮੰਤਰੀ ਨੂੰ ਦੱਸ ਦਿੱਤਾ ਹੈ ਕਿ ਅਸੀਂ ਸੂਬੇ ਦੀ ਵੰਡ ਨਹੀਂ ਚਾਹੁੰਦੇ ਅਤੇ ਉਹ ਸਾਡੀ ਸਥਿਤੀ ਨੂੰ ਖ਼ੁਦ ਵੀ ਸਮਝ ਰਹੇ ਹਨ। ਹਾਲਾਂਕਿ ਸਾਂਸਦਾਂ ਦੇ ਵਫ਼ਦ ਨੇ ਮਨਮੋਹਨ ਸਿੰਘ ਨੂੰ ਕਿਹਾ ਕਿ ਉਹ ਤੇਲੰਗਾਨਾ ਮੁੱਦੇ ਨੂੰ ਬੰਦ ਕਰਨ ਲਈ ਨਹੀਂ ਕਹਿ ਰਹੇ, ਪਰ ਇਹ ਜ਼ਰੂਰ ਚਾਹੁੰਦੇ ਹਨ ਕਿ ਮਾਹੌਲ ਸ਼ਾਂਤ ਹੋਣ ਤੋਂ ਬਾਅਦ ਹੀ ਇਸ ਮਾਮਲੇ ਸਬੰਧੀ ਕੋਈ ਸਹਿਮਤੀ ਬਣਾਈ ਜਾਵੇ।

ਇਹ ਪੁੱਛੇ ਜਾਣ 'ਤੇ ਕਿ ਇਸ ਮਾਮਲੇ 'ਤੇ ਵਿਚਾਰ ਲਈ ਉਨ੍ਹਾਂ ਨੇ ਕਿਸੇ ਕਮੇਟੀ ਦੇ ਗਠਨ ਦੀ ਮੰਗ ਕੀਤੀ ਹੈ ਤਾਂ ਸ੍ਰੀ ਰਾਓ ਨੇ ਕਿਹਾ ਕਿ ਇਹ ਸਰਕਾਰ ਨੇ ਤੈਅ ਕਰਨਾ ਹੈ ਕਿ ਉਹ ਕਮੇਟੀ ਦਾ ਗਠਨ ਕਰੇਗੀ ਜਾਂ ਵਿਰੋਧ ਕਰ ਰਹੇ ਲੋਕਾਂ ਤੇ ਬੁੱਧੀਜੀਵੀਆਂ ਨੂੰ ਬੁਲਾਏਗੀ। ਸ੍ਰੀ ਰਾਓ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਡਾ. ਸਿੰਘ ਨੇ ਸਾਨੂੰ ਇਹ ਭਰੋਸਾ ਦਿਵਾਇਆ ਹੈ ਕਿ ਉਹ ਆਪਣੇ ਸਹਿਯੋਗੀਆਂ ਨਾਲ ਗੱਲਬਾਤ ਕਰਨਗੇ ਅਤੇ ਇੱਕ-ਦੋ ਦਿਨ 'ਚ ਇਸ ਸਮੱਸਿਆ ਦਾ ਹੱਲ ਨਿਕਲ ਆਵੇਗਾ। ਇਸੇ ਦੌਰਾਨ ਪ੍ਰਧਾਨ ਮੰਤਰੀ ਨੂੰ ਅਲੱਗ ਤੌਰ 'ਤੇ ਮਿਲੇ ਤੀਰੁਪਤੀ ਦੇ ਕਾਂਗਰਸੀ ਸਾਂਸਦ ਚਿੰਤਾਮੋਹਨ ਨੇ ਕਿਹਾ ਕਿ ਡਾ. ਸਿੰਘ ਸਭ ਤੋਂ ਪਹਿਲਾਂ ਸ਼ਾਂਤੀ ਚਾਹੁੰਦੇ ਹਨ। ਲਗਦਾ ਹੈ ਹੁਣ ਤਿਲੰਗਾਨਾ ਸੂਬੇ ਨੂੰ ਲੈ ਕੇ ਸਰਕਾਰ ਕਿਸੇ ਜਲਦਬਾਜ਼ੀ ਵਿਚ ਦਿਖਾਈ ਨਹੀਂ ਦਿੰਦੀ। ਟੀ ਆਰ ਐਸ ਦੇ ਮੁਖੀ ਚੰਦਰਸ਼ੇਖਰ ਰਾਓ ਦੇ ਮਰਨ ਵਰਤ ਤੋਂ ਘਬਰਾ ਕੇ ਕੇਂਦਰ ਸਰਕਾਰ ਨੇ ਤਿਲੰਗਾਨਾ ਸੂਬੇ ਦੀ ਸਥਾਪਨਾ ਦਾ ਐਲਾਨ ਕਰਨ 'ਚ ਜੋ ਕਾਹਲੀ ਵਿਖਾਈ ਸੀ ਉਸ ਤੋਂ ਹੁਣ ਸਰਕਾਰ ਪਿੱਛੇ ਹਟਦੀ ਨਜ਼ਰ ਆ ਰਹੀ ਹੈ। ਤਿਲੰਗਨਾ ਪੱਖੀਆਂ ਅਤੇ ਵਿਰੋਧੀਆਂ ਦੇ ਅੰਦੋਲਨ ਨੂੰ ਦਬਾਉਣ ਲਈ ਸਰਕਾਰ ਨੇ ਇਸ ਮਾਮਲੇ ਨੂੰ ਠੰਡੇ ਬਸਤੇ 'ਚ ਪਾਉਣ ਦਾ ਫੈਸਲਾ ਕਰ ਲਿਆ ਹੈ। ਹੈਦਰਾਬਾਦ ਦਾ ਮੁਦਾ ਤਿਲੰਗਾਨਾ ਪੱਖੀਆਂ ਅਤੇ ਵਿਰੋਧੀਆਂ ਵਿਚਕਾਰ ਵਿਵਾਦ ਦਾ ਕੇਂਦਰ ਬਣ ਗਿਆ ਹੈ। ਦੋਨੋ ਧਿਰਾਂ ਇਸ ਨੂੰ ਲੈ ਕੇ ਅੜ ਗਈਆਂ ਹਨ।

ਯਾਦ ਰਹੇ ਪੰਜਾਬ ਦੀਆਂ ਵੱਖ-ਵੱਖ ਸਰਕਾਰਾਂ ਅਤੇ ਅਕਾਲੀ ਲੀਡਰਸ਼ਿਪ ਨੂੰ ਅੱਜ ਯਾਦ ਨਹੀਂ ਰਿਹਾ ਕਿ ਜਿਸ ਰਾਜ ਉਤੇ ਉਨ੍ਹਾਂ ਦੀ ਹਕੂਮਤ ਚਲ ਰਹੀ ਹੈ, ਉਸ ਰਾਜ ਨੂੰ, 43 ਸਾਲਾਂ ਵਿਚ ਉਸ ਦੀ ਰਾਜਧਾਨੀ ਕਿਉਂ ਨਹੀਂ ਦਿਤੀ ਗਈ? ਜਦ ਪੰਜਾਬ ਦੇ ਲੀਡਰ ਆਪ ਹੀ ਭਾਣਾ ਮੰਨ ਕੇ ਮੂੰਹ 'ਤੇ ਪੱਟੀ ਬੰਨ੍ਹ ਚੁੱਕੇ ਹੋਣ ਤਾਂ ਕੇਂਦਰ ਕਿਉਂ ਪੰਜਾਬ ਨੂੰ ਉਸ ਦੀ ਰਾਜਧਾਨੀ ਦੇਵੇਗਾ? ਪਰ ਦੂਜੇ ਲੋਕ, ਅਕਾਲੀਆਂ ਵਰਗੇ 'ਖੁਲ੍ਹਦਿਲੇ' ਨਹੀਂ। 1946 ਦਾ ਵੱਡਾ ਕਲਕੱਤਾ ਕਤਲੇਆਮ ਇਸੇ ਸਵਾਲ ਨੂੰ ਲੈ ਕੇ ਹੋਇਆ ਸੀ ਕਿ ਕਲਕੱਤਾ ਹਿੰਦੁਸਤਾਨ ਨੂੰ ਮਿਲੇ ਜਾਂ ਪਾਕਿਸਤਾਨ ਨੂੰ?

ਬੰਬਈ ਸ਼ਹਿਰ ਨੂੰ ਮਹਾਰਾਸ਼ਟਰ ਲਈ ਪ੍ਰਾਪਤ ਕਰਨ ਵਾਸਤੇ, ਮੁਰਾਰਜੀ ਡੇਸਾਈ ਨੇ ਮਰਨ ਵਰਤ ਤਕ ਰੱਖ ਲਿਆ ਸੀ। ਪੰਜਾਬ ਦੇ ਲੀਡਰਾਂ ਨੂੰ 1984 ਮਗਰੋਂ ਅਜਿਹਾ ਲਕਵਾ ਮਾਰ ਗਿਆ ਹੈ ਕਿ ਉਨ੍ਹਾਂ ਚੰਡੀਗੜ੍ਹ ਬਾਰੇ ਸੋਚਣਾ ਵੀ ਬੰਦ ਕਰ ਦਿਤਾ ਹੈ। ਜਦੋਂ ਪੱਤਰਕਾਰ ਲੋਕ ਉਨ੍ਹਾਂ ਨੂੰ ਕਸੂਤੀ ਹਾਲਤ ਵਿਚ ਫਸਾ ਦੇਂਦੇ ਹਨ ਤਾਂ ਉਹ 'ਚੰਡੀਗੜ੍ਹ ਸਾਡਾ ਹੈ' ਕਹਿ ਕੇ ਗੱਲ ਖ਼ਤਮ ਕਰ ਦੇਂਦੇ ਹਨ। ਤਿਲੰਗਾਨਾ ਅਤੇ ਹੈਦਰਾਬਾਦ ਦਾ ਮਾਮਲਾ ਵੀ ਅੰਤ, ਬੰਬਈ ਦੇ ਵਿਵਾਦ ਵਾਂਗ, ਸੁਲਝ ਹੀ ਜਾਏਗਾ। ਉਥੇ ਅਸਲ ਚਿੰਤਾ ਤੱਟੀ ਆਂਧਰਾ ਤੇ ਰਿਆਲ ਸੀਮਾ ਦੇ ਲੋਕਾਂ ਦੀ ਹੈ ਜੋ ਸਮਝਦੇ ਹਨ ਕਿ ਤਿਲੰਗਾਨਾ ਬਣ ਜਾਣ ਮਗਰੋਂ, ਉਹ ਹੈਦਰਾਬਾਦ ਵਿਚ 'ਕਿਰਾਏਦਾਰਾਂ' ਵਾਂਗ ਰਹਿਣ ਲਈ ਮਜਬੂਰ ਹੋ ਜਾਣਗੇ। ਇਸ ਮਸਲੇ ਦਾ ਹੱਲ ਵੀ ਨਿਕਲ ਆਵੇਗਾ ਪਰ ਚੰਡੀਗੜ੍ਹ ਅਤੇ ਪੰਜਾਬ ਦਾ ਮਸਲਾ ਫਿਰ ਵੀ ਬਣਿਆ ਰਹੇਗਾ ਕਿਉਂਕਿ ਇਥੋਂ ਦੇ ਲੀਡਰਾਂ ਨੂੰ 'ਰਾਜਸੀ ਲਕਵਾ' ਮਾਰ ਚੁੱਕਾ ਹੈ ਤੇ ਉਨ੍ਹਾਂ ਲਈ ਅਪਣੀ ਰਾਜਧਾਨੀ ਬਾਰੇ ਮੂੰਹ ਖੋਲ੍ਹਣਾ ਵੀ ਔਖਾ ਹੋਇਆ ਪਿਆ ਹੈ।

ਇਸ ਦੌਰਾਨ ਵੱਖਰੇ ਤੇਲੰਗਾਨਾ ਸੂਬੇ ਦੇ ਗਠਨ ਦੇ ਵਿਰੋਧ ਵਿਚ ਭੁੱਖ ਹੜਤਾਲ ਤੇ ਪ੍ਰਦਰਸ਼ਨ ਦਾ ਦੌਰ ਜਾਰੀ ਹੈ। ਇਸੇ ਦੌਰਾਨ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਇਸ ਮਸਲੇ ਦੇ ਹੱਲ ਲਈ ਆਂਧਰਾ ਪ੍ਰਦੇਸ਼ ਦੇ ਕਾਂਗਰਸੀ ਸਾਂਸਦਾਂ ਨੂੰ ਭਰੋਸਾ ਦਿਵਾਇਆ ਕਿ ਇਸ ਮਸਲੇ ਦਾ ਹੱਲ ਸ਼ਾਂਤੀਪੂਰਨ ਤਰੀਕੇ ਨਾਲ ਕੱਢਣ ਲਈ ਯਤਨ ਜਾਰੀ ਹਨ। ਡਾ. ਸਿੰਘ ਨੇ ਆਂਧਰਾ ਦੇ ਸਾਂਸਦਾਂ ਨੂੰ ਕਿਹਾ ਹੈ ਕਿ ਮੌਜੂਦਾ ਹਾਲਾਤ ਨਾਲ ਨਜਿੱਠਣ ਲਈ ਉਨ੍ਹਾਂ ਨੂੰ ਸਹਿਯੋਗ ਦੀ ਲੋੜ ਹੈ। ਪ੍ਰਧਾਨ ਮੰਤਰੀ ਦਾ ਇਹ ਬਿਆਨ ਕੇਂਦਰੀ ਮੰਤਰੀ ਏ ਸਾਈ ਪ੍ਰਤਾਪ ਤੇ ਡੀ ਪੁਰੰਦੇਸ਼ਵਰੀ ਸਮੇਤ 20 ਸਾਂਸਦਾਂ ਵਲੋਂ ਉਨ੍ਹਾਂ ਨਾਲ ਕੀਤੀ ਗਈ ਮੁਲਾਕਾਤ ਤੋਂ ਬਾਅਦ ਆਇਆ ਹੈ। ਯਾਦ ਰਹੇ ਆਪਣੇ ਪਹਿਲੇ ਸਟੈਂਡ ਤੋਂ ਪਿੱਛੇ ਹਟਦਿਆਂ ਪਰਜਾਰਾਜਯਮ ਪਾਰਟੀ ਦੇ ਮੁਖੀ ਚਿਰੰਜੀਵੀ ਨੇ ਵਿਧਾਇਕ ਦੇ ਅਹੁਦੇ ਤੋਂ ਅਸਤੀਫ਼ਾ ਦਿੰਦਿਆਂ ਅਖੰਡ ਆਂਧਰਾ ਪ੍ਰਦੇਸ਼ ਦੀ ਹਮਾਇਤ ਕਰਨ ਦਾ ਐਲਾਨ ਕੀਤਾ ਸੀ।

ਭਖਦੀ ਵਿਚਾਰ-ਚਰਚਾ

# ਬਰਨਾਲਾ ਦੀ ਪੇਸ਼ੀ ਬੰਦ ਕਮਰੇ ‘ਚ ਨਹੀਂ ਖੁੱਲ੍ਹੇ ਬਰਾਂਡੇ ‘ਚ ਹੋਈ ਸੀ

ਜਦੋਂ ਪਿਛਲੇ ਦਿਨੀਂ 5 ਦਸੰਬਰ ਨੂੰ ਪ੍ਰੋ. ਦਰਸ਼ਨ ਸਿੰਘ ਖ਼ਾਲਸਾ ਨੇ ਅਕਾਲ ਤਖ਼ਤ ਸਾਹਿਬ ਦੀ ਪੁਰਾਤਨ ਖ਼ਾਲਸਈ ਮਰਯਾਦਾ ਬਹਾਲ ਕਰਾਉਣ ਦੇ ਨਜ਼ਰੀਏ ਤੋਂ ਤਖ਼ਤ ਸਾਹਿਬਾਨ ਦੇ ਮੌਜੂਦਾ ਸੇਵਾਦਾਰਾਂ ਸਾਹਮਣੇ ਇੱਕ ਦਫ਼ਤਰ ਵਿਚ ਪੇਸ਼ ਹੋਣ ਤੋਂ ਇਨਕਾਰ ਕਰ ਦਿੱਤਾ ਅਤੇ ਉਹ ਆਪਣਾ ਸਪਸ਼ਟੀਕਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਇੱਕ ਗ੍ਰੰਥੀ ਸਿੰਘ ਨੂੰ ਸੌਂਪ ਕੇ ਵਾਪਸ ਆ ਗਏ ਤਾਂ ਜਥੇਦਾਰਾਂ ਨੇ ਉਨ੍ਹਾਂ ਨੂੰ ਤਨਖ਼ਾਹੀਆ ਕਰਾਰ ਦੇ ਦਿਤਾ। ਪ੍ਰੋ. ਦਰਸ਼ਨ ਸਿੰਘ ਵਿਰੋਧੀ ਤੇ ਦਸਮ ਗ੍ਰੰਥ ਉਪਾਸ਼ਕ ਲਾਂਬਾ-ਜੁੰਡਲੀ ਨੇ ਇਹ ਪ੍ਰਚਾਰ ਸ਼ੁਰੂ ਕਰ ਦਿੱਤਾ ਕਿ ਪ੍ਰੋ. ਦਰਸ਼ਨ ਸਿੰਘ ਨੇ ਵੀ ਤਾਂ ਆਪਣੀ ਜਥੇਦਾਰੀ ਵੇਲੇ ਕੇਂਦਰੀ ਮੰਤਰੀ ਬੂਟਾ ਸਿੰਘ ਤੇ ਸੁਰਜੀਤ ਸਿੰਘ ਬਰਨਾਲਾ ਨੂੰ ਇੱਕ ਕਮਰੇ ਵਿਚ ਆਪਣੇ ਸਾਹਮਣੇ ਹੀ ਪੇਸ਼ ਕੀਤਾ ਸੀ। ਹੁਣ ਉਹ ਇਸ ਤੱਥ ਤੋਂ ਮਨੁਕਰ ਕਿਵੇਂ ਹੋ ਰਹੇ ਹਨ? ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਤਾਂ ਬੜਾ ਹੀ ਹਾਸੋਹੀਣਾ ਸੁਆਲ ਕਰਦਿਆਂ ਇਹ ਪੁੱਛਿਆ ਹੈ ਕਿ ਪ੍ਰੋ. ਦਰਸ਼ਨ ਸਿੰਘ ਦੱਸਣ ਕਿ ਉਹ ਥੰਮ ਅਕਾਲ ਤਖ਼ਤ ਸਾਹਿਬ ਦਾ ਸੀ, ਜਿਸ ਨਾਲ ਸ. ਬਰਨਾਲਾ ਨੂੰ ਬੰਨ੍ਹਿਆ ਗਿਆ ਸੀ?

ਕਥਿਤ ਦਸਮ ਗ੍ਰੰਥ ਜੁੰਡਲੀ ਦੇ ਮੁਖੀ ਗੁਰਚਰਨਜੀਤ ਸਿੰਘ ਲਾਂਬਾ ਨੇ ਜਿਵੇਂ ਜੱਸ ਟੀ.ਵੀ. ਨਿਊ ਯਾਰਕ ਤੋਂ ਪ੍ਰੋ. ਦਰਸ਼ਨ ਸਿੰਘ ਦੀ ਰਿਕਾਰਡਿੰਗ ਨੂੰ ਕਥਿਤ ਤੌਰ ‘ਤੇ ਕੱਟ-ਵੱਢ ਕੇ ਪੇਸ਼ ਕੀਤਾ ਅਤੇ ਭੋਲੀ-ਭਾਲੀ ਸਿੱਖ ਸੰਗਤ ਨੂੰ ਪ੍ਰੋ. ਸਾਹਿਬ ਵਿਰੁਧ ਭੜਕਾਇਆ ਤਿਵੇਂ ਹੀ ਹੁਣ ਇਨ੍ਹਾਂ ਵਲੋਂ ਸ. ਬਰਨਾਲਾ ਦੀ ਪੇਸ਼ੀ ਵੇਲੇ ਦੀ ਇੱਕ ਫੋਟੋ ਕੱਟ-ਵੱਢ ਕੇ ਮੀਡੀਏ ਵਿਚ ਪ੍ਰਚਾਰਿਆ ਜਾ ਰਿਹਾ ਹੈ ਕਿ ਦੇਖੋ! ਬਰਨਾਲਾ ਵੀ ਤਾਂ ਪ੍ਰੋ. ਸਾਹਿਬ ਅਤੇ ਉਨ੍ਹਾਂ ਦੇ ਸਾਥੀ ਜਥੇਦਾਰਾਂ ਸਾਹਮਣੇ ਇੱਕ ਕਮਰੇ ਵਿਚ ਪੇਸ਼ ਹੋਇਆ ਸੀ। ਪਰ ਇਹ ਦਾਅਵਾ ਸੌ ਫੀਸਦ ਝੂਠ ਹੈ। ਇਸ ਫੋਟੋ ਵਿਚ ਮੇਰੀ (ਜਾਚਕ) ਵੀ ਤਸਵੀਰ ਹੈ, ਕਿਉਂਕਿ ਦਾਸ ਉਸ ਵੇਲੇ ਸ੍ਰੀ ਦਰਬਾਰ ਸਾਹਿਬ ਵਿਖੇ ਗ੍ਰੰਥੀ ਦੀ ਸੇਵਾ ਨਿਭਾ ਰਿਹਾ ਸੀ ਤੇ 5 ਦਸੰਬਰ 1988 ਨੂੰ ਪੇਸ਼ੀ ਵੇਲੇ ਸੰਗਤੀ ਰੂਪ ਵਿਚ ਉਥੇ ਹਾਜ਼ਰ ਸੀ।



ਮਰਹੂਮ ਗਿਆਨੀ ਜੈਲ ਸਿੰਘ ਅਕਾਲ ਤਖ਼ਤ ਸਾਹਿਬ ’ਤੇ ਸਪਸ਼ੀਟਕਰਨ ਦਿੰਦੇ ਹੋਏ।

ਇਸ ਲਈ ਚਸ਼ਮਦੀਦ ਗਵਾਹ ਹੋਣ ਨਾਤੇ ਮੈਂ ਸਪਸ਼ਟ ਕਰਨਾ ਚਾਹੁੰਦਾ ਹਾਂ ਕਿ ਸ. ਬਰਨਾਲਾ ਦੀ ਪੇਸ਼ੀ ਕਿਸੇ ਬੰਦ ਕਮਰੇ ਵਿਚ ਨਹੀਂ, ਸਗੋਂ ਝੰਡੇ-ਬੁੰਗੇ ਵਾਲੇ ਬਰਾਂਡੇ ਵਿਚ ਗੁਰੂ ਗ੍ਰੰਥ ਸਾਹਿਬ ਦੇ ਹਜ਼ੂਰ ਅਤੇ ਸੈਂਕੜੇ ਸਿੱਖ ਸੰਗਤਾਂ ਦੀ ਹਾਜ਼ਰੀ ਵਿਚ ਹੋਈ ਸੀ। ਕਿਉਂਕਿ ਜੂਨ 1984 ਵਿਚ ਭਾਰਤੀ ਫੌਜ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਨੂੰ ਢਹਿ ਢੇਰੀ ਕਰ ਦਿੱਤਾ ਸੀ, ਇਸ ਕਰਕੇ ਸੰਨ 1997 ਤੱਕ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਿਤਨੇਮ ਦੀ ਧਾਰਮਿਕ ਮਰਯਾਦਾ, ਦੀਵਾਨ ਤੇ ਹਰ ਪ੍ਰਕਾਰ ਦੀ ਕੌਮੀ ਕਾਰਵਾਈ ਮਜ਼ਬੂਰੀਵੱਸ ਝੰਡੇ-ਬੁੰਗੇ ਹੀ ਹੁੰਦੀ ਰਹੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਮਰੇ ਵਿਚ ਹੁੰਦਾ ਸੀ ਅਤੇ ਦੀਵਾਨ ਬਾਹਰ ਬਰਾਂਡੇ ਵਿਚ ਲਗਦਾ ਸੀ ਕਿਉਂਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਇਮਾਰਤ ਦੁਬਾਰਾ ਤਿਆਰ ਕੀਤੀ ਜਾ ਰਹੀ ਸੀ। ਇਹ ਓਹੀ ਅਸਥਾਨ ਹੈ, ਜਿਥੇ ਪੀਰੀ ਮੀਰੀ ਦੇ ਪ੍ਰਤੀਕ ਦੋ ਵੱਡੇ ਨਿਸ਼ਾਨ ਸਾਹਿਬ ਝੂਲ ਰਹੇ ਹਨ ਅਤੇ ਬਰਾਂਡੇ ਵਿਚ ਜਿਥੇ ਸ੍ਰੀ ਦਰਬਾਰ ਸਾਹਿਬ ਦਾ ਮੁਖਵਾਕ ਲਿਖਿਆ ਹੁੰਦਾ ਹੈ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਦੂਰ ਝੰਡੇ ਬੁੰਗੇ ਵਾਲੀ ਮੁਖ ਡਿਓਢੀ ਤੋਂ ਬਾਹਰ ਤਖ਼ਤ ਸਾਹਿਬ ਦੇ ਦਫਤਰ ਵਜੋਂ ਬਣਾਏ ਗਏ ਬੰਦ ਕਮਰੇ ਦੀ ਪੇਸ਼ੀ ਤਾਂ ਕੁਝ ਸਾਲਾਂ ਤੋਂ ਹੀ ਸ਼ੁਰੂ ਹੋਈ ਹੈ ਜੋ ਇੱਕ ਹੋਰ ਗਲਤ ਰਵਾਇਤ ਹੈ। ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਰਾਸ਼ਟਰਪਤੀ ਗਿਆਨੀ ਜੈਲ ਸਿੰਘ ਨੇ ਅਕਾਲ ਤਖ਼ਤ ‘ਤੇ ਪੇਸ਼ ਹੁੰਦਿਆਂ ਸਿੱਖ ਸੰਗਤਾਂ ਦੇ ਖੁੱਲੇ ਦੀਵਾਨ ਵਿਚ ਝੰਡੇ-ਬੁੰਗੇ ਦੇ ਬਰਾਂਡੇ ਵਿਚ ਖੜੇ ਹੋ ਕੇ ਆਪਣਾ ਸਪਸ਼ਟੀਕਰਨ ਦਿੱਤਾ ਸੀ ਅਤੇ ਕੇਂਦਰੀ ਮੰਤਰੀ ਸ. ਬੂਟਾ ਸਿੰਘ ਵੀ ਓਥੇ ਹੀ ਸਿੱਖ ਸੰਗਤਾਂ ਦੀ ਹਾਜ਼ਰੀ ਵਿਚ ਪੇਸ਼ ਹੋਇਆ ਤੇ ਤਨਖਾਹ ਲਗਵਾਈ ਸੀ। ਗਿਆਨੀ ਜੈਲ ਸਿੰਘ ਤਾਂ ਚੱਲ ਵੱਸੇ ਹਨ, ਪਰ ਸ. ਬੂਟਾ ਸਿੰਘ ਤੇ ਸੁਰਜੀਤ ਸਿੰਘ ਬਰਨਾਲਾ ਅਜੇ ਸਰੀਰਕ ਤੌਰ ‘ਤੇ ਜਿਊਂਦੇ ਹਨ, ਉਨ੍ਹਾਂ ਤੋਂ ਇਸ ਸੱਚਾਈ ਬਾਰੇ ਜਾਣਿਆ ਜਾ ਸਕਦਾ ਹੈ। ਲੋੜ ਹੈ ਕਿ ਇਸ ਪੁਰਾਤਨ ਪੰਥਕ ਰਵਾਇਤ ਨੂੰ ਮੁੜ ਸੁਰਜੀਤ ਕੀਤਾ ਜਾ ਸਕੇ।

**ਜਗਤਾਰ ਸਿੰਘ ਜਾਚਕ**
**ਨਿਊ ਯਾਰਕ**



ਪ੍ਰੋ. ਦਰਸ਼ਨ ਸਿੰਘ 5 ਦਸੰਬਰ, 1988 ਨੂੰ ਸ. ਬਰਨਾਲਾ ਨੂੰ ਤਨਖਾਹ ਸੁਣਾਉਂਦੇ ਹੋਏ। ਤਸਵੀਰ ਵਿਚ ਗਿਆਨੀ ਗੁਰਬਚਨ ਸਿੰਘ (ਬੈਠੇ) ਵੀ ਦਿਖਾਈ ਦੇ ਰਹੇ ਹਨ।


NK SIGNS
of Bakersfield,CA
CA State Lic:896862
Serving CA Since 2001
Licensed Contractors
LISTED SIGNS

Gurpreet Singh
ਅਸੀ: ਕਸਟਮ ਸਾਈਨ, ਫੁੱਲ ਕਲਰ ਬੈਨਰ, ਟਰੱਕਾਂ ਦੇ ਸਾਈਨ, ਸਟੋਰਾਂ ਦੇ ਸਾਈਨ, ਡਿਜ਼ਿਟਲ ਪ੍ਰਿੰਟਿੰਗ, ਰਿਯਲ ਸਟੇਟ ਸਾਈਨ,ਬਿਜਨੇਸ ਕਾਰਡ, ਫਲਾਇਰ, ਲੈਟਰ ਹੈਡ ਬਣਾਉਂਦੇ ਹਾਂ ।
ਅਸੀ ਹਰ ਕਿਸਮ ਦੇ ਇਲੈਕਟ੍ਰਿਕ ਸਾਈਨ (ਨਿਊਨ ਸਾਈਨ) ਆਪ ਬਣਾਉਂਦੇ ਤੇ ਰਿਪੇਯਰ ਵੀ ਕਰਦੇ ਹਾਂ ।
We Make : Custom Signs, Full color Banners, Truck Signs, Store Fronts, Realty Signs,Business Cards, Flyers, Letter heads, Digital Printing etc.
We Manufacture, Install & Repair any kind of Electric Signs (LED, Neon Signs)Channel Letters, Pole Signs, Monuments, Box Signs Etc.
We Install: LED Gas Price, LED Displays, LED Moving Signs Etc.
Phone: 661-978-7319, Fax: 661-831-7707
Email: nksigns@sbcglobal.net, web: www.nksigns.com
Address: 2546 So. Union Ave, Bakersfield, CA 93307



SUPER TRAVEL
847-676-9090
E-mail: supertravel2003@yahoo.com
Lowest Fares With Excellent Service
AMERICAN AIR,


JET AIRWAYS
DELTA, AIR INDIA,
For Emergency
Call anytime at
India $545
EARLY BIRD SALE!!!!



Homeopathic Systems for Health Treatment
When you are tired of all treatments for any disease at any age
Try homeopathic, systems of treatment
ਅਰਥਰਾਈਟਸ, ਦਮਾ, ਸੁਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
GURDIP SINGH SANDHU
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com

ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

RAM Commercial Insurance
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Global Multi Services
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

Rajinder Singh
Insurance Lic No. 0G73739
Financing Available For Buying Trucks
Cell:(510) 557-6988, Ph:209-982-9996

## ਪਤੇ ਦੀ ਗੱਲ

# ਘਰ 'ਚ ਮੂਵ ਹੋਣ ਦੀ ਤਿਆਰੀ

**ਪ੍ਰਿੰ. ਰਾਜ ਸਿੰਘ***

ਤੁਹਾਨੂੰ ਆਪਣੇ ਸੁਪਨਿਆਂ ਦੇ ਘਰ ਨੂੰ ਦੇਖਦਿਆਂ, ਆਫਰ ਜਾਂ ਕਾਊਂਟਰ ਆਫਰ ਦਿੰਦਿਆਂ ਤੇ ਬਾਕੀ ਸਾਰੀਆਂ ਮੰਜ਼ਿਲਾਂ ਨੂੰ ਪਾਰ ਕਰਦਿਆਂ ਐਸਕਰੋ ਆਦਿ ਦੇ ਬੰਦ ਹੋਣ ਤੀਕ ਲਗਭਗ ਦੋ ਮਹੀਨੇ ਜਾਂ ਅੱਠ ਹਫਤੇ ਦਾ ਸਮਾਂ ਸਹਿਜੇ ਲੱਗ ਹੀ ਜਾਣਾ ਹੁੰਦਾ ਹੈ। ਤੁਸੀਂ ਘਰ ਤਾਂ ਖਰੀਦ ਲਿਆ ਹੈ ਤੇ ਉਸ ਵਿਚ ਮੂਵ ਹੋਣ ਲਈ ਤੁਸੀਂ ਐਨ ਮੌਕੇ 'ਤੇ ਹੀ ਸੋਚੋ ਤੇ ਕਾਹਲੀ ਕਾਹਲੀ ਵਿਚ ਕਈ ਅਹਿਮ ਭੁੱਲਾਂ ਕਰਕੇ ਆਪਣਾ ਨੁਕਸਾਨ ਕਰ ਬੈਠੋ। ''ਕਾਹਲੀ ਅੱਗੇ ਹਮੇਸ਼ਾ ਟੋਏ ਹੁੰਦੇ ਹਨ।''

ਨਵੇਂ ਘਰ ਵਿੱਚ ਮੂਵ ਹੋਣ ਲਈ ਵੀ ਦੋ ਮਹੀਨੇ ਪਹਿਲਾਂ ਤੋਂ ਹੀ ਬਾਕਾਇਦਾ ਯੋਜਨਾਬੱਧ ਢੰਗ ਨਾਲ ਕੰਮ ਕਰਨਾ ਸ਼ੁਰੂ ਕਰ ਦਿਉ। ਤੁਹਾਡੇ ਵਲੋਂ ਬਣਾਈ ਹੋਈ ਅਗਾਊਂ ਯੋਜਨਾ ਨੇ ਤੁਹਾਨੂੰ ਮੂਵ ਹੋਣ ਵਿਚ ਬਹੁਤ ਮਦਦ ਕਰਨੀ ਹੈ। ਸੋ ਹੇਠ ਲਿਖਿਆ ਹੋਇਆ ਘਟਦਾ ਸਮਾਂ ਤੁਹਾਡੇ ਲਈ ਕਾਫੀ ਫਾਇਦੇਮੰਦ ਰਹਿਣਾ ਹੈ।

**ਮੂਵ ਹੋਣ ਤੋਂ ਅੱਠ ਹਫਤੇ ਪਹਿਲਾਂ**

ਹਮੇਸ਼ਾ ਕਿਸੇ ਪ੍ਰੋਫੈਸ਼ਨਲ ਮੂਵ ਕਰਵਾਉਣ ਵਾਲੀ ਕੰਪਨੀ ਦੀ ਹੀ ਬਾਕਾਇਦਾ ਛਾਣਬੀਨ ਤੇ ਪੜਤਾਲ ਕਰਕੇ ਚੋਣ ਕਰੋ ਕਿਉਂਕਿ ਇਨ੍ਹਾਂ ਨੂੰ ਬਾਕਾਇਦਾ ਮੁਹਾਰਤ ਹੁੰਦੀ ਹੈ ਕਿ ਸਾਮਾਨ ਨੂੰ ਕਿਸ ਤਰਤੀਬ ਤੇ ਤਰਕੀਬ ਨਾਲ ਲੋਡ ਕਰਨਾ ਹੈ। ਇਸਦੇ ਨਾਲ ਨਾਲ, ਵੱਖ-ਵੱਖ ਮੂਵਿੰਗ ਕੰਪਨੀਆਂ ਪਾਸੋਂ ਆਉਣ ਵਾਲੇ ਖਰਚਿਆਂ ਦਾ ਅੰਦਾਜ਼ਨ ਵੇਰਵਾ ਵੀ ਪ੍ਰਾਪਤ ਕਰ ਲਉ। ਹਮੇਸ਼ਾ ਐਸੀ ਮੂਵਿੰਗ ਕੰਪਨੀ ਦੀ ਹੀ ਚੋਣ ਕਰੋ ਜਿਸਦੇ ਰੇਟ ਵੀ ਬਿਲਕੁਲ ਵਾਜਿਬ ਹੋਣ ਤੇ ਉਹ ਤੁਹਾਡੀਆਂ ਜ਼ਰੂਰਤਾਂ ਦੇ ਵੀ ਅਨੁਕੂਲ ਹੋਵੇ।

ਜੇ ਤੁਸੀਂ ਆਪਣੇ ਆਪ ਮੂਵ ਹੋਣ ਦੀ ਯੋਜਨਾ ਬਣਾਈ ਹੈ ਤਾਂ ਟਰੱਕ ਰੈਂਟਲ ਕੰਪਨੀਆਂ ਪਾਸੋਂ ਅੰਦਾਜ਼ਨ ਖਰਚਿਆਂ ਦਾ ਵੇਰਵਾ ਪ੍ਰਾਪਤ ਕਰ ਲਉ। ਇਸ ਗੱਲ ਦੀ ਵੀ ਪੱਕੀ ਗਰੰਟੀ ਕਰ ਲਉ ਕਿ ਰੈਂਟਲ ਕੰਪਨੀ ਨੇ ਟਰੱਕ ਤੁਹਾਡੇ ਲਈ ਰੀਜ਼ਰਵ ਵੀ ਕਰ ਰੱਖਿਆ ਹੈ ਕਿ ਨਹੀਂ।

ਆਪਣੇ ਉਸ ਘਰ ਦੀ ਜਿਸ ਵਿਚ ਤੁਸੀਂ ਮੂਵ ਹੋ ਕੇ ਜਾਣਾ ਹੈ ਉਸਦੇ ਫਰਸ਼ ਜਾਂ ਫਲੋਰ ਪਲੈਨ ਦੀ ਗਿਣਤੀ ਮਿਣਤੀ ਵੀ ਪਹਿਲਾਂ ਹੀ ਕਰ ਲਉ। ਇਸ ਗਿਣਤੀ ਮਿਣਤੀ ਦਾ ਤੁਹਾਨੂੰ ਇਹ ਫਾਇਦਾ ਹੋਵੇਗਾ ਕਿ ਕਿਹੜਾ ਕਿਹੜਾ ਫਰਨੀਚਰ ਤੁਸੀਂ ਨਾਲ ਲਿਜਾ ਸਕਦੇ ਹੋ ਜਾਂ ਫਿਰ ਕਿਹੜਾ ਕਿਹੜਾ ਫਰਨੀਚਰ ਜਾਂ ਸਾਜ਼ੋ-ਸਾਮਾਨ ਜੋ ਮੂਵ ਹੋਣ ਵਾਲੇ ਘਰ ਦੇ ਫਲੋਰ ਪਲੈਨ ਨਾਲ ਮੇਲ ਨਾ ਖਾਣ ਕਰਕੇ ਤੁਸੀਂ ਉਸਨੂੰ ਨਾਲ ਲਿਜਾਣ ਦੇ ਵਾਧੂ ਦੇ ਝੰਜਟ ਤੋਂ ਬਚ ਜਾਉ। ਨਾਲ ਲਿਜਾਣ ਵਾਲੀਆਂ ਸਾਰੀਆਂ ਆਈਟਮਾਂ ਦੀ ਸੂਚੀ ਬਣਾ ਲਉ। ਖਾਣ-ਪੀਣ ਵਾਲੀਆਂ ਚੀਜ਼ਾਂ ਨੂੰ ਹਮੇਸ਼ਾ ਬਣਾਈ ਹੋਈ ਸੂਚੀ ਵਿਚ ਸਭ ਤੋਂ ਉੱਪਰ ਰੱਖੋ। ਠੀਕ ਇਸੇ ਪ੍ਰਕਾਰ ਬਲਣਯੋਗ, ਅੱਗ ਲੱਗਣਯੋਗ ਤੇ ਸਾਫ ਸਫਾਈ ਕਰਨ ਵਾਲੇ ਕੈਮੀਕਲ ਆਦਿ ਨੂੰ ਵੀ ਸੂਚੀ ਵਿਚ ਦਰਜਾ ਬਦਰਜਾ ਸ਼ਾਮਲ ਕਰਦੇ ਜਾਉ।

ਉਹ ਸਾਰੀਆਂ ਚੀਜ਼ਾਂ ਦੀ ਇੱਕ ਅਲੱਗ ਸੂਚੀ ਬਣਾ ਲਉ ਤੇ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਹੁਣ ਤੋਂ ਹੀ ਅਲੱਗ ਰੱਖੀ ਜਾਉ ਕਿਉਂਕਿ ਕਿਸੇ ਦਿਨ ਤੁਸੀਂ ਇਨ੍ਹਾਂ ਸਾਰੀਆਂ ਆਈਟਮਾਂ ਨੂੰ ਗੈਰਾਜ ਸੇਲ ਲਈ ਲਾ ਕੇ ਪੈਸੇ ਵੱਟਣੇ ਹੁੰਦੇ ਹਨ ਜਾਂ ਫਿਰ ਤੁਸੀਂ ਇਨ੍ਹਾਂ ਸਾਰੀਆਂ ਚੀਜ਼ਾਂ ਨੂੰ ਦਾਨ ਵਿਚ ਦੇ ਕੇ ਕੁਝ ਟੈਕਸ ਰਾਹਤ ਪ੍ਰਾਪਤ ਕਰ ਲਉ। ਫਿਰ ਵੀ ਇਨ੍ਹਾਂ ਦਾਨ ਲੈਣ ਵਾਲੀਆਂ ਸੰਸਥਾਵਾਂ ਜਾਂ ਗਰੀਬਾਂ ਦੀ ਸਹਾਇਤਾ ਕਰਨ ਵਾਲੀਆਂ ਸੰਸਥਾਵਾਂ ਨਾਲ ਬਾਕਾਇਦਾ ਤਰੀਕ, ਸਮਾਂ ਤੇ ਸਥਾਨ ਸਭ ਤੈਅ ਕਰ ਲਉ ਤਾਂ ਜੋ ਉਹ ਮਿੱਥੇ ਸਮੇਂ ਤੇ ਮਿੱਥੀ ਤਰੀਕ ਨੂੰ ਇਹ ਤੁਹਾਡੀਆਂ ਸਾਰੀਆਂ ਆਈਟਮਾਂ ਨੂੰ ਕੁਲੈਕਟ ਕਰਕੇ ਲਿਜਾ ਸਕਣ। ਕਾਰਟੂਨ, ਬਕਸੇ ਤੇ ਬਾਕੀ ਸਾਰੇ ਪੈਕਿੰਗ ਮਟੀਰੀਅਲ ਦਾ ਵੀ ਅਗਾਊਂ ਹੀ ਬੰਦੋਬਸਤ ਕਰ ਲਉ।

**ਮੂਵ ਹੋਣ ਤੋਂ ਛੇ ਹਫਤੇ ਪਹਿਲਾਂ**

ਤੁਹਾਨੂੰ ਮੂਵ ਕਰਵਾਉਣ ਵਾਲੇ ਨਾਲ ਹੁਣ ਇਕ ਵਾਰੀ ਫਿਰ ਸਲਾਹ ਮਸ਼ਵਰਾ ਕਰ ਲੈਣਾ ਚਾਹੀਦਾ ਹੈ ਕਿ ਉਸ ਦੇ ਵੱਖ-ਵੱਖ ਖਰਚੇ ਜਿਵੇਂ ਬੀਮਾ, ਪੈਕਿੰਗ ਤੇ ਸਾਮਾਨ ਨੂੰ ਲੱਦਣ ਤੇ ਲਾਹੁਣ ਦੇ ਖਰਚੇ ਕਿੰਨੇ ਹੋਣਗੇ। ਇਸੇ ਤਰ੍ਹਾਂ ਇਕ ਵਾਰੀ ਫਿਰ ਉਨ੍ਹਾਂ ਸਾਰੀਆਂ ਚੀਜ਼ਾਂ ਦਾ ਜਾਇਜ਼ਾ ਲੈ ਲਉ, ਕਿਹੜੀਆਂ ਤੁਸੀਂ ਆਪਣੇ ਨਾਲ ਲਿਜਾ ਰਹੇ ਹੋ ਤੇ ਇਨ੍ਹਾਂ ਵਿਚੋਂ ਕਿਹੜੀਆਂ ਕਿਹੜੀਆਂ ਚੀਜ਼ਾਂ ਨੂੰ ਗੈਰਾਜ ਸੇਲ ਲਾ ਕੇ ਵੇਚਿਆ ਜਾ ਸਕਦਾ ਹੈ ਜਾਂ ਫਿਰ ਮੁਫਤ ਦਾਨ ਵਿਚ ਦਿੱਤੀਆਂ ਜਾ ਸਕਦੀਆਂ ਹਨ।

ਆਪਣੇ ਡਾਕਟਰਾਂ, ਵਕੀਲਾਂ, ਅਕਾਊਂਟੈਂਟਾਂ ਅਤੇ ਜੇ ਤੁਸੀਂ ਜਾਂ ਤੁਹਾਡੇ ਘਰ ਦਾ ਕੋਈ ਜੀਅ ਬੁਢਾਪੇ ਵਾਲੇ ਲਾਭ ਲੈ ਰਿਹਾ ਹੈ ਤਾਂ ਇਨ੍ਹਾਂ ਸਭਨਾਂ ਪਾਸੋਂ ਜ਼ਰੂਰੀ ਕਾਗਜ਼ਾਤਾਂ ਦੀਆਂ ਕਾਪੀਆਂ ਸਬੂਤ ਵਜੋਂ ਹਾਸਲ ਕਰ ਲਉ। ਇਸਦੇ ਨਾਲ ਬੱਚਿਆਂ ਦੇ ਸਕੂਲਾਂ ਨਾਲ ਵੀ ਰਾਬਤਾ ਕਾਇਮ ਕਰ ਲਉ ਤਾਂ ਜੋ ਤੁਹਾਨੂੰ ਖੜ੍ਹੇ ਪੈਰ ਸਕੂਲ ਛੱਡਣ ਦਾ ਸਰਟੀਫਿਕੇਟ ਜਾਂ ਕੋਈ ਹੋਰ ਜ਼ਰੂਰੀ ਡਾਕੂਮੈਂਟ ਲੈਣ ਲਈ ਕੋਈ ਔਕੜ ਜਾਂ ਮੁਸ਼ਕਲ ਨਾ ਆਵੇ।

ਆਪਣੇ ਵਿੱਤੀ ਲੇਖਾ ਮਾਹਰ ਜਾਂ ਇੰਟਰਨਲ ਰੈਵੀਨਿਊ ਸਪੈਸ਼ਲਿਸਟ ਪਾਸੋਂ ਇਹ ਜਾਣਕਾਰੀ ਪ੍ਰਾਪਤ ਕਰ ਲਉ ਕਿ ਤੁਸੀਂ ਜੋ ਮੂਵ ਹੋਣ 'ਤੇ ਰਕਮ ਖਰਚ ਕਰ ਰਹੇ ਹੋ ਇਸ ਖਰਚੇ ਦੇ ਇਵਜ ਵਜੋਂ ਤੁਹਾਨੂੰ ਟੈਕਸ ਵਿਚ ਕਿੰਨੀ ਤੇ ਕਿਹੜੀ ਛੋਟ ਮਿਲੇਗੀ। ਇੱਕ ਵਾਰੀ ਫਿਰ ਯਕੀਨ ਕਰ ਲਉ ਕਿ ਤੁਹਾਡੇ ਪਾਸ ਸਾਰੇ ਰਿਕਾਰਡ ਦੀਆਂ ਸੂਚਨਾਵਾਂ ਪੂਰੀਆਂ ਹੋ ਗਈਆਂ ਹਨ ਕਿ ਨਹੀਂ।

ਆਪਣੇ ਵਲੋਂ ਦਿੱਤੇ ਹੋਏ ਟੈਕਸਾਂ ਦਾ ਸਾਰਾ ਰਿਕਾਰਡ ਅਤੇ ਰਸੀਦਾਂ ਵਗੈਰਾ ਸਾਂਭ ਲਉ। ਮੂਵਿੰਗ ਕਰਵਾਉਣ ਵਾਲੀ ਕੰਪਨੀ ਪਾਸੋਂ ਇਹ ਵੀ ਪਤਾ ਕਰ ਲਉ ਕਿ ਉਹ ਤੁਹਾਨੂੰ ਮੰਜ਼ਲ 'ਤੇ ਪਹੁੰਚਾਉਣ ਉਪਰੰਤ ਤੁਹਾਡੇ ਪਾਸੋਂ ਪੈਸਿਆਂ ਦੀ ਵਸੂਲੀ ਨਕਦ, ਚੈਕ ਰਾਹੀਂ ਜਾਂ ਫਿਰ ਕਰੈਡਿਟ ਕਰਾਡ ਰਾਹੀਂ ਵਸੂਲਣਗੇ। ਅਗਰ ਤੁਸੀਂ ਕਿਸੇ ਕੰਪਨੀ ਪਾਸ ਨੌਕਰੀ ਕਰਦੇ ਸੀ ਅਤੇ ਉਨ੍ਹਾਂ ਨੇ ਤੁਹਾਡੀ ਬਦਲੀ ਕੀਤੀ ਹੈ ਤਾਂ ਫਿਰ ਕਈ ਵਾਰੀ ਕੰਪਨੀਆਂ ਨੇ ਤੁਹਾਨੂੰ ਮੂਵਿੰਗ ਖਰਚਾ ਦੇਣਾ ਹੁੰਦਾ ਹੈ। ਸੋ ਕੰਪਨੀ ਪਾਸੋਂ ਮਿਲਣ ਵਾਲੀ ਰਕਮ ਜਾਂ ਰਿਆਇਤ ਦਾ ਅਗਾਊਂ ਪਤਾ ਕਰ ਲਉ।

**ਮੂਵ ਹੋਣ ਤੋਂ ਚਾਰ ਹਫਤੇ ਪਹਿਲਾਂ**

ਜੇ ਤੁਹਾਡੀ ਮੂਵਿੰਗ ਕੰਪਨੀ ਨਾਲ ਗੱਲਬਾਤ ਪੱਕੀ ਹੋ ਗਈ ਹੈ ਤਾਂ ਤੁਹਾਡੀਆਂ ਸਾਰੀਆਂ ਪੈਕਿੰਗਾਂ ਵਗੈਰਾ ਟਰੱਕ ਉੱਪਰ ਲੱਦਣ ਤੋਂ ਪਹਿਲਾਂ ਅਗਾਊਂ ਇੱਕ ਜਾਂ ਦੋ ਦਿਨ ਤਿਆਰ ਰਹਿਣੀਆਂ ਚਾਹੀਦੀਆਂ ਹਨ। ਜਿੱਥੇ ਰਹਿ ਰਹੇ ਹੋ ਉਸ ਘਰ ਦੇ ਸਾਰੇ ਦਰਵਾਜ਼ੇ, ਬਾਰੀਆਂ, ਕਾਰਪੇਟ ਤੇ ਪਰਦਿਆਂ ਵਗੈਰਾ ਨੂੰ ਚੰਗੀ ਤਰ੍ਹਾਂ ਸਾਫ ਕਰ ਦਿਉ ਤੇ ਜੇ ਕਿਤੇ ਮਾਮੂਲੀ ਰਿਪੇਅਰ ਦੀ ਲੋੜ ਹੈ ਤਾਂ ਉਹ ਵੀ ਕਰਵਾ ਦਿਉ ਕਿਉਂਕਿ ਜੇ ਤੁਸੀਂ ਐਵੇਂ ਅਲਗਰਜੀ ਕਰ ਗਏ ਤਾਂ ਮਾਲਕ ਮਕਾਨ ਨੇ ਤੁਹਾਡੀ ਅਡਵਾਂਸ ਜਮਾਂ ਰਕਮ ਵਿਚੋਂ ਇਹ ਸਾਰੇ ਕੰਮ ਕਰਵਾ ਕੇ, ਬਾਕਾਇਦਾ ਬਣਦੀ ਕਟੌਤੀ ਕਰਕੇ ਹੀ ਬਾਕੀ ਦੀ ਰਕਮ ਮੋੜਨੀ ਹੈ।

ਜੇ ਤੁਸੀਂ ਆਪਣੇ ਆਪ ਮੂਵ ਹੋ ਰਹੇ ਹੋ ਤਾਂ ਇਸ ਗੱਲ ਦੀ ਗਿਣਤੀ ਮਿਣਤੀ ਕਰ ਲਉ ਕਿ ਤੁਹਾਨੂੰ ਪੈਕਿੰਗ ਕਰਨ ਲਈ ਕਿੰਨੇ ਬਕਸੇ ਜਾਂ ਡੱਬੇ ਚਾਹੀਦੇ ਹਨ। ਇਸੇ ਤਰ੍ਹਾਂ ਡੋਰੀ ਜਾਂ ਰੱਸੀਆਂ ਦਾ ਵੀ ਅਗਾਊਂ ਬੰਦੋਬਸਤ ਕਰ ਲਉ। ਜੇ ਇਹ ਦੋਵੇਂ ਸੇਵਾਵਾਂ ਰੈਂਟਲ ਕੰਪਨੀਆਂ ਤੁਹਾਨੂੰ ਪ੍ਰਦਾਨ ਕਰ ਰਹੀਆਂ ਹਨ ਤਾਂ ਉਨ੍ਹਾਂ ਪਾਸੋਂ ਪਤਾ ਕਰਕੇ ਇਹ ਸੇਵਾ ਵੀ ਅਗਾਊਂ ਹੀ ਲੈ ਲਵੋ।

ਆਪਣਾ ਸਿਰਨਾਵਾਂ ਬਦਲਣ ਦਾ ਫਾਰਮ ਭਰ ਕੇ ਆਪਣੇ ਪੋਸਟ ਮਾਸਟਰ ਨੂੰ ਦੇ ਦਿਉ। ਤੁਹਾਡੇ ਘਰ ਜੋ ਵੀ ਮੈਗਜ਼ੀਨ, ਰਸਾਲੇ ਜਾਂ ਕੋਈ ਹੋਰ ਪੱਕੀ ਰੋਜ਼ਾਨਾ, ਸਪਤਾਹਿਕ ਜਾਂ ਮਹੀਨੇਵਾਰ ਡਾਕ ਆਉਂਦੀ ਹੈ ਤਾਂ ਉਨ੍ਹਾਂ ਨੂੰ ਆਪਣੇ ਸਿਰਨਾਵੇਂ ਨੂੰ ਬਦਲਣ ਦੀ ਸੂਚਨਾ ਮੇਲ ਕਰ ਦਿਉ। ਮੂਵ ਹੋ ਕੇ ਲਿਜਾਣ ਵਾਲੇ ਕੱਪੜੇ ਡਰਾਈਕਲੀਨ ਕਰਵਾ ਲਉ ਜਾਂ ਫਿਰ ਧੋ ਸੁਆਰ ਕੇ ਪ੍ਰੈਸ ਕਰ ਲਉ। ਜੇ ਤੁਸੀਂ ਕੁਝ ਛੋਟੀਆਂ ਮੋਟੀਆਂ ਰਕਮਾਂ ਹੱਥ ਉਧਾਰ ਦਿੱਤੀਆਂ ਹੋਈਆਂ ਹਨ ਤਾਂ ਉਨ੍ਹਾਂ ਦੀ ਉਗਰਾਹੀ ਕਰ ਲਉ ਤੇ ਇਸ ਦੇ ਉਲਟ ਜੇ ਤੁਸੀਂ ਕੁਝ ਰਕਮਾਂ ਦਾ ਉਧਾਰ ਚੁਕਾਉਣਾ ਹੈ ਤਾਂ ਇਸ ਉਧਾਰ ਨੂੰ ਵੀ ਬਕਾਇਦਾ ਚੁਕਦਾ ਕਰਕੇ ਹੀ ਮੂਵ ਹੋਵੋ।

ਬਰਫ ਹਟਾਉਣ ਵਾਲੀਆਂ ਮਸ਼ੀਨਾਂ, ਘਾਹ ਕੱਟਣ ਵਾਲੀਆਂ ਮਸ਼ੀਨਾਂ ਅਤੇ ਹੋਰ ਸਾਰੀ ਮਸ਼ੀਨਰੀ ਵਿਚੋਂ ਗੈਸ ਜਾਂ ਤੇਲ ਕੱਢ ਕੇ ਇਨ੍ਹਾਂ ਨੂੰ ਚੰਗੀ ਤਰ੍ਹਾਂ ਖਾਲੀ ਕਰ ਲਉ। ਇਸ ਤਰ੍ਹਾਂ ਕਰਨ ਨਾਲ ਸਫਰ ਦੌਰਾਨ ਅੱਗ ਲੱਗਣ ਦੇ ਮੌਕੇ ਕਾਫੀ ਘਟ ਜਾਂਦੇ ਹਨ।

ਡਾਕਟਰਾਂ ਦੀਆਂ ਪਰਚੀਆਂ ਅਤੇ ਰਿਕਾਰਡ ਅਤੇ ਜੇ ਤੁਸੀਂ ਘਰ ਵਿਚ ਕੋਈ ਕੁੱਤਾ ਬਿੱਲੀ ਜਾਂ ਫਿਰ ਹੋਰ ਕੋਈ ਪਾਲਤੂ ਜਾਨਵਰ ਪਾਲ ਰੱਖਿਆ ਹੈ ਤਾਂ ਫਿਰ ਡੰਗਰ ਡਾਕਟਰਾਂ ਵਲੋਂ ਜਾਰੀ ਕੀਤੀਆਂ ਹੋਈਆਂ ਸਾਰੀਆਂ ਰਿਪੋਰਟਾਂ ਤੇ ਉਨ੍ਹਾਂ ਦੇ ਨੁਸਖਿਆਂ ਨੂੰ ਵੀ ਸੰਭਾਲ ਕੇ ਰੱਖ ਲਉ। ਆਪਣੇ ਸਾਰੇ ਗਹਿਣੇ ਗੱਟੇ, ਕੀਮਤੀ ਚੀਜ਼ਾਂ ਜਾਂ ਫਿਰ ਨਕਦਨਾਮੇ ਨੂੰ ਇੱਕ ਚਾਬੀਬੰਦ ਬਕਸੇ ਵਿਚ ਜਾਂ ਟਰੰਕ ਵਿਚ ਜਿੰਦਾ ਲਾ ਕੇ ਸੁਰੱਖਿਅਤ ਕਰ ਲਉ।

ਆਪਣੇ ਘਰ ਵਾਲੇ ਫੁੱਲਾਂ ਜਾਂ ਪੌਦਿਆਂ ਵਾਲੇ ਗਮਲਿਆਂ ਨੂੰ ਅਗਾਊਂ ਲੋਕਾਂ ਨੂੰ ਮੁਫਤ ਵਿਚ ਲੈ ਕੇ ਜਾਣ ਲਈ ਘਰ ਦੇ ਬਾਹਰ ਰੱਖ ਦਿਉ। ਜੇ ਇਨ੍ਹਾਂ ਗਮਲਿਆਂ ਤੇ ਪੌਦਿਆਂ ਨੂੰ ਤੁਸੀਂ ਨਾਲ ਲਿਜਾਣਾ ਹੈ ਤਾਂ ਫਿਰ ਇਨ੍ਹਾਂ ਦੀ ਬਣਦੀ ਕਾਂਟ ਛਾਂਟ ਕਰ ਲਉ ਤੇ ਪੈਕਿੰਗ ਦਾ ਵੀ ਬੰਦੋਬਸਤ ਕਰ ਲਉ।

**ਮੂਵ ਹੋਣ ਤੋਂ ਤਿੰਨ ਹਫਤੇ ਪਹਿਲਾਂ**

ਆਪਣੇ ਨਾਲ ਲੈ ਕੇ ਜਾਣ ਵਾਲਾ ਸਮਾਨ ਹੌਲੀ ਹੌਲੀ ਇਕੱਠਾ ਕਰਨਾ ਸ਼ੁਰੂ ਕਰ ਦਿਉ। ਫਰਨੀਚਰ ਨੂੰ ਨਾਲ ਲੈ ਕੇ ਜਾਣ ਦੇ ਪੈਡਾਂ ਦਾ ਪ੍ਰਬੰਧ ਕਰ ਲਉ। ਭਾਰੀ ਸਮਾਨ ਨੂੰ ਰੇੜ੍ਹਨ ਵਾਲੀ ਡਾਲੀ ਜਾਂ ਰੇੜ੍ਹੀ ਦਾ ਵੀ ਪ੍ਰਬੰਧ ਕਰ ਲਉ। ਪੈਕਿੰਗ ਕਰਨ ਲਈ ਰੱਸੀਆਂ ਜਾਂ ਪੈਕਿੰਗ ਟੇਪ ਵੀ ਅਗਾਊਂ ਹੀ ਖਰੀਦ ਕੇ ਰੱਖ ਲਉ। ਤੇਜ਼ਧਾਰ ਤੇ ਤਿੱਖੀਆਂ ਚੀਜ਼ਾਂ ਜਾਂ ਨੁੱਕਰਾਂ ਵਾਲੇ ਔਜ਼ਾਰਾਂ ਨੂੰ ਇੱਕ ਅਲੱਗ ਡੱਬੇ ਵਿਚ ਪਾ ਕੇ ਡਬਲ ਪੈਕ ਕਰੋ। ਹਮੇਸ਼ਾ ਲੋੜ ਤੋਂ ਕੁਝ ਵੱਧ ਡੱਬਿਆਂ ਦਾ ਪ੍ਰਬੰਧ ਕਰੋ। ਜੇ ਘਰ ਵਿਚ ਕੋਈ ਵਾਧੂ ਸੁਵਿਧਾਵਾਂ ਜਿਵੇਂ ਕੇਬਲ, ਵਾਧੂ ਟੀ.ਵੀ. ਚੈਨਲ ਜਾਂ ਫਿਰ ਸੂਰਜੀ ਊਰਜਾ ਵਗੈਰਾ ਲਈਆਂ ਹੋਈਆਂ ਹਨ ਤਾਂ ਅਰਜ਼ੀ ਦੇ ਕੇ ਇਨ੍ਹਾਂ ਦੇ ਕੁਨੈਕਸ਼ਨ ਕਟਵਾ ਦਿਉ। ਜੇ ਤੁਹਾਡੀ ਯਾਤਰਾ ਲੰਬੀ ਹੈ ਤਾਂ ਰਸਤੇ ਵਿਚ ਹੋਟਲ ਵਗੈਰਾ ਦੀ ਅਗਾਊਂ ਰਿਜ਼ਰਵੇਸ਼ਨ ਕਰਵਾ ਲਉ। ਮੌਜੂਦਾ ਆਈਟਮਾਂ ਨੂੰ ਇੱਕ ਵਾਰੀ ਫਿਰ ਧਿਆਨ ਨਾਲ ਚੈਕ ਕਰ ਲਉ ਤੇ ਗੈਰ ਜ਼ਰੂਰੀ ਆਈਟਮਾਂ ਨੂੰ ਇੱਕ ਇੱਕ ਕਰਕੇ ਪਾਸੇ ਰੱਖੀ ਜਾਉ। ਇਸ ਪ੍ਰਕਾਰ ਤੁਸੀਂ ਬੇਲੋੜੇ ਭਾਰ ਤੋਂ ਬਚ ਸਕਦੇ ਹੋ।

ਆਪਣੀ ਸੈਲ ਫੂਨ ਕੰਪਨੀ ਨੂੰ ਫੂਨ ਕਰਕੇ ਇਸ ਗੱਲ ਦੀ ਵੀ ਜਾਣਕਾਰੀ ਪ੍ਰਾਪਤ ਕਰ ਲਉ ਜਿੱਥੇ ਤੁਸੀਂ ਮੂਵ ਹੋ ਕੇ ਜਾ ਰਹੇ ਹੋ ਉੱਥੇ ਉਨ੍ਹਾਂ ਦੀ ਕੰਪਨੀ ਦੇ ਸੈਲ ਫੂਨ ਕੰਮ ਵੀ ਕਰਦੇ ਹਨ ਜਾਂ ਫਿਰ ਜਿਹੜੀ ਸਕੀਮ ਵਿਚ ਤੁਸੀਂ ਕੰਪਨੀ ਪਾਸੋਂ ਸੈਲ ਫੂਨ ਲਿਆ ਹੋਇਆ ਹੈ ਇਸ ਸਕੀਮ ਤਹਿਤ ਉੱਥੇ ਤੁਹਾਡਾ ਫੂਨ ਕੰਮ ਕਰੇਗਾ ਕਿ ਨਹੀਂ।

*(ਬਾਕੀ ਅਗਲੇ ਅੰਕ 'ਚ)*


ੴ ਸਤਿਗੁਰ ਪ੍ਰਸਾਦਿ॥

# ਬਾਦਲਕਿਆਂ ਦੇ ਮੁਕੰਮਲ ਬਾਈਕਾਟ ਦਾ ਸੱਦਾ

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਿਹ।

ਗਦਰੀ ਬਾਬਿਆਂ ਦੇ ਪਵਿੱਤਰ ਇਤਿਹਾਸਿਕ ਸਥਾਨ ਗੁਰਦੁਆਰਾ ਪੈਸੇਫਿਕ ਕੋਸਟ ਦੀਵਾਨ ਸੁਸਾਇਟੀ, ਸਟਾਕਟਨ ਵਿਖੇ ਗਦਰੀ ਬਾਬਿਆਂ ਦੀ ਯਾਦ ਵਿਚ ਕਰਵਾਏ ਗਏ ਵਿਸ਼ੇਸ਼ ਸਮਾਗਮ ਵਿਚ ਗਦਰੀ ਬਾਬਿਆਂ ਦੀਆਂ ਕੁਰਬਾਨੀਆਂ ਨੂੰ ਯਾਦ ਕੀਤਾ ਗਿਆ ਅਤੇ ਦੇਸ਼ ਦੀ ਆਜ਼ਾਦੀ ਵਿਚ ਪਾਏ ਗਏ ਵੱਡਮੁਲੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ ਗਈ। ਇਸ ਦੌਰਾਨ ਕੀਰਤਨ ਕਥਾ ਅਤੇ ਢਾਡੀਆਂ ਦੁਆਰਾਂ ਦੁਆਰਾ ਸੰਗਤਾਂ ਅਤੇ ਇਤਿਹਾਸ ਬਾਰੇ ਜਾਣਕਾਰੀ ਦਿੱਤੀ ਗਈ ਅਤੇ ਅੰਤ ਵਿਚ ਬਾਦਲ ਸਰਕਾਰ ਵਲੋਂ ਸਿੱਖਾਂ 'ਤੇ ਕੀਤੇ ਗਏ ਜ਼ੁਲਮਾਂ ਵਿਰੁਧ 5 ਮਤੇ ਪਾਸ ਕੀਤੇ ਗਏ। ਸੰਗਤਾਂ ਨੇ ਮਤਿਆਂ ਨੂੰ ਪ੍ਰਵਾਨਗੀ ਦਿੱਤੀ। ਹਰ ਪੰਥਕ ਦਰਦੀ ਨੂੰ ਇਨ੍ਹਾਂ ਮਤਿਆਂ ਉਪਰ ਅਮਲ ਕਰਨ ਦੀ ਅਪੀਲ ਕੀਤੀ ਗਈ। ਸ਼ਹੀਦ ਭਾਈ ਦਰਸ਼ਨ ਸਿੰਘ ਲੁਹਾਰਾ ਨੂੰ ਇਸ ਦੌਰਾਨ ਸ਼ਰਧਾਂਜਲੀ ਭੇਂਟ ਕੀਤੀ ਗਈ।

ਪਾਸ ਕੀਤੇ ਗਏ ਮਤੇ:

1. 1978 ਵਿਚ ਅੰਮ੍ਰਿਤਸਰ ਦੀ ਧਰਤੀ ਤੇ ਵਾਪਰੇ ਨਿਰੰਕਾਰੀ ਕਾਂਡ ਵਿਚ 13 ਸਿੰਘ ਸ਼ਹੀਦ ਕਰ ਦਿਤੇ ਗਏ ਸਨ। ਉਸ ਸਮੇਂ ਪ੍ਰਕਾਸ਼ ਸਿੰਘ ਬਾਦਲ ਦਾ ਰਾਜ ਸੀ ਅਤੇ ਨਿਰੰਕਾਰੀ ਦੀ ਪਿੱਠ ਪੂਰ ਕੇ ਉਦੋਂ ਵੀ ਪ੍ਰਕਾਸ਼ ਸਿੰਘ ਬਾਦਲ ਨੇ ਪੰਥ ਦੀ ਪਿੱਠ ਵਿਚ ਛੁਰਾ ਮਾਰ ਕੇ ਸਮੂਹ ਪੰਥ ਨਾਲ ਗਦਾਰੀ ਕੀਤੀ ਸੀ। ਇਸ ਤਰ੍ਹਾਂ ਹੀ ਹੁਣ ਬਿਹਾਰੀ ਭੱਈਏ ਆਸ਼ੂਤੋਸ਼ ਦੇ ਸਮਾਗਮ ਵਿਚ ਵੀ ਉਸ ਦੀ ਪਿਠ ਠੋਕੀ ਗਈ ਹੈ। ਖਾਲਸਾ ਪੰਥ ਇਸਨੂੰ ਕਦੇ ਮਾਫ ਨਹੀਂ ਕਰੇਗਾ।

ਇਕ ਦਿਨ ਪਹਿਲਾਂ ਬਿਹਾਰੀ ਭੱਈਆਂ ਨੇ ਲੁਧਿਆਣੇ ਵਿਚ ਕਰੋੜਾਂ ਰੁਪਏ ਦਾ ਨੁਕਸਾਨ ਕੀਤਾ ਪਰ ਕਿਸੇ ਨੇ ਵੀ ਉਨ੍ਹਾਂ ਉਪਰ ਗੋਲੀ ਨਹੀਂ ਚਲਾਈ ਦੂਜੇ ਦਿਨ ਸ਼ਾਂਤਮਈ ਰੋਸ ਪ੍ਰਗਟ ਕਰ ਰਹੇ ਸਿੱਖਾਂ ਉੱਤੇ ਬਾਦਲ ਸਰਕਾਰ ਨੇ ਸ਼ਰੇਆਮ ਗੋਲੀਆਂ ਚਲਾ ਕੇ ਸਿੱਖਾਂ ਨੂੰ ਗੁਲਾਮੀ ਦਾ ਅਹਿਸਾਸ ਕਰਵਾਇਆ। ਪੰਜਾਬ ਦੀ ਅਕਾਲੀ ਸਰਕਾਰ ਨੂੰ ਸਿੱਖ ਕੌਮ ਨਾਲੋਂ ਬਾਹਰ ਦੇ ਭੱਈਏ ਜ਼ਿਆਦਾ ਚਹੇਤੇ ਹਨ। ਖਾਲਸਾ ਪੰਥ ਬਾਦਲ ਦਲ ਨੂੰ ਆਪਣਾ ਦੁਸ਼ਮਣ ਕਰਾਰ ਦਿੰਦਾ ਹੈ ।

2. ਭਾਈ ਦਰਸ਼ਨ ਸਿੰਘ ਦਾ ਬਾਦਲ ਸਰਕਾਰ ਵਲੋਂ ਖੂਨ ਕੀਤਾ ਗਿਆ ਹੈ ਅਤੇ ਸ਼ਹੀਦਾਂ ਦਾ ਲਹੂ ਅਜਾਈਂ ਨਹੀਂ ਜਾਣ ਦਿੱਤਾ ਜਾਵੇਗਾ। ਸਾਰੇ ਸਿੱਖ ਜਗਤ (ਖਾਸ ਕਰਕੇ ਅਮਰੀਕਾ ਤੇ ਕੈਨੇਡਾ) ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿਸੇ ਵੀ ਅਕਾਲੀ ਐਮ ਐਲ ਏ ਅਤੇ ਅਕਾਲੀ ਸਮਰਥਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੈਂਬਰ ਨੂੰ ਕਿਸੇ ਵੀ ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਸਮਾਂ ਨਾ ਦਿੱਤਾ ਜਾਵੇ। ਜਿਸ ਤਰ੍ਹਾਂ ਪਿਛਲੇ ਸਮੇਂ ਦੌਰਾਨ ਬਾਦਲ ਦੇ ਹੱਥ ਠੋਕੇ ਬਾਬਾ ਨਿਹਾਲ ਸਿੰਘ ਹਰੀਆਂਵੇਲਾਂ ਵਾਲੇ ਅਤੇ ਬਾਦਲ ਦੀ ਸਿਖਿਆ ਮੰਤਰੀ ਬੀਬੀ ਉਪਿੰਦਰਜੀਤ ਕੌਰ ਨੂੰ ਘੇਰਿਆ ਗਿਆ ਸੀ ਉਸੇ ਤਰ੍ਹਾਂ ਹੀ ਇਨ੍ਹਾਂ ਨੂੰ ਸਬਕ ਸਿਖਾਇਆ ਜਾਵੇ। ਭਾਈ ਦਰਸ਼ਨ ਸਿੰਘ ਦੀ ਸ਼ਹੀਦੀ ਸਾਨੂੰ ਇਹ ਵੀ ਯਾਦ ਕਰਾਉਂਦੀ ਹੈ ਕਿ ਬਾਦਲ ਤੇ ਇਸਦੇ ਅਕਾਲੀ ਲਾਣੇ ਨੇ ਆਪਣੀ ਕੁਰਸੀ ਦੀ ਖਾਤਿਰ 1978 ਤੋਂ ਹੀ ਸਿੱਖ ਜਵਾਨੀ ਦਾ ਘਾਣ ਕੀਤਾ ਹੈ। ਵੋਟਾਂ ਵੇਲੇ ਬਾਦਲ ਸਿੱਖਾਂ ਕੋਲੋਂ ਤਰਲੇ ਕਰਕੇ ਵੋਟਾਂ ਲੈ ਜਾਂਦਾ ਹੈ ਪਰ ਸਰਕਾਰ ਆਉਣ ਤੋਂ ਬਾਅਦ ਉਹ ਸਿੱਖਾਂ ਨੂੰ ਸਬਕ ਸਿਖਾਉਣ ਲੱਗ ਪੈਂਦਾ ਹੈ ਜਿਸ ਦਾ ਸਬੂਤ ਲੁਧਿਆਣਾ ਗੋਲੀਕਾਂਡ ਹੈ। ਇਹ ਸਮਾਗਮ ਇਸ ਦੀ ਪੁਰਜ਼ੋਰ ਨਿੰਦਾ ਕਰਦਾ ਹੈ।

5. ਸਿੱਖ ਗੁਰੂ ਸਾਹਿਬਾਨ ਦੀ ਨਕਲ ਕਰਨ ਵਾਲੇ ਕਾਤਲ ਸੌਦਾ ਸਾਧ ਦੀ ਬਾਦਲ ਨਾਲ ਯਾਰੀ ਹੈ। ਤੇ ਅਗਾਂਹ ਸੌਦਾ ਸਾਧ ਦੀ ਸਿੱਖ ਦੁਸ਼ਮਣਾਂ ਨਾਲ ਵੀ ਯਾਰੀ ਹੈ। ਅੱਜ ਖਾਲਸਾ ਪੰਥ ਇਸ ਨਾਪਾਕ ਗੱਠਜੋੜ ਦੀ ਨਿਖੇਧੀ ਕਰਦਾ ਹੈ ਤੇ ਐਲਾਨ ਕਰਦਾ ਹੈ ਕਿ ਸਿੱਖਾਂ ਨੂੰ ਮਾਰ ਮੁਕਾਉਣ ਅਤੇ ਸਿੱਖ ਨਸਲਘਾਤ ਦੇ ਬਾਦਲੀ ਮਨਸੂਬੇ ਨੂੰ ਤੋੜ ਨਹੀਂ ਚੜ੍ਹਨ ਦਿੱਤਾ ਜਾਵੇਗਾ। ਸ਼ੈਤਾਨੀ ਯੋਜਨਾ ਨੂੰ ਹਰ ਸਿੱਖ ਤੱਕ ਪਹੁੰਚਾ ਕੇ ਗਿਆਨਵਾਨ ਹੋਣ ਤੇ ਆਪਣਾ ਬਚਾਅ ਕਰਨ ਦੀ ਤਿਆਰੀ ਕਰਨ ਲਈ ਕਿਹਾ ਜਾਵੇਗਾ। ਸੰਗਤਾਂ ਨੂੰ ਬੇਨਤੀ ਹੈ ਕਿ ਬਾਦਲ ਅਤੇ ਬ੍ਰਾਹਮਣਵਾਦ ਦੀ ਸਿੱਖ ਮਾਰੂ ਨੀਤੀ ਨੂੰ ਚੰਗੀ ਤਰ੍ਹਾਂ ਸਮਝਿਆ ਜਾਵੇ ਜਿਸ ਨਾਲ ਸਿੱਖ ਸਰੂਪ ਵਿਚ ਵਿਚਰਦੇ ਦੁਸ਼ਮਣਾਂ ਅਤੇ ਦੋਸਤਾਂ ਦੀ ਸਮਝ ਆ ਸਕਦੀ ਹੈ। ਇਸੇ ਤਰ੍ਹਾਂ ਭਾਈ ਦਰਸ਼ਨ ਸਿੰਘ ਦਾ ਬਾਈਕਾਟ ਕੀਤਾ ਜਾਵੇ ਜਿੰਨੀ ਦੇਰ ਤੱਕ ਉਹ ਗੁਰੂ ਸਾਹਿਬਾਨਾਂ ਦੀ ਪਵਿੱਤਰ ਬਾਣੀ ਬਾਰੇ ਜ਼ਹਿਰ ਨਹੀਂ ਉਗਲਣੋਂ ਬੰਦ ਕਰਦਾ ਅਤੇ ਆਪਣਾ ਸਪਸ਼ਟੀਕਰਨ ਪੰਥ ਅਤੇ ਕੌਮ ਨੂੰ ਨਹੀਂ ਦਿੰਦਾ।

ਪੰਥ ਦੇ ਦਾਸ
ਗੁਲਵਿੰਦਰ ਸਿੰਘ ਭਿੰਡਾ, ਫੋਨ:209-487-3699
ਮਨਜੀਤ ਸਿੰਘ ਉਪਲ, ਫੋਨ: 209-663-5553

**ਪ੍ਰਬੰਧਕ ਕਮੇਟੀ, ਸਟਾਕਟਨ ਗੁਰਦੁਆਰਾ ਸਾਹਿਬ, ਸਟਾਕਟਨ (ਕੈਲੀਫੋਰਨੀਆ)**
**1930 S. Street, Stockton CA 95206**

## ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

ਫੋਨ: 925-752-8025

# ਬਾਕੀ ਕੁਛ ਬਚਾ ਤੋ ਮਹਿੰਗਾਈ ਮਾਰ ਗਈ

***ਬੇਈਮਾਨੀ ਦੇ ਯੁੱਗ ਵਿਚ ਜਦੋਂ ਜ਼ਮੀਰਾਂ ਸੇਲ 'ਤੇ ਲੱਗ ਗਈਆਂ ਹਨ, ਮੰਹਿਗਾਈ ਲੱਕ 'ਤੇ ਘੋਟਣਾ ਫੇਰਨ ਲੱਗ ਪਈ ਹੈ ਤਾਂ ਛੇਤੀ ਗੀਤਕਾਰ ਅਜਿਹੇ ਮੁਖੜਿਆਂ ਤੇ ਗੀਤ ਲਿਖਿਆ ਕਰਨਗੇ, 'ਜੋ ਕਹਿੰਦੇ ਸੀ ਮੁਰਗੇ ਤੋਂ ਉਰੇ ਗੱਲ ਤਾਂ ਬਣਨੀ ਨ੍ਹੀਂ, ਮਿਰਚਾਂ ਰਗੜ ਕੇ ਭੁੱਖਾ ਢਿੱਡ ਮਨਾਉਂਦੇ ਵੇਖ ਲਈਂ'। ਸ਼ੌਕੀਨ ਤੇ ਸੁਆਦਲੇ ਖਾਣੇ ਖਾਣ ਵਾਲੀਆਂ ਪਤਨੀਆਂ ਮਹਿੰਗਾਈ ਦੇ ਦੌਰ ਵਿਚ ਤਲਾਕ ਦੀਆਂ ਅਰਜ਼ੀਆਂ ਪਰਸ 'ਚ ਰੱਖਣ ਲੱਗ ਪੈਣਗੀਆਂ। ਕਿਸੇ ਭਲੇਮਾਣਸ ਨੇ ਸਿਆਣੇ ਬੰਦੇ ਨੂੰ ਪੁੱਛਿਆ 'ਆਪਣੇ ਮੁਲਕ ਵਿਚ ਸਵਰਗ ਆ ਸਕਦੈ?' ਉੱਤਰ ਸੀ, ਬਿਲਕੁਲ ਜੇ ਡਾਕਟਰ, ਵਕੀਲ ਤੇ ਲੀਡਰ ਇਮਾਨਦਾਰ ਬਣ ਜਾਣ। ਅਗਲਾ ਸਵਾਲ ਸੀ 'ਉਹ ਕਿਵੇਂ?' ਡਾਕਟਰ ਮੋਟੇ ਬਿੱਲ ਨਾਲ ਛਿੱਲ ਉਤਾਰ ਕੇ ਮਰੀਜ਼ ਨੂੰ ਦਸਦੇ ਨੇ ਮਰਜ ਕੀ ਸੀ, 'ਬਚੇਗਾ ਕਿ ਨ੍ਹੀਂ? ਵਕੀਲ ਕਾਤਲ ਨੂੰ ਵੀ ਹੱਲਾਸ਼ੇਰੀ ਦੇਂਦੇ ਨੇ, ਝੂਠੇ ਗਵਾਹ ਲਿਆ ਪਹਿਲੀ ਤਰੀਕੇ ਬਰੀ ਤੇ ਲੀਡਰ ਪੁਲਿਸ ਵਾਲੇ ਤੇ ਅਫਸਰ ਵੱਡੇ ਢਿੱਡਾਂ ਵਲ ਇਸ਼ਾਰਾ ਕਰ ਰਹੇ ਹਨ, 'ਲੁੱਟ ਤੇ ਮੁਫ਼ਤ ਦਾ ਮਾਲ ਐਥੇ ਆ।' ਇਕ ਵਾਰ ਲੰਗਰ 'ਚ ਹੱਥ 'ਤੇ ਫੁਲਕਾ ਰੱਖ ਕੇ ਛੱਕ ਰਹੇ ਲੀਡਰ ਤੋਂ ਕਾਂ ਰੋਟੀ ਦਾ ਟੁਕੜਾ ਖੋਹ ਕੇ ਲੈ ਗਿਆ। ਲੀਡਰ ਪੈ ਗਿਆ ਗੰਨਮੈਨਾਂ ਨੂੰ ਚਾਰੇ ਖੁਰ ਚੁੱਕ ਕੇ। 'ਸਾਲਿਓ ਕਰਦੇ ਕੀ ਸੀ? ਮੈਂ ਨ੍ਹੀਂ ਛੱਡਦਾ ਕਾਂ ਨੂੰ।' ਰੋਟੀ ਦਾ ਟੁੱਕ ਮੂੰਹ 'ਚ ਫਸਾ ਕੇ ਇਕ ਦਰਖ਼ਤ ਹੇਠ ਅੱਖਾਂ ਮੀਚ ਲੇਟ ਗਿਆ। ਸ਼ੈਤਾਨ ਕਾਂ ਮਹਾਂ ਸ਼ੈਤਾਨ ਦੀ ਸ਼ੈਤਾਨੀ ਤੋਂ ਅਣਭੋਲ ਰੋਟੀ ਦੇ ਟੁਕੜੇ ਦੇ ਲਾਲਚ ਆਇਆ ਤਾਂ ਲੀਡਰ ਨੇ ਕਾਂ ਨੂੰ ਚੁੰਝ ਤੋਂ ਫੜ ਲਿਆ। ਕਾਂ ਆਖੇ ਤੂੰ ਕੌਣ ਐ? ਤੇ ਸਤਿਆ ਪਿਆ ਲੀਡਰ ਆਖੇ ਸਾਲਿਆ ਹੱਥ 'ਚੋਂ ਖੋਹ ਕੇ ਲੈ ਗਿਐਂ, ਸਾਡੇ ਆਈਡੀਏ ਚੋਰੀ ਕਰਦੈਂ ਤੇਰੀ ਜੁਰਅਤ ਕਿਵੇਂ ਪੈ ਗਈ? ਤੇ ਧਿਆਨ ਨਾਲ ਦੇਖਿਓ, ਕਾਂ ਇਨ੍ਹਾਂ ਸ਼ਰੀਫ ਲੋਕਾਂ ਦੇ ਕਿਸੇ ਵੀ ਸਮਾਗਮ 'ਤੇ ਹਾਜ਼ਿਰ ਨ੍ਹੀਂ ਹੁੰਦਾ। ਸਾਉਣ ਮਹੀਨੇ ਨਿੱਕੀ ਨਿੱਕੀ ਪੈਂਦੀ ਕਣੀ 'ਚ ਪ੍ਰੇਮੀ ਤਾਂ ਆਖ ਰਹੇ ਹੁੰਦੇ ਨੇ 'ਭੌਰ ਭੁੱਖੇ ਵਾਸ਼ਨਾ ਦੇ ਫੁੱਲ ਤੋੜ ਕੇ ਕਦੇ ਨਾਂ ਖਾਂਦੇ।' ਪਰ ਖੁੱਡਾਂ ਪਾਣੀ ਨਾਲ ਭਰ ਜਾਣ ਕਾਰਨ ਸੱਪ ਨੂੰ ਇਸ ਮਹੀਨੇ ਮਨੁੱਖ ਤੋਂ ਜਾਨ ਬਚਾਉਣੀ ਬਹੁਤ ਔਖੀ ਹੋ ਜਾਂਦੀ ਹੈ। ਦੁਨੀਆਂ ਦਾ ਸਭ ਤੋਂ ਸਸਤਾ ਖਾਣਾ ਆਪਣੇ ਮੁਲਕ ਦੀ ਸੰਸਦ ਤੇ ਵਿਧਾਨ ਸਭਾਵਾਂ 'ਚ ਮਿਲ ਰਿਹੈ, ਪਰ ਹੈਰਾਨੀ ਨ੍ਹੀਂ ਹੁੰਦੀ ਕਿ ਇਸਨੂੰ ਖਾਣ ਵਾਲੇ ਵੀ ਮਹਿੰਗਾਈ ਪ੍ਰਤੀ ਕਿੰਨੇ ਫ਼ਿਕਰਮੰਦ ਹਨ? ਰੱਜ ਕੇ ਰੰਗ ਦੇ ਕਾਲੇ ਨੇ ਲਾਲ, ਉਨਾਭੀ ਜਾਂ ਤੋਤੇ ਰੰਗਾ ਪਹਿਰਾਵਾ ਪਹਿਨਿਆ ਹੋਵੇ ਤਾਂ ਮੂੰਹੋਂ ਨਿਕਲ ਹੀ ਜਾਂਦੈ, 'ਦੁਰ ਫਿਟੇ ਮੂੰਹ।' ਖੈਰ! ਵਿਆਹ 'ਚ ਬੀ ਦਾ ਲੇਖਾ ਪਾਉਣ ਵਾਲਾ ਸਿਆਣਾ ਨ੍ਹੀਂ ਹੁੰਦਾ ਤੇ ਨਾ ਹੀ ਮੇਲੇ 'ਚ ਚੱਕੀਰਾਹੇ ਨੂੰ ਕੋਈ ਸਤਿ ਸ੍ਰੀ ਅਕਾਲ ਬੁਲਾਉਂਦੈ। ਗਰਮੀਆਂ 'ਚ ਇਕ ਤਾਂ ਨੀਂਦ ਨ੍ਹੀਂ ਆਉਂਦੀ ਤੇ ਇਕ ਸਾਲੇ ਮੱਛਰ ਬਹੁਤ ਮਛਰ ਜਾਂਦੇ ਨੇ ਇਸੇ ਲਈ...।***

''ਮੈਂ ਕਿਹਾ ਰਿੰਕੂ ਦੇ ਭਾਈਆ ਕਿਥੇ ਐਂ? ਹੈ ਹੈ ਰੱਬਾ ਬੋਲਦਾ ਈ ਨ੍ਹੀਂ...ਪੈ ਜਾਏ ਹੈਥੇ ਭਾਂਬੜ, ਬੋਲ ਨ੍ਹੀਂ ਸਕਦਾ?' ਤੇ ਸਤੀ ਪਈ ਭਜਨ ਕੌਰ ਨੇ ਗੁੱਸੇ 'ਚ ਕਈ ਕੁਝ ਬੋਲ ਦਿੱਤਾ।

'ਜੇ ਐਥੇ ਲਾਂਬੂ ਲੱਗ ਗਿਆ ਤਾਂ ਤੈਨੂੰ ਨ੍ਹੀਂ ਪਤਾ ਪੰਜਾਬ ਦਾ ਫੱਕਾ ਨ੍ਹੀਂ ਰਹਿਣਾ। ਅਸੀਂ ਘੁੱਟ ਲਾਉਣੀ ਛੱਡ 'ਤੀ ਨਾ ਤਾਂ ਠੇਕਿਆਂ ਨੂੰ ਜੰਦੇ ਲੱਗ ਜਾਣੇ ਆਂ, ਸਰਕਾਰ ਦਾ ਖਜਾਨਾ ਖਾਲੀ ਹੋ ਜਾਣੈ, ਮਾਹਟਰਾਂ ਨੂੰ ਤਨਖਾਹ ਨ੍ਹੀਂ ਮਿਲਣੀ ਤੇ ਬੋਲੀ ਵੇਲੇ ਢਿੱਡ ਭਰਨ ਵਾਲੇ ਮੰਤਰੀਆਂ ਨੂੰ ਪੰਜਾਬ ਹੱਡਾਰੋੜੀ ਵਰਗਾ ਲੱਗਣੈਂ, ਐਵੇਂ ਚੜ੍ਹੀ ਜਾਂਦੀ ਐ ਹੁਸ਼ਿਆਰਪੁਰ ਦੀ ਜੁੱਤੀ ਵਾਂਗੂ...।' ਤੇ ਲੱਖਾ ਸਿਹੁੰ ਨੇ ਵੀ ਮਾੜੇ ਲੀਡਰ ਵਾਂਗ ਭਾਸ਼ਣ ਪੂਰਾ ਕਰਕੇ ਹੀ ਸਾਹ ਲਿਆ।

'ਨਾ ਤੂੰ ਹੈਥੇ ਕਰਦਾ ਕੀ ਆਂ?'

'ਤੈਨੂੰ ਮੈਂ ਕੀ ਦੱਸਾਂ ਮੈਂ ਕਦੇ ਕੁਛ ਕਰਦਾਂ ਕਦੇ ਕੁਛ ਕਰਦਾਂ।'

'ਮਰਾਸੀਆਂ ਦੇ ਅੱਲਾ ਦਿੱਤੇ ਵਾਂਗ ਮਸ਼ਕਰੀਆਂ ਨਾ ਕਰ।' ਹੈਥੇ ਕਿਤੇ ਬੱਕਰੀ ਸੂਣ ਲੱਗੀ ਐ ਜੀਹਦੇ ਮੇਮਣੇ ਗਿਣਦੈਂ?'

'ਭਜਨ ਕੁਰੇ ਸੱਚ ਦੱਸਾਂ...ਉਰੇ ਨੂੰ ਆ ਫਿਰ।' ਲੱਖਾਂ ਸਿਹੁੰ ਚੁਬਾਰੇ ਦੀਆਂ ਪੌੜੀਆਂ ਉਤਰਦਾ ਨਰਮਾਈ 'ਚ ਬੋਲਿਆ।

'ਹਾਂ ਸੁਣਾ ਜਿਹੜੀ ਗੀਤਾ ਸੁਣਾਉਣੀ ਐ।'

'ਤੂੰ ਪੁਛਦੀ ਸੀ ਕਰਦਾ ਕੀ ਐਂ...ਦੇਖ ਅੱਗੇ ਮੈਂ ਚਾਲੀਆਂ ਦਾ ਅਦੀਆ ਲਿਆਉਂਦਾ ਸੀ ਹੁਣ ਪੰਜਾਹਾਂ ਦਾ ਪਊਆ ਲਿਆਇਆਂ...ਕਮਾਈ ਲਾਜਵੰਤੀ ਦੇ ਬੂਟੇ ਵਾਂਗ ਹੋਰ ਕੱਟ ਹੋਈ ਜਾਂਦੀ ਐ...ਕਦੇ ਮੈਂ ਪਊਏ ਵਲ ਵੇਖਦਾਂ ਕਦੇ ਗਲਾਸੀ ਵਲ, ਫਿਰ ਸੋਚਦਾਂ ਪਈ ਪੈੱਗ ਨਾ ਪੀਵਾਂ। ਚੱਲ ਚਮਚੇ ਦੋ ਭਰ ਕੇ ਲਾ ਲੈਨੇ ਆਂ...ਪਰ ਅੰਦਰ ਸਾਲੇ ਕੀੜੇ ਘਸੁੰਨ ਮੁੱਕੀ ਹੋਈ ਜਾਂਦੈ ਐ...ਅਖੇ ਜੇ ਆਏਂ ਕੀਤੀ ਤਾਂ ਤੇਰਾ ਭਰਕੇ ਬੇੜਾ ਡੁੱਬੂ।...ਇਹ ਸਹੁਰੀ ਦੀ ਸਰਕਾਰ ਸ਼ਰਾਬ ਪਿੱਛੇ ਹੀ ਪੈ ਗਈ...ਇਹਨੂੰ ਕੋਈ ਪੁੱਛੇ ਪਈ ਇਹ ਗਰੀਬਾਂ ਦੇ ਖੂਨ ਪਸੀਨੇ ਦੀ ਕਮਾਈ ਨਾਲ ਸਾਲਾ ਖਜਾਨਾ ਭਰਨੈਂ।'

'ਇਹ ਗੰਗਾ ਜਲ ਬਿਨਾਂ ਜਾਨ ਨਿਕਲਦੀ ਜਾਂਦੀ ਐ...ਜੀਅ ਤਾਂ ਕਰਦੈ ਲੱਤ ਮਾਰਾਂ ਇਸ ਪੜੇ ਪਉਏ ਵਿਚ...।'

'ਨਾ ਨਾ ਨਾ ਰੱਬ ਦੇ ਵਾਸਤੇ ਇਹ ਜੁਲਮ ਨਾ ਕਰੀਂ। ਇਹ ਲੱਤ ਪਊਏ 'ਚ ਨ੍ਹੀਂ ਮੇਰੇ ਕਾਲਜੇ 'ਚ ਪੈਣੀ ਆਂ...।'

'ਡੱਫ ਲੈ, ਸੜ੍ਹਾਕ ਲੈ...ਹੱਡਾਰੋੜੀ ਦੇ ਬਾਹਰ ਬੈਠਾ ਕੁੱਤਾ ਵੈਸ਼ਨੂੰ ਭਲਾ ਹੋ ਸਕਦੈ?'

'ਤੂੰ ਮੈਨੂੰ ਕੁੱਤਾ ਕਹਿਨੀ ਐ...ਹੱਡ ਤਾ ਨ੍ਹੀਂ ਤੜਾਉਣੇ...ਹੈਂ ਤੀਵੀਂ ਮਾਨੀ ਹੋ ਕੇ ਸਿਰ ਨੂੰ ਚੜ੍ਹੀ ਆਉਂਦੀ ਐ...ਏਧਰ ਦਾਰੂ ਦੇ ਭਾਅ ਨੂੰ ਅੱਗ ਪਈ ਜਾਂਦੀ ਐ...।'

'ਮੈਂ ਨ੍ਹੀਂ ਕੁਝ ਕਹਿੰਦੀ, ਉਧਰ ਚੁੱਲ੍ਹਾ ਦੁਹਾਈਆਂ ਪਾਉਂਦੈ, ਨਿਆਣੇ ਆਉਣ ਵਾਲੇ ਐ, ਧਰਨਾ ਕੀ ਐ ਸਿਰ ਦਿਆ ਸਾਈਆਂ...?'

'ਅਖੇ ਧਰਨਾ ਕੀ ਐ, ਜਿਹੜਾ ਦਸਾਂ ਦਾ ਨੋਟ ਦਿੱਤਾ ਸੀ ਉਹਨੂੰ ਕਿੱਥੇ ਫੂਕਤਾ?'

'ਫੂਕਤਾ ਜਣਦਿਆਂ ਦੇ ਸਿਰ 'ਚ। ਦਸਾਂ ਦਾ ਇਕ ਬਤਾਊਂ ਮਿਲਿਆ, ਇਕ ਆਲੂ ਤੇ ਇਕ ਆਹ ਟੁੱਟ ਪੈਣੀਆਂ ਦਰਜਨ ਹਰੀਆਂ ਮਿਰਚਾਂ ਮਿਲੀਆਂ। ਇਹਦੀ ਤਾਂ ਚਟਣੀ ਵੀ ਨ੍ਹੀਂ ਬਣਨੀ।'

'ਭਜਨੋ ਮਸ਼ਕੂਲੇ ਕਾਹਨੂੰ ਕਰਦੀ ਐਂ..ਮੰਡੀ 'ਚੋਂ ਮੈਂ ਪੰਜਾਂ ਦੇ ਪੰਜ ਕਿਲੋ ਲੈ ਆਉਂਦਾ ਸੀ ਅਖੇ ਇਕ ਬਤਾਊਂ ਮਿਲਿਆ। ਹੱਦ ਕਰਤੀ।'

'ਕਿਹੜੇ ਸਤਿਯੁੱਗ ਦੀਆਂ ਗੱਲਾਂ ਕਰਦੈਂ ਰੱਬ ਦਿਆਂ ਬੰਦਿਆ। ਬਾਹਰ ਨਿਕਲ ਕੇ ਤਾਂ ਵੇਖ ਮਹਿੰਗਾਈ ਭੂਸਰੀ ਮੈਂਹ ਵਾਂਗ ਬੱਖੀਆਂ ਭੰਨਦੀ ਪਈ ਐ ਗਰੀਬਾਂ ਦੀਆਂ।'

'ਭਜਨੋ ਗੁੱਸਾ ਨਾ ਕਰੀਂ ਜਦੋਂ ਇਕ ਵਾਰੀ ਇੰਦਰਾ ਹਾਰੀ ਸੀ ਤੇ ਡਸਾਈ ਬਣਿਆ ਸੀ ਜਨਤਾ ਸਰਕਾਰ ਲੈ ਕੇ ਪ੍ਰਧਾਨ ਮੰਤਰੀ, ਉਦੋਂ ਤਾਂ ਬਾਪੂ ਤੇਰਾ ਲਾਲ ਝੰਡਾ ਚੁੱਕ ਕੇ ਨਾਅਰੇ ਮਾਰਦਾ ਸੀ ਅਖੇ, 'ਦੋ ਰੁਪਏ ਕਿਲੋ ਆਟਾ ਇੰਦਰਾ ਨੂੰ ਸ਼ਰਮ ਦਾ ਘਾਟਾ। ਹੁਣ ਦੱਸ ਆਟਾ ਕਿੰਨੇ ਨੂੰ ਮਿਲਦੈ।'

'ਵੀਹਾਂ ਨੂੰ ਹੋਣ ਨੂੰ ਫਿਰਦੈ।'

'ਤੇ ਹੁਣ ਤੇਰੇ ਬਾਪੂ ਦਾ ਲਾਲ ਝੰਡਾ ਚੂਹੇ ਲੈ ਗਏ।'

'ਬਾਪੂ ਹੁਣ ਕਹਿੰਦਾ, ਬੁੜਾ ਹੋ ਚੱਲਿਆਂ, ਹੁਣ ਨ੍ਹੀਂ ਨਾਅਰੇ ਲਗਦੇ। ਨਾਲੇ ਹੁਣ ਪ੍ਰਧਾਨ ਮੰਤਰੀ ਵੀ ਆਪਣੈ ਮੋਹਣ ਸਿਹੁੰ।'

'ਵੱਡੀਏ ਲੁਤਰੋ ਮੋਹਣ ਸਿਹੁੰ ਨੀ ਮਨਮੋਹਨ ਸਿਹੁੰ।'

'ਚੱਲ ਕੁਝ ਹੋਵੇ, ਬਾਪੂ ਕਹਿੰਦਾ ਬੰਦਾ ਬੜਾ ਬੀਬਾ ਇਹਦੇ ਵਿਰੁਧ ਮੂੰਹ ਖੋਲ੍ਹਣ ਨੂੰ ਚਿੱਤ ਈ ਨ੍ਹੀਂ ਕਰਦਾ?'

'ਬੜੀ ਹੱਦ ਹੋ ਗੀ' ਏਨੀ ਮੰਗਾਈ ਨ੍ਹੀਂ ਕਦੇ ਸੁਣੀ ਸੀ।...ਲੈ ਆਹ ਆਲੂ ਅਸੀਂ ਜਦੋਂ ਚਾਰ ਕਨਾਲਾਂ ਬੀਜੇ ਸੀ ਤਾਂ ਪੱਲਿਓਂ ਪੈਸੇ ਦੇ ਕੇ ਚੁਕਾਉਣੇ ਪਏ ਤੇ ਹੁਣ ਇਹੀ ਆਂਡਿਆਂ ਤੋਂ ਉਪਰ ਦੀ ਹੋ ਗਏ ਆ। ਪਤੰਦਰ ਬਿਹਾਰ 'ਚੋਂ ਲਾਲੂ ਤਾਂ ਚਲੇ ਗਿਆ ਪਰ ਲਗਦੈ ਸਮੋਸੇ 'ਚੋਂ ਆਲੂ ਨ੍ਹੀਂ ਜਾਣੇ। ਭਜਨੋ ਖਲੋ ਜਾ ਜਰਾ ਮੈਨੂੰ ਇੱਕ ਸਿੱਟ ਲੈਣ ਦੇ ਅੰਦਰ।'

'ਆਹੋ ਆਪਣਾ ਵੇਖ ਸਾਡਾ ਤੇ ਨਿਆਣਿਆਂ ਦਾ ਕੀ ਐ?'

'ਕਰਦੈਂ ਕੁਛ। ਚਿੰਤਾ ਨਾ ਕਰ। ਗੱਲ ਮੇਰੇ ਹੁਣ ਖਾਨੇ ਪਈ ਐ।'

'ਕੀ?'

'ਉਹ ਆਪਣਾ ਬੋਲ਼ਿਆਂ ਦਾ ਠਾਕੁਰ ਨ੍ਹੀਂ...।'

'ਆਹੋ! ਥੇਹ ਪੈਣਾ ਛੜਾ ਤੀਵੀਆਂ ਦਾ ਠਰਕੀ।'

'ਤੂੰ ਰਿਸ਼ਤਾ ਕਰਨੈ..ਗੱਲ ਮੈਂ ਕੀ ਕਰਦੈਂ...ਐਵੇਂ ਸੇਵੀਆਂ 'ਚ ਲੂਣ ਸੁੱਟੀ ਜਾਂਦੀ ਐ।'

'ਬੋਲ ਕੀ ਆਂਹਦਾ ਠਾਕਰ।'

'ਆਂਹਦਾ ਪਰਸੋਂ ਆਪਣੇ ਸ਼ਹੀਦਾਂ ਆਲੇ ਗੁਰਦਵਾਰੇ ਪਿੰਡ ਆਲਾ ਲਾਲਾ ਪਸ਼ੌਰੀ ਮੱਲ ਸ਼ਹਿਰੋਂ ਆਇਆ। ਉਹਨੇ ਪੁੱਛਿਆ ਬਈ ਲਾਲਾ ਕਿੱਦਾਂ ਆਉਣੇ ਹੋਏ? ਲਾਲਾ ਕਹਿੰਦਾ ਮਹੀਨੇ ਪਿੱਛੋਂ ਗੁਰੂ ਘਰ ਨੂੰ ਥੋੜ੍ਹੀ ਬਹੁਤੀ ਸਬਜੀ ਭਾਜੀ ਦੇ ਜਾਈਦੀ ਐ।

ਠਾਕਰ ਹੈਰਾਨ ਹੋਕੇ ਪੁੱਛਣ ਲੱਗਾ, 'ਪਈ ਲਾਲਾ ਨਾ ਤੇਰੇ ਹੱਥ 'ਚ ਝੋਲਾ ਨਾ ਬੋਰਾ...ਸਬਜ਼ੀ ਭਾਜੀ ਕਿਥੇ ਐ?'

'ਫੇਰ?'

'ਉਹਨੇ ਖੀਸੇ 'ਚੋਂ ਕੱਢਿਆ ਇਕ ਆਲੂ, ਇਕ ਬਤਾਊਂ ਤੇ ਚਾਰ ਟਮਾਟਰ। ਠਾਕਰ ਕਹਿਣ ਲੱਗਾ, ਲਾਲਾ ਕਾਹਨੂੰ ਸੱਚੇ ਪਾਤਸ਼ਾਹ ਨੂੰ ਮਸ਼ਕਰੀਆਂ ਕਰਨ ਆਇਐਂ। ਲਾਲਾ ਪੈ ਗਿਆ ਠਾਕੁਰ ਨੂੰ ਟੁੱਟ ਕੇ ਆਹੰਦਾ, ਸੁਣ ਉਹ ਠਾਕਰ ਮੈਂ ਆਏ ਮਹੀਨੇ ਇੱਕਤੀ ਰੁਪਿਆਂ ਦੀ ਸਬਜ਼ੀ ਚੜ੍ਹਾ ਕੇ ਜਾਨੈਂ ਤੇ ਪੰਜ ਰੁਪਏ ਗੋਲ੍ਹਕ 'ਚ ਪਾਉਨੈਂ। ਮੈਂ ਪੈਸੇ ਨ੍ਹੀਂ ਘਟਾਏ, ਕੱਤੀਆਂ ਦਾ ਸਮਾਨ ਹੀ ਹੁਣ ਏਨਾ ਕੁ ਆਉਂਦੈ...ਮੈਂ ਕੀ ਕਰਾਂ।'

'ਹੁਣ ਆ ਗਿਆ ਯਕੀਨ ਵੀਹਾਂ ਦੀਆਂ ਮਣ ਪੱਕੀਆਂ ਹਰੀਆਂ ਮਿਰਚਾਂ ਮਿਲਦੀਆਂ ਹੁੰਦੀਆਂ ਸੀ ਤੇ ਹੁਣ ਦੋ ਰੁਪਏ ਨੂੰ ਦਰਜਨ।'

'ਤੂੰ ਠਾਕਰ ਦੀ ਗੱਲ ਤਾਂ ਪੂਰੀ ਹੋ ਲੈਣ ਦੇਹ। ਉਹ ਕਹਿੰਦਾ ਅਗਲੇ ਦਿਨ ਮੈਂ ਚਲੇ ਗਿਆ ਸ਼ਹਿਰ। ਬੱਸ ਅੱਡੇ ਦੇ ਸਾਹਮਣੇ ਲਾਲੇ ਦੀ ਦੁਕਾਨ 'ਤੇ ਚਲੇ ਗਿਆ ਪਈ ਚਲੋ ਪਿੰਡ ਦਾ ਬੰਦਾ ਚਾਹ ਪਾਣੀ ਛਕਾਊ ਤੇ ਲਾਲਾ ਇਕ ਲੱਤ ਭਾਰ ਹੋਕੇ ਹੱਥ ਜੋੜ ਕੇ ਖੜ੍ਹਾ ਤੇ ਪਿਛਿਓਂ ਮੀਟਰ ਲੰਬੀ ਬੋਦੀ ਗੇੜਾ ਦੇਵੇ। ਜਦੋਂ ਆਖੇ ਚੜ੍ਹ ਜੋ ਚੜ੍ਹਾਈਆਂ ਭਗਤੋ, ਚੜ੍ਹ ਜੋ ਚੜਾਈਆਂ...ਕਰਾ ਦਿਓ ਮਾਇਆ ਦੇ ਖੁੱਲ ਕੇ ਦਰਸ਼ਣ।'

'ਇਹ ਕੀ ਗੱਲ ਬਣੀ?'

'ਵਿਚੋਂ ਕਾਹਨੂੰ ਟੋਕੀ ਜਾਨੀ ਐਂ।' ਠਾਕਰ ਨੇ ਸ਼ਰਾਰਤ ਵਿਚ ਬੋਦੀ ਖਿੱਚਤੀ ਲਾਲੇ ਦੀ, ਅਖੇ ਲਾਲਾ! ਲਾਲਾਂ ਵਾਲੇ ਪੀਰ ਦੇ ਚੱਲਿਆਂ ਕਿ ਪਹਾੜਾਂ ਆਲੀ ਮਾਤਾ ਦੇ? ਮਈਆ ਦੇ ਦਰਸ਼ਣ ਤਾਂ ਲੋਕ ਕਹਿੰਦੇ ਸੁਣੇ ਐਂ, ਤੂੰ ਪੁੱਠਾ ਈ ਕਹੀ ਜਾਨੈ ਮਾਇਆ ਦੇ ਦਰਸ਼ਣ।

ਨਾ ਤੇਰੇ ਮੂਹਰੇ ਕਿਸੇ ਬਾਬੇ, ਦੇਵੀ-ਦੇਵਤੇ ਦੀ ਤਸਵੀਰ ਐ? ਥਾਲ 'ਚ ਇਕ ਗੰਢਾ, ਇਕ ਆਲੂ ਤੇ ਇਕ ਬਤਾਊਂ ਰੱਖ ਕੇ ਧੂਫ ਜਗਾਈ ਬੈਠਾਂ। ਕਮਲਾ ਤਾਂ ਨ੍ਹੀਂ ਹੋ ਗਿਆ ਲਾਲਾ ਇਨ੍ਹਾਂ ਨੂੰ ਪੂਜਣ ਲੱਗ ਪਿਐਂ।

ਤੇ ਲਾਲਾ ਪਾਟ ਗਿਆ ਗੁੱਸੇ 'ਚ ਅਖੇ ਹਰਦੂ ਲਾਹਣਤ ਤੇਰੇ ਠਾਕਰਾ। ਉਹੀ ਅਨਪੜ੍ਹ ਪੇਂਡੂ-ਗੁਆਰਾਂ ਵਾਲੀ ਗੱਲ ਕਰਤੀ। ਮੈਂ ਸਾਰੀ ਉਮਰ ਫੋਟੋਆਂ ਨੂੰ ਬੜੇ ਧੂਫ ਦਿੱਤੇ, ਬੜੀਆਂ ਆਰਤੀਆਂ ਉਤਾਰੀਆਂ, ਆਹ ਦੋ ਦੇਵਤਿਆਂ ਜਾਣੀ ਕਿ ਆਲੂ ਤੇ ਗੰਢਿਆਂ ਨਾਲ ਗੁਦਾਮ ਭਰੇ ਪਏ ਸੀ, ਐਸੀ ਇਨ੍ਹਾਂ ਦੀ ਕ੍ਰਿਪਾ ਹੋਈ ਕਿ ਇਕ ਤੋਂ ਪੈਂਤੀ ਚਾਲੀ ਬਣਗੇ। ਉਦਣ ਦੀਆਂ ਚੱਕਤੀਆਂ ਆਪਾਂ ਫੋਟੋਆਂ ਹੁਣ ਇਨ੍ਹਾਂ ਦੀ ਪੂਜਾ ਕਰੀਦੀ ਆ, ਪਈ ਭਗਤੋ ਹੋਰ ਉਪਰ ਚੜ੍ਹ ਜੋ ਤੇ ਤਾਂ ਕਿਤੇ ਜਾ ਕੇ ਠਾਕਰ ਸਮਝਿਆ ਪਈ ਮਈਆ ਦੇ ਨ੍ਹੀਂ ਲਾਲਾ ਮਾਇਆ ਦੇ ਦਰਸ਼ਣਾਂ ਦੀ ਦੁਹਾਈ ਦੇ ਰਿਹਾ ਸੀ।

'ਅੱਛਾ! ਰਿੰਕੂ ਦੇ ਭਾਈਆ, ਇਕ ਹੋਰ ਸੁਣ! ਕੱਲ ਮੈਂ ਟੈਲੀਵੀਜ਼ਨ 'ਤੇ ਦੇਖਿਆ ਪਈ ਆਹ ਦਿੱਲੀ ਜਿਸ ਹਾਲ 'ਚ ਮੰਤਰੀ ਸੰਤਰੀ ਬਾਹਲੇ ਛਿੱਤਰ ਪਤਾਣ ਹੁੰਦੇ ਨੇ?

'ਸੰਸਦ ਭਵਨ 'ਚ।'

'ਚੱਲ ਕੁਛ ਹੋਣੈ। ਇਕ ਬੀਬੀ ਇਕ ਹੱਥ 'ਚ ਆਲੂ ਤੇ ਦੂਜੇ 'ਚ ਬਤਾਊਂ ਫੜ ਕੇ ਆਪਣੇ ਮੋਹਣ ਸਿਹੁੰ ਨੂੰ ਆਖੇ 'ਹਾਏ ਮਹਿੰਗਾਈ! ਹਾਏ ਮਹਿੰਗਾਈ!'

'ਕਿਹੜੀ ਸੀ ਬੀਬੀ ਉਹੋ?'

'ਨਾਂ ਦਾ ਤਾਂ ਪਤਾ ਨ੍ਹੀਂ, ਊਂ ਜਾਣਦੀ ਆਂ ਜਿਹੜੀ ਆਂਹਦੀ ਸੀ ਜੇ ਸੋਨੀਆ ਪ੍ਰਧਾਨ ਮੰਤਰੀ ਬਣੀ ਤਾਂ ਮੈਂ ਸਿਰ ਮਨਾ ਲੈਣਾ।'

'ਅੱਛਾ! ਕਮਲ ਦੇ ਫੁੱਲ ਆਲੀ ਸੁਸ਼ਮਾ।'

'ਇਹਨੂੰ ਕੋਈ ਪੁੱਛੇ ਪਈ ਬੀਬੀ ਸ਼ਾਹੀ ਖਾਣਾ ਖਾਣ ਵਾਲੇ ਕਦੋਂ ਗਰੀਬਾਂ ਦੀ ਖੁਰਾਕ ਖਾਂਦੇ ਐ? ਕਿੱਦਾਂ ਸਾਨੂੰ ਬੁੱਧੂ ਬਣਾ ਕੇ ਜਾਗਦਿਆਂ ਨੂੰ ਪੈਂਦੀਏ ਪਾਈ ਜਾਂਦੇ ਐ।'

'ਤੈਂ ਫੇ ਭਜਨੋ ਟੈਲੀਵਿਜ਼ਨ 'ਤੇ ਜਸਪਾਲ ਭੱਟੀ ਵਾਲਾ ਡਰਾਮਾ ਨ੍ਹੀਂ ਦੇਖਿਆ?'

'ਕੀ?'

'ਉਹਨੇ ਤਾਂ ਸਿਰੇ ਲਾਈ ਪਈ ਸੀ। ਚੰਡੀਗੜ੍ਹ 'ਚ ਸਬਜ਼ੀਆਂ ਤੇ ਫਲਾਂ ਫਰੂਟਾਂ ਦੀਆਂ ਫੇਰੀਆਂ ਦੁਆਲੇ ਰੱਸੀ ਬੰਨ'ਤੀ। ਅਖੇ ਸੁੱਟੋ ਰਿੰਗ ਜੀਹਦਾ ਟਿਕਾਣੇ 'ਤੇ ਲੱਗ ਗਿਆ...ਲੈ ਜੋ ਜਿੱਤ ਕੇ ਹਰੇ ਮਟਰ, ਗੋਭੀ ਤੇ ਕੱਦੂ।'

'ਫੇਰ?'

'ਵਾਹੋਦਾਹੀ ਲੱਗੇ ਰਹੇ ਲੋਕ, ਲੁੱਟ ਲੈ, ਆਹ ਦਿਨ ਮੁੜ ਕੇ ਆਉਣੈ ।'

'ਚੱਲ ਤੂੰ ਆਏਂ ਦੱਸ ਅੱਜ ਧਰਨਾ ਕੀ ਐ?'

'ਮਸਰਾਂ ਦੀ ਦਾਲ ਹੀ ਧਰ ਲੈ।'

'ਸੱਠ ਰੁਪਏ ਕਿਲੋ ਐ, ਪਾਈਆ ਈ ਬਣਾਈ ਤਾਂ ਪੰਦਰਾਂ ਦੀ ਐ, ਪੰਜਾਂ ਦਾ ਇਕ ਪਿਆਜ, ਤਿੰਨਾਂ ਦਾ ਇਕ ਟਮਾਟਰ ਤੇ ਚਹੁੰ ਦੀਆਂ ਦੋ ਦਰਜਨ ਮਿਰਚਾਂ, ਛੇਆਂ ਦਾ ਸਿਲੰਡਰ ਫੂਕੂੰ...। ਇਹੋ ਕੱਤੀਆਂ ਦਾ ਚੜਾਵਾ ਚੜ੍ਹਾ ਕੇ ਘਰ ਫੂਕਣੈ?'

'ਚੱਲ ਇਹਦੀ ਯੁਗਤ ਮੇਰੇ ਕੋਲ ਹੈਗੀ ਐ।'

'ਛੇਤੀ ਦੱਸ ਉਤੋਂ ਨੇਰ੍ਹ ਪਈ ਜਾਂਦੈ।'

'ਦਾਲ ਭਿਉਂ ਦੇ ਘੰਟਾ ਕੁ। ਅਸਰ ਨਿਕਲ ਜੂ, ਦਾਲ ਫੇਰ ਕੱਢ ਕੇ ਰੱਖ ਲਈਂ ਪਾਣੀ ਨੂੰ ਲਾ ਲੈ ਤੜਕਾ।'

'ਗੱਲ ਤਾਂ ਤੇਰੀ ਰਿੰਕੂ ਦੇ ਭਾਈਆ, ਠੀਕ ਐ, ਆਏਂ ਬਚੂ ਘਰ।

'ਭਜਨੋ, ਕੱਲ ਬੱਸ ਅੱਡੇ 'ਚ ਬੈਠਾ ਆਪਣੇ ਪਿੰਡ ਆਲਾ ਸੰਤੂ ਅਖ਼ਬਾਰ ਪੜ੍ਹੇ ਤੇ ਵਿਚਾਰੇ ਬਜੁਰਗਾਂ ਨਾਲ ਹਾਸਾ ਠੱਠਾ ਕਰੇ।'

'ਕੀ?'

'ਆਂਹਦਾ ਜੇ ਮੰਗਾਈ ਆਏਂ ਰਹੀ ਤਾਂ ਲੋਕਾਂ ਨੇ ਬਰਾਤ ਨੂੰ ਰੋਟੀ ਗੰਢੇ-ਅਚਾਰ ਨਾਲ ਖੁਆਇਆ ਕਰਨੀ ਐ। ਕੋਲ ਬੈਠਾ ਤੇਜੂ ਅਮਲੀ ਬੋਲਿਆ, ਜਾਹ ਮਾਸਟਰਾ ਪੜ੍ਹ ਲਿਖ ਕੇ ਵੀ ਜੱਬਲੀਆਂ ਮਾਰਦੈਂ। ਮਾਸਟਰ ਖਿਝ ਗਿਆ ਕਹਿੰਦਾ ਕੀ ਗੱਲ? ਆਪਣੇ ਪਿੰਡ ਆਲ੍ਹਾ ਕੰਜੂਸ ਨਿੰਮਾ ਦੋਹਾਂ ਪੁੱਤਾਂ ਨੂੰ ਲੈ ਕੇ ਛੱਲੀਆਂ ਗੁੱਡਣ ਚਲੇ ਗਿਆ। ਮਗਰੇ ਨਿੰਮੇ ਦੀ ਵਹੁਟੀ ਧੰਤੀ ਸ਼ਾਹ ਵੇਲਾ ਲੈ ਕੇ ਚਲੀ ਗਈ। ਵੱਡੇ ਪੁੱਤ ਸ਼ਿੰਦੇ ਦੇ ਹੱਥ 'ਤੇ ਰੋਟੀਆਂ ਰੱਖ ਕੇ ਕਹਿਣ ਲੱਗੀ, ਪੁੱਤ ਨਾਲ ਤੂੰ ਆਚਾਰ ਲੈਣਾ ਕਿ ਗੰਢਾ?' ਸ਼ਿੰਦਾ ਕਹਿੰਦਾ ਦੋਵੇਂ ਦੇ ਦੇ। ਨਿੰਮੇ ਨੂੰ ਆ ਗਿਆ ਗੁੱਸਾ, ਉਠਿਆ ਤੇ ਵੱਟ ਕੇ ਮਾਰੀ ਚਪੇੜ ਸ਼ਿੰਦੇ ਦੇ ਮੂੰਹ ਤੇ ਅਖੇ 'ਸਾਲਿਆ ਘਰ ਪੱਟਣਾ ਦੋ ਦੋ ਸਬਜੀਆਂ ਖਾ ਕੇ।'

'ਪਰ ਸਿਰ ਦਿਆ ਸਾਈਆਂ ਇਸ ਮੰਗ੍ਹਾਈ ਨੂੰ ਔਸਰ ਝੋਟੀ ਵਾਂਗ ਨੱਥ ਕੌਣ ਪਾਊ?'

'ਕਿਸੇ ਤੋਂ ਨ੍ਹੀਂ ਪੈਣੀ। ਸੰਤੂ ਅੱਗੇ ਦੱਸੇ, ਪਈ ਅੱਗੇ ਤਾਂ ਖੇਡ ਮੇਲਿਆਂ 'ਤੇ ਖਿਡਾਰੀਆਂ ਨੂੰ ਘੇ ਦੇ ਪੀਪੇ, ਨਕਦ ਇਨਾਮ ਦੇਂਦੇ ਸੀ ਹੁਣ ਚੰਗੇ ਖਿਡਾਰੀਆਂ ਨੂੰ ਖੁਸ਼ ਹੋ ਕੇ ਦਿਆ ਕਰਨਗੇ, ਬਈ ਗੋਭੀ ਦਾ ਫੁੱਲ, ਇਨਾਮ 'ਚ, ਕਿਲੋ ਛੋਲਿਆਂ ਦਾ ਪੈਕਟ, ਬਈ ਲੱਖੇ ਨੇ ਕਿਆ ਪਾਈ ਕੌਡੀ ਟਮਾਟਰਾਂ ਦਾ ਝੋਲਾ ਮੁਫਤ ਤੇ ਕੁੜੀ ਵਾਲਿਆਂ ਨੇ ਰਿਸ਼ਤਾ ਕਰਨ ਵੇਲੇ ਕਿਹਾ ਕਰਨੈ' ਕਦੂਆਂ ਦੀ ਸਬਜੀ ਨਾਲ ਪੁਦੀਨੇ ਦੀ ਚਟਣੀ ਪਾਵਾਂਗੇ।'

'ਤੇ ਜੇ ਕਿਸੇ ਨੇ ਮੁਰਗਾ ਛਕਾਇਆ?'

'ਫੇਰ ਕਿਹਾ ਕਰਨਗੇ ਬਈ ਆਹ ਹੋਇਆ ਵਿਆਹ! ਸੁਖਬੀਰ ਦੇ ਸਾਲੇ ਮਜੀਠੀਏ ਵਰਗਾ।'

'ਭਜਨੋ, ਚੰਗੀਆਂ ਸੁਆਣੀਆਂ ਨੇ ਘਰੋਂ ਨਿਕਲਦੇ ਪਤੀ ਨੂੰ ਕਿਹਾ ਕਰਨੈਂ ਜੀ ਲਿਪਸਟਿਕ ਰਹਿਣ ਹੀ ਦਿਓ, ਕਰੀਮ ਪਾਊਡਰ ਨਾ ਲਿਆਇਓ, ਬੱਸ ਛਟਾਂਕ ਹਰੇ ਮਟਰ ਤੇ ਦੋ ਬੱਡਾਂ ਲੈ ਆਇਓ ਨਿਆਣੇ ਚਾਰ ਦਿਨ ਖਾ ਲਿਆ ਕਰਨਗੇ।'

'ਤੇ ਹੁਣ ਆਪਾਂ ਕੀ ਕਰੀਏ?'

'ਚੁੱਕ ਕੂੰਡਾ ਘੋਟਣਾ ਤੇ ਰਗੜ ਲੈ ਮਿਰਚਾਂ ਦੀ ਚਟਣੀ ਨਾਲੇ ਲਾਈ ਚੱਲ ਨਾਅਰੇ' ਮਨਮੋਹਨ ਸਿੰਘ ਜ਼ਿੰਦਾਬਾਦ, ਬੀਬੀ ਸੋਨੀਆ ਗਾਂਧੀ ਜ਼ਿੰਦਾਬਾਦ ਬਈ ਜ਼ਿੰਦਾਬਾਦ।'

## ਗੱਲ ਬਣੀ ਕਿ ਨਹੀਂ

ਐਸ. ਅਸ਼ੋਕ ਭੌਰਾ

### ਸੰਘ ਪਰਿਵਾਰ

ਹੁਕਮਰਾਨ ਬਣਨ ਦੇ ਗਏ ਸੁਪਨੇ, ਕੈਸਾ ਸਮੇਂ ਨੇ ਬਦਲਿਆ ਰੰਗ ਵੇਖੋ।
ਧੌਣ ਗੋਡਿਆਂ 'ਚੋਂ ਬਾਹਰ ਕੱਢਦਾ ਨ੍ਹੀਂ, ਮਾਰ ਰਹੀ ਅਡਵਾਨੀ ਨੂੰ ਸੰਗ ਵੇਖੋ।
ਡੋਰਾਂ ਬਦਲ ਗਈਆਂ ਬਦਲਦੇ ਮੌਸਮਾਂ 'ਚ, ਕੱਟੀ ਗਈ 'ਸਮਾਨੀਂ ਪਤੰਗ ਵੇਖੋ।
ਕੱਟੜਵਾਦ ਦੇ ਘੁੰਗਰੂ ਬੜੇ ਬੰਨ੍ਹੇ, ਆਇਆ ਫੇਰ ਨ੍ਹੀਂ ਨੱਚਣ ਦਾ ਢੰਗ ਵੇਖੋ।
ਤਾਜ ਬੀਬੀਆਂ ਦੇ ਸਿਰ 'ਤੇ ਰੱਖ ਦਿੱਤੇ, ਖੇਡੀ ਕੇਹੀ ਇਹ ਚਾਲ ਬਦਰੰਗ ਵੇਖੋ।
ਫੌਜਾਂ ਬਾਝ ਕਮਾਂਡਰ ਦੇ ਹਾਰ ਗਈਆਂ, ਵਾਜਪਾਈ ਵੀ ਰਹਿ ਗਿਆ ਦੰਗ ਵੇਖੋ।
ਜਿਨ੍ਹਾਂ ਮੰਦਰਾਂ ਨੇ ਦਿੱਤਾ ਨ੍ਹੀਂ ਸੌਣ ਭੋਰਾ, ਹਾਲੇ ਬਣਨਗੇ ਕਹਿਣ ਨਿਸ਼ੰਗ ਵੇਖੋ।
ਗੁੱਟ ਟੁੱਟ ਗਏ ਸਣੇ ਕਲੀਰਿਆਂ ਦੇ, ਹਟਦੇ ਨ੍ਹੀਂ ਛਣਕਾਉਣ ਤੋਂ ਵੰਗ ਵੇਖੋ।
ਜੜ੍ਹੀਂ ਬੈਠਾ ਪਰਿਵਾਰ ਉਹੀ ਭਾਜਪਾ ਦੇ, ਜੀਹਨੂੰ ਮਾਣ ਨਾਲ ਕਹਿੰਦੇ ਨੇ ਸੰਘ ਵੇਖੋ।

### ਹਾਏ ਮਹਿੰਗਾਈ

ਅੱਗ ਲੱਗ ਗਈ ਆਲੂਆਂ ਗੰਢਿਆਂ ਨੂੰ, ਮੜੀ ਮਹਿੰਗਾਈ ਨੇ ਸੂਤ ਲਈ ਜਾਨ ਮੀਆਂ।
ਖੰਡ ਚਾਲੀਆਂ ਨੂੰ, ਦਾਲਾਂ ਅੱਸੀਆਂ ਨੂੰ, ਮੇਰੇ ਦੇਸ਼ ਦਾ ਰਾਖਾ ਭਗਵਾਨ ਮੀਆਂ।
ਚੁੱਲ੍ਹੇ ਆਖਦੇ ਸਾਨੂੰ ਨਾ ਹੱਥ ਲਾਇਓ, ਲੱਗੀ ਤਾਲੂਏ ਨਾਲ ਜ਼ੁਬਾਨ ਮੀਆਂ।
ਆਟਾ ਰੁਪਈਏ ਨੂੰ ਮਿਲਣ ਛਟਾਂਕ ਲੱਗਾ, ਕਿੱਥੇ ਪੱਕਣੇ ਪੜੇ ਪਕਵਾਨ ਮੀਆਂ।
ਤਾਅਨੇ ਕੁਦਰਤ ਨੂੰ ਹਾਲੇ ਵੀ ਦਈ ਜਾਵਣ, ਅਖੇ ਸੋਕੇ ਨੇ ਕੀਤਾ ਵਿਰਾਨ ਮੀਆਂ।
ਪ੍ਰੀਤੀ ਭੋਜ ਓਬਾਮੇ ਨਾਲ ਖਾਵੇ ਰਾਜਾ, ਬਣਿਆ ਵੇਖ ਲੋ ਭਾਰਤ ਮਹਾਨ ਮੀਆਂ।
ਕਾਲੇ ਬਾਜ਼ਾਰ ਨੇ ਭਰ ਲਈਆਂ ਗੋਲਕਾਂ ਨੇ, ਜੇਬ ਮਾੜੇ ਦੀ 'ਚ ਖੜਕੇ ਭਾਨ ਮੀਆਂ।
ਲਲ੍ਹੇ ਰੋਟੀ ਦੇ ਪਏ ਗਰੀਬੜਾਂ ਨੂੰ, ਮਿਲੂ ਕੱਪੜਾ ਤੇ ਕਿਥੋਂ ਮਕਾਨ ਮੀਆਂ?

### ਸਰਕਾਰੀ ਵਿਆਹ

ਇਹ ਸਾਰਿਆਂ ਨੂੰ ਗ੍ਰਹਿਸਤ ਦੀ ਗੱਡੀ ਉੱਤੇ ਹੁੰਦਾ ਬੜਾ ਹੈ ਚੜ੍ਹਨ ਦਾ ਚਾਅ ਮੀਆਂ
ਕਿਧਰੇ ਲਾਵਾਂ ਤੇ ਕਿਧਰੇ ਹੋਣ ਫੇਰੇ, ਪੜ੍ਹੇ ਜਾਂਦੇ ਨੇ ਨਿਤ ਨਿਕਾਹ ਮੀਆਂ।
ਕਿਤੇ ਦਿੱਲੀ 'ਚ ਹੋਟਲ ਨੇ ਬੁੱਕ ਹੋਏ, ਕਿਤੇ ਮੁਰਬਿਆਂ 'ਚ ਪੈ ਗਏ ਗਾਹ ਮੀਆਂ।
ਸਾਲਾ ਜੀਜੇ ਦੇ ਸਿਰ 'ਤੇ ਪਾਵੇ ਲੁੱਡੀਆਂ, ਧਾੜਾਂ ਪੁਲਿਸ ਦੀਆਂ ਨਾ ਕਰਨ ਵਸਾਹ ਮੀਆਂ।
ਕ੍ਰਿਪਾ ਹਾਕਮਾਂ ਦੀ ਵਿਆਹ ਹਾਕਮਾਂ ਦੇ ਕਿੱਦਾਂ ਨਵੇਂ ਹੀ ਪਾ'ਤੇ ਨੇ ਰਾਹ ਮੀਆਂ।
ਖਾਲੀ ਹੋਣ ਖਜਾਨੇ ਨਾ ਫੇਰ ਕਿੱਦਾਂ, ਜਾਵੇ ਖੇਤ ਨੂੰ ਵਾੜ ਜਦ ਖਾ ਮੀਆਂ।
ਤੇ ਘੋੜੀ ਚੜ੍ਹਦੀ ਤਾਂ ਵੇਖੀ ਬੜੀ ਦੁਨੀਆਂ, ਸਰਕਾਰੀ ਹੁੰਦੇ ਨ੍ਹੀਂ ਵੇਖੇ ਵਿਆਹ ਮੀਆਂ।

## ਨਾਲੀ ਦੇ ਮੰਡ ਵਿਚ ਵੱਸਿਆ ਪਿੰਡ ਕੁੱਤੇਵੱਢ

# ਮੁੜ ਮੁੜ ਯਾਦ ਸਤਾਵੇ ਪਿੰਡ ਦੀਆਂ ਗਲੀਆਂ ਦੀ...

ਆਪਣੇ ਪਿੰਡ ਦੀਆਂ ਯਾਦਾਂ ਪਾਠਕਾਂ ਨਾਲ ਸਾਂਝੀਆਂ ਕਰਨ ਲਈ ਮੇਰੇ ਲਿਖੇ ਪਿਛਲੇ ਹਫਤੇ ਦੇ ਲੇਖ 'ਤ੍ਰਿੰਜਣਾਂ ਦਿਆ ਬੂਟਿਆ ਤੇਰੇ ਤ੍ਰਿੰਜਣ ਕਿਧਰ ਗਏ' ਪੜ੍ਹ ਕੇ ਮੈਨੂੰ ਸੈਨ ਹੋਜ਼ੇ ਰਹਿੰਦੀ ਬੀਬੀ ਸੁਰਜੀਤ ਕੌਰ ਸੇਠੀ ਦਾ ਫੋਨ ਆਇਆ। ਫੋਨ ਉਤੇ ਉਸ ਦੀ ਆਵਾਜ਼ ਤੋਂ ਜਾਪਦਾ ਸੀ ਜਿਵੇਂ ਉਹ ਹੁਣੇ ਹੁਣੇ ਭੁਸਕੜੀਏਂ ਰੋ ਕੇ ਹਟੀ ਹੋਵੇ। ਬੀਬੀ ਸੁਰਜੀਤ ਕੌਰ ਜੋ ਖੁਦ ਕਵਿਤਾ ਲਿਖਦੀ ਹੈ ਅਤੇ ਰੇਡੀਓ ਅਨਾਊਂਸਰ ਰਹੀ ਹੈ, ਮੇਰਾ ਇਹ

**ਅਮੋਲਕ ਸਿੰਘ ਜੰਮੂ**

ਲੇਖ ਪੜ੍ਹ ਕੇ ਉਹ ਬਹੁਤ ਪ੍ਰਭਾਵਿਤ ਹੋਈ ਸੀ। ਉਸ ਨੂੰ ਆਪਣੇ ਬਚਪਨ ਅਤੇ ਆਪਣੇ ਪਿੰਡ ਦੀਆਂ ਕਿੰਨੀਆਂ ਹੀ ਗੱਲਾਂ ਚੇਤੇ ਆਈਆਂ ਸਨ, ਆਪਣੀ ਦਾਦੀ, ਤਾਈ-ਚਾਚੀ ਤੇ ਪਿੰਡ ਦੀਆਂ ਕਿੰਨੀਆਂ ਹੀ ਵਡੇਰੀਆਂ ਜਿਨ੍ਹਾਂ ਦੀ ਗੋਦ ਵਿਚ ਖੇਡਦਿਆਂ ਉਹ ਪਲੀ ਸੀ। ਗੱਲ ਕਰਦਿਆਂ ਇਕ ਵਾਰ ਉਸ ਨੇ ਹਟਕੋਰਾ ਜਿਹਾ ਵੀ ਭਰਿਆ। ਜਿਵੇਂ ਕਿ ਮੈਂ ਪਹਿਲਾਂ ਹੀ ਇਹ ਗੱਲ ਲਿਖ ਚੁੱਕਾ ਹਾਂ ਆਪਣੇ ਬੀਤੇ ਦੀਆਂ ਯਾਦਾਂ ਤਾਜ਼ਾ ਕਰਕੇ ਅਸੀਂ ਹਮੇਸ਼ਾ ਬੜੀ ਤਸੱਲੀ ਮਹਿਸੂਸ ਕਰਦੇ ਹਾਂ। ਬੀਬੀ ਸੁਰਜੀਤ ਕੌਰ ਸੇਠੀ ਵੀ ਉਨ੍ਹਾਂ ਯਾਦਾਂ ਕਰਕੇ ਹੀ ਭਾਵੁਕ ਹੋ ਗਈ ਸੀ। ਉਸ ਨੇ ਚੇਤੇ ਕਰਾਇਆ ਕਿ ਕਿਵੇਂ ਪਿੰਡਾਂ ਦੇ ਬਹੁਤੇ ਘਰ ਕੱਚੇ ਹੋਇਆ ਕਰਦੇ ਸਨ। ਸਵਾਣੀਆਂ ਚੁੱਲ੍ਹਾ-ਚੌਕਾ ਚਿੱਟੀ ਮਿੱਟੀ ਦੇ ਪਰੋਲੇ ਨਾਲ ਸੰਵਾਰਦੀਆਂ, ਭਾਂਤ ਸੁਭਾਂਤੇ ਵੇਲ-ਬੂਟੇ ਪਾਉਂਦੀਆਂ। ਫਿਰ ਉਨ੍ਹਾਂ ਚਾਰ ਦਹਾਕੇ ਪਹਿਲਾਂ ਤੱਕ ਦੇ ਵਿਆਹ ਚੇਤੇ ਕੀਤੇ ਜਦੋਂ ਦੂਰ ਦੁਰੇਡੇ ਦੇ ਰਿਸ਼ਤੇਦਾਰ ਵੀ ਇਕੱਠੇ ਹੁੰਦੇ। ਵਿਆਹ ਸੱਤ ਸੱਤ ਦਿਨ ਚੱਲਦਾ। ਕੁੜੀ ਦੀ ਡੋਲੀ ਤੁਰਨ ਮੌਕੇ ਲਾਊਡ ਸਪੀਕਰ 'ਤੇ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ ਦੇ ਗਾਏ ਗੀਤ "ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ" ਜਾਂ "ਮੈਨੂੰ ਰੱਖ ਲੈ ਅੱਜ ਦੀ ਰਾਤ ਵੇ ਬਾਬਲ" ਵੱਜਦੇ ਤਾਂ ਅੱਖਾਂ ਨੀਰੋ ਨੀਰ ਹੋ ਜਾਂਦੀਆਂ। ਕੁੜੀ ਦੀ ਡੋਲੀ ਘਰੋਂ ਤੁਰਦੀ, ਹੁਣ ਵਾਂਗ ਨਹੀਂ ਕਿ ਡੀ.ਜੇ. ਦੇ ਭਾਂਡਾਭੰਨ ਸੰਗੀਤ ਵਿਚ ਡੋਲੀ ਬਾਹਰੋਂ-ਬਾਹਰ ਮੈਰਿਜ ਪੈਲੇਸ ਤੋਂ ਹੀ ਤੋਰ ਦਿੱਤੀ ਜਾਵੇ। ਬੀਬੀ ਨੇ ਪੁਰਾਣੇ ਵੇਲੇ ਦੀਆਂ ਹੋਰ ਵੀ ਕਈ ਯਾਦਾਂ ਸਾਂਝੀਆਂ ਕੀਤੀਆਂ ਜਿਨ੍ਹਾਂ ਵਿਚੋਂ ਮੇਰੇ ਲਈ ਵੀ ਕੁਝ ਗੱਲਾਂ ਨਵੀਆਂ ਸਨ।

ਫਰਿਜ਼ਨੋ ਵੱਸਦੇ ਪੰਜਾਬ ਟਾਈਮਜ਼ ਦੇ ਇਕ ਸੁਹਿਰਦ ਪਾਠਕ ਭੁਪਿੰਦਰ ਸਿੰਘ ਪੰਧੇਰ ਦਾ ਫੋਨ ਆਇਆ। ਉਸ ਦਾ ਹੇਰਵਾ ਵੀ ਆਪਣੇ ਪਿੰਡ ਦੀਆਂ ਗੱਲਾਂ ਚੇਤੇ ਕਰਕੇ ਜਾਗ ਪਿਆ ਸੀ। ਭੁਪਿੰਦਰ ਮਾਲਵੇ ਦੇ ਲੁਧਿਆਣਾ ਜ਼ਿਲੇ ਦੇ ਕਿਸੇ ਪਿੰਡ ਦਾ ਜੰਮਪਲ ਹੈ। ਮਾਲਵੇ ਦੇ ਪਿੰਡਾਂ ਦੀਆਂ ਕਈ ਅਜਿਹੀਆਂ ਚੀਜ਼ਾਂ ਉਸ ਨੂੰ ਵੀ ਸਤਾ ਰਹੀਆਂ ਸਨ ਜਿਹੜੀਆਂ ਅਜੋਕੇ ਅਖੌਤੀ ਸਭਿਆਚਾਰ ਨੇ ਖਾ ਲਈਆਂ ਹਨ। ਇਹ ਲੇਖ ਪੜ੍ਹਨ ਪਿਛੋਂ ਪੰਧੇਰ ਨੇ ਆਪਣੇ ਤੋਂ ਉਮਰ ਵਿਚ ਵੀਹ ਸਾਲ ਵਡੀ ਆਪਣੀ ਭੈਣ ਨਾਲ ਗੱਲ ਕੀਤੀ ਅਤੇ ਉਸਤੋਂ ਬਚਪਨ ਦੀਆਂ ਕਈ ਰਸਮਾਂ ਦੇ ਵੇਰਵੇ ਪੁਛੇ। ਭੈਣ ਨੂੰ ਵੀ ਉਨ੍ਹਾਂ ਵੇਲਿਆਂ ਦੀਆਂ ਯਾਦਾਂ ਅਕਸਰ ਟੁੰਬਦੀਆਂ ਰਹਿੰਦੀਆਂ ਹਨ। ਭੁਪਿੰਦਰ ਪੰਧੇਰ ਦੀ ਜਿਹੜੀ ਗੱਲ ਮੈਂ ਆਪਣੇ ਪਾਠਕਾਂ ਨਾਲ ਸਾਂਝੀ ਕਰਨੀ ਚਾਹੁੰਦਾ ਹਾਂ ਉਹ ਹੈ ਉਸ ਦੀ ਬੇਟੀ ਦੀ ਇਹ ਚਾਹਤ ਕਿ ਉਸ ਦਾ ਵਿਆਹ ਅਮਰੀਕਾ ਵਿਚ ਨਹੀਂ ਸਗੋਂ ਉਸ ਦੇ ਆਪਣੇ ਪਿੰਡ ਜਾ ਕੇ ਹੋਵੇ ਜਿਥੇ ਸਾਰਾ ਭਾਈਚਾਰਾ ਇਕੱਠਾ ਹੋਵੇ ਅਤੇ ਉਸ ਦੀ ਡੋਲੀ ਆਪਣੇ ਬਾਪ ਦੇ ਦਰੋਂ ਉਠੇ। ਪਤਾ ਨਹੀਂ ਭੁਪਿੰਦਰ ਦੀ ਬੇਟੀ ਦੀ ਇਹ ਇਛਾ ਪੂਰੀ ਹੁੰਦੀ ਹੈ ਜਾਂ ਨਹੀਂ ਪਰ ਇਸ ਪਿਛੇ ਇਕ ਪਵਿੱਤਰ ਭਾਵਨਾ ਜ਼ਰੂਰ ਛੁਪੀ ਹੋਈ ਹੈ।

ਮੈਂ ਗੱਲ ਫਿਰ ਆਪਣੇ ਪਿੰਡ 'ਤੇ ਹੀ ਕੇਂਦ੍ਰਿਤ ਕਰਦਾ ਹਾਂ। ਹੁਣ ਇਸ ਪਿੰਡ ਦੀ ਜੂਹ ਵਿਚੋਂ ਉਹੋ ਜਿਹਾ ਨਿਰਛੱਲ ਭਾਈਚਾਰਾ ਨਹੀਂ ਝਲਕਦਾ ਜੋ ਕਿ ਤਥਾਕਥਿਤ ਹਰੇ ਇਨਕਲਾਬ ਦੇ ਆਉਣ ਤੋਂ




ਪਹਿਲਾਂ ਝਲਕਦਾ ਸੀ। ਪਿੰਡ ਵਿਚ ਬਾਬੇ ਵਸਤੀ ਰਾਮ ਦਾ ਉਹ ਹਲਟ ਵੀ ਨਹੀਂ ਰਿਹਾ ਜਿਥੋਂ ਅੱਧਾ ਪਿੰਡ ਕਦੀ ਪਾਣੀ ਭਰਦਾ ਸੀ। ਮਹਿਰਿਆਂ ਵਲੋਂ ਪਾਣੀ ਭਰਨ ਦਾ ਰਿਵਾਜ਼ ਚਿਰੋਕਣਾ ਖਤਮ ਹੋ ਚੁਕਾ ਹੈ ਕਿਉਂਕਿ ਘਰ-ਘਰ ਨਲਕੇ ਤੇ ਟੂਟੀਆਂ ਲਗ ਗਈਆਂ ਹਨ। ਉਹ ਖੂਹੀ ਨਹੀਂ ਰਹੀ ਜਿਥੋਂ ਪਾਣੀ ਭਰ ਕੇ ਲਿਆਉਂਦੀ ਆਪਣੀ ਦਾਦੀ ਨੂੰ ਮੈਂ ਤਕਿਆ ਸੀ। ਮੈਨੂੰ ਹਲਕੀ ਜਿਹੀ ਅਜੇ ਵੀ ਯਾਦ ਹੈ ਕਿ ਇਸ ਖੂਹੀ ਤੋਂ ਪਾਣੀ ਭਰ ਕੇ ਜਦੋਂ ਮੇਰੀ ਦਾਦੀ ਨੇ ਇਕ ਗਾਗਰ ਸਿਰ ਤੇ ਰਖੀ ਹੋਈ ਸੀ ਅਤੇ ਹੱਥ ਵਿਚ ਬਾਲਟੀ ਫੜੀ ਸੀ ਤਾਂ ਮੈਂ ਜਿਦ ਕਰਨ ਲੱਗਾ ਕਿ ਮਾਂ ਮੈਨੂੰ ਵੀ ਚੁਕ। ਜਦੋਂ ਦਾਦੀ ਨੇ ਆਪਣੇ ਸਿਰ ਅਤੇ ਹੱਥ ਦੀ ਬਾਲਟੀ ਵਲ ਇਸ਼ਾਰਾ ਕਰ ਕੇ ਮੈਨੂੰ ਨਾਲ ਤੁਰਨ ਨੂੰ ਕਿਹਾ ਤਾਂ ਮੇਰਾ ਜਵਾਬ ਸੀ, "ਮਾਂ ਜੇ ਤੇਰੇ ਚਾਰ ਹੱਥ ਹੁੰਦੇ ਤਾਂ ਤੂੰ ਮੈਨੂੰ ਗੋਦੀ ਚੁਕ ਲੈਣਾ ਸੀ।" ਸ਼ਾਇਦ ਮੇਰੇ ਮਨ ਵਿਚ ਕਿਸੇ ਦੇਵੀ ਦੀ ਦੇਖੀ ਤਸਵੀਰ ਹੋਵੇਗੀ। ਉਦੋਂ ਮੈਂ ਪੰਜ ਕੁ ਸਾਲ ਦਾ ਸਾਂ। ਬਾਅਦ ਵਿਚ ਜਦੋਂ ਮੈਂ ਐਮ ਏ ਕਰ ਕੇ ਟ੍ਰਿਬਿਊਨ ਵਿਚ ਨੌਕਰੀ ਵੀ ਲਗ ਗਿਆ ਤਾਂ ਦਾਦੀ ਨੇ ਮੈਨੂੰ ਇਹ ਗੱਲ ਚੇਤੇ ਕਰਾਉਂਦਿਆਂ ਕਿਹਾ, "ਮੋਲਕਾ ਤੂੰ ਵਿਆਹ ਕਦੋਂ ਕਰਾਉਣਾ?" ਦਾਦੀ ਦੇ ਮਨ ਵਿਚ ਸ਼ਾਇਦ ਇਕ ਹੋਰ ਪੋਤੇ ਦਾ ਵਿਆਹ ਵੇਖਣ ਦੀ ਰੀਝ ਸੀ। ਮੈਂ ਕਿਸੇ ਗੱਲੋਂ ਪਹਿਲਾਂ ਹੀ ਖਿਝਿਆ ਬੈਠਾ ਸਾਂ ਅਤੇ ਮੇਰੇ ਮੂਹੋਂ ਨਿਕਲ ਗਿਆ, "ਵਿਆਹ ਵੀ ਕਰਾ ਲੂੰ ਮਾਂ, ਕਿਤੇ ਭੱਜਾ ਨਹੀਂ ਜਾਂਦਾ।" ਦਾਦੀ ਕੁਝ ਹੀ ਮਹੀਨਿਆਂ ਬਾਅਦ ਮੇਰਾ ਵਿਆਹ ਦੇਖੇ ਬਿਨਾ ਹੀ ਇਸ ਜਹਾਨੋਂ ਕੂਚ ਕਰ ਗਈ। ਮੈਨੂੰ ਅਜ ਤਕ ਪਛਤਾਵਾ ਹੈ ਕਿ ਜੇ ਮੈਂ ਇਹ ਕਹਿ ਦਿੰਦਾ ਕਿ ਮਾਂ ਜਦੋਂ ਕਹੇਂ ਉਦੋਂ ਕਰਵਾ ਲਊਂ ਤਾਂ ਮੇਰਾ ਕੀ ਜਾਣਾ ਸੀ?

ਮੈਂ ਇਸ ਪਿੰਡ ਵਿਚ ਜਦੋਂ ਹੋਸ਼ ਸੰਭਾਲੀ ਪਿੰਡ ਵਿਚ ਇਕ ਗੁਰਦੁਆਰਾ ਹੁੰਦਾ ਸੀ ਜੋ ਇਕ ਪੁਰਾਣੀ ਮਸੀਤ ਵਿਚ ਹੀ ਬਣਾਇਆ ਗਿਆ ਸੀ। ਖੁਦਾ ਦਾ ਘਰ ਰੱਬ ਜਾਂ ਵਾਹਿਗੁਰੂ ਦਾ ਘਰ ਹੋ ਗਿਆ ਸੀ। ਪਿੰਡ ਵਿਚ ਕਾਫੀ ਹਿੰਦੂ ਘਰ ਸਨ ਪਰ ਪੰਡਤ ਦੇ ਹੋਣ ਦੇ ਬਾਵਜੂਦ ਪਿੰਡ ਵਿਚ ਮੰਦਰ ਕੋਈ ਨਹੀਂ ਸੀ। ਹਿੰਦੂ ਪਰਿਵਾਰ ਵਿਆਹ ਸ਼ਾਦੀ ਵੇਦੀ 'ਤੇ ਕਰਦੇ ਸਨ ਅਤੇ ਇਹ ਪੰਡਤ ਉਸ ਸਮੇਂ ਸਹਾਈ ਹੁੰਦਾ ਸੀ। ਜਦੋਂ ਕੋਈ ਦਿਨ ਦਿਹਾਰ ਹੋਣਾ ਤਾਂ ਕਰੀਬ ਕਰੀਬ ਸਾਰੇ ਹਿੰਦੂ ਪਰਿਵਾਰ ਵੀ ਗੁਰਦੁਆਰੇ ਮੱਥਾ ਟੇਕਣ ਆਉਂਦੇ। ਗੁਰਦੁਆਰੇ ਦੀ ਭਾਈਆਣੀ ਹਿੰਦੂ ਘਰਾਂ ਵਿਚੋਂ ਵੀ ਪ੍ਰਸ਼ਾਦੇ ਇਕੱਠੇ ਕਰਦੀ ਅਤੇ ਭਾਈ ਆਪਣੇ ਹਿੱਸੇ ਦੇ ਦਾਣੇ ਲੈ ਕੇ ਆਉਂਦਾ। ਹਿੰਦੂ ਖੱਤਰੀ ਪਰਿਵਾਰਾਂ ਵਿਚ ਸਾਲ ਵਿਚ ਇਕ ਵਾਰ ਅਖੰਡ ਪਾਠ ਰਖਵਾਉਣ ਦਾ ਰਿਵਾਜ ਵੀ ਸੀ। ਜਿਸ ਸਾਲ ਮੀਂਹ ਨਾ ਪੈਂਦਾ ਕੁੜੀਆਂ ਚਿੜੀਆਂ ਗੁੱਡੇ ਤਾਂ ਸਾੜਦੀਆਂ ਹੀ ਸਨ ਪਰ ਪਿੰਡ ਵਿਚ ਉਚੇਚਾ ਅਖੰਡ ਪਾਠ ਰਖਾਇਆ ਜਾਂਦਾ, ਲੰਗਰ ਲੱਗਦਾ। ਕਰੀਬ ਕਰੀਬ ਸਾਰਾ ਪਿੰਡ ਇਸ ਕਾਰਜ ਵਿਚ ਆਪਣਾ ਹੱਥ ਵਟਾਉਣ ਪਹੁੰਚਦਾ। ਪਿੰਡ 'ਚ ਆਉਂਦੇ ਸਹਿੰਸੀ, ਗੱਡੀਆਂ ਵਾਲਿਆਂ ਅਤੇ ਹੋਰ ਟੱਪਰੀਵਾਸਾਂ ਤੋਂ ਇਲਾਵਾ ਨਾਥਾਂ-ਜੋਗੀਆਂ ਦੇ ਡੇਰੇ ਤੋਂ ਲੋਕ ਲੰਗਰ ਛਕਣ ਲਈ ਆਉਂਦੇ। ਹੁਣ ਨਾ ਤਾਂ ਨਾਥਾਂ ਦਾ ਡੇਰਾ ਹੀ ਰਿਹਾ ਹੈ ਅਤੇ ਨਾ ਹੀ ਟੱਪਰੀਵਾਸਾਂ ਦੇ ਕਾਫਲੇ ਪਿੰਡ ਆਉਂਦੇ ਹਨ। ਸ਼ਾਇਦ ਹੁਣ ਕਿਸੇ ਪਿੰਡ ਵੀ ਨਹੀਂ ਆਉਂਦੇ।

ਡੇਰਾ ਸੱਚਾ ਸੌਦਾ ਦੇ ਮੁਖੀ ਸਤਿਨਾਮ ਸਿੰਘ ਮਸਤਾਨਾ ਦੇ ਪ੍ਰਭਾਵ ਹੇਠ ਸਾਡੇ ਪਿੰਡ ਸੱਚੇ ਸੌਦੇ ਵਾਲਿਆਂ ਦਾ ਇਕ ਧਾਮ ਵੀ ਬਣਿਆ ਹੋਇਆ ਸੀ ਜੋ ਪਿੰਡ ਤੋਂ ਕੁਝ ਬਾਹਰ ਵਾਰ ਸੀ। ਕੱਚੀਆਂ ਇੱਟਾਂ ਦੇ ਬਣੇ ਇਸ ਧਾਮ ਦੀਆਂ ਕੰਧਾਂ ਉਤੇ ਉਕਰੇ ਸਵਰਗ-ਨਰਕ ਦੇ ਦ੍ਰਿਸ਼ ਕਈ ਤਰ੍ਹਾਂ ਦੀਆਂ ਭਾਵਨਾਵਾਂ ਉਪਜਾਉਂਦੇ। ਖਾਸ ਕਰ ਨਰਕ ਦੇ ਦ੍ਰਿਸ਼। ਇਨ੍ਹਾਂ ਵਿਚ ਕਿਧਰੇ ਕੋਈ ਟਕੂਆ ਲੈ ਕੇ ਕਿਸੇ ਦੇ ਹੱਥ ਵੱਢ ਰਿਹਾ ਸੀ, ਕਿਧਰੇ ਕੋਈ ਉਬਲਦੇ ਕੜਾਹੇ ਵਿਚ ਚੁੱਕ ਚੁੱਕ ਸੁੱਟ ਰਿਹਾ ਸੀ। ਸਰਸੇ ਸ਼ਹਿਰ ਦੇ ਬਾਹਰ ਵਾਰ ਬੇਗੂ ਪਿੰਡ ਨੂੰ ਜਾਂਦੀ ਸੜਕ ਉਤੇ ਸਥਿਤ ਡੇਰਾ ਸੱਚਾ ਸੌਦਾ ਉਨ੍ਹਾਂ ਦਿਨਾਂ ਵਿਚ ਕਿਸੇ ਵੀ ਤਰ੍ਹਾਂ ਦੇ ਵਾਦ-ਵਿਵਾਦ ਵਿਚ ਨਹੀਂ ਸੀ। ਫਿਰ ਬਾਬਾ ਸਤਨਾਮ ਸਿੰਘ ਦੇ ਚਲਾਣੇ ਉਪਰੰਤ ਡੇਰਾ ਸੱਚਾ ਸੌਦਾ ਦੀ ਮਾਨਤਾ ਮੌਜੂਦਾ ਮੁਖੀ ਦੇ ਗੱਦੀ ਸੰਭਾਲਣ ਦੇ ਸਮੇਂ ਤੱਕ ਲਗਾਤਾਰ ਘਟਦੀ ਚਲੀ ਗਈ। ਇਸ ਅਰਸੇ ਦੌਰਾਨ ਸਾਡੇ ਪਿੰਡ ਵਾਲਾ ਸੱਚਾ ਸੌਦਾ ਧਾਮ ਢਹਿ ਢੇਰੀ ਹੋ ਚੁੱਕਾ ਸੀ।

ਨਾਮਧਾਰੀਆਂ ਦਾ ਭੈਣੀ ਸਾਹਿਬ ਤੋਂ ਬਾਅਦ ਦੂਜਾ ਵੱਡਾ ਕੇਂਦਰ ਜੀਵਨ ਨਗਰ ਸਾਡੇ ਪਿੰਡ ਤੋਂ

## ਰੰਗ-ਬੇਰੰਗ

12-14 ਕਿਲੋਮੀਟਰ ਦੂਰ ਘੱਗਰ ਦੇ ਦੂਜੇ ਪਾਸੇ ਹੈ। ਨਾਮਧਾਰੀ ਸੰਪਰਦਾ ਦੇ ਪ੍ਰਭਾਵ ਹੇਠ ਕੁਝ ਸਮੇਂ ਬਾਅਦ ਇਕ ਹੋਰ ਗੁਰਦੁਆਰਾ ਬਣ ਗਿਆ ਜਿਸ ਨੂੰ ਅੱਜ ਤੱਕ ਵੀ ਜੱਟਾਂ ਦਾ ਗੁਰਦੁਆਰਾ ਕਹਿ ਕੇ ਹੀ ਜਾਣਿਆ ਜਾਂਦਾ ਹੈ। ਪਿੰਡ ਵਿਚ ਇਕ ਪੀਰ ਦੀ ਜਗ੍ਹਾ ਵੀ ਹੈ ਜਿਸ ਨੂੰ ਚਿਮਨਾ ਪੀਰ ਕਰਕੇ ਜਾਣਿਆ ਜਾਂਦਾ ਹੈ। ਇਸ ਜਗ੍ਹਾ ਉਤੇ ਜਦੋਂ ਕਦੀ ਕੁਝ ਪਰਿਵਾਰਾਂ ਦੀ ਸ਼ਰਧਾ ਜਾਗਦੀ ਜਾਂ ਫਿਰ ਕੋਈ ਰਮਤਾ ਸਾਧੂ ਆ ਡੇਰੇ ਲਾਉਂਦਾ, ਰੌਣਕਾਂ ਲੱਗਣ ਲੱਗ ਜਾਂਦੀਆਂ। ਮੇਲਾ ਵੀ ਲੱਗਣ ਲੱਗ ਜਾਂਦਾ। ਉਂਜ ਇਹ ਵੀ ਹੋਇਆ ਕਿ ਕਈ ਕਈ ਸਾਲ ਇਥੇ ਕੁਝ ਨਾ ਹੁੰਦਾ। ਫਿਰ ਵੀ ਸ਼ਰਧਾਲੂ ਲੋਕ ਦਿਨ-ਦਿਹਾਰ 'ਤੇ ਜਾਂ ਮੰਗਲਵਾਰ ਪੀਰ ਦੇ ਮਜ਼ਾਰ 'ਤੇ ਦੀਵਾ ਬਾਲ ਜਾਂਦੇ। ਹੁਣ ਇਸ ਪੀਰ ਦੀ ਪਹਿਲਾਂ ਵਾਲੀ ਮਾਨਤਾ ਨਹੀਂ ਰਹੀ।

ਹੁਣ ਪਿੰਡ ਵਿਚ ਤਿੰਨ ਗੁਰਦੁਆਰੇ ਹਨ, ਦੋ ਮੰਦਰ ਹਨ-ਇਕ ਹਨੂੰਮਾਨ ਮੰਦਰ ਅਤੇ ਇਕ ਬਿਸ਼ਨੋਈ ਮੰਦਰ। ਸੱਚੇ ਸੌਦੇ ਵਾਲਿਆਂ ਦਾ ਡੇਰਾ ਭਾਵੇਂ ਮੁੜ ਨਹੀਂ ਆਬਾਦ ਹੋ ਸਕਿਆ ਪਰ ਪਿੰਡ ਵਿਚ ਉਨ੍ਹਾਂ ਦੇ ਸ਼ਰਧਾਲੂਆਂ ਦੀ ਗਿਣਤੀ ਗਿਣਨਯੋਗ ਹੈ।

ਇਹ ਠੀਕ ਹੈ ਕਿ ਅਪਰੇਸ਼ਨ ਬਲੂ ਸਟਾਰ ਜਾਂ ਉਸ ਤੋਂ ਬਾਅਦ ਇੰਦਰਾ ਦੇ ਕਤਲ ਅਤੇ ਸਿੱਖ ਕਤਲੇਆਮ ਦੇ ਸਮੇਂ ਵੀ ਇਸ ਪਿੰਡ ਦੇ ਲੋਕਾਂ ਵਿਚ ਕਦੇ ਵੀ ਕੋਈ ਖਿਚੋਤਾਣ ਨਜ਼ਰ ਨਹੀਂ ਆਈ। ਪਰ ਇਹ ਵੀ ਠੀਕ ਹੈ ਕਿ ਹੁਣ ਪਹਿਲਾਂ ਵਾਲਾ ਨੇੜ ਤੇ ਨਿੱਘ ਨਜ਼ਰ ਨਹੀਂ ਆਉਂਦਾ। ਸ਼ਾਇਦ ਲੋਕਾਂ ਵਿਚ ਮੋਹ ਘਟ ਗਿਆ ਹੈ ਜਾਂ ਫਿਰ ਆਪੋ ਆਪਣੀਆਂ ਉਲਝਣਾਂ ਵਿਚ ਇੰਨੇ ਉਲਝ ਗਏ ਹਨ ਜਾਂ ਇਹ ਵੀ ਹੋ ਸਕਦਾ ਹੈ ਕਿ ਟੈਲੀਵਿਜ਼ਨ ਸਭਿਆਚਾਰ ਨੇ ਸਾਨੂੰ ਇੰਨਾ ਸਵੈ-ਕੇਂਦ੍ਰਿਤ ਕਰ ਦਿਤਾ ਹੈ ਕਿ ਭਾਈਚਾਰੇ ਦੀਆਂ ਤੰਦਾਂ ਜੇ ਟੁੱਟੀਆਂ ਨਹੀਂ ਤਾਂ ਸੁੰਗੜ ਜ਼ਰੂਰ ਗਈਆਂ ਹਨ। ਵੈਸੇ ਵੀ ਮੇਰੇ ਪਿੰਡ ਦੇ ਲੋਕ ਆਪੇ ਵਧਾਈਆਂ ਲੋੜਾਂ ਪੂਰੀਆਂ ਕਰਨ ਦੇ ਅਜਿਹੇ ਖਲਜਗਣ ਵਿਚ ਪਏ ਹੋਏ ਹਨ ਕਿ ਚਿੰਤਾ ਦੀਆਂ ਰੇਖਾਵਾਂ ਹੋਰ ਕੁਝ ਨਜ਼ਰ ਹੀ ਨਹੀਂ ਆਉਣ ਦਿੰਦੀਆਂ। ਹੁਣ ਮੇਰੇ ਪਿੰਡ ਵਿਚ ਦੋ ਮੈਰਿਜ ਪੈਲੇਸ ਹਨ, ਬਹੁਤੇ ਵਿਆਹ ਇਨ੍ਹਾਂ ਮੈਰਿਜ ਪੈਲੇਸਾਂ ਵਿਚ ਹੁੰਦੇ ਹਨ। ਮੰਜੇ-ਬਿਸਤਰੇ ਚਾਹੀਦੇ ਹੋਣ ਤਾਂ ਮੈਰਿਜ ਪੈਲੇਸ ਵਾਲਿਆਂ ਕੋਲੋਂ ਕਿਰਾਏ 'ਤੇ ਮਿਲ ਜਾਂਦੇ ਹਨ। ਵਿਆਹ ਸ਼ਾਦੀ ਜਾਂ ਦਿਨ ਦਿਹਾਰ ਉਤੇ ਮੰਜੇ ਬਿਸਤਰੇ ਇਕੱਠੇ ਕਰਨ ਵਾਲੀ ਗੱਲ ਹੁਣ ਗੁਰਦਾਸ ਮਾਨ ਦੇ ਗੀਤ ਤੋਂ ਹੀ ਚੇਤੇ ਆਉਂਦੀ ਹੈ। ਉਂਜ ਤਾਂ ਹੁਣ ਲੋਕ ਇਸ ਨੂੰ ਆਪਣੀ ਹੇਠੀ ਸਮਝਣ ਲੱਗ ਪਏ ਹਨ। ਵਿਆਹਾਂ ਵਿਚ ਜਾਗੋ ਨਿਕਲਦੀ ਹੈ ਪਰ ਇਸ ਵਿਚ ਸਹਿਜ ਭਾਅ ਦੀ ਖੁਸ਼ੀ ਦੀ ਥਾਂ ਰਸਮ ਪੂਰੀ ਕਰਨ ਅਤੇ ਵੀਡੀਓ ਬਣਾਉਣ ਦੀ ਉਚੇਚ ਵਧੇਰੇ ਨਜ਼ਰ ਆਉਂਦੀ ਹੈ। ਮੰਜੇ ਜੋੜ ਕੇ ਸਪੀਕਰ ਲੱਗਣੇ ਤਾਂ ਚਿਰੋਕਣੇ ਹਟ ਚੁੱਕੇ ਹਨ। ਇਸੇ ਕਰਕੇ ਸ਼ਾਇਦ ਮੈਨੂੰ ਤੇ ਮੇਰੇ ਵਰਗੇ ਹੋਰ ਕਈਆਂ ਨੂੰ ਗੁਰਦਾਸ ਮਾਨ ਦਾ ਇਹ ਗੀਤ ਚੰਗਾ ਲੱਗਦਾ ਹੈ:

ਮੁੜ ਮੁੜ ਯਾਦ ਸਤਾਵੇ
ਪਿੰਡ ਦੀਆਂ ਗਲੀਆਂ ਦੀ।

## ਦੁਨੀਆਂ ਦੇ ਰੰਗ

# ਸਭ ਦੇ ਸੰਕਟ ਹਰ ਕਰਨ ਵਾਲੇ ਪੀਰ ਬਾਬਿਆਂ ਦੀ ਚਾਂਦੀ

**ਮੱਖਣਜੀਤ ਸਿੰਘ ਸੋਢੀ**

ਕੋਈ ਭਾਰਤੀ ਟੀ. ਵੀ. ਚੈਨਲ ਲਗਾ ਲਵੋ ਜਾਂ ਫਿਰ ਕੋਈ ਅਖਬਾਰ ਖੋਲ੍ਹ ਲਵੋ, ਤਾਂਤਰਿਕ ਬਾਬਿਆਂ ਦੇ ਵੱਡੇ ਵੱਡੇ ਇਸ਼ਤਿਹਾਰ ਸਿਆਣੇ ਪਾਠਕਾਂ ਅਤੇ ਦਰਸ਼ਕਾਂ ਦਾ ਮੂੰਹ ਚਿੜਾਉਂਦੇ ਨਜ਼ਰ ਪੈ ਜਾਣਗੇ। ਕਈ ਇਕ ਪੰਜਾਬੀ ਅਖਬਾਰ ਤਾਂ ਭਰੇ ਹੀ ਇਨ੍ਹਾਂ ਤਾਂਤਰਿਕ ਬਾਬਿਆਂ ਦੇ ਇਸ਼ਤਿਹਾਰਾਂ ਨਾਲ ਹੁੰਦੇ ਹਨ। ਇਨ੍ਹਾਂ ਅਖਬਾਰਾਂ ਨੂੰ ਇਸ ਗੱਲ ਨਾਲ ਕੋਈ ਮਤਲਬ ਨਹੀਂ ਕਿ ਅਖਬਾਰਾਂ ਦੀ ਕੋਈ ਜ਼ਿੰਮੇਵਾਰੀ ਸਮਾਜ ਨੂੰ ਉਸਾਰੂ ਸੇਧ ਦੇਣੀ ਵੀ ਹੁੰਦੀ ਹੈ ਉਨ੍ਹਾਂ ਨੂੰ ਤਾਂ ਸਿਰਫ ਤੇ ਸਿਰਫ ਆਪਣੇ ਪੈਸੇ ਕਮਾਉਣ ਨਾਲ ਹੁੰਦਾ ਹੈ। ਸੁਣਨ ਵਿਚ ਤਾਂ ਇਥੋਂ ਤੱਕ ਵੀ ਆਇਆ ਹੈ ਕਿ ਇਕ ਦੋ ਪੰਜਾਬੀ ਅਖਬਾਰ ਅਜਿਹੇ ਵੀ ਹਨ ਜਿਨ੍ਹਾਂ ਨੇ ਆਪਣੇ ਹੀ ਬਾਬੇ ਪਾਏ ਹੋਏ ਹਨ ਜਿਵੇਂ ਕਿਸੇ ਨੇ ਟਰੱਕ ਪਾ ਲਏ ਹੋਣ।

ਪੰਜਾਬੀ ਅਖਬਾਰਾਂ ਵਿਚ ਛਪੇ ਇਨ੍ਹਾਂ ਇਸ਼ਤਿਹਾਰਾਂ ਵਿਚ ਵੱਡੇ ਵੱਡੇ ਦਾਅਵੇ ਕੀਤੇ ਗਏ ਹੁੰਦੇ ਹਨ ਜਿਵੇਂ ਇਨ੍ਹਾਂ ਪੀਰ ਬਾਬਿਆਂ ਕੋਲੇ ਕੋਈ ਇਕ ਅੱਧੀ ਨਹੀਂ ਸਗੋਂ ਦੁਨੀਆਂ ਭਰ ਦੀਆਂ ਸਾਰੀਆਂ ਗਿੱਦੜਸਿੰਗੀਆਂ ਹੀ ਹੱਥ ਆ ਗਈਆਂ ਹੋਣ। ਜ਼ਰਾ ਕੁ ਇਨ੍ਹਾਂ ਦੇ ਦਾਅਵਿਆਂ ਉਤੇ ਨਿਗਾਹ ਮਾਰੋ:

ਸੌਂਕਣ ਤੋਂ ਛੁਟਕਾਰਾ, ਤੁਹਾਡੇ ਦੁਸ਼ਮਣ ਦਾ ਪਤਾ ਤੇ ਖਾਤਮਾ 24 ਘੰਟੇ ਵਿਚ।

ਇਸ ਤੋਂ ਇਲਾਵਾ ਇਹ ਇਮੀਗਰੇਸ਼ਨ ਦੀਆਂ ਸਮੱਸਿਆਵਾਂ ਹੱਲ ਕਰਨ, ਮਨ ਚਾਹਿਆ ਪਿਆਰ ਪਾਉਣ, ਵਿਗੜੇ ਬੱਚਿਆਂ ਨੂੰ ਸੁਧਾਰਨ ਅਤੇ ਇਥੋਂ ਤੱਕ ਕੇ ਲਾਟਰੀ ਦੇ ਲੱਕੀ ਨੰਬਰ ਦੱਸਣ ਦਾ ਵੀ ਦਾਅਵਾ ਕਰਦੇ ਹਨ। ਅਤੇ ਦਾਅਵਾ ਵੀ ਕਰਦੇ ਹਨ ਕੁਝ ਘੰਟਿਆਂ ਤੋਂ ਲੈ ਕੇ ਕੁਝ ਦਿਨਾਂ ਤੱਕ। ਜੇ ਇਕ ਨੇ ਸੱਤ ਦਿਨ ਕਿਹਾ ਤਾਂ ਦੂਜੇ ਨੇ ਝੱਟ ਦਾਅਵਾ ਕਰ ਦਿੱਤਾ 24 ਘੰਟਿਆਂ ਦੇ ਅੰਦਰ। ਲੋਕਾਂ ਨੂੰ ਬੇਵਕੂਫ ਬਣਾਉਣ ਲਈ ਇਹ ਵੀ ਕਹਿ ਦਿੰਦੇ ਹਨ ਪੈਸੇ ਕੰਮ ਹੋਣ ਤੋਂ ਬਾਅਦ। ਦਰਅਸਲ ਇਨ੍ਹਾਂ ਨੇ ਇਹ ਭੇਦ ਪਾ ਲਿਆ ਹੈ ਕਿ ਲੋਕਾਂ ਦੀਆਂ ਪ੍ਰੇਸ਼ਾਨ ਕਰਨ ਵਾਲੀਆਂ ਸਮੱਸਿਆਵਾਂ 'ਤੇ ਉਂਗਲ ਧਰੋ ਅਤੇ ਉਨ੍ਹਾਂ ਨੂੰ ਬੇਵਕੂਫ ਬਣਾ ਕੇ ਉਨ੍ਹਾਂ ਦੀ ਜੇਬ ਖਾਲੀ ਕਰਵਾ ਲਵੋ।

ਬੀਬੀਆਂ ਅਕਸਰ ਇਨ੍ਹਾਂ ਦੇ ਝਾਂਸੇ ਵਿਚ ਆ ਜਾਂਦੀਆਂ ਹਨ। ਜੇ ਕਿਸੇ ਦੀ ਸੌਂਕਣ ਹੈ ਤਾਂ ਉਸ ਤੋਂ ਛੁਟਕਾਰਾ ਪਤੀ ਨੂੰ ਪਿਆਰ ਨਾਲ ਜਿੱਤ ਕੇ ਤਾਂ ਹੋ ਸਕਦਾ ਹੈ ਪਰ ਇਨ੍ਹਾਂ ਪੀਰ ਬਾਬਿਆਂ ਦੀ ਸਿਖਿਆ ਵਿਚ ਆ ਕੇ ਨਹੀਂ। ਜਿਹੜੀਆਂ ਬੀਬੀਆਂ ਇਨ੍ਹਾਂ ਪੀਰ ਬਾਬਿਆਂ, ਸਿਆਣਿਆਂ, ਪੰਡਤਾਂ ਦੇ ਝਾਂਸੇ ਵਿਚ ਇਕ ਵਾਰ ਆ ਜਾਣ ਉਹ ਆਪਣੀ ਸੌਂਕਣ ਤੋਂ ਛੁਟਕਾਰਾ ਤਾਂ ਭਾਵੇਂ ਕਦੇ ਵੀ ਨਾ ਪਾ ਸਕਣ ਪਰ ਇਕ ਗੱਲ ਲਾਜ਼ਮੀ ਹੈ ਕਿ ਪਤੀ ਤੋਂ ਤਲਾਕ ਹੋਇਆ ਹੀ ਸਮਝੋ। ਇਕ ਛੋਟੀ ਜਿਹੀ ਗਲਤੀ ਆਪਣੀ ਤੇ ਪਰਿਵਾਰ ਦੀ ਸਾਰੀ ਜ਼ਿੰਦਗੀ ਨਰਕ ਬਣਾ ਦਿੰਦੀ ਹੈ ਜਿਹੜਾ ਪੈਸਾ ਜਾਂਦਾ ਹੈ ਉਹ ਵੱਖ।

ਜੇ ਇਹ ਪੀਰ ਬਾਬੇ ਦੁਸ਼ਮਣ ਦਾ ਪਤਾ ਅਤੇ ਉਸ ਦਾ ਖਾਤਮਾ 24 ਘੰਟੇ ਵਿਚ ਕਰ ਸਕਦੇ ਹੋਣ ਤਾਂ ਫਿਰ ਇਹ ਅਮਰੀਕਾ ਸਰਕਾਰ ਨਾਲ ਸੰਪਰਕ ਕਿਉਂ ਨਹੀਂ ਕਰਦੇ ਜੋ ਪਿਛਲੇ ਨੌਂ ਸਾਲ ਤੋਂ ਬਿਨ ਲਾਦੇਨ ਅਤੇ ਉਹੋ ਜਿਹੇ ਹੋਰ ਕਈ ਦਹਿਸ਼ਤਪਸੰਦ ਆਗੂਆਂ ਦੀ ਭਾਲ ਕਰ ਰਹੀ ਹੈ। ਇਨ੍ਹਾਂ ਪੀਰ ਬਾਬਿਆਂ ਨੂੰ ਕੁਝ ਹਜ਼ਾਰ ਡਾਲਰ ਦੇ ਕੇ ਉਹ ਆਪਣੇ ਨਾ ਸਿਰਫ ਅਰਬਾਂ ਡਾਲਰ ਹੀ ਬਚਾ ਸਕਦੀ ਹੈ ਸਗੋਂ ਆਪਣੇ ਹਜ਼ਾਰਾਂ ਫੌਜੀਆਂ ਦੀਆਂ ਜਾਨਾਂ ਤੋਂ ਇਲਾਵਾ ਆਮ ਲੋਕਾਂ ਦੀਆਂ ਜਾਨਾਂ ਵੀ ਬਚਾ ਸਕਦੀ ਹੈ। ਜੇ ਸੱਚਮੁੱਚ ਇਨ੍ਹਾਂ ਪੀਰ ਬਾਬਿਆਂ ਪਾਸ ਜਾਦੂ ਹੁੰਦਾ ਤਾਂ ਕਦੋਂ ਦਾ ਬਾਬੇ ਬੁਸ਼ ਜਾਂ ਫਿਰ ਸਾਡੇ ਓਬਾਮੇ ਨੇ ਉਨ੍ਹਾਂ ਦੇ ਪੈਰੀਂ ਪੈ ਜਾਣਾ ਸੀ। ਹੁਣ ਜਿਹੜਾ ਪਾਕਿਸਤਾਨ ਹਫਿਆ ਪਿਆ ਹੈ ਉਸ ਦੇ ਆਗੂਆਂ ਨੇ ਵੀ ਆਪਣੀ ਜਾਨ ਦਾ ਖਉ ਬਣੇ ਦਹਿਸ਼ਤਪਸੰਦਾਂ ਦਾ ਪਤਾ ਲਾ ਲੈਣਾ ਸੀ।

ਹੁਣ ਜੇ ਗੱਲ ਇਮੀਗਰੇਸ਼ਨ ਸਮੱਸਿਆਵਾਂ ਦੀ ਕਰੀਏ, ਇਨ੍ਹਾਂ ਬਾਬਿਆਂ ਨੂੰ ਪਤਾ ਹੁੰਦਾ ਹੈ ਕਿ ਲੋਕ ਕੰਮ ਨਾ ਬਨਣ ਕਰਕੇ ਅੱਕੀਂ ਪਲਾਹੀ ਹੱਥ ਮਾਰਦੇ ਹਨ। ਸੋ, ਇਹ ਉਨ੍ਹਾਂ ਦੀਆਂ ਭਾਵਨਾਵਾਂ ਦਾ ਲਾਭ ਉਠਾਉਂਦੇ ਹਨ। ਜੇ ਭਲਾ ਇਹ ਲੋਕ ਗਰੀਨ ਕਾਰਡ ਦਿਵਾ ਸਕਦੇ ਹੋਣ ਤਾਂ ਫਿਰ ਲਾਅ ਡਿਗਰੀਆਂ ਕਰਕੇ ਵੱਡੇ ਵੱਡੇ ਦਫਤਰ ਖੋਲ੍ਹਣ ਵਾਲੇ ਇਮੀਗਰੇਸ਼ਨ ਵਕੀਲਾਂ ਦੀ ਲੋੜ ਹੀ ਕਿਥੇ ਰਹਿ ਜਾਊਗੀ।

ਹੁਣ ਆਈਏ ਮਨ ਚਾਹਿਆ ਪਿਆਰ ਪਾਉਣ ਵੱਲ। ਇਹ ਗੱਲ ਕਿਸੇ ਸਾਧਾਰਣ ਵਿਅਕਤੀ ਨੂੰ ਵੀ ਪਤਾ ਹੈ ਕਿ ਕਿਸੇ ਦਾ ਪਿਆਰ ਪਿਆਰ ਨਾਲ ਹੀ ਜਿਤਿਆ ਜਾ ਸਕਦਾ ਹੈ। ਸ. ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਤਾਂ ਇਹ ਵੀ ਕਿਹਾ ਸੀ ਕਿ ਪਿਆਰ ਕਬਜ਼ਾ ਨਹੀਂ ਪਹਿਚਾਣ ਹੈ। ਕਿਸੇ ਉਤੇ ਕਬਜ਼ਾ ਤਾਂ ਕੀਤਾ ਜਾ ਸਕਦਾ ਹੈ ਪਰ ਪਿਆਰ ਧੱਕੇ ਨਾਲ ਨਹੀਂ ਪਾਇਆ ਜਾ ਸਕਦਾ, ਕਿਸੇ ਧਾਗੇ ਤਵੀਤ ਜਾਂ ਜਾਦੂ ਮੰਤਰ ਨਾਲ ਤਾਂ ਬਿਲਕੁਲ ਹੀ ਨਹੀਂ। ਹੁਣ ਕਰੀਏ ਗੱਲ ਬਦਲਾ ਲੈਣ ਦੀ। ਇਤਿਹਾਸ ਗਵਾਹ ਹੈ ਕਿ ਬਦਲਾ ਲੈਣ ਵਾਲਾ ਖੁਦ ਭਸਮ ਹੋ ਜਾਇਆ ਕਰਦਾ ਹੈ। ਰਾਵਣ ਵੀ ਕਈ ਵੇਦਾਂ ਦਾ ਗਿਆਨੀ ਸੀ ਪਰ ਬਦਲੇ ਦੀ ਅੱਗ ਨੇ ਖਤਮ ਕਰ ਦਿੱਤਾ। ਲੋਕ ਅੱਜ ਵੀ ਉਸ ਨੂੰ

(ਬਾਕੀ ਅਗਲੇ ਸਫੇ 'ਤੇ)

# ਮੁਹਾਵਰਿਆਂ ਨਾਲ ਖਿਲਵਾੜ

ਇੰਨੀ ਕੁ ਬਾਤ



ਬਲਜੀਤ ਬਾਸੀ
ਫੋਨ: 734-454-4958

ਮੁਹਾਵਰੇ, ਅਖਾਣ ਅਤੇ ਵਡਿਆਂ ਦੀਆਂ ਆਖੀਆਂ ਬੜੀ ਪਹੁੰਚੀ ਹੋਈ ਚੀਜ਼ ਹਨ। ਭਾਵੇਂ ਇਹ ਇਕੋ ਥੈਲੀ ਦੇ ਚੱਟੇ ਵੱਟੇ ਹਨ ਪਰ ਫਿਰ ਵੀ ਮੈਂ ਮੁਹਾਵਰੇ ਨੂੰ ਇਕ ਹਾਥੀ ਦੀ ਨਿਆਈਂ ਸਮਝਦਾ ਹਾਂ ਜਿਸ ਦੇ ਪੈਰ ਵਿਚ ਇਨ੍ਹਾਂ ਸਭਨਾਂ ਦੇ ਪੈਰ ਆ ਜਾਂਦੇ ਹਨ। ਇਨ੍ਹਾਂ ਵਿਚ ਸਦੀਆਂ ਦੀ ਸਿਆਣਪ ਸਮੋਈ ਹੁੰਦੀ ਹੈ। ਕਹਿੰਦੇ ਹਨ ਕਿ ਜੇ ਅਖਾਣ ਝੂਠਾ ਹੋ ਗਿਆ ਤਾਂ ਸਮਝੋ ਚੁਆਵਾਂ ਦੁਧ ਵੀ ਖੱਟਾ ਹੋ ਗਿਆ। ਮਹਾਂਪੁਰਸ਼ ਇਨ੍ਹਾਂ ਵਿਚ ਕਿਸੇ ਕੌਮ ਦੇ ਸਮੂਹਕ ਅਨੁਭਵ, ਸੂਝ ਤੇ ਰੂਹ ਦੇ ਸਾਖਿਆਤ ਦਰਸ਼ਨ ਕਰਦੇ ਹਨ। ਇਹ ਪੀੜ੍ਹੀ-ਦਰ-ਪੀੜ੍ਹੀ ਗੁਹਿਣੀਆਂ ਤੇ ਪਰਖੀਆਂ ਜ਼ਿੰਦਗੀ ਦੀਆਂ ਅਟੱਲ ਸੱਚਾਈਆਂ ਨੂੰ ਇਕ ਸੂਤਰ ਰੂਪ ਵਿਚ ਪੇਸ਼ ਕਰਦੇ ਹਨ। ਇਸ ਨਜ਼ਰੀਏ ਤੋਂ ਮੁਹਾਵਰੇ ਦੀ ਮੁਹਾਵਰੇ ਨਾਲ ਹੀ ਪਰਿਭਾਸ਼ਾ ਕਰਨੀ ਹੋਵੇ ਤਾਂ ਕਹਿ ਸਕਦੇ ਹਾਂ ਕਿ ਇਹ ਕੁੱਜੇ ਵਿਚ ਬੰਦ ਕੀਤਾ ਸਮੁੰਦਰ ਹੁੰਦੇ ਹਨ। ਸੰਜਮ ਇਨ੍ਹਾਂ ਦਾ ਮੀਰੀ ਗੁਣ ਹੈ।

ਇਤਿਹਾਸ ਦੀ ਕਸਵੱਟੀ 'ਤੇ ਇਹ ਖਰੇ ਉਤਰਦੇ ਹੋਏ ਚਿਰਜੀਵੀ ਬਣ ਗਏ ਤੇ ਅਜੇ ਤਕ ਹੱਟੇ ਕੱਟੇ ਪਏ ਹਨ। ਬਾਤ ਦਾ ਬਤੰਗੜ ਬਣਾਉਣ ਨਾਲ ਕਈ ਵਾਰੀ ਤੁਸੀਂ ਕਿਸੇ ਨੂੰ ਏਨਾ ਪ੍ਰਭਾਵਤ ਨਹੀਂ ਕਰ ਸਕਦੇ ਜਿੰਨਾ ਇਕ ਮੁਹਾਵਰੇ ਦਾ ਜਾਦੂ ਸਿਰ ਚੜ੍ਹ ਬੋਲਦਾ ਹੈ। ਇਹ ਤਾਂ ਡੰਕੇ ਦੀ ਚੋਟ ਵਾਂਗ ਵੱਜਦੇ ਹਨ, ਠਾਹ ਸੋਟਾ ਮਾਰਦੇ ਹਨ ਤੇ ਇਨ੍ਹਾਂ ਦੀ ਚੋਟ-ਖਾਧਾ ਹੱਥ ਲਾ ਲਾ ਦੇਖਦਾ ਰਹਿ ਜਾਂਦਾ ਹੈ। ਅਸਲ ਵਿਚ ਹਰ ਬੁਲਾਰਾ ਹੀ ਕੋਈ ਅਜਿਹੀ ਪਤੇ ਦੀ ਗੱਲ ਕਰਨ ਦੀ ਤਾਕ ਵਿਚ ਰਹਿੰਦਾ ਹੈ ਜਿਸਦੇ ਸ਼ਬਦ ਪੱਥਰ ਤੇ ਲੀਕ ਹੋਣ। ਕੁਸ਼ਲ ਸਾਹਿਤਕਾਰ ਤੇ ਬੁਲਾਰੇ ਇਨ੍ਹਾਂ ਨੂੰ ਆਪਣੀ ਰਚਨਾ ਵਿਚ ਨਗ ਵਾਂਗ ਪਰੋ ਕੇ ਇਨ੍ਹਾਂ ਦੀ ਪ੍ਰਭਾਵ ਸ਼ਕਤੀ ਦਾ ਲਾਭ ਉਠਾ ਕੇ ਸੋਨੇ ਤੇ ਸੁਹਾਗਾ ਫੇਰ ਲੈਂਦੇ ਹਨ। ਇਸ ਤਰ੍ਹਾਂ ਉਨ੍ਹਾਂ ਦੀ ਗੱਲ ਦਾ ਜਾਦੂ ਸਿਰ ਚੜ੍ਹ ਬੋਲਦਾ ਹੈ ਪਰ ਮੁਹਾਵਰਿਆਂ ਦੀ ਸੰਰਚਨਾ, ਪ੍ਰਕਾਰਜ ਅਤੇ ਪ੍ਰਭਾਵ ਇਨ੍ਹਾਂ ਨੂੰ ਸੁਤੰਤਰ ਤੌਰ 'ਤੇ ਸਾਹਿਤ ਦੀ ਕੋਟੀ ਵਿਚ ਰੱਖੇ ਜਾਣ ਦੀ ਸਮਰਥਾ ਦਰਸਾਉਂਦੇ ਹਨ। ਇਸ ਤਰ੍ਹਾਂ ਇਹ ਸਾਹਿਤ ਦੀ ਇਕ ਸੁਤੰਤਰ ਤੇ ਮੁਕੰਮਲ ਵਿਧਾ ਵਜੋਂ ਵੀ ਮਾਣੇ ਜਾ ਸਕਦੇ ਹਨ।

ਸਾਹਿਤ ਦੇ ਇਸ ਲਘੂਤਮ ਰੂਪ ਵਿਚ ਅਨੇਕਾਂ ਰੂਪ, ਸ਼ੈਲੀਆਂ ਤੇ ਦ੍ਰਿਸ਼ਟੀਆਂ ਮੌਜੂਦ ਹਨ। ਮਨੁਖ ਜਾਤੀ ਦਾ ਜਿੰਨਾ ਅਨੁਭਵ ਵਿਸ਼ਾਲ ਹੈ ਓਨੇ ਹੀ ਇਹ ਮੁਹਾਵਰੇ ਵਿਸ਼ਾਲ ਹਨ। ਮੁਹਾਵਰਿਆਂ ਨੂੰ ਨਿਰੇ ਪੁਰੇ ਗਿਆਨ ਦੀਆਂ ਪੁੜੀਆਂ ਜਾਂ ਇਕ ਪ੍ਰਕਾਰ ਪਥਰਾਏ ਫਾਰਮੂਲੇ ਦੇ ਨਿਆਈਂ ਸਮਝਣਾ ਨਿਸਚੇ ਹੀ ਇਨ੍ਹਾਂ ਨਾਲ ਘੋਰ ਅਨਿਆਂ ਹੈ। ਅਨੁਭਵ ਅਧਾਰਤ ਇਨ੍ਹਾਂ ਪ੍ਰਵਚਨਾਂ ਦੀ ਥਾਂ ਹੁਣ ਪ੍ਰਮਾਣ ਅਧਾਰਤ ਗਿਆਨ ਨੇ ਲੈ ਲਈ ਹੈ। ਇਹ ਠੀਕ ਹੈ ਕਿ ਮਨੁਖ ਮਾਤਰ ਵਾਰ ਵਾਰ ਉਨ੍ਹਾਂ ਹੀ ਸਥਿਤੀਆਂ ਨੂੰ ਦਰਪੇਸ਼ ਹੁੰਦਾ ਹੈ ਤੇ ਅਜਿਹੀਆਂ ਸਥਿਤੀਆਂ ਵਿਚ ਘਿਰੇ ਮਨੁਖ ਦੇ ਸਾਹਮਣੇ ਇਹ ਮੁਹਾਵਰੇ ਕਈ ਵਾਰੀ ਇਕ ਸੱਚਾਈ ਦੇ ਸਰਟੀਫੀਕੇਟ ਵਜੋਂ ਪੇਸ਼ ਕੀਤੇ ਜਾਂਦੇ ਹਨ ਪਰ ਆਪਣੇ ਪ੍ਰਕਾਰਜ ਵਿਚ ਇਹ ਮੁਹਾਵਰੇ ਇਕ ਸੰਕੇਤ ਹੀ ਦਿੰਦੇ ਹਨ, ਸ਼ੁਧ ਵਿਚਾਰ ਜਾਂ ਅੰਤਮ ਸੱਚਾਈ ਦੇ ਸੂਚਕ ਨਹੀਂ ਕਹੇ ਜਾ ਸਕਦੇ। ਇਹ ਅਤਿ ਦੇ ਸੂਖਮ ਤੇ ਸੁਭਾਊ, ਮੋਟੇ-ਠੁਲੇ ਤੇ ਸਪਾਟ, ਵਿਡੰਬਨਾ ਤੇ ਉਪਹਾਸ ਭਰੇ, ਵਿਅੰਗਮਈ ਤੇ ਨਾਟਕੀ, ਏਥੋਂ ਤਕ ਕਿ ਅਮੂਰਤ, ਜਟਿਲ ਤੇ ਵਿਰੋਧਾਭਾਸੀ ਵੀ ਦਿਸ ਆਉਂਦੇ ਹਨ।

ਆਓ ਜ਼ਰਾ ਮੁਹਾਵਰਿਆਂ ਦੀਆਂ ਇਨ੍ਹਾਂ ਸਿਫਤਾਂ ਦੇ ਦਰਸ਼ਨ ਕਰੀਏ।

ਇਨ੍ਹਾਂ ਦੀ ਸੂਖਮਤਾ ਤੇ ਸੰਜਮ ਦਾ ਨਜ਼ਾਰਾ ਦੇਖੋ: ਮੂੰਹ ਤੇ ਨੱਕ ਨਾ ਹੋਣਾ; ਦੱਸੋ ਕਹਿੰਦੇ ਹਨ ਅੱਜ ਕੱਲ੍ਹ ਦੀ ਕਵਿਤਾ ਸਮਝ ਨਹੀਂ ਪੈਂਦੀ। ਹਰਿਭਜਨ ਸਿੰਘ ਦੀ ਇਕ ਕਵਿਤਾ ਦੀ ਸਤਰ ਹੈ 'ਮੇਰੇ ਅਖਵਾਨਿਆਂ ਵਿਚ ਅੱਖ ਨਹੀਂ ਸੀ।' ਸਦੀਆਂ ਪਹਿਲਾਂ ਮੁਹਾਵਰੇ ਦੇ ਰੂਪ ਵਿਚ ਅਜਿਹੀ ਜੁਗਤ ਦੀ ਨੀਂਹ ਰਖੀ ਗਈ ਸੀ। ਚੋਖੀ ਸਾਹਿਤਿਕ ਸਾਧਨਾ ਕੀਤੀ ਹੋਵੇ ਤਾਂ ਸਮਝ ਆਏਗੀ ਕਿ ਨੱਕ ਸ਼ਰਮ ਦਾ ਪ੍ਰਤੀਕ ਹੈ ਤੇ ਇਸ ਮੁਹਾਵਰੇ ਦਾ ਅਰਥ ਬੇਸ਼ਰਮ ਹੋਣਾ ਹੈ। ਮੁਹਾਵਰਿਆਂ ਦੀ ਦੁਨੀਆਂ ਵਿਚ 'ਕੰਧਾਂ ਦੇ ਕੰਨ ਹੁੰਦੇ ਹਨ' ਐਪਰ ਛੜਿਆਂ ਦੇ ਨਹੀਂ: 'ਨਾ ਰੰਨ, ਨਾ ਕੰਨ।' ਇਹ ਤਾਂ ਮੰਨਿਆ ਕਿ ਰੰਨਹੀਣ ਮਨੁਖ ਯਾਨਿ ਛੜਾ ਲਾਪਰਵਾਹ, ਗੈਰਜ਼ਿੰਮੇਵਾਰ, ਅਤੇ ਮਨਮੌਜੀ ਹੁੰਦਾ ਹੈ, ਨਾ ਉਸਨੂੰ ਚੜ੍ਹੀ ਦੀ ਹੁੰਦੀ ਹੈ ਨਾ ਲੱਥੀ ਦੀ ਪਰ ਏਥੇ ਕੰਨ ਦਾ ਕੀ ਕੰਮ ਹੈ? ਲਓ ਸੁਣੋ। ਰੰਨਹੀਣ ਮਨੁਖ ਨੂੰ ਪਤਨੀ ਦੀ ਕੋਈ ਨੋਕ-ਝੋਕ, ਗੁੱਸਾ-ਗਿਲਾ ਨਹੀਂ ਸੁਣਨਾ ਪੈਂਦਾ। ਸੋ ਉਸ ਵਿਅਕਤੀ ਦੇ ਕੰਨ ਨਾ ਹੋਇਆਂ ਨਾਲ ਦੇ ਹਨ। ਵਿਆਹਿਆਂ ਦੇ ਕੰਨ ਘਰ ਵਾਲੀ ਨਾਲੇ ਖਾਂਦੀ ਹੈ ਨਾਲੇ ਖਿਚਦੀ ਹੈ। ਪਰ ਇਹ ਖਿਚ ਕੇ ਕੱਢਿਆ ਅਰਥ ਹੈ। ਵਰਨਾ ਵਾਧੂ ਲਾਇਆ ਕੰਨ ਕਾਫੀਏ ਦਾ ਕੰਮ ਹੀ ਸਾਰਦਾ ਹੈ। ਵੈਸੇ ਵੀ ਕਹਿੰਦੇ ਹਨ ਕਿ ਬਾਹਰੀ ਕੰਨ ਸਿਰਫ ਐਨਕਾਂ ਰੱਖਣ ਦੀ ਟੇਕ ਹੀ ਹੁੰਦੇ ਹਨ ਜਾਂ ਫਿਰ ਖਿਚਣ ਵਾਸਤੇ ਕਿਉਂਕਿ ਕੰਨ ਵਿਚਾਰੇ ਹੱਥਾਂ ਦੀ ਤਰ੍ਹਾਂ ਆਪਣੇ ਬਚਾਅ ਲਈ ਹਿਲ ਜੁਲ ਨਹੀਂ ਕਰ ਸਕਦੇ! ਹਾਂ, ਹਾਥੀ ਦੇ ਕੰਨਾਂ ਦੀ ਗੱਲ ਵੱਖਰੀ ਹੈ।

ਕੁਝ ਨਾ ਪੁਛੋ, ਕੁੱਤੇ ਦੀ ਪੂਛ ਹਨ ਇਹ ਮੁਹਾਵਰੇ, ਉਘ ਦੀਆਂ ਪਤਾਲ ਮਾਰਦੇ ਰਹਿੰਦੇ ਹਨ, ਅਖੇ, 'ਏਹੋ ਜਿਹਾਂ ਦੇ ਗਲ ਏਹੋ ਜਿਹੇ ਹੁੰਦੇ ਹਨ।' ਕੀ ਕੋਈ ਮੂੰਹ ਸਿਰ ਦਿਸਦਾ ਹੈ ਇਸ ਮੁਹਾਵਰੇ ਦਾ? ਇਹ ਤਾਂ ਮੇਰੇ ਵਰਗੇ ਖੋਜੀਆਂ ਨੇ ਹੱਥ ਪੈਰ ਮਾਰ ਕੇ ਕੁਝ ਪਿੜ ਪੱਲੇ ਪਾਇਆ ਹੈ: ਆਪਣਾ ਅਗਿਆਨ ਲੁਕੋਣ ਲਈ ਜਦ ਕੋਈ ਚਲਾਕੀ ਦੀ ਗੱਲ ਕਰੇ ਤਾਂ ਉਦੋਂ ਕਹਿੰਦੇ ਹਨ। ਕਿਸੇ ਨੇ ਪਹਿਲੀ ਵਾਰ ਊਠ ਦੇਖਿਆ ਜਿਸਦੇ ਗਲ ਵਿਚ ਟੱਲੀ ਪਾਈ ਹੋਈ ਸੀ। ਉਸ ਨੇ ਕਿਸੇ ਕੋਲੋਂ ਪੁਛਿਆ ਕਿ ਇਹ ਕੀ ਹੈ ਤੇ ਇਸਨੇ ਕੀ ਪਾਇਆ ਹੈ। ਅਗੋਂ ਸੱਜਣ ਵੀ ਹਮਾਤੜ ਅਣਜਾਣ ਹੀ ਸੀ ਜਿਸਨੇ ਨਾ ਕਦੇ ਊਠ ਦੇਖਿਆ ਸੀ ਤੇ ਨਾ ਕਦੇ ਟੱਲੀ ਪਰ ਸੀ ਚਲਾਕ। ਸੋ ਉਸ ਨੇ ਆਪਣਾ ਅਗਿਆਨ ਦਰਸਾਉਣ ਲਈ ਕਿਹਾ ਕਿ ਜੀ ਏਹੋ ਜਿਹਾਂ ਦੇ ਗਲ ਏਹੋ ਜਿਹੇ ਹੀ ਹੁੰਦੇ ਹਨ। ਹੋ ਗਿਆ ਨਾ ਚਾਨਣ? ਜੇ ਮੈਂ ਇਸਦਾ ਮਤਲਬ ਕੱਢ ਕੇ ਨਾ ਦਸਦਾ ਤਾਂ ਤੁਸੀਂ ਤਾਂ ਹੋ ਜਾਣਾ ਸੀ ਸੁਣ ਕੇ ਆਉਂ ਬਤਾਉਂ! "ਨੌਤੀ ਸੌ" ਜਿਹੀ ਅਤਾਰਕਿਕ ਸੰਖਿਆ ਵੀ ਮੁਹਾਵਰਿਆਂ ਵਿਚ ਹੀ ਸੰਭਵ ਹੈ ਤੇ "ਢਾਈ ਟੋਟਰੂ" ਜਿਹੇ ਮਰਜੀਵੜੇ ਵੀ। ਅਸਲ ਵਿਚ ਇਹ ਆਪਣਾ ਉਲੂ ਸਿਧਾ ਰਖਦੇ ਹਨ ਤੇ ਬੰਦੇ ਨੂੰ ਉਲੂ ਬਣਾਉਂਦੇ ਹਨ।

> **ਕੁਝ ਨਾ ਪੁਛੋ, ਕੁੱਤੇ ਦੀ ਪੂਛ ਹਨ ਇਹ ਮੁਹਾਵਰੇ, ਉਘ ਦੀਆਂ ਪਤਾਲ ਮਾਰਦੇ ਰਹਿੰਦੇ ਹਨ, ਅਖੇ, 'ਏਹੋ ਜਿਹਾਂ ਦੇ ਗਲ ਏਹੋ ਜਿਹੇ ਹੁੰਦੇ ਹਨ।' ਕੀ ਕੋਈ ਮੂੰਹ ਸਿਰ ਦਿਸਦਾ ਹੈ ਇਸ ਮੁਹਾਵਰੇ ਦਾ? ਇਹ ਤਾਂ ਮੇਰੇ ਵਰਗੇ ਖੋਜੀਆਂ ਨੇ ਹੱਥ ਪੈਰ ਮਾਰ ਕੇ ਕੁਝ ਪਿੜ ਪੱਲੇ ਪਾਇਆ ਹੈ: ਆਪਣਾ ਅਗਿਆਨ ਲੁਕੋਣ ਲਈ ਜਦ ਕੋਈ ਚਲਾਕੀ ਦੀ ਗੱਲ ਕਰੇ ਤਾਂ ਉਦੋਂ ਕਹਿੰਦੇ ਹਨ।**

ਹਾਸਾ, ਵਿਡੰਬਨਾ, ਅਤਿਕਥਨੀ- ਇਹ ਚੀਜ਼ਾਂ ਤਾਂ ਮੁਹਾਵਰੇ ਦੀ ਜਿੰਦ ਜਾਨ ਹਨ, ਕਿੰਨਿਆਂ ਦੀ ਗੱਲ ਕਰੀਏ ਇਸ ਗੱਲੋਂ ਤਾਂ ਲਗਦਾ ਸਾਰੇ ਇਕੋ ਰੱਸੀ ਨਾਲ ਬੰਨ੍ਹੇ ਜਾਣ ਵਾਲੇ ਹਨ: ਮੂੰਹ ਨਾ ਮੱਥਾ ਜਿੰਨ ਪਹਾੜੋਂ ਲੱਥਾ; ਨਾਚ ਨਾ ਜਾਣੇ ਆਂਗਨ ਟੇਢਾ; ਡਿਗੀ ਖੋਤੇ ਤੋਂ ਗੁੱਸਾ ਘੁਮਿਆਰ 'ਤੇ, ਜਾਂਦੇ ਚੋਰ ਦੀ ਤੜਾਗੀ ਹੀ ਸਹੀ; ਉਠ ਨਾ ਹੋਵੇ ਫਿਟੇ ਮੂੰਹ ਗੋਡਿਆਂ ਦੇ; ਨਾਨੀ ਕੁਆਰੀ ਰਹਿ ਗਈ, ਦੋਹਤੀ ਦੇ ਨੌਂ ਸੌ ਵਿਆਹ; ਨਹੀਂ ਰੀਸਾਂ ਝਨਾਂ ਦੀਆਂ, ਭਾਵੇਂ ਸੁੱਕਾ ਹੀ ਵਗੇ, ਅੱਠ ਪੁੱਤ ਅਠਾਰਾਂ ਪੋਤੇ, ਅਜੇ ਬਾਬਾ ਘਾਹ ਖੋਤੇ, ਕੁੜੀ ਪੇਟ ਕਣਕ ਖੇਤ ਆ ਜਵਾਈਆ ਮੰਡੇ ਖਾਹ, ਨਾ ਨੌਂ ਮਣ ਤੇਲ ਹੋਵੇ ਨਾ ਰਾਧਾ ਨੱਚੇ, ਉਜੜੇ ਬਾਗਾਂ ਦੇ ਗਾਲ੍ਹੜ ਪਟਵਾਰੀ, ਮੂਰਖਾਂ ਦੇ ਸਿੰਗ ਨਹੀਂ ਹੁੰਦੇ। ਇਹ ਤੇ ਇੰਨੇ ਹਨ ਕਿ ਭਾਵੇਂ ਖੰਭਾਂ ਦੀਆਂ ਡਾਰਾਂ ਬਣਾ ਲਓ।

ਮੁਹਾਵਰਿਆਂ ਵਿਚ ਆਪਾ ਵਿਰੋਧ ਤੇ ਵਿਰੋਧਾਭਾਸ ਵੀ ਜ਼ਿੰਦਗੀ ਜਿੰਨਾ ਹੀ ਵਿਆਪਕ ਹੈ। ਸਾਨੂੰ ਮੁਹਾਵਰੇ ਦੇਣ ਵਾਲੇ ਸਾਡੇ ਵਡੇਰੇ ਕਿਹੜਾ ਘਟ ਭੰਬਲਭੂਸੇ ਵਿਚ ਰਹਿੰਦੇ ਸਨ। ਇਕ ਨੇ ਜੇ ਇਕ ਗੱਲ ਕਹੀ ਤਾਂ ਦੂਸਰੇ ਨੇ ਉਸ ਤੋਂ ਉਲਟ: "ਜਾਕੋ ਰਾਖੇ ਸਾਈਆਂ ਮਾਰ ਸਕੇ ਨਾ ਕੋਇ", ਤੇ ਦੂਜੇ ਬੰਨੇ 'ਮੌਤ ਦੀ ਕੋਈ ਦਵਾ ਨਹੀਂ' ਜਾਂ ਫਿਰ ਕਹਿਣਗੇ ਜਿਹਦੀ ਆ ਲੱਗੀ ਉਹਨੂੰ ਕੌਣ ਬਚਾਵੇ। ਇਕ ਪਾਸੇ ਖਾਨਸੂਰੀ ਔਰਤ ਨੂੰ ਵਡਿਆ ਦਿੰਦੇ ਹਨ ਦੂਜੇ ਪਾਸੇ ਲਾਹ-ਪਾਹ ਕਰਨ ਲੱਗੇ ਵੀ ਢਿੱਲ ਨਹੀਂ ਕਰਦੇ: "ਨੂੰਹ ਦਾ ਖਾਣ ਕੱਟੀ ਦਾ ਲੇਹਾ, ਅਜਾਈਂ ਨਹੀਂ ਜਾਂਦਾ" ਦੇ ਟਾਕਰੇ 'ਤੇ "ਤਿੱਤਰ ਖੰਭੀ ਬੱਦਲੀ ਰੰਨ ਮਲਾਈ ਖਾਹ, ਉਹ ਵਸੇ ਉਹ ਉਜੜੇ ਕਦੇ ਨਾ ਖਾਲੀ ਜਾਂਹ।" ਆਮ ਤੌਰ ਤੇ ਮੁਹਾਵਰੇ ਔਰਤਾਂ ਅਤੇ ਮੱਝਾਂ ਦੇ ਬਹੁਤ ਪਿਛੇ ਪਏ ਰਹਿੰਦੇ ਹਨ। ਅੱਵਲ ਤਾਂ ਔਰਤ ਦੀ ਮੱਤ ਮੰਨਦੇ ਹੀ ਨਹੀਂ ਜੇ ਮੰਨਣੀ ਵੀ ਪਵੇ ਤਾ ਗੁੱਤ ਦੇ ਪਿੱਛੇ ਧਕੇਲ ਦਿੰਦੇ ਹਨ। ਮੱਝਾਂ ਵਿਚਾਰੀਆਂ ਇਕ ਤਾਂ ਆਪਣਾ ਕੱਟਰੂ ਪਰੇ ਹਟਾ ਕੇ ਮਾਲਕ ਦਾ ਘਰ ਭਰਦੀਆਂ ਹਨ ਫਿਰ ਵੀ ਖਾਹ-ਮਖਾਹ ਨਿੰਦਿਆ ਦਾ ਪਾਤਰ ਬਣੀਆਂ ਰਹਿੰਦੀਆਂ ਹਨ: ਮੱਝ ਅੱਗੇ ਬੀਨ ਵਜਾਉਣਾ; ਅਕਲ ਵੱਡੀ ਕਿ ਮੱਝ; ਮੋਟੀ ਮੱਝ-ਕਿੰਨਾ ਕਹਿਰ ਢਾਹਿਆ ਬੇਜ਼ੁਬਾਨ 'ਤੇ। ਫਿਰ ਸੁਮਪੁਣੇ ਦਾ ਬੜਾ ਪ੍ਰਚਾਰ ਕਰਦੇ ਹਨ, ਮੂਤ 'ਚੋਂ ਮੱਛੀਆਂ ਭਾਲਦੇ ਹਨ, ਥੁੱਕੀਂ ਵੜੇ ਪਕਾਉਂਦੇ ਹਨ, ਸਖੀ ਨਾਲੋਂ ਸੂਮ ਚੰਗਾ ਜਿਹੜਾ ਤੁਰਤ ਦੇਵੇ ਜਵਾਬ, ਨਾਲੇ ਹੁਸ਼ਨਾਕ ਬਾਹਮਣੀ ਸੀਂਢ ਦਾ ਤੁੜਕਾ। ਇਕੱਲੇ ਜਣੇ ਨੂੰ ਛੁਟਿਆਉਂਦੇ 'ਇਕ ਨਾਲੋਂ ਦੋ ਭਲੇ' ਜਾਂ 'ਇਕ ਇਕ ਤੇ ਗਿਆਰਾਂ' ਦੇ ਮੁਕਾਬਲੇ ਵਿਚ ਇਕ ਨੂੰ ਹੀ 'ਸਵਾ ਲੱਖ' ਕਹੀ ਜਾਂਦੇ ਹਨ ਤੇ 'ਏਕੇ 'ਚ ਬਰਕਤ' ਵੀ ਦੱਸੀ ਜਾਂਦੇ ਹਨ। ਪਰ ਇਹ ਮੁਹਾਵਰੇ ਦਾ ਵਿਰੋਧਾਭਾਸ ਕਹੀਏ ਜਾਂ ਖੂਬਸੂਰਤੀ ਕਿ 'ਚੋਰ ਤੇ ਲਾਠੀ ਦੋ ਜਣੇ ਮੈਂ ਤੇ ਬਾਪੂ ਕੱਲੇ' ਵਿਚ ਦੋ ਨੂੰ ਇਕ ਤੇ ਇਕ ਨੂੰ ਦੋ ਬਣਾ ਦਿੱਤਾ ਗਿਆ ਹੈ। 'ਬੇਈਮਾਨੀਏ ਤੇਰਾ ਆਸਰਾ' ਦੇ ਟਾਕਰੇ 'ਨੀਅਤ ਸਾਫ ਤੇ ਕੰਮ ਰਾਸ ਹੈ।' ਨਾਲੇ 'ਚੋਰੀ ਦਾ ਗੁੜ ਮਿੱਠਾ' ਦੱਸ ਕੇ ਚੋਰੀ ਕਰਨ ਲਈ ਉਕਸਾਈ ਜਾਂਦੇ ਹਨ ਨਾਲੇ ਕਹਿੰਦੇ ਹਨ ਸੌ ਦਿਨ ਚੋਰ ਦਾ ਤੇ ਇਕ ਦਿਨ ਸਾਧ ਦਾ। ਆਪਣੀ ਆਈ ਤੇ ਆਏ ਮੁਹਾਵਰੇ ਆਨੇ ਪਾਈਆਂ ਦਾ ਖਿਆਲ ਰਖਦੇ ਹਨ, ਵਾਲ ਦੀ ਖੱਲ ਵੀ ਲਾਹੁਣ ਤੱਕ ਜਾਂਦੇ ਹਨ ਨਹੀਂ ਤਾਂ ਉਨੀ ਵੀਹ ਦਾ ਤਾਂ ਕੀ ਉਨੀ ਇਕੀ ਦਾ ਫਰਕ ਵੀ ਨਹੀਂ ਦੇਖਦੇ। ਜੱਟ ਨੇ ਆਪਣਾ ਨੁਕਸਾਨ ਦੁੱਗਣਾ ਬਿਆਨਣਾ ਹੋਵੇ ਤਾਂ ਕਹਿ ਦਿੰਦਾ ਹੈ ਦੋ ਹਜ਼ਾਰ ਦਾ ਨੁਕਸਾਨ ਹੋ ਗਿਆ: ਹਜ਼ਾਰ ਦਾ ਬੋਲਦ ਮਰ ਗਿਆ, ਹਜ਼ਾਰ ਦਾ ਨਵਾਂ ਖਰੀਦਣਾ ਪਿਆ। ਇਸ ਨੂੰ ਕਹਿੰਦੇ ਹਨ ਜੱਟ ਬੁਧੀ! ਵੈਸੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਜੱਟਾਂ ਤੋਂ ਮੁਹਾਵਰੇ ਥੋੜਾ ਡਰਦੇ ਹਨ ਕਿਉਂਕਿ ਇਹ ਸਿਰ 'ਤੇ ਕੋਹਲੂ ਮਾਰ ਦਿੰਦੇ ਹਨ ਤੇ ਮਰੇ ਹੋਏ ਦਾ ਵੀ ਤੇਰਵੀਂ ਹੋਣ ਤੇ ਹੀ ਯਕੀਨ ਬਝਦਾ ਹੈ। ਜੱਟ ਮਚਲਾ ਖੁਦਾ ਨੂੰ ਲੈ ਗਏ ਚੋਰ।

ਮੁਹਾਵਰਾ-ਸੰਸਾਰ ਐਸਾ ਗੰਧਲਾ ਹੈ ਕਿ ਏਥੇ "ਚਾਰ ਪੈਸੇ" ਵਾਲਾ ਬੰਦਾ ਅਮੀਰ ਹੋ ਜਾਂਦਾ ਹੈ ਪਰ "ਲੱਖ ਤੋਂ ਕੱਖ" ਹੋਣ ਨੂੰ ਵੀ ਚਿਰ ਨਹੀਂ ਲਗਦਾ। ਨਾਲੇ ਖੂਹ ਦੀ ਮਿੱਟੀ ਵੀ ਖੂਹ ਨੂੰ ਲੁਆ ਦਿੰਦੇ ਹਨ ਪਰ ਅਕਲਾਂ ਬਿਨਾ ਖੂਹ ਫਿਰ ਖਾਲੀ ਦਾ ਖਾਲੀ ਰਹਿ ਜਾਂਦਾ ਹੈ। ਇਕ ਪਾਸੇ "ਅੰਨ੍ਹੀ ਪੀਹਵੇ ਕੁੱਤਾ ਚੱਟੇ" ਕਹਿ ਕੇ ਵਿਚਾਰੇ ਨੇਤਰਹੀਣ ਦੀ ਲਾਚਾਰੀ ਪ੍ਰਗਟ ਕਰ ਦਿੰਦੇ ਹਨ ਦੂਜੇ ਪਾਸੇ ਅੰਨਿਆਂ ਤੋਂ ਸ਼ੀਰਨੀਆਂ ਵੰਡਾ ਕੇ ਤੇ ਮੁੜ ਮੁੜ ਆਪਣਿਆਂ ਨੂੰ ਦੁਆ ਕੇ ਨੇਤਰਹੀਣ ਹੋਣ ਦੇ ਲਾਭ ਦਰਸਾ ਦਿੰਦੇ ਹਨ। ਪਰ ਫਿਰ ਵੀ ਦੇਖਿਆ ਗਿਆ ਹੈ ਕਿ ਅੱਖਾਂ ਤੇ ਮੁਹਾਵਰੇ ਵਿਸ਼ੇਸ਼ ਤੌਰ 'ਤੇ ਦਿਆਲੂ ਹਨ, ਹਰ ਬੋਲੀ ਵਿਚ ਅੱਖਾਂ ਦੇ ਮੁਹਾਵਰੇ ਕੁਰਬਲ ਕੁਰਬਲ ਕਰਦੇ ਹਨ।

ਮੇਰੀ ਜਾਚੇ ਮੁਹਾਵਰੇ ਬੜੀ ਟੇਢੀ ਖੀਰ ਹੁੰਦੇ ਹਨ। ਅਕਸਰ ਇਹ ਤੁਹਾਨੂੰ ਪਟਕਾ ਮਾਰਦੇ ਹਨ। ਜੇ ਤੁਸੀਂ ਇਨ੍ਹਾਂ ਨਾਲ ਠੀਕ ਵਰਤਾਉ ਨਾ ਕਰੋ ਤਾਂ ਇਹ ਦੋਧਾਰੀ ਤਲਵਾਰ ਬਣ ਕੇ ਉਲਟਾ ਤੁਹਾਡੇ ਤੇ ਵੀ ਵਾਰ ਕਰ ਸਕਦੇ ਹਨ। ਮੁਹਾਵਰਿਆਂ ਕਾਰਨ ਮੈਂ ਕਈ ਵਾਰ ਬੜੀ ਯਭ ਵਾਲੀ ਸਥਿਤੀ ਵਿਚ ਫਸਿਆ ਰਹਿੰਦਾ ਹਾਂ। ਇਸ ਲਈ ਮੈਂ ਆਪਣੇ ਪਾਠਕਾਂ ਦੇ ਕੰਨ ਕਰ ਦੇਣਾ ਚਾਹੁੰਦਾ ਹਾਂ: ਇਨ੍ਹਾਂ ਦੇ ਦੋਗਲੇ ਚਰਿੱਤਰ ਤੋਂ ਬਚੋ, ਹਾਲਾਂਕਿ ਮੈਂ ਆਪ ਵੱਡਿਆਂ ਦੀ ਦੱਸੀ ਇਸ ਗੱਲ ਉਤੇ ਕੰਨ ਨਹੀਂ ਧਰਿਆ। ਸਾਡੇ ਨਾਲ ਹੋਈਆਂ ਹਨ ਐਵੇਂ ਨਹੀਂ ਮੂੰਹ 'ਚੋਂ ਗੱਲ ਕੱਢਦੇ। ਸਾਡੇ ਵਾਕਿਫਕਾਰ ਟਰੱਕਾਂ ਵਾਲੇ ਸੋਹਣ ਸਿੰਘ ਦੀ ਦੇਸ ਰਹਿ ਗਈ ਆਖਰੀ ਨੂੰਹ ਹਜ਼ਾਰ ਹੇਠ-ਉਤੇ ਅਤੇ ਲੱਖ ਹੇਰ-ਫੇਰ ਕਰਕੇ ਆਖਿਰ ਇੰਡੀਆ ਤੋਂ ਆ ਗਈ ਤਾਂ ਉਨ੍ਹਾਂ ਹਜ਼ਾਰ ਹਜ਼ਾਰ ਸ਼ੁਕਰ ਕੀਤੇ ਤੇ ਲੱਖ ਵੱਟਿਆ। ਹੁਣ ਇੰਡੀਆ ਵੱਲ ਉਨ੍ਹਾਂ ਦੀ ਕੋਈ ਝਾਕ ਨਹੀਂ ਸੀ ਰਹਿ ਗਈ, ਜਿਹੜੇ ਦੇਸ਼ ਨਹੀਂ ਜਾਣਾ ਉਹਦਾ ਰਾਹ ਕਿਉਂ ਪੁੱਛਣਾ। ਅਸਾਂ ਸੋਚਿਆ, ਤੇ ਸਾਡਾ ਬਣਦਾ ਵੀ ਸੀ ਕਿ ਉਨ੍ਹਾਂ ਦੀਆਂ ਖੁਸ਼ੀਆਂ ਵਿਚ ਵਾਧਾ ਕਰਨ ਲਈ ਵਧਾਈ ਦਿਤੀ ਜਾਵੇ। ਇਕ ਦਿਨ ਸ਼ਾਮ ਦੇ ਘੁਸਮੁਸੇ ਵਿਚ ਜਦੋਂ ਵਾਜਿਬ ਟਾਈਮ ਹੁੰਦਾ ਹੈ, ਅਸੀਂ ਸਾਰਾ ਪਰਿਵਾਰ ਤਸ਼ਰੀਫ ਦੇ ਟੋਕਰੇ ਚੁੱਕੀ ਤੁਰ ਪਏ। ਅਜਿਹੇ ਕੰਮ ਲਈ ਮੈਂ ਸਾਰੇ ਟੱਬਰ ਨੂੰ ਹਮੇਸ਼ਾ ਖਾਓ-ਪੀਏ ਹੀ ਲਿਜਾਂਦਾ ਹਾਂ, ਉਂਜ ਮੇਰੀ ਮਾਂ ਨੇ ਲੱਖ ਵਾਰੀ ਸਮਝਾਇਆ ਹੈ-ਘਰੋਂ ਜਾਈਏ ਖਾ ਕੇ ਅੱਗੋਂ ਮਿਲੇ ਪਕਾ ਕੇ।

ਮੇਰੇ ਘਰ ਵਾਲੀ ਨੂੰ ਵਧਾਈ ਬਹੁਤੀ ਹੀ ਚੜ੍ਹੀ ਹੋਈ ਸੀ। ਉਹ ਸੋਫੇ 'ਤੇ ਬੈਠਣ ਲੱਗੀ ਕਿ ਨਵੀਂ ਨਵੀਂ ਨੂੰਹ ਆ ਕੇ ਮੱਥਾ ਟੇਕਣ ਲੱਗ ਪਈ। ਉਹ ਬਹਿੰਦੀ ਬਹਿੰਦੀ ਉਠ ਖੜੀ ਹੋਈ ਤੇ ਮੱਥਾ ਟੇਕਣ ਦਾ ਜਵਾਬ ਸਿਰ ਪਿਆਰ ਭੁਗਤਾ ਕੇ ਮੂੰਹ ਵਿਚੋਂ ਕਿਰਨਮ ਕਿਰਨੀ ਹੁੰਦੇ ਵਧਾਈ ਦੇ ਸ਼ਬਦ ਉਗਲਛਣ ਲੱਗ ਪਈ, "ਆਹ ਤਾਂ ਬਹੁਤ ਵਧੀਆ ਹੋਇਆ ਜੀ, ਤੁਹਾਡੀ ਆਖਰੀ ਖਾਹਿਸ਼ ਪੂਰੀ ਹੋ ਗਈ ਤੁਹਾਡੀ ਨੂੰਹ ਰਾਣੀ ਆ ਗਈ। ਤੁਹਾਡਾ ਤਾਂ ਹੁਣ ਟੱਬਰ ਪੂਰਾ ਹੋ ਗਿਆ।" ਕਹਿੰਦੇ ਹਨ ਮੁਰਦਾ ਬੋਲੂ ਖੱਫਣ ਪਾੜੂ। ਮੈਂ ਮੱਥੇ 'ਤੇ ਹੱਥ ਮਾਰਿਆ। ਇਹ ਮੇਰੀ ਘਰ ਵਾਲੀ ਨੇ ਕੀ ਉਚਾਰ ਦਿੱਤਾ। 'ਆਖਰੀ ਖਾਹਿਸ਼' ਤੇ ਫਿਰ 'ਟੱਬਰ ਪੂਰਾ ਹੋ ਗਿਆ'। ਉਨ੍ਹਾਂ ਲਈ ਤਾਂ ਇਹ ਬਖਤਾਵਰ ਦਿਨ ਹਨ। ਮੈਂ ਕਦੇ 'ਤਾਂਹ ਦੇਖਾਂ ਕਦੇ ਠਾਂਹ'। ਮੱਥੇ 'ਤੇ ਤਰੇਲੀਆਂ ਛੁੱਟਣ ਲੱਗੀਆਂ। ਤਕਾਲ-ਸੰਧਿਆ ਦਾ ਵੇਲਾ, ਘਰ ਨਵੀਂ ਨਵੀਂ ਨੂੰਹ ਤੇ ਇਹ ਸੁਜਾਨ ਕੌਰ ਉਨ੍ਹਾਂ ਦੀ ਆਖਰੀ ਖਾਹਿਸ਼ ਦੱਸ ਕੇ ਟੱਬਰ ਹੀ ਪੂਰਾ ਕਰ ਰਹੀ ਹੈ। ਘਰ 'ਚ ਸੁੰਨ ਵਰਤ ਗਈ। ਮੈਨੂੰ ਧਰਤੀ ਗਰਕਣ ਨੂੰ ਵਿਹਲ ਨਹੀਂ ਸੀ ਦੇ ਰਹੀ। ਕਮਲਿਆਂ ਦਾ ਟੱਬਰ ਸਾਡਾ, ਕੀ ਕਰੀਏ। ਹੁਣ ਤਕ ਘਰ ਵਾਲੀ ਨੂੰ ਵੀ ਦਾਲ ਵਿਚ ਕੁਝ ਕਾਲਾ ਕਾਲਾ ਤਾਂ ਦਿਸਣ ਲੱਗ ਪਿਆ ਪਰ ਇਹ ਕੀ ਸੀ, ਉਹਦੇ ਖਾਨੇ ਨਾ ਪਿਆ।

ਪਰ ਆਪਣੇ ਯਾਰ ਸੋਹਣ ਸਿੰਘ ਨੇ ਸਥਿਤੀ ਸੰਭਾਲ ਲਈ। ਆਖਿਰ ਕਿਸਦੀ ਜ਼ਬਾਨ ਗੋਤਾ ਨਹੀਂ ਖਾ ਜਾਂਦੀ, ਕੋਈ ਅਸਮਾਨ ਤਾਂ ਨਹੀਂ ਸੀ ਢਹਿ ਪਿਆ। ਸਾਡੀ ਇਜ਼ਤ ਦਾ ਧਿਆਨ ਰਖਦਿਆਂ ਉਸਨੇ ਸਿਰਫ 'ਹੀ...ਹੀ...ਹੀ' ਹੀ ਉਚਾਰ ਕੇ ਗੱਲ ਹੋਊ ਪਰ੍ਹੇ ਕਰਨ ਦੀ ਕੀਤੀ। ਮੁਰਦੇਹਾਣਾ ਮਾਹੌਲ ਚਾਹ ਦੇ ਪਿਆਲਿਆਂ ਤੇ ਲੱਡੂਆਂ ਨਾਲ ਜੀਵਿਤ ਹੋਣ ਲੱਗਾ ਤਾਂ ਮੈਂ ਉਲਝੀ ਤਾਣੀ ਸੁਲਝਾਉਣ ਦੀ ਠਾਣੀ। ਗਲਾ ਸਾਫ ਕਰਦਿਆਂ ਮੈਂ ਗਲਤੀ ਸੁਧਾਰਨ ਲਈ ਕਿਹਾ, "ਅਸਲ 'ਚ ਜੀ ਮੇਰੀ ਘਰ ਦੀ ਦਾ ਮਤਲਬ ਸੀ ਕਿ ਹੁਣ ਤੁਹਾਡੇ ਟੱਬਰ ਦਾ 'ਕੱਠ ਹੋ ਗਿਆ।" ਮੇਰੇ ਮੂੰਹ 'ਚੋਂ ਇਹ ਵਾਕ ਨਿਕਲੇ ਹੀ ਸਨ ਕਿ ਮੈਂ ਮਹਿਸੂਸ ਕਰ ਲਿਆ ਮੈਂ ਤਾਂ ਬਲਦੀ 'ਚ ਤੇਲ ਪਾ ਦਿੱਤਾ ਸੀ। ਪਰ ਤੀਰ ਚੱਲ ਚੁਕਾ ਸੀ। ਪਤਾ ਨਹੀਂ ਅੱਜ ਕੌਣ ਮੱਥੇ ਲੱਗਾ ਕਿ ਜ਼ਬਾਨ ਟਪਲੇ ਹੀ ਖਾਈ ਜਾਂਦੀ ਹੈ। ਹੱਥ ਕੰਗਣ ਨੂੰ ਆਰਸੀ ਕੀ, ਪੜ੍ਹੇ ਲਿਖੇ ਨੂੰ ਫਾਰਸੀ ਕੀ, ਪਰਤੱਖ ਸੀ ਸਾਡਾ ਸਾਰਾ ਆਵਾ ਹੀ ਊਤ ਗਿਆ ਸੀ। ਟੱਬਰ ਤਾਂ ਘਰ ਵਾਲੀ ਨੇ ਚੁੱਕ 'ਤਾ ਸੀ ਮੈਂ ਤਾਂ ਉਨ੍ਹਾਂ ਦਾ ਭੋਗ ਪਾ ਕੇ 'ਕੱਠ ਵੀ ਕਰ ਦਿੱਤਾ ਸੀ। ਮੇਜ਼ ਦੁਆਲੇ ਬੈਠੇ ਸਾਰੇ ਜੀਆਂ ਦੇ ਚਾਹ ਦੇ ਕੱਪ ਛਲਕ ਗਏ। ਫਸੀ ਨੂੰ ਫਟਕਣ ਕੀ, ਸੌ ਘੜੇ ਪਾਣੀ ਪਿਆ ਸਿਰ ਮੈਂ ਅੱਗੇ ਧਰ ਕੇ ਜ਼ਿਬਾਹ ਹੋਣ ਲਈ ਵੀ ਤਿਆਰ ਸੀ ਪਰ ਪਿੱਛੇ ਕਿਧਰੇ ਥਾਂ ਸਿਰ ਟਿਕਿਆ ਪਿਆ ਘਰ ਦਾ ਬੁੜਾ ਜੋ ਹਨੇਰੇ ਜਿਹੇ ਵਿਚ ਦਿਖਾਈ ਨਹੀਂ ਸੀ ਦੇ ਰਿਹਾ, ਪ੍ਰਗਟ ਹੋ ਗਿਆ। ਤਾਂ ਹੀ ਪਤਾ ਲੱਗਾ ਜਦ ਉਸਨੇ ਸੋਟਾ ਖੜਕਾਇਆ ਤੇ ਮੂੰਹ 'ਚੋਂ ਕੜਕਿਆ, "ਚੰਗਾ ਹੈ ਸਰਦਾਰ ਜੀ ਹੁਣ ਤੁਸੀਂ ਸਾਡੇ ਘਰੋਂ ਚਲਾਣਾ ਕਰੋ, ਨਹੀਂ ਤੁਹਾਨੂੰ ਪਾਰ ਬੁਲਾਉਣਾ ਪਊ।"

ਸੌ ਹੱਥ ਰੱਸਾ ਸਿਰੇ ਤੇ ਗੰਢ, ਮੁਹਾਵਰਿਆਂ ਨਾਲ ਕਦੇ ਪੰਗਾ ਨਾ ਲਓ।

## ਪੀਰ ਬਾਬਿਆਂ ਦੀ ਚਾਂਦੀ

ਅੱਗ ਲਾ ਕੇ ਸਾੜਦੇ ਹਨ।

ਲੋਕਾਂ ਦੇ ਕਰੈਡਿਟ ਕਾਰਡ ਲੈਣ ਵਾਲੇ ਇਹ ਪੀਰ ਬਾਬੇ ਇਹ ਵੀ ਝਾਂਸਾ ਦਿੰਦੇ ਹਨ ਕਿ ਤੁਹਾਡੀ ਨਿਜੀ ਜਾਣਕਾਰੀ ਗੁਪਤ ਰੱਖੀ ਜਾਏਗੀ ਪਰ ਬਲੈਕਮੇਲ ਕਰਨ ਦਾ ਇਹ ਵੀ ਇਕ ਤਰੀਕਾ ਹੈ। ਇਹੀ ਲੋਕ ਦੂਜਿਆਂ ਸਾਹਮਣੇ ਤੁਹਾਨੂੰ ਨਸ਼ਰ ਕਰਨ ਦਾ ਡਰਾਵਾ ਦੇ ਕੇ ਤੁਹਾਨੂੰ ਬਲੈਕਮੇਲ ਕਰਦੇ ਹਨ। ਹੁਣ ਆਈਏ ਲਾਟਰੀ ਦਾ ਨੰਬਰ ਦੱਸਣ ਵੱਲ। ਭਲਾ ਜੇ ਇਨ੍ਹਾਂ ਲੋਕਾਂ ਕੋਲ ਲਾਟਰੀ ਦਾ ਨੰਬਰ ਪਤਾ ਲਾਉਣ ਦਾ ਗੁਰ ਹੋਵੇ ਫਿਰ ਇਹ ਸਭ ਤੋਂ ਪਹਿਲਾਂ ਆਪਣੀ ਹੀ ਲਾਟਰੀ ਕਿਉਂ ਨਹੀਂ ਕੱਢ ਲੈਂਦੇ? ਕਿਉਂ ਅਖਬਾਰਾਂ ਵਿਚ ਇਸ਼ਤਿਹਾਰ ਦੇ ਕੇ ਥੋੜੇ ਥੋੜੇ ਡਾਲਰ ਇਕੱਠੇ ਕਰਦੇ ਫਿਰਦੇ ਹਨ? ਕੁਝ ਸਾਲ ਪਹਿਲਾਂ ਅਮਨ ਸਾਹਿਬ ਨਾਂ ਦਾ ਇਕ ਅਜਿਹਾ ਹੀ ਠੱਗ ਪੀਰ ਬਾਬਾ ਸ਼ਿਕਾਗੋ ਵਿਚ ਲੋਕਾਂ ਨੂੰ ਲਾਟਰੀ ਨੰਬਰ ਦੇਣ ਦਾ ਝਾਂਸਾ ਦੇ ਕੇ ਉਨ੍ਹਾਂ ਤੋਂ ਪੈਸੇ ਬਟੋਰਦਾ ਰਿਹਾ। ਇਹ ਵੀ ਕਿਹਾ ਜਾਂਦਾ ਹੈ ਕਿ ਇਹ ਬਾਬਾ ਇਸ ਤੋਂ ਪਹਿਲਾਂ ਟੈਕਸਸ ਵਿਚ ਵੀ ਇਹੋ ਕੁਝ ਕਰਦਾ ਰਿਹਾ। ਸ਼ਿਕਾਗੋ ਵਿਚੋਂ ਇਕ ਯੂਨੀਵਰਸਿਟੀ ਪ੍ਰੋਫੈਸਰ ਨੂੰ ਕੋਈ ਦੋ ਲੱਖ ਡਾਲਰ ਦਾ ਚੂਨਾ ਲਾਉਣ ਉਪਰੰਤ ਇਹ ਠੱਗ ਬੇ-ਏਰੀਆ ਕੈਲੀਫੋਰਨੀਆ ਜਾ ਨਮੂਦਾਰ ਹੋਇਆ। ਉਥੇ ਇਸ ਨੇ ਆਪਣਾ ਨਾਂ... ਰੱਖਿਆ ਅਤੇ ਲਾਟਰੀ ਨੰਬਰ ਦੇਣ ਦਾ ਉਹੀ ਪੁਰਾਣਾ ਝਾਂਸਾ ਦੇ ਕੇ ਇਕ ਪੱਤਰਕਾਰ ਤੇ ਡਾਕਟਰ ਸਮੇਤ ਕਈ ਲੋਕਾਂ ਨੂੰ ਚੂਨਾ ਲਾਇਆ। ਉਨ੍ਹਾਂ ਦਾ ਤਾਂ ਕਿਸੇ ਦੀ ਲਾਟਰੀ ਨਹੀਂ ਨਿਕਲੀ ਪਰ ਇਹ ਪੀਰ ਬਾਬਾ ਉਨ੍ਹਾਂ ਦੇ ਪੈਸੇ ਨਾਲ ਆਪਣੀ ਲਾਟਰੀ ਕੱਢ ਕੇ ਇਕ ਦਿਨ ਛਪਨ ਛੂੰ ਹੋ ਗਿਆ। ਇਹ ਬਾਬਾ ਹੱਥ ਦੀ ਕਿਸੇ ਚਲਾਕੀ ਰਾਹੀਂ ਉਬਲੇ ਆਂਡਿਆਂ ਵਿਚੋਂ ਲਾਟਰੀ ਨੰਬਰ ਦੀ ਪਰਚੀ ਕੱਢਿਆ ਕਰਦਾ ਸੀ। ਅਜਿਹਾ ਇਕ ਹੋਰ ਬਾਬਾ ਵੈਨਕੂਵਰ, ਕੈਨੇਡਾ ਵਿਚ ਵੀ ਇਸੇ ਤਰ੍ਹਾਂ ਦਾ ਢੰਗ ਵਰਤ ਕੇ ਕਈ ਲੋਕਾਂ ਨੂੰ ਚੂਨਾ ਲਾ ਕੇ ਉਡੰਤਰ ਹੋ ਗਿਆ ਸੀ। ਕਹਿਣ ਦਾ ਭਾਵ ਇਹ ਹੈ ਕਿ ਹੋਰ ਕਿਸੇ ਦੇ ਮਸਲੇ ਹੱਲ ਹੋਣ ਨਾ ਹੋਣ ਪੈਸੇ ਟਕੇ ਵਲੋਂ ਇਨ੍ਹਾਂ ਪੀਰ ਬਾਬਿਆਂ ਅਤੇ ਇਨ੍ਹਾਂ ਦੇ ਇਸ਼ਤਿਹਾਰ ਛਾਪਣ ਵਾਲੇ ਮੀਡੀਏ ਦੇ ਮਸਲੇ ਜ਼ਰੂਰ ਹੱਲ ਹੋਏ ਹਨ। ਅੱਗੋਂ ਹੁਣ ਸਾਡੀ ਮਰਜ਼ੀ ਹੈ ਕਿ ਅਸੀਂ ਅਕਲ ਤੋਂ ਕੰਮ ਲੈਣਾ ਹੈ ਜਾਂ ਫਿਰ ਇਨ੍ਹਾਂ ਦੇ ਝਾਂਸੇ ਵਿਚ ਆਉਂਦੇ ਹੀ ਰਹਿਣਾ ਹੈ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਜਿੰਨਾ ਠੱਗੀ ਲਾਉਣ ਵਾਲਾ ਚਲਾਕ ਨਹੀਂ ਹੁੰਦਾ ਉਸ ਤੋਂ ਜਿੰਨੇ ਠੱਗੀ ਖਾਣ ਵਾਲੇ ਭੋਲੇ ਜਾਂ ਮੂਰਖ ਹੁੰਦੇ ਹਨ।

NirpalKaur.com
ਨਿਰਪਾਲ ਕੌਰ ਡਾਟ ਕੌਮ
A WEBSITE SHOWCASING THE TASTE OF PUNJABI FOOD
ਪੰਜਾਬਣ ਦੀ ਰਸੋਈ
ਖਿੱਚੇ ਇਸ ਦੀ ਖੁਸ਼ਬੋਈ
VISIT : WWW.NIRPALKAUR.COM
HOME COOKING, FASHION AND HEALTH

# ਅੰਮ੍ਰਿਤਸਰ ਐਲਾਨਨਾਮੇ ਦੀਆਂ ਜੰਮਣ ਪੀੜਾਂ ਜਰਨ ਵਾਲੇ ਆਗੂ

*ਆਨੰਦਪੁਰ ਸਾਹਿਬ ਦੇ ਮਤੇ ਤੋਂ ਬਾਅਦ ਅੰਮ੍ਰਿਤਸਰ ਐਲਾਨਨਾਮਾ ਸਿੱਖ ਪੰਥ ਦੇ ਨਿਸ਼ਾਨਿਆਂ ਅਤੇ ਰਾਜਨੀਤਕ ਇਛਾਵਾਂ ਦੀ ਦ੍ਰਿਸ਼ਟੀ ਤੋਂ ਦੂਜਾ ਮਹੱਤਵਪੂਰਨ ਰਾਜਨੀਤਕ ਦਸਤਾਵੇਜ਼ ਹੈ। ਇਸ ਐਲਾਨਨਾਮੇ ਦੀ ਆਮਦ ਤੋਂ ਬਾਅਦ ਵੀ ਸਿੱਖ ਹਲਕਿਆਂ ਤੇ ਮੀਡੀਆ ਵਿਚ ਕਾਫੀ ਵਿਆਪਕ ਪੱਧਰ 'ਤੇ ਵਿਚਾਰ ਚਰਚਾ ਹੋਈ ਸੀ। ਇਸ ਦੌਰਾਨ ਅੰਮ੍ਰਿਤਸਰ ਐਲਾਨਨਾਮੇ ਦੇ ਹੱਕ ਵਿਚ ਅਤੇ ਵਿਰੋਧ ਵਿਚ ਅਖ਼ਬਾਰਾਂ ਵਿਚ ਲੇਖ ਲਿਖੇ ਗਏ। ਸੰਪਾਦਕੀ ਛਪੇ ਅਤੇ ਹੋਰ ਰਾਜਨੀਤਕ ਟਿੱਪਣੀਆਂ ਵੀ ਸਾਹਮਣੇ ਆਈਆਂ। ਇਨ੍ਹਾਂ ਸਾਰੀਆਂ ਲਿਖਤਾਂ ਨੂੰ ਤਾਂ ਹਾਲੇ ਇਕ ਥਾਂ ਇਕੱਠੇ ਨਹੀਂ ਕੀਤਾ ਜਾ ਸਕਦਾ ਪਰ ਅਸੀਂ ਅੰਮ੍ਰਿਤਸਰ ਐਲਾਨਨਾਮੇ 'ਤੇ ਦਸਤਖ਼ਤ ਕਰਨ ਵਾਲੇ ਕੁਝ ਰਾਜਨੀਤਕ ਆਗੂਆਂ ਅਤੇ ਕੁਝ ਮਹੱਤਵਪੂਰਨ ਅਖ਼ਬਾਰੀ ਲੇਖਾਂ ਤੇ ਟਿੱਪਣੀਆਂ ਨੂੰ ਇਥੇ ਛਾਪਣ ਦਾ ਉਪਰਾਲਾ ਕਰ ਰਹੇ ਹਾਂ ਤਾਂ ਕਿ ਪਾਠਕਾਂ ਨੂੰ ਸਿੱਖ ਲੀਡਰਾਂ ਦੇ ਆਪਣੀਆਂ ਰਾਜਨੀਤਕ ਖਾਹਿਸ਼ਾਂ ਦੇ ਪ੍ਰਗਟਾਵੇ, ਇਨ੍ਹਾਂ ਅਨੁਸਾਰ ਰਾਜਨੀਤਕ ਨਿਸ਼ਾਨੇ ਮਿੱਥਣ ਅਤੇ ਫਿਰ ਇਨ੍ਹਾਂ ਨਿਸ਼ਾਨਿਆਂ ਤੋਂ ਭੱਜਣ ਦਾ ਇਤਿਹਾਸ ਸਮਝ ਆ ਸਕੇ। ਕੋਈ ਇਕ ਨਿਸ਼ਾਨਾ ਹਾਲੇ ਪੂਰਾ ਨਹੀਂ ਹੁੰਦਾ ਦੂਜਾ ਬਣਾ ਲਿਆ ਜਾਂਦਾ ਹੈ। -ਸੰਪਾਦਕ*

---

### ਪੰਜਾਬ ਟਾਈਮਜ਼ ਬਿਊਰੋ

ਸ਼੍ਰੋਮਣੀ ਅਕਾਲੀ ਦਲ ਦੇ ਸਿਰਮੌਰ ਨੇਤਾਵਾਂ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਸਿੱਖ ਕੌਮ ਨੂੰ ਇਨਸਾਫ ਦਿਵਾਉਣ ਲਈ ਹੁਣ ਤੋਂ ਢਾਈ ਤਿੰਨ ਦਹਾਕੇ ਪਹਿਲਾਂ ਆਨੰਦਪੁਰ ਸਾਹਿਬ ਮਤੇ ਦੀ ਪੂਰਤੀ ਲਈ ਧਰਮਯੁੱਧ ਮੋਰਚਾ ਲਾਇਆ ਸੀ। 1982 ਤੋਂ ਲੈ ਕੇ ਸਾਲ 1994 ਤੱਕ ਹਜ਼ਾਰਾਂ ਨੌਜਵਾਨਾਂ ਦੀਆਂ ਜਾਨਾਂ ਗਈਆਂ। ਅਸੀਂ 'ਪੰਜਾਬ ਟਾਈਮਜ਼' ਦੇ ਅਮਰੀਕਾ ਵਿਚਲੇ ਨੌਜਵਾਨ ਪੀੜ੍ਹੀ ਦੇ ਪਾਠਕਾਂ ਦੀ ਮੰਗ 'ਤੇ ਮਤੇ ਦੀ 1973 ਅਤੇ 1978 ਵਾਲੇ ਪਾਠਾਂ ਅਤੇ ਉਨ੍ਹਾਂ ਬਾਰੇ ਉੱਘੇ ਸਿਖ ਵਿਦਵਾਨ ਡਾ. ਜਸਬੀਰ ਸਿੰਘ ਆਹਲੂਵਾਲੀਆ ਦੀਆਂ ਟਿੱਪਣੀਆਂ ਪੇਸ਼ ਕੀਤੀਆਂ ਸਨ। ਕੁਝ ਪਾਠਕਾਂ ਦੀ ਮੰਗ ਸੀ ਕਿ 'ਅੰਮ੍ਰਿਤਸਰ ਐਲਾਨਨਾਮੇ' ਬਾਰੇ ਵੀ ਜਾਣਕਾਰੀ ਦਿੱਤੀ ਜਾਵੇ।

ਅਸਲ ਵਿਚ ਅਨੰਦਪੁਰ ਸਾਹਿਬ ਦੇ ਮਤੇ ਦੀ ਪੂਰਤੀ ਅਜੇ ਹੋਈ ਵੀ ਨਹੀਂ ਸੀ ਕਿ ਸਾਲ 1992 'ਚ ਸ. ਬੇਅੰਤ ਸਿੰਘ ਦੀ ਅਗਵਾਈ ਹੇਠ ਬਣੀ ਸਰਕਾਰ ਨੇ ਸਾਲ 1994 ਤੱਕ ਖਾੜਕੂ ਸਿੱਖ ਨੌਜਵਾਨਾਂ ਦੇ ਅੰਦੋਲਨ ਨੂੰ ਸਖਤੀ ਨਾਲ ਕੁਚਲ ਦਿਤਾ। ਨੌਜਵਾਨ ਦੇ ਖੂਨ ਦੇ ਛਿੱਟੇ ਅਜੇ ਸੁੱਕੇ ਵੀ ਨਹੀਂ ਸਨ ਕਿ ਸ਼੍ਰੋਮਣੀ ਅਕਾਲੀ ਦਲ ਦੀ ਉਸੇ ਪੁਰਾਣੀ ਲੀਡਰਸ਼ਿਪ ਜਥੇਦਾਰ ਗੁਰਚਰਨ ਸਿੰਘ ਟੌਹੜਾ, ਜਥੇਦਾਰ ਜਗਦੇਵ ਸਿੰਘ ਤਲਵੰਡੀ, ਸ. ਸੁਰਜੀਤ ਸਿੰਘ ਬਰਨਾਲਾ ਵਗੈਰਾ ਨੇ ਕੁਝ ਬੁੱਧੀਜੀਵੀਆਂ ਕੋਲੋਂ 13 ਅਪ੍ਰੈਲ 1994 ਤੋਂ ਕੁਝ ਦਿਨ ਪਿਛੋਂ ਸ੍ਰੀ ਅਕਾਲ ਤਖਤ ਤੇ ਇਕੱਠੇ ਹੋ ਕੇ ਅੰਮ੍ਰਿਤਸਰ ਐਲਾਨਨਾਮਾ ਤਿਆਰ ਕਰਵਾ ਲਿਆ।

ਸਾਡੀ ਜਾਣਕਾਰੀ ਅਨੁਸਾਰ ਉਸ ਸਮੇਂ ਸ੍ਰੀ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਪ੍ਰੋ. ਮਨਜੀਤ ਸਿੰਘ ਵਲੋਂ 10-12 ਸਾਲ ਚਲੇ ਹਿੰਸਾ ਦੇ ਦੌਰ ਤੋਂ ਬਾਅਦ ਸਿੱਖ ਕੌਮ ਨੂੰ ਬੇਦਿਲੀ ਦੀ ਮੌਨ ਅਵਸਥਾ 'ਚੋਂ ਬਾਹਰ ਕੱਢਣ ਲਈ ਸ੍ਰੀ ਹਰਿਗੋਬਿੰਦਪੁਰ ਸਾਹਿਬ ਤੋਂ ਸ੍ਰੀ ਦਮਦਮਾ ਸਾਹਿਬ ਤੱਕ ਚੇਤਨਾ ਮਾਰਚ ਕੱਢਿਆ ਗਿਆ। ਅੰਤਿਮ ਦੀਵਾਨ 13 ਅਪ੍ਰੈਲ 1994 ਨੂੰ ਸ੍ਰੀ ਦਮਦਮਾ ਸਾਹਿਬ ਰੱਖਿਆ ਗਿਆ। ਉਸ ਸਮੇਂ ਵੱਖ-ਵੱਖ ਅਕਾਲੀ ਦਲਾਂ ਦੀ ਵੱਡੀ ਸਾਰੀ ਅਕਾਲੀ ਲੀਡਰਸ਼ਿਪ ਵੀ ਉਥੇ ਪੁੱਜੀ। ਉਸ ਇਕੱਠ ਵਿਚ ਮਾਹੌਲ ਦੀ ਭਾਵੁਕਤਾ ਦਾ ਲਾਹਾ ਲੈਂਦਿਆਂ ਸ. ਸਿਮਰਨਜੀਤ ਸਿੰਘ ਮਾਨ ਨੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਪ੍ਰੋ. ਮਨਜੀਤ ਸਿੰਘ ਨੂੰ ਉਸੇ ਵਕਤ ਅਕਾਲੀ ਦਲਾਂ ਦੀ ਏਕਤਾ ਕਰਵਾਉਣ ਲਈ ਅਪੀਲ ਕਰ ਦਿੱਤੀ। ਪ੍ਰੋ. ਮਨਜੀਤ ਸਿੰਘ ਨੇ ਸ. ਮਾਨ ਦੀ ਗੱਲ ਮੰਨ ਲਈ ਤੇ ਅਕਾਲੀ ਦਲ ਦੇ ਨੇਤਾਵਾਂ ਨੂੰ ਇਸ ਸਬੰਧੀ ਦਰਖਾਸਤ ਕਰਨ ਲਈ ਬੰਨ੍ਹ ਦਿੱਤਾ। ਕੈਪਟਨ ਅਮਰਿੰਦਰ ਸਿੰਘ, ਸ. ਬਰਨਾਲਾ, ਸ. ਪ੍ਰਕਾਸ਼ ਸਿੰਘ ਬਾਦਲ ਸਮੇਤ ਸਭਨਾਂ ਨੇ ਦਸਤਖਤ ਕਰ ਦਿੱਤੇ। ਇਹ ਵੱਖਰੀ ਗੱਲ ਹੈ ਕਿ ਸ. ਬਾਦਲ ਨੇ ਇਹ ਦਸਤਖਤ ਰੋਂਦਿਆ ਪਿਟਦਿਆਂ ਹੀ ਕੀਤੇ। ਮਾਨਸਾ ਦੇ ਉੱਘੇ ਵਕੀਲ ਸ. ਅਜੀਤ ਸਿੰਘ ਭੰਗੂ ਜੋ ਕਿ ਖਾੜਕੂ ਸਿੱਖ ਅੰਦੋਲਨ ਦੇ ਸਮਰਥਕ ਸਨ, ਉਸ ਸਮੇਂ ਮੌਕੇ 'ਤੇ ਹਾਜ਼ਰ ਸਨ। ਉਨ੍ਹਾਂ ਦੇ ਦੱਸਣ ਅਨੁਸਾਰ ਸ. ਬਾਦਲ ਨੇ ਦਸਤਖਤ ਤਾਂ ਕਰ ਦਿੱਤੇ ਪ੍ਰੰਤੂ ਜਥੇਦਾਰ 'ਤੇ ਇਹ ਇਲਜ਼ਾਮ ਵੀ ਲਗਾ ਦਿੱਤਾ ਕਿ ਚੇਤਨਾ ਮਾਰਚ ਦਾ ਸਾਰਾ ਡਰਾਮਾ ਉਨ੍ਹਾਂ ਨੂੰ ਏਕਤਾ ਦੇ ਜੂਲੇ ਵਿਚ ਫਸਾਉਣ ਲਈ ਹੀ ਕੀਤਾ ਗਿਆ ਸੀ।

ਇਹ ਏਕਤਾ ਬਾਅਦ ਵਿਚ ਸ੍ਰੀ ਅਕਾਲ ਤਖਤ 'ਤੇ ਆ ਕੇ ਹੋਣੀ ਸੀ ਪ੍ਰੰਤੂ ਜਾਣਕਾਰ ਸੂਤਰਾਂ ਅਨੁਸਾਰ ਪ੍ਰਕਾਸ਼ ਸਿੰਘ ਬਾਦਲ ਨੇ ਆਪਣਾ ਬਚਾਓ ਕਰਨ ਲਈ ਸ੍ਰੀ ਦਮਦਮਾ ਸਾਹਿਬ ਤੋਂ ਸਿੱਧਾ ਜਲੰਧਰ ਆ ਕੇ ਪੰਜਾਬੀ ਅਖਬਾਰ 'ਅਜੀਤ' ਦੇ ਸੰਪਾਦਕ ਸ. ਬਰਜਿੰਦਰ ਸਿੰਘ ਹਮਦਰਦ ਦੀ 'ਪਨਾਹ' ਲੈ ਲਈ ਅਤੇ ਅਕਾਲੀ ਏਕਤਾ ਤੋਂ ਪੈਰ ਪਿਛਾਂਹ ਖਿਚ ਲਏ।

ਉਧਰ ਪ੍ਰੋ. ਮਨਜੀਤ ਸਿੰਘ ਨੇ ਸ. ਬਾਦਲ ਤੋਂ ਬਿਨਾ ਹੀ ਸ੍ਰੀ ਅਕਾਲ ਤਖਤ ਦੇ ਅਸ਼ੀਰਵਾਦ ਨਾਲ ਰਹਿੰਦੇ ਹੋਰ ਸਾਰੇ ਅਕਾਲੀ ਆਗੂਆਂ ਨੂੰ ਲੈ ਕੇ ਏਕਤਾ ਕਰਵਾਉਣ ਅਤੇ ਬਾਦਲ ਸਾਹਿਬ ਨੂੰ ਸਿੱਖ ਸੰਗਤਾਂ ਵਿਚੋਂ ਅਲੱਗ ਥਲੱਗ ਕਰਨ ਦਾ ਬੀੜਾ ਚੁੱਕ ਲਿਆ ਪ੍ਰੰਤੂ ਏਕਤਾ ਦਾ ਕੰਮ ਅਜੇ ਵੀ ਸੌਖਾ ਨਹੀਂ ਸੀ। ਘੱਟੋ ਘੱਟ ਸਾਂਝਾ ਪ੍ਰੋਗਰਾਮ ਕੋਈ ਬਣ ਨਹੀਂ ਰਿਹਾ ਸੀ। ਪ੍ਰੋ. ਮਨਜੀਤ ਸਿੰਘ ਦੇ ਉਸ ਸਮੇਂ ਦੇ ਦੋਵੇਂ ਸਲਾਹਕਾਰ ਡਾ. ਕਿਹਰ ਸਿੰਘ ਤੇ ਡਾ. ਬਲਕਾਰ ਸਿੰਘ ਕੋਲੋਂ ਕੋਈ ਗੱਲ ਬਣ ਨਹੀਂ ਰਹੀ ਸੀ। ਉਨ੍ਹਾਂ ਨੇ ਕੌੜਾ ਅੱਕ ਚੱਬਦਿਆਂ ਨਾ ਚਾਹੁੰਦਿਆਂ ਹੋਇਆ ਵੀ ਪੱਤਰਕਾਰ ਸ. ਕਰਮਜੀਤ ਸਿੰਘ ਅਤੇ ਉਨ੍ਹਾਂ ਦੇ ਖਾੜਕੂ ਸਮਰਥਕ ਸਾਥੀ ਜਸਪਾਲ ਸਿੰਘ ਢਿਲੋਂ ਦੀਆਂ ਸੇਵਾਵਾਂ ਲੈ ਲਈਆਂ।

ਪ੍ਰੰਤੂ ਸਾਂਝਾ ਮਤਾ ਉਨ੍ਹਾਂ ਕੋਲੋਂ ਵੀ ਨਾ ਬਣਿਆ। ਉਨ੍ਹੀਂ ਦਿਨੀਂ ਕਰਨਲ ਜਸਮੇਰ ਸਿੰਘ ਬਾਲਾ ਸ਼੍ਰੋਮਣੀ ਬੱਬਰ ਅਕਾਲੀ ਦਲ ਦੇ ਨੁਮਾਇੰਦੇ ਸਨ। ਉਨ੍ਹਾਂ ਦੇ ਦੱਸਣ ਅਨੁਸਾਰ ਉਨ੍ਹਾਂ ਨੇ ਇਸ ਕੰਮ ਲਈ ਪੰਜਾਬੀ ਯੂਨੀਵਰਸਿਟੀ ਦੇ ਡਾ. ਗੁਰਭਗਤ ਸਿੰਘ ਦੀ ਦੱਸ ਪਾ ਦਿੱਤੀ। ਸ. ਕਰਮਜੀਤ ਸਿੰਘ ਅਤੇ ਜਸਪਾਲ ਸਿੰਘ ਢਿੱਲੋਂ ਨੇ ਰਾਤੋ ਰਾਤ ਡਾ. ਗੁਰਭਗਤ ਸਿੰਘ ਨੂੰ ਲੈ ਕੇ ਅਕਾਲ ਤਖਤ 'ਤੇ ਪਹੁੰਚਾ ਦਿੱਤਾ ਅਤੇ ਉਨ੍ਹਾਂ ਨੇ 5-7 ਮਿੰਟ ਲਗਾ ਕੇ 'ਅੰਮ੍ਰਿਤਸਰ ਐਲਾਨਨਾਮੇ' ਦਾ ਪਾਠ ਲਿਖ ਦਿੱਤਾ ਜਿਸ ਉਪਰ ਕੈਪਟਨ ਅਮਰਿੰਦਰ ਸਿੰਘ, ਸ. ਬਰਨਾਲਾ, ਜਥੇਦਾਰ ਟੌਹੜਾ ਅਤੇ ਸ. ਮਾਨ-ਸਾਰਿਆਂ ਨੇ ਦਸਤਖਤ ਕਰ ਦਿੱਤੇ।

ਡਾ. ਬਲਕਾਰ ਸਿੰਘ ਕੋਲੋਂ ਪੁਛ-ਪੜਤਾਲ ਕਰਨ 'ਤੇ ਉਨ੍ਹਾਂ ਦੱਸਿਆ ਕਿ 'ਅੰਮ੍ਰਿਤਸਰ ਐਲਾਨਨਾਮਾ' ਬਣਿਆ ਤਾਂ ਇਸੇ ਤਰ੍ਹਾਂ ਹੀ ਸੀ, ਪਰੰਤੂ ਉਸ ਵਿਚ ਕੋਈ ਐਡਾ ਭੂਤ ਵੀ ਨਹੀਂ ਸੀ ਛੁਪਿਆ ਹੋਇਆ। ਜਥੇਦਾਰ ਪ੍ਰੋ. ਮਨਜੀਤ ਸਿੰਘ ਨੇ ਸ. ਬਾਦਲ ਨੂੰ ਸ੍ਰੀ ਅਕਾਲ ਤਖਤ 'ਤੇ ਸੱਦ ਕੇ 'ਨੰਗਾ' ਵੀ ਕਰ ਦਿੱਤਾ ਸੀ। ਉਹ ਮੋੜ ਸੀ ਜਦੋਂ ਸ੍ਰੀ ਅਕਾਲ ਤਖਤ ਦੇ ਆਸਰੇ ਨਾਲ ਸ. ਬਾਦਲ ਨੂੰ ਪਾਸੇ ਕੀਤਾ ਜਾ ਸਕਦਾ ਸੀ। ਡਾ. ਬਲਕਾਰ ਸਿੰਘ ਦੱਸਦੇ ਹਨ-ਸਿੱਖਾਂ ਦੀ ਕਿਸਮਤ ਮਾੜੀ ਸੀ। 'ਅੰਮ੍ਰਿਤਸਰ ਐਲਾਨਨਾਮੇ' ਵਿਚ ਡਾ. ਗੁਰਭਗਤ ਸਿੰਘ ਹੋਰਾਂ ਨੇ ਫੈਡਰਲ ਦੀ ਥਾਂ ਕੋਈ ਕਨਫੈਡਰਲ ਢਾਂਚੇ ਦਾ ਸੰਕਲਪ ਪਾ ਦਿੱਤਾ ਸੀ। ਐਲਾਨਨਾਮੇ 'ਤੇ ਸ੍ਰੀ ਅਕਾਲ ਤਖਤ ਦੀ ਮੋਹਰ ਲਗਦਿਆਂ ਹੀ ਦਿੱਲੀ ਵਲੋਂ ਸ਼ੰਕੇ ਪ੍ਰਗਟ ਹੋਏ ਹੀ ਸਨ ਕਿ ਅਕਾਲੀ ਨੇਤਾਵਾਂ ਨੇ ਆਪੋ-ਆਪਣੇ ਅਰਥ ਕਢਣੇ ਸ਼ੁਰੂ ਕਰ ਦਿੱਤੇ। ਅਰਥਾਂ ਨੂੰ ਸਪੱਸ਼ਟ ਕਰਨ ਲਈ ਸ. ਪਰਮਜੀਤ ਸਿੰਘ ਬਰਨਾਲਾ ਦੀ ਡਿਊਟੀ ਲੱਗੀ ਅਤੇ ਉਨ੍ਹਾਂ ਨੇ ਇਸ ਉਦੇਸ਼ ਲਈ ਸੁਨਾਮ ਵਿਚ ਸਿੱਖ ਪੰਥ ਦਾ ਵੱਡਾ ਇਕੱਠ ਸੱਦ ਲਿਆ। ਉਥੇ ਸੁਭ ਕੁਝ ਸਪੱਸ਼ਟ ਸੀ। ਸਾਰੇ ਨੇਤਾ ਸਪੱਸ਼ਟ ਬੋਲੇ ਪ੍ਰੰਤੂ ਅਖੀਰ ਵਿਚ ਸ. ਸਿਮਰਨਜੀਤ ਸਿੰਘ ਨੇ ਐਲਾਨਨਾਮੇ ਦੇ ਬੜੇ ਸਪੱਸ਼ਟ ਅੰਦਾਜ਼ ਵਿਚ ਟਕਸਾਲੀ ਅਰਥ ਕਰ ਦਿੱਤੇ। ਇਹ ਅਰਥ ਸੁਣਦੇ ਸਾਰ ਹੀ ਕੈਪਟਨ ਅਮਰਿੰਦਰ ਸਿੰਘ ਨੇ ਜਥੇਦਾਰ ਟੌਹੜਾ ਵਲ ਵੇਖਿਆ ਅਤੇ ਕਿਸੇ ਵੀ ਸਾਥੀ ਨੂੰ ਫਤਹਿ ਫਤੂਹੀ ਕਹਿਣ ਤੋਂ ਬਿਨਾ ਹੀ ਸਟੇਜ ਤੋਂ ਛਲਾਂਗ ਲਗਾਈ ਤੇ ਆਪਣੀ ਕਾਰ ਵਿਚ ਬੈਠ ਕੇ ਅੱਖ ਦੇ ਫੋਰ ਵਿਚ ਉਥੋਂ ਹਰਨ ਹੋ ਗਏ।

ਜਥੇਦਾਰ ਟੌਹੜਾ ਨੇ ਪ੍ਰੇਸ਼ਾਨ ਹੋ ਕੇ ਸ. ਬਰਨਾਲਾ ਨੂੰ ਕਿਹਾ ਕਿ ਇਹ ਕਨਫੈਡਰੇਸ਼ਨ ਦਾ ਰੇੜਕਾ ਜੇ ਇੰਨਾ ਹੀ ਟੇਡਾ ਸੀ ਤਾਂ ਉਹ ਵਕੀਲ ਸਨ ਉਦੋਂ ਅਕਾਲ ਤਖਤ 'ਤੇ ਇਸ 'ਤੇ ਸਹੀ ਪਾਉਣ ਲੱਗਿਆਂ ਕਿਉਂ ਨਾ ਬੋਲੇ? ਸ. ਬਰਨਾਲਾ ਆਪ ਸੁੰਨ ਹੋਏ ਪਏ ਸਨ। ਉਹ ਕਨਫੈਡਰੇਸ਼ਨ ਵਾਲਾ ਕੇਂਦਰੀ ਨੁਕਤਾ ਨਿਖਾਰਨ ਲਈ ਅਗਲੇ ਦਿਨ ਸਵੇਰੇ ਸਵੇਰੇ ਹੀ ਜਥੇਦਾਰ ਪ੍ਰੋ. ਮਨਜੀਤ ਸਿੰਘ ਦੇ ਘਰ ਪਟਿਆਲੇ ਪਹੁੰਚ ਗਏ। ਐਲਾਨਨਾਮੇ ਬਾਰੇ ਪਏ ਰੌਲੇ ਤੋਂ ਜਥੇਦਾਰ ਸਾਹਿਬ ਵੀ ਘਬਰਾਹਟ ਵਿਚ ਸਨ।

ਡਾ. ਬਲਕਾਰ ਸਿੰਘ ਦਸਦੇ ਹਨ ਕਿ ਪ੍ਰੋ. ਮਨਜੀਤ ਸਿੰਘ ਨੇ ਉਸੇ ਵਕਤ ਫੋਨ ਕਰਕੇ ਉਨ੍ਹਾਂ ਨੂੰ ਬੁਲਾ ਲਿਆ ਤੇ ਨਾਲ ਹੀ ਕਹਿ ਦਿੱਤਾ ਕਿ ਡਾ. ਗੁਰਭਗਤ ਸਿੰਘ ਨੂੰ ਵੀ ਲਈ ਆਉਣਾ। ਡਾ. ਗੁਰਭਗਤ ਸਿੰਘ ਨੇ ਅਰਥ ਸਮਝਾ ਦਿਤੇ ਪ੍ਰੰਤੂ ਸ. ਬਰਨਾਲਾ ਵਲੋਂ ਮੀਨ ਮੇਖ ਮਾਰਨ 'ਤੇ ਉਹ ਝੱਟ ਹੀ ਉਕਤਾ ਗਏ ਅਤੇ ਇਹ ਕਹਿ ਕੇ ਜਥੇਦਾਰ ਸਾਹਿਬ ਦੇ ਘਰੇ ਚਲੇ ਗਏ ਕਿ ਉਨ੍ਹਾਂ ਆਪਣੇ ਜ਼ਿੰਮੇ ਲੱਗੀ ਸੇਵਾ ਨਿਭਾ ਦਿੱਤੀ ਹੈ। ਭਾਰਤ ਵਿਚ ਅਸਲ ਕਨਫੈਡਰੇਸ਼ਨ ਢਾਂਚਾ ਬਣਾਉਣਾ ਕਿਵੇਂ ਹੈ, ਇਹ ਉਨ੍ਹਾਂ ਦਾ ਕੰਮ ਨਹੀਂ ਹੈ।

ਡਾ. ਬਲਕਾਰ ਸਿੰਘ ਨੇ ਇਹ ਵੀ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਸਵੇਰ ਸਮੇਂ ਸ. ਬਰਨਾਲਾ ਨੂੰ ਅਤੇ ਫਿਰ ਰਾਤ ਸਮੇਂ ਜਥੇਦਾਰ ਟੌਹੜਾ ਨੂੰ ਕਦੀ ਇੰਨਾ ਉਦਾਸ ਨਹੀਂ ਸੀ ਵੇਖਿਆ ਜਿੰਨਾ ਉਸ ਦਿਨ ਵੇਖਿਆ ਸੀ। ਅਖੀਰ ਹੋਇਆ ਇਹ ਕਿ ਦੋਵੇਂ ਆਗੂ ਵਾਰੋ ਵਾਰੀ ਸ. ਬਾਦਲ ਦੀ ਸ਼ਰਨ 'ਚ ਚਲੇ ਗਏ!

## ਅੰਮ੍ਰਿਤਸਰ ਐਲਾਨਨਾਮੇ ਦਾ ਮੂਲ ਪਾਠ

ਸ਼੍ਰੋਮਣੀ ਅਕਾਲੀ ਦਲ ਜਮਹੂਰੀਅਤ ਦੇ ਦਾਇਰਿਆਂ ਵਿਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਆਧਾਰਿਤ ਪੰਜਾਬੀ ਕੌਮੀ ਸਭਿਆਚਾਰ ਦੇ ਮੋਹਰੀ ਹੋਣ ਵਜੋਂ ਸਿੱਖ ਕੌਮ ਲਈ ਇਕ ਅਜਿਹੇ ਵੱਖਰੇ ਖਿੱਤੇ ਵਾਸਤੇ ਜਦੋਜਹਿਦ ਕਰਨ ਦੇ ਆਪਣੇ ਵਚਨ ਨੂੰ ਦੁਹਰਾਉਂਦਾ ਹੈ, ਜਿੱਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ। ਵੰਡ ਤੋਂ ਪਹਿਲਾਂ ਕਾਂਗਰਸ ਨੇ ਇਕ ਅਜਿਹਾ ਖਿੱਤਾ ਬਣਾਉਣ ਦਾ ਵਾਅਦਾ ਕੀਤਾ ਸੀ ਪਰ ਅਜੇ ਤਕ ਇਹ ਹੋਂਦ ਵਿਚ ਨਹੀਂ ਆਇਆ। ਕੇਵਲ ਅਜਿਹੇ ਖਿੱਤੇ ਦੇ ਹੋਂਦ ਵਿਚ ਆਉਣ ਨਾਲ ਹੀ ਸਿੱਖ ਕੌਮ ਅਤੇ ਪੰਜਾਬੀਆਂ ਦੀਆਂ ਰੀਝਾਂ ਪੂਰੀਆਂ ਹੋ ਸਕਦੀਆਂ ਹਨ। ਅਜਿਹਾ ਖਿੱਤਾ ਘੱਟ ਗਿਣਤੀਆਂ ਦੀਆਂ ਸੰਭਾਵਨਾਵਾਂ ਨੂੰ ਮੂਰਤੀਮਾਨ ਕਰਨ ਵਿਚ ਸਹਾਈ ਹੋਵੇਗਾ। ਇਤਿਹਾਸ ਦੇ ਇਸ ਮੋੜ 'ਤੇ ਇਕ ਪਾਸੇ ਜੇ ਦੱਖਣ ਪੂਰਬੀ ਏਸ਼ੀਆ ਬੇਚੈਨ ਹੈ ਤਾਂ ਦੂਜੇ ਪਾਸੇ ਪੱਛਮੀ ਕੌਮਾਂ ਵੀ ਆਪਣੀ ਤਕਦੀਰ ਘੜਨ ਲਈ ਕਦਰਾਂ ਕੀਮਤਾਂ ਦੇ ਨਵੇਂ ਮਾਡਲ ਦੀ ਤਲਾਸ਼ ਵਿਚ ਹਨ। ਇਹ ਕੌਮਾਂ ਆਪਣੇ ਵਿਲੱਖਣ ਸਭਿਆਚਾਰਾਂ ਨੂੰ ਨਵੇਂ ਸਿਰਿਓ ਵਿਉਂਤਣ ਲਈ ਵੀ ਯਤਨ ਕਰ ਰਹੀਆਂ ਹਨ। ਅਜਿਹੀ ਹਾਲਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਬ੍ਰਹਿਮੰਡ ਏਕਤਾ ਅਤੇ ਇਕਸੁਰਤਾ, ਸੰਬਾਦ, ਸ਼ਾਇਰਾਨਾ ਤਰਜ਼ਿ-ਜ਼ਿੰਦਗੀ, ਲੁੱਟ-ਖਸੁੱਟ ਰਹਿਤ ਰਾਜਨੀਤੀ ਅਤੇ ਦੂਜਿਆਂ ਨੂੰ ਜ਼ਲੀਲ ਕਰਨ ਵਾਲੀ ਮਾੜੀ ਬਿਰਤੀ ਤੋਂ ਮੁਕਤ ਖਿੱਤਾ, ਹੋਰਨਾਂ ਸਭਿਆਚਾਰਾਂ ਲਈ ਵੀ ਚਾਨਣ ਮੁਨਾਰਾ ਹੋਵੇਗਾ। ਇਸ ਖਿੱਤੇ ਵਿਚ ਸਿੱਖੀ ਜੀਵਨ ਜਾਚ ਉਤੇ ਉਸਰੀਆਂ ਵਿਲੱਖਣ ਧਾਰਮਿਕ, ਆਰਥਿਕ, ਰਾਜਸੀ ਅਤੇ ਸਮਾਜਿਕ ਸੰਸਥਾਵਾਂ ਇਕ ਪਾਸੇ ਮੌਲਿਕ ਚੇਤਨਤਾ ਨੂੰ ਸਾਕਾਰ ਕਰਨਗੀਆਂ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਇਤਿਹਾਸ ਵਿਚ ਇਕ ਅਜਿਹਾ ਮੌਕਾ ਪ੍ਰਦਾਨ ਕਰਨਗੀਆਂ ਜੋ ਪਿਛਲੇ ਸਮੇਂ ਵਿਚ ਨਹੀਂ ਮਿਲਿਆ। ਅਜਿਹੀ ਪ੍ਰਾਪਤੀ ਨਾਲ ਸਿੱਖ ਅਤੇ ਪੰਜਾਬੀਅਤ, ਸੰਸਾਰ ਸਭਿਆਚਾਰ ਨੂੰ ਆਪਣੇ ਅਤਿਅੰਤ ਸੁੰਦਰ ਪ੍ਰਗਟਾਵੇ ਰਾਹੀਂ ਗੌਰਵਸ਼ੀਲ ਯੋਗਦਾਨ ਦੇ ਸਕੇਗੀ। ਅਕਾਲੀ ਦਲ ਦਾ ਇਹ ਮੱਤ ਹੈ ਕਿ ਹਿੰਦੁਸਤਾਨ ਵੱਖ-ਵੱਖ ਕੌਮੀ ਸਭਿਆਚਾਰਾਂ ਦਾ ਇਕ ਉਪ ਮਹਾਂਦੀਪ ਹੈ, ਜਿਸ ਵਿਚ ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਵਿਰਾਸਤ ਅਤੇ ਨਿਵੇਕਲੀ ਮੁੱਖ ਧਾਰਾ ਹੈ। ਇਸ ਉਪ ਮਹਾਂਦੀਪ ਨੂੰ ਇਕ ਕਨਫ਼ੈਡਰਲ ਵਿਧਾਨ ਰਾਹੀਂ ਨਵੇਂ ਸਿਰਿਓਂ ਸੰਗਠਤ ਕਰਨ ਦੀ ਲੋੜ ਹੈ ਤਾਂ ਜੋ ਹਰ ਸਭਿਆਚਾਰ ਆਪਣੀ ਪ੍ਰਤਿਭਾ ਅਤੇ ਆਭਾ ਅਨੁਸਾਰ ਪ੍ਰਫੁਲਿਤ ਹੋਵੇ ਅਤੇ ਆਪਣੀ ਵਿਸ਼ੇਸ਼ ਖੁਸ਼ਬੂ ਵਿਸ਼ਵ ਸਭਿਆਚਾਰਾਂ ਦੇ ਬਾਗ ਨੂੰ ਦੇ ਸਕੇ। ਜੇ ਇਸ ਤਰ੍ਹਾਂ ਦਾ ਕਨਫ਼ੈਡਰਲ ਨਵ-ਸੰਗਠਨ, ਹਿੰਦੁਸਤਾਨੀ ਹੁਕਮਰਾਨਾਂ ਵਲੋਂ ਪ੍ਰਵਾਨ ਨਹੀਂ ਕੀਤਾ ਜਾਂਦਾ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਇਕ ਪ੍ਰਭੂਸੱਤਾ ਸੰਪਨ ਰਾਜ ਦੀ ਮੰਗ ਕਰਨ ਅਤੇ ਇਸ ਲਈ ਜਦੋਜਹਿਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ।

(ਅਮਰਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ, ਸਿਮਰਨਜੀਤ ਸਿੰਘ ਮਾਨ, ਜਸਮੇਰ ਸਿੰਘ ਬਾਲਾ ਕਰਨਲ (ਰਿਟਾ.), ਸੁਰਜੀਤ ਸਿੰਘ ਬਰਨਾਲਾ, ਭਾਈ ਮਨਜੀਤ ਸਿੰਘ।)

### ਖਾਲਸਾ ਪੰਥ ਨਾਲ ਪ੍ਰਣ ਪੱਤਰ

ਅਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਅਤੇ ਸ੍ਰੀ ਦਰਬਾਰ ਸਾਹਿਬ ਦੀ ਪਾਵਨ ਧਰਤੀ 'ਤੇ ਬੈਠ ਕੇ ਪਿਛਲੇ ਦਿਨਾਂ ਤੋਂ ਆਪਸੀ ਏਕਤਾ ਦੀਆਂ ਸਿਧਾਂਤ ਆਧਾਰਤ ਵਿਚਾਰਾਂ ਕਰਨ ਉਪਰੰਤ ਇਹ ਪ੍ਰਣ ਅੱਜ ਦੇ ਇਸ ਪੰਥਕ ਇਕੱਠ ਵਿਚ ਗੁਰੂ ਸੰਗਤਾਂ ਦੇ ਸਾਹਮਣੇ ਕਰਦੇ ਹਾਂ। ਅੱਜ ਤੋਂ ਅਸੀਂ ਸਾਰੇ ਮਤਭੇਦ ਭੁਲਾ ਕੇ ਕੌਮੀ ਹਿੱਤਾਂ ਦੀ ਖ਼ਾਤਰ ਇਕੱਠੇ ਵਿਚਰਾਂਗੇ। ਪੰਥ ਦੋਖੀਆਂ ਦੀਆਂ ਸਾਜ਼ਿਸ਼ਾਂ ਅਧੀਨ ਆਪਸੀ ਖਿੱਚੋਤਾਣ ਦਾ ਸ਼ਿਕਾਰ ਹੋਣ ਤੋਂ ਪੂਰਨ ਤੌਰ 'ਤੇ ਮੁਕਤ ਰਹਾਂਗੇ। ਸਾਡੀ ਸੋਚ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੂੰ ਸਮਰਪਿਤ ਹੈ। ਅਸੀਂ ਹਰ ਉਸ ਕਾਰ ਲਈ ਹਮੇਸ਼ਾ ਯਤਨਸ਼ੀਲ ਹੋਵਾਂਗੇ ਜੋ ਸਾਨੂੰ ਖ਼ਾਲਸਾ ਪੰਥ ਦੀਆਂ ਪ੍ਰੇਰਨਾਵਾਂ 'ਚੋਂ ਪ੍ਰਾਪਤ ਹੈ ਅਤੇ ਪ੍ਰਾਪਤ ਹੋਵੇਗੀ।

ਖ਼ਾਲਸਾਈ ਰਵਾਇਤ ਦੀ ਪਾਲਣਾ ਲਈ ਆਪਣਾ ਤਨ, ਮਨ, ਧਨ ਕੌਮ ਨੂੰ ਸਮਰਪਿਤ ਕਰਦੇ ਹਾਂ। ਅਸੀਂ ਹਰ ਸੰਭਵ ਯਤਨ ਕਰ ਕੇ ਸਮੁੱਚੀਆਂ ਪੰਥਕ ਜਥੇਬੰਦੀਆਂ ਨੂੰ ਇਕ ਪਲੇਟਫਾਰਮ 'ਤੇ ਇਕੱਠੇ ਕਰ ਕੇ ਕੌਮੀ ਕਾਰ ਲਈ ਲੋਕਤੰਤਰੀ-ਢੰਗ ਤਰੀਕੇ ਨਾਲ ਸਦੀਵੀਂ ਤੌਰ 'ਤੇ ਜੂਝਦੇ ਰਹਾਂਗੇ। ਕਿਸੇ ਵੀ ਸੂਰਤ ਵਿਚ ਕੌਮ ਨਾਲ ਵਿਸ਼ਵਾਸਘਾਤ ਨਹੀਂ ਕਰਾਂਗੇ। ਇਕ ਸੇਵਕ ਦੀ ਹੈਸੀਅਤ ਵਿਚ ਵਿਚਰਾਂਗੇ।

***ਗੁਰੂ ਪੰਥ ਦੇ ਦਾਸ***

ਅਮਰਿੰਦਰ ਸਿੰਘ, ਜਗਦੇਵ ਸਿੰਘ ਤਲਵੰਡੀ, ਸਿਮਰਨਜੀਤ ਸਿੰਘ ਮਾਨ, ਜਸਮੇਰ ਸਿੰਘ ਬਾਲਾ ਕਰਨਲ (ਰਿਟਾ.) ਗੁਰਚਰਨ ਸਿੰਘ ਟੌਹੜਾ, ਭਾਈ ਮਨਜੀਤ ਸਿੰਘ, ਸੁਰਜੀਤ ਸਿੰਘ ਬਰਨਾਲਾ।

---

## ਐਲਾਨਨਾਮੇ ਬਾਰੇ ਜਥੇਦਾਰ ਟੌਹੜਾ ਦਾ ਸਪਸ਼ਟੀਕਰਨ

**ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਅੰਮ੍ਰਿਤਸਰ ਐਲਾਨਨਾਮੇ ਦੇ ਸਬੰਧ ਵਿਚ ਪੰਜਾਬੀ ਟ੍ਰਿਬਿਊਨ ਦੇ ਲੁਧਿਆਣਾ ਦੇ ਪੱਤਰ ਪ੍ਰੇਰਕ ਸਤਿਬੀਰ ਸਿੰਘ ਨਾਲ ਹੋਈ ਲੰਬੀ ਮੁਲਾਕਾਤ ਦੇ ਕੁਝ ਅੰਸ਼;**

**ਸਵਾਲ**-ਟੌਹੜਾ ਸਾਹਿਬ, ਅੰਮ੍ਰਿਤਸਰ ਐਲਾਨਨਾਮਾ ਬੜਾ ਵਾਦ-ਵਿਵਾਦ ਦਾ ਕਾਰਨ ਬਣਿਆ ਹੋਇਆ ਹੈ, ਇਸ ਐਲਾਨਨਾਮੇ ਰਾਹੀਂ ਵੱਖਰੇ ਸਿੱਖ ਰਾਜ ਦੀ ਮੰਗ ਕਰ ਕੇ ਕੀ ਨਵੇਂ ਅਕਾਲੀ ਦਲ ਨੇ ਦੇਸ਼ ਤੋਂ ਵੱਖਰੇ ਹੋਣ ਦਾ ਸੰਕਲਪ ਨਹੀਂ ਲਿਆ। ਤੁਹਾਡੀ ਰਾਏ?

**ਜਵਾਬ**-ਜਿਹੜੇ ਲੋਕ ਇਸ ਐਲਾਨਨਾਮੇ ਬਾਰੇ ਵਾਦ-ਵਿਵਾਦ ਖੜਾ ਕਰ ਰਹੇ ਹਨ ਉਨ੍ਹਾਂ ਦੀ ਕੇਵਲ ਇਕੋ ਨੀਤੀ ਹੈ ਸਿੱਖਾਂ ਨੂੰ ਬਦਨਾਮ ਕਰਨਾ। ਐਲਾਨਨਾਮਾ ਤਾਂ ਸ਼ੁਰੂ ਹੀ ਇਸ ਤਰ੍ਹਾਂ ਹੁੰਦਾ ਹੈ ''ਸ਼੍ਰੋਮਣੀ ਅਕਾਲੀ ਦਲ ਅੰਮ੍ਰਿਤਸਰ ਜਮਹੂਰੀਅਤ ਦੇ ਦਾਇਰਿਆਂ 'ਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਆਧਾਰਿਤ ਪੰਜਾਬੀ ਕੌਮੀ ਸਭਿਆਚਾਰ ਦੇ ਮੋਹਰੀ ਹੋਣ ਵਜੋਂ ਸਿੱਖ ਕੌਮ ਲਈ ਇਕ ਅਜਿਹੇ ਵੱਖਰੇ ਖਿੱਤੇ ਵਾਸਤੇ ਜਦੋਜਹਿਦ ਕਰਨ ਦੇ ਆਪਣੇ ਵਚਨ ਨੂੰ ਦੁਹਰਾਉਂਦਾ ਹੈ ਜਿਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ।'' ਆਜ਼ਾਦ ਦੇਸ਼ ਦੇ ਹਰ ਸ਼ਹਿਰੀ ਦਾ ਇਹ ਜੱਦੀ ਹੱਕ ਹੈ ਕਿ ਉਹ ਆਜ਼ਾਦੀ ਦਾ ਨਿੱਘ ਮਾਣੇ। ਜਿਸ ਮੁਲਕ ਵਿਚ ਰਿਆਇਆ ਆਜ਼ਾਦੀ ਦਾ ਨਿੱਘ ਨਹੀਂ ਮਾਣ ਸਕਦੀ ਉਸ ਮੁਲਕ ਨੂੰ ਆਜ਼ਾਦ ਦੇਸ਼ ਨਹੀਂ ਕਿਹਾ ਜਾ ਸਕਦਾ। ਇਤਿਹਾਸ ਗਵਾਹ ਹੈ ਕਿ ਭਾਰਤ ਦੀ ਆਜ਼ਾਦੀ ਲਈ ਸਿੱਖਾਂ ਨੇ ਸਾਰਿਆਂ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਪਰ ਅਫਸੋਸ ਦੀ ਗੱਲ ਹੈ ਕਿ ਅੱਜ ਸਿੱਖਾਂ ਨੂੰ ਹੀ ਗੁਲਾਮ ਹੋਣ ਦਾ ਅਹਿਸਾਸ ਦਿੱਤਾ ਜਾ ਰਿਹਾ ਹੈ।

ਸਿੱਖ ਘੱਟ ਗਿਣਤੀ ਫਿਰਕਾ ਹਨ ਅਤੇ ਆਜ਼ਾਦ ਦੇਸ਼ ਵਿਚ ਘੱਟ ਗਿਣਤੀਆਂ ਨੂੰ ਦਬਾ ਕੇ ਰੱਖਣ ਦੀ ਨੀਤੀ ਕਿਸੇ ਵੀ ਲੋਕਤੰਤਰ ਵਿਚ ਪ੍ਰਵਾਨ ਨਹੀਂ ਕੀਤੀ ਜਾ ਸਕਦੀ। ਐਲਾਨਨਾਮੇ ਵਿਚ ਇਹ ਸਪਸ਼ਟ ਲਿਖਿਆ ਹੋਇਆ ਹੈ ਕਿ ਆਜ਼ਾਦੀ ਦਾ ਨਿੱਘ ਮਾਨਣ ਦੇ ਅਹਿਸਾਸ ਦੀ ਜਦੋਜਹਿਦ ਜਮਹੂਰੀਅਤ ਦੇ ਦਾਇਰਿਆਂ ਵਿਚ ਹੀ ਕੀਤੀ ਜਾਵੇਗੀ। ਇਹ ਤਾਂ ਮੂਰਖ ਤੋਂ ਮੂਰਖ ਵੀ ਜਾਣਦਾ

**ਮੁਲਾਕਾਤੀ-ਸਤਿਬੀਰ ਸਿੰਘ**

ਹੈ ਕਿ ਕਿਸੇ ਦੇਸ਼ ਦੇ ਟੁਕੜੇ ਜਮਹੂਰੀ ਜਦੋਜਹਿਦ ਨਾਲ ਨਹੀਂ ਕੀਤੇ ਜਾ ਸਕੇ। ਘੱਟ ਗਿਣਤੀਆਂ ਦੀ ਆਜ਼ਾਦੀ ਨੂੰ ਦੇਸ਼ ਦੀ ਬਰਬਾਦੀ ਸਮਝਣ ਵਾਲੇ ਦੇਸ਼ ਦੇ ਦੋਸਤ ਨਹੀਂ ਅਖਵਾ ਸਕਦੇ।

**ਸਵਾਲ**-ਕੀ ਇਹ ਖ਼ਾਲਿਸਤਾਨ ਤੋਂ ਵੱਖਰੀ ਗੱਲ ਹੈ? ਕੀ ਇਸ ਖਿੱਤੇ ਵਿਚ ਕੇਵਲ ਸਿੱਖ ਹੀ ਵਸ ਸਕਣਗੇ?

**ਜਵਾਬ**-ਅੰਮ੍ਰਿਤਸਰ ਐਲਾਨਨਾਮੇ ਵਿਚ ਇਹ ਗੱਲ ਸਾਫ ਸ਼ਬਦਾਂ ਵਿਚ ਆਖੀ ਗਈ ਹੈ ਕਿ ''ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਆਧਾਰਤ ਪੰਜਾਬੀ ਕੌਮੀ ਸਭਿਆਚਾਰ ਦੇ ਮੋਹਰੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਉਪਰ ਆਧਾਰਤ ਪੰਜਾਬੀ ਕੌਮੀ ਸਭਿਆਚਾਰ ਕਿਸੇ ਇਕ ਫਿਰਕੇ ਦਾ ਸਭਿਆਚਾਰ ਨਹੀਂ ਹੈ। ਸਿੱਖ ਗੁਰੂ ਸਾਹਿਬਾਨ ਵੇਲੇ ਵੀ ਧਰਮਾਂ ਦੇ ਵਖਰੇਵੇਂ ਸਿਖਰ 'ਤੇ ਸਨ। ਬ੍ਰਾਹਮਣ ਤੇ ਮੁਲਾਣੇ ਆਪਸ ਵਿਚ ਖਹਿ ਖਹਿ ਕੇ ਮਰਦੇ ਸਨ। ਗੁਰੂ ਸਾਹਿਬਾਨ ਨੇ ਬ੍ਰਹਿਮੰਡ ਦੀ ਏਕਤਾ ਅਤੇ ਇਕਸੁਰਤਾ ਉਜਾਗਰ ਕਰ ਕੇ ਜਿਸ ਮਾਨਵਵਾਦ ਦੀ ਸਿਰਜਣਾ ਕੀਤੀ ਉਹ ਮਾਨਵ ਧਰਮ ਦੇ ਰੂਪਵਾਦੀ ਵਖਰੇਵਿਆਂ ਤੋਂ ਉਚਾ ਉਠ ਕੇ ਸਰਬਤ ਦਾ ਭਲਾ ਮੰਗਣ ਵਾਲਾ ਮਾਨਵ ਸੀ ਜਿਸ ਨੂੰ ਇਤਿਹਾਸ ਦੇ ਪੰਨਿਆਂ ਵਿਚ ਅੱਜ ਸਿੱਖ ਕਰ ਕੇ ਜਾਣਿਆ ਜਾਂਦਾ ਹੈ।''

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਬਾਬਾ ਫਰੀਦ-ਇਕ ਮੁਸਲਮਾਨ ਦੀ ਬਾਣੀ ਨੂੰ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਹਿੰਦੂਆਂ ਵਲੋਂ ਨਕਾਰੇ ਗਏ ਵਰਣ ਤੇ ਜਾਤੀਆਂ ਨੂੰ ਬਰਾਬਰੀ ਦਾ ਦਰਜਾ ਦੇ ਕੇ ਸੰਤ ਕਬੀਰ, ਨਾਮਦੇਵ, ਭਗਤ ਰਵਿਦਾਸ, ਸਦਨਾ, ਤ੍ਰੈਲੋਚਨ ਆਦਿ ਭਗਤਾਂ ਦੀ ਬਾਣੀ ਨੂੰ ਗੁਰਬਾਣੀ ਦਾ ਦਰਜਾ ਦਿੱਤਾ ਗਿਆ ਹੈ। ਇਸ ਬਾਣੀ ਨੂੰ ਗੁਰੂ ਮੰਨਣ ਵਾਲੇ ਸਿੱਖ ਕਿਸੇ ਤਰ੍ਹਾਂ ਵੀ ਫਿਰਕੂ ਨਹੀਂ ਹੋ ਸਕਦੇ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਚੇਤਨਾ ਉਤੇ ਆਧਾਰਤ ਸਿੱਖਾਂ ਲਈ ਜੋ ਕੁਝ ਵੀ ਮੰਗਿਆ ਜਾਵੇ ਉਹ ਸਰਬ ਸਾਂਝਾ ਹੀ ਹੋਵੇਗਾ। ਅੰਮ੍ਰਿਤਸਰ ਐਲਾਨਨਾਮੇ ਵਿਚ ਦਰਸਾਇਆ ਗਿਆ ਹੈ ਕਿ ''ਇਹ ਖਿੱਤਾ ਲੁੱਟ-ਖਸੁੱਟ ਰਹਿਤ ਰਾਜਨੀਤੀ ਅਤੇ ਦੂਜਿਆਂ ਨੂੰ ਅਧੀਨ ਕਰਨ ਵਾਲੀ ਮਾੜੀ ਬਿਰਤੀ ਤੋਂ ਮੁਕਤ ਹੋਵੇਗਾ।'' ਐਲਾਨਨਾਮੇ ਵਿਚ ਇਹ ਵੀ ਸਪਸ਼ਟ ਕੀਤਾ ਗਿਆ ਹੈ ਕਿ ''ਇਸ ਖਿੱਤੇ ਦੇ ਸਭਿਆਚਾਰ ਰਾਹੀਂ ਸਿੱਖ ਅਤੇ ਪੰਜਾਬੀਅਤ ਸੰਸਾਰ ਸਭਿਆਚਾਰ ਨੂੰ ਆਪਣੇ ਅਤਿਅੰਤ ਸੁੰਦਰ ਪ੍ਰਗਟਾਵੇ ਰਾਹੀਂ

*(ਅਗਲੇ ਸਫੇ 'ਤੇ ਜਾਰੀ)*

# ਅੰਮ੍ਰਿਤਸਰ ਐਲਾਨਨਾਮੇ ਬਾਰੇ ਅਜੀਤ ਦੇ ਸੰਪਾਦਕ ਬਰਜਿੰਦਰ ਸਿੰਘ ਵਲੋਂ ਲਿਖਿਆ ਗਿਆ ਸੰਪਾਦਕੀ

ਪਿਛਲੇ ਕੁਝ ਸਮੇਂ ਤੋਂ ਵਾਪਰ ਰਹੇ ਘਟਨਾਚੱਕਰ ਪਿੱਛੋਂ ਇਕ ਨਵੇਂ 'ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ' ਦੀ ਸਥਾਪਨਾ ਦਾ ਐਲਾਨ ਕੀਤਾ ਗਿਆ ਹੈ। ਇਸ ਘਟਨਾ ਨੂੰ ਕਈ ਪੱਖਾਂ ਤੋਂ ਅਹਿਮ ਕਿਹਾ ਜਾ ਸਕਦਾ ਹੈ। ਇਕ ਤਾਂ ਇਸ ਦੀ ਸਥਾਪਨਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਵਲੋਂ ਕੀਤੇ ਗਏ ਲਗਾਤਾਰ ਯਤਨਾਂ ਕਰਕੇ ਸੰਭਵ ਹੋ ਸਕੀ ਹੈ, ਦੂਸਰਾ ਇਸ ਵਿਚ ਛੇ ਅਕਾਲੀ ਦਲ ਸਮਿਲਤ ਕੀਤੇ ਗਏ ਹਨ। ਪਿਛਲੇ ਕਾਫੀ ਸਮੇਂ ਤੋਂ ਬਹੁਤ ਸਾਰੇ ਅਕਾਲੀ ਦਲ ਬਣੇ ਹੋਏ ਸਨ ਅਤੇ ਉਹ ਆਪੋ-ਆਪਣੀ ਡਫਲੀ ਵੱਖੋ-ਵੱਖਰੇ ਰੂਪ ਵਿਚ ਵਜਾ ਰਹੇ ਹਨ। ਪਿਛਲੇ ਲੰਬੇ ਸਮੇਂ ਤੋਂ ਅਕਾਲੀ ਦਲਾਂ ਵਿਚ ਏਕਤਾ ਦੀਆਂ ਗੱਲਾਂ ਵੀ ਚਲਦੀਆਂ ਰਹੀਆਂ ਹਨ। ਅਸੀਂ ਵੀ ਅਕਾਲੀ ਏਕਤਾ ਦੇ ਸਦਾ ਹਾਮੀ ਰਹੇ ਹਾਂ ਪਰ ਨਾਲ-ਨਾਲ ਸਾਡੀ ਇਹ ਵੀ ਇੱਛਾ ਰਹੀ ਹੈ ਕਿ ਇਸ ਏਕਤਾ ਲਈ ਸਾਂਝਾ ਸਿਧਾਂਤਕ ਆਧਾਰ ਜ਼ਰੂਰ ਕਾਇਮ ਕੀਤਾ ਜਾਣਾ ਚਾਹੀਦਾ ਹੈ। ਹੁਣ ਨਵੇਂ ਅਕਾਲੀ ਦਲ ਦੇ ਬਣਨ ਨਾਲ ਗਿਣਨਯੋਗ ਦੋ ਅਕਾਲੀ ਦਲ ਹੀ ਮੈਦਾਨ ਵਿਚ ਰਹਿ ਗਏ ਹਨ। ਇਸ ਬਾਰੇ ਹਾਲ ਦੀ ਘੜੀ ਇਹ ਅੰਦਾਜ਼ਾ ਲਾਉਣਾ ਮੁਸ਼ਕਲ ਹੈ ਕਿ ਆਉਣ ਵਾਲੇ ਸਮੇਂ ਵਿਚ ਇਨ੍ਹਾਂ 'ਚੋਂ ਕਿਸ ਦਲ ਨੂੰ ਵਧੇਰੇ ਲੋਕ ਹੁੰਗਾਰਾ ਮਿਲਦਾ ਹੈ। ਕਿਉਂਕਿ ਹੁਣ ਅਕਾਲੀ ਰਾਜਨੀਤੀ ਦੇ ਮੰਚ 'ਤੇ ਇਹ ਦੋ ਪਾਰਟੀਆਂ ਹੀ ਮੈਦਾਨ ਵਿਚ ਰਹਿ ਗਈਆਂ ਹਨ ਇਸ ਲਈ ਇਹ ਆਪੋ-ਆਪਣੇ ਪ੍ਰੋਗਰਾਮ ਲੈ ਕੇ ਲੋਕਾਂ ਤੱਕ ਪਹੁੰਚ ਕਰ ਸਕਦੀਆਂ ਹਨ ਅਤੇ ਸਿਧਾਂਤਾਂ ਦੇ ਅਧਾਰ 'ਤੇ ਲੋਕਾਂ ਨੂੰ ਕਾਇਲ ਕਰਨ ਦਾ ਯਤਨ ਕਰ ਸਕਦੀਆਂ ਹਨ। ਜਿਥੋਂ ਤੱਕ ਸ. ਪ੍ਰਕਾਸ਼ ਸਿੰਘ ਬਾਦਲ ਦਾ ਸਬੰਧ ਹੈ ਚਾਹੇ ਉਨ੍ਹਾਂ ਨੇ ਏਕਤਾ ਯਤਨਾਂ ਪ੍ਰਤੀ ਹਾਂ-ਪੱਖੀ ਹੁੰਗਾਰਾ ਨਹੀਂ ਭਰਿਆ ਪਰ ਸਿੰਘ ਸਾਹਿਬ ਦੇ ਆਦੇਸ਼ 'ਤੇ ਉਹ 6 ਮਈ ਨੂੰ ਉਨ੍ਹਾਂ ਅੱਗੇ ਪੇਸ਼ ਹੋ ਰਹੇ ਹਨ। ਅਸੀਂ ਇਕ ਵਾਰ ਫਿਰ ਇਹ ਅਪੀਲ ਕਰਨੀ ਚਾਹਾਂਗੇ ਕਿ ਹੁਣ ਜਦੋਂ ਕਿ ਨਵਾਂ ਅਕਾਲੀ ਦਲ ਹੋਂਦ ਵਿਚ ਆ ਗਿਆ ਹੈ ਤਾਂ ਕੋਈ ਵੀ ਅਜਿਹੀ ਸਥਿਤੀ ਨਹੀਂ ਬਣਾਈ ਜਾਣੀ ਚਾਹੀਦੀ, ਜਿਸ ਨਾਲ ਭਾਈਚਾਰੇ ਅੰਦਰ ਇਕ ਹੋਰ ਨਵਾਂ ਟਕਰਾਓ ਪੈਦਾ ਹੋਵੇ ਅਤੇ ਇਸ ਦੀ ਸ਼ਕਤੀ ਨੂੰ ਢਾਹ ਲਾਵੇ ਕਿਉਂਕਿ ਇਸ ਦਾ ਲਾਭ ਨਿਸ਼ਚੇ ਹੀ ਪੰਥ ਵਿਰੋਧੀ ਸ਼ਕਤੀਆਂ ਨੂੰ ਪੁੱਜੇਗਾ। ਨਵੇਂ ਅਕਾਲੀ ਦਲ ਨੇ ਸਿੱਖ ਕੌਮ ਲਈ ਵੱਖਰੇ-ਖਿੱਤੇ ਦੀ ਮੰਗ ਨੂੰ ਆਪਣੀ ਪਾਰਟੀ ਦਾ ਮੁੱਖ ਸਿਧਾਂਤਕ ਆਧਾਰ ਬਣਾਇਆ ਹੈ। ਉਸਨੇ ਇਹ ਵੀ ਚੇਤਾਵਨੀ ਦਿੱਤੀ ਹੈ ਕਿ ਜੇਕਰ ਸ਼ਾਂਤਮਈ ਅੰਦੋਲਨ ਤੋਂ ਬਾਅਦ ਵੀ ਇਹ ਮੰਗ ਨਾ ਮੰਨੀ ਗਈ ਤਾਂ ਅਕਾਲੀ ਦਲ ਪ੍ਰਭੂਸੱਤਾ ਸੰਪੰਨ ਸਿੱਖ ਰਾਜ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਲਈ ਮਜਬੂਰ ਹੋਵੇਗਾ। ਐਲਾਨਨਾਮੇ ਵਿਚ ਕਿਹਾ ਗਿਆ ਹੈ ਕਿ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ ਸਿੱਖ ਕੌਮ ਲਈ ਇਕ ਅਜਿਹੇ ਵੱਖਰੇ ਖਿੱਤੇ ਵਾਸਤੇ ਜਦੋਜਹਿਦ ਕਰਨਾ ਮਿਥਿਆ ਗਿਆ, ਜਿਥੇ ਸਿੱਖ ਆਜ਼ਾਦੀ ਦਾ ਨਿੱਘ ਮਾਣ ਸਕਣ। ਇਸ ਵਿਚ ਇਹ ਵੀ ਕਿਹਾ ਗਿਆ ਹੈ ਕਿ 'ਕੇਵਲ ਅਜਿਹੇ ਖਿੱਤੇ ਦੇ ਹੋਂਦ ਵਿਚ ਆਉਣ ਨਾਲ ਸਿੱਖ ਕੌਮ ਅਤੇ ਪੰਜਾਬੀਆਂ ਦੀਆਂ ਰੀਝਾਂ ਪੂਰੀਆਂ ਹੋ ਸਕਦੀਆਂ ਹਨ। ਅਜਿਹਾ ਖਿੱਤਾ ਘੱਟ ਗਿਣਤੀਆਂ ਦੀਆਂ ਸੰਭਾਵਨਾਵਾਂ ਨੂੰ ਮੂਰਤੀਮਾਨ ਕਰਨ ਵਿਚ ਸਹਾਈ ਹੋਵੇਗਾ।'

ਅਸੀਂ ਮਹਿਸੂਸ ਕਰਦੇ ਹਾਂ ਕਿ ਇਹ ਐਲਾਨਨਾਮਾ ਬਿਲਕੁਲ ਸਪੱਸ਼ਟ ਨਹੀਂ ਹੈ। ਇਸਨੂੰ ਸਿੱਖ ਧਰਮ ਦੀਆਂ ਮਾਨਤਾਵਾਂ ਦੇ ਹੀ ਅਨੁਕੂਲ ਨਹੀਂ ਕਿਹਾ ਜਾ ਸਕਦਾ। ਨਾ ਹੀ ਇਸ ਸਮੇਂ ਸੰਦਰਭ ਵਿਚ ਇਸਨੂੰ ਵਿਵਹਾਰਕ ਹੀ ਮੰਨਿਆ ਜਾ ਸਕਦਾ ਹੈ। ਸਿੱਖ ਧਰਮ ਨੂੰ ਵਿਸ਼ਵਵਿਆਪੀ ਧਰਮ ਮੰਨਿਆ ਜਾਂਦਾ ਹੈ। ਇਹ ਸਮੁੱਚੀ ਮਾਨਵਤਾ ਨੂੰ ਆਪਣੇ ਘੇਰੇ ਵਿਚ ਲੈਂਦਾ ਹੈ। ਸਾਡੇ ਮਹਾਨ ਗੁਰੂਆਂ ਨੇ ਮਨੁੱਖ ਤੇ ਮਨੁੱਖ ਵਿਚ ਵਿਤਕਰੇ ਦੀ ਥਾਂ ਸਾਂਝੀ ਮਾਨਵਤਾ ਦੀ ਗੱਲ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ 'ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ' ਦੀ ਗੱਲ ਕਹੀ ਸੀ ਜੋ ਅੱਜ ਵੀ ਹਰ ਸੱਚੇ ਸਿੱਖ ਦੇ ਹਿਰਦੇ ਵਿਚ ਵਸੀ ਹੋਈ ਹੈ। ਸਾਡੇ ਧਰਮ ਵਿਚ ਕਿਸੇ ਇਕ ਖਿੱਤੇ ਨੂੰ ਨਹੀਂ ਸਗੋਂ ਸਮੁੱਚੀ ਧਰਤੀ ਨੂੰ ਹੀ ਸਮਰੂਪ ਵੇਖਿਆ ਗਿਆ ਹੈ। ਅੱਜ ਸਿੱਖ ਸਮੁੱਚੇ ਦੇਸ਼ ਵਿਚ ਹੀ ਨਹੀਂ ਸਗੋਂ ਸਾਰੀ ਦੁਨੀਆਂ ਵਿਚ ਫੈਲੇ ਹੋਏ ਹਨ ਅਤੇ ਉਨ੍ਹਾਂ ਆਪਣੇ ਧਰਮ ਦੀਆਂ ਭਾਵਨਾਵਾਂ ਦੀ ਖ਼ੁਸ਼ਬੋ ਵੀ ਹਰ ਥਾਂ 'ਤੇ ਫੈਲਾਈ ਹੋਈ ਹੈ। ਅੱਜ ਸਿੱਖ ਭਾਈਚਾਰੇ ਨੂੰ ਕਿਸੇ ਵੀ ਘੇਰੇ ਵਿਚ ਸੀਮਤ ਕਰਨ ਦੇ ਯਤਨ ਨੂੰ ਕਿਸੇ ਵੀ ਤਰ੍ਹਾਂ ਸਿਹਤਮੰਦ ਰੁਝਾਨ ਨਹੀਂ ਕਿਹਾ ਜਾ ਸਕਦਾ। ਸਗੋਂ ਸਮੇਂ ਦੀ ਕੇਂਦਰੀ ਸਰਕਾਰ ਜ਼ਰੂਰ ਅਜਿਹਾ ਚਾਹੇਗੀ ਕਿ ਸਿੱਖਾਂ ਦੀ ਕੋਈ ਪ੍ਰਤੀਨਿਧ ਜਮਾਤ ਅਜਿਹਾ ਨਾਅਰਾ ਲਾਏ ਤੇ ਇਸ ਆਧਾਰ 'ਤੇ ਉਸਨੂੰ ਕਿਸੇ ਵੀ ਤਰ੍ਹਾਂ ਸਿੱਖਾਂ ਨੂੰ ਕੁੱਟ ਕੇ ਪਹਿਲਾਂ ਦੀ ਤਰ੍ਹਾਂ ਦੇਸ਼ ਭਰ 'ਚੋਂ ਵੋਟਾਂ ਬਟੋਰਨ ਦਾ ਮੌਕਾ ਮਿਲੇ। ਅਜਿਹੇ ਅਪਨਾਏ ਸਿਧਾਂਤ ਅਤੇ ਨਾਅਰੇ ਨਾਲ ਨਿਸ਼ਚੇ ਹੀ ਪੰਜਾਬ ਦੇ ਗੈਰ ਸਿੱਖ ਫਿਰਕਿਆਂ ਵਿਚ ਇਕ ਵਾਰ ਫੇਰ ਡਰ ਅਤੇ ਵਿਰੋਧ ਦੀ ਭਾਵਨਾ ਪੈਦਾ ਹੋ ਸਕਦੀ ਹੈ ਜਿਸ ਦਾ ਸਿਆਸੀ ਤੌਰ 'ਤੇ ਕਾਂਗਰਸ ਫੇਰ ਲਾਭ ਉਠਾ ਸਕਦੀ ਹੈ। ਅੱਜ ਜਿਸ ਤਰ੍ਹਾਂ ਦੇ ਸੰਯੁਕਤ ਸਮਾਜ ਵਿਚ ਅਸੀਂ ਜੀ ਰਹੇ ਹਾਂ, ਉਸ ਵਿਚ ਕਿਸੇ ਵੀ ਸੰਭਵ ਤਰੀਕੇ ਨਾਲ ਸਿੱਖਾਂ ਲਈ ਕਿਸੇ ਵੱਖਰੇ ਖਿੱਤੇ ਦੀ ਮੰਗ ਅਮਲੀ ਰੂਪ ਇਖਤਿਆਰ ਕਰਦੀ ਦਿਖਾਈ ਨਹੀਂ ਦਿੰਦੀ। ਸਗੋਂ ਅਜਿਹਾ ਸੰਕਲਪ ਪੂਰੀ ਤਰ੍ਹਾਂ ਭੁਲੇਖਾਪਾਊ ਹੀ ਦਿਖਾਈ ਦਿੰਦਾ ਹੈ।

## ਗੱਲ ਹੋਰ ਵਿਗੜੇਗੀ

ਇਸ ਦਾ ਸਿੱਧਾ ਮਤਲਬ ਹੀ ਆਉਂਦੇ ਲੰਬੇ ਸਮੇਂ ਲਈ ਸਿੱਖਾਂ ਨੂੰ ਇਕ ਹੋਰ ਵੱਡੀ ਲੜਾਈ ਵਿਚ ਧੱਕਣ ਤੋਂ ਬਗੈਰ ਹੋਰ ਕੋਈ ਨਜ਼ਰ ਨਹੀਂ ਆਉਂਦਾ। ਅਜਿਹੀ ਅਵਸਥਾ ਵਿਚ ਕੌਮ ਨੂੰ ਇਕ ਵਾਰ ਫੇਰ ਵੱਡੇ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਾਨੂੰ ਦੁੱਖ ਇਸ ਗੱਲ ਦਾ ਹੈ ਕਿ ਕੇਂਦਰ ਨੇ ਪਿਛਲੇ ਲੰਬੇ ਸਮੇਂ ਤੋਂ ਸਿੱਖ ਭਾਵਨਾਵਾਂ ਵਲ ਪੂਰੀ ਤਰ੍ਹਾਂ ਬੇਰੁਖੀ ਇਖ਼ਤਿਆਰ ਕਰਕੇ ਸਮੁੱਚੇ ਭਾਈਚਾਰੇ ਦੇ ਮਨ ਦੇ ਰੋਸ ਨੂੰ ਹੋਰ ਵੀ ਵਧਾਇਆ ਹੈ। ਸਰਕਾਰ ਦੇ ਅਜਿਹੇ ਵਤੀਰੇ ਦੇ ਸਨਮੁੱਖ ਮਨਾਂ ਵਿਚ ਪੈਦਾ ਹੋਏ ਰੋਸੇ ਨੇ ਕਿਸੇ ਨਾ ਕਿਸੇ ਰੂਪ ਵਿਚ ਪ੍ਰਗਟ ਹੋ ਕੇ ਸਰਕਾਰ ਲਈ ਨਿੱਤ ਨਵੀਂ ਤੋਂ ਨਵੀਂ ਚੁਣੌਤੀ ਤਾਂ ਬਣਨਾ ਹੀ ਹੈ। ਉਸ ਸਮੇਂ ਤੱਕ ਜਦੋਂ ਤੱਕ ਕੌਮ ਦੀ ਆਨ ਤੇ ਸ਼ਾਨ ਪੂਰੀ ਤਰ੍ਹਾਂ ਬਹਾਲ ਨਹੀਂ ਹੁੰਦੀ। ਪਰ ਇਸਦੇ ਬਾਵਜੂਦ ਸਮੁੱਚੇ ਭਾਈਚਾਰੇ ਲਈ ਵੀ ਇਹ ਸੋਚਣਾ ਜ਼ਰੂਰੀ ਹੋਵੇਗਾ ਕਿ ਉਸ ਨੇ ਵਰਤਮਾਨ ਸੰਦਰਭ ਵਿਚ ਆਨ ਤੇ ਸ਼ਾਨ ਦੀ ਬਹਾਲੀ ਲਈ ਆਪਣੇ ਸੰਘਰਸ਼ ਨੂੰ ਕਿਹੋ ਜਿਹੀ ਅਮਲੀ ਸ਼ਕਲ ਦੇਣੀ ਹੈ। ਜੋ ਸਿੱਖ ਧਰਮ ਦੀਆਂ ਮਾਨਤਾਵਾਂ ਦੀ ਕਸੌਟੀ 'ਤੇ ਵੀ ਪੂਰੀ ਉਤਰਦੀ ਹੋਵੇ ਤੇ ਦੇਸ਼ ਦੀਆਂ ਹੋਰ ਹਮ-ਖ਼ਿਆਲ ਰਾਜਨੀਤਕ ਸ਼ਕਤੀਆਂ ਤੋਂ ਉਸਨੂੰ ਸਮਰਥਨ ਵੀ ਮਿਲ ਸਕੇ।

## ਜਥੇਦਾਰ ਟੌਹੜਾ ਦਾ ਸਪਸ਼ਟੀਕਰਨ

ਗੌਰਵਮਈ ਯੋਗਦਾਨ ਦੇ ਸਕੇਗੀ।'' ਸੰਸਾਰ ਦੇ ਸਭਿਆਚਾਰ ਨਾਲ ਸਾਂਝ ਪਾਉਣ ਵਾਲਾ ਖਿੱਤਾ ਕਿਸੇ ਵੱਖਵਾਦ ਦੀ ਗੱਲ ਕਰ ਹੀ ਨਹੀਂ ਸਕਦਾ। ਪੰਜਾਬੀ ਕੌਮੀ ਸਭਿਆਚਾਰ ਦਾ ਵੱਖਰਾ ਖਿੱਤਾ ਜਿਥੇ ਇਸ ਸਭਿਆਚਾਰ ਦੇ ਮੋਹਰੀ ਸਿੱਖ ਆਜ਼ਾਦੀ ਦਾ ਅਹਿਸਾਸ ਮਾਣ ਸਕਣ ਅਤੇ ਸਮੁੱਚੇ ਪੰਜਾਬੀ ਭਾਈਚਾਰੇ ਨੂੰ ਬਰਾਬਰੀ ਅਤੇ ਆਜ਼ਾਦੀ ਦਾ ਅਹਿਸਾਸ ਦੇ ਸਕਣ-ਇਕ ਅਜਿਹਾ ਚਾਨਣ ਮੁਨਾਰਾ ਸਿਰਜਣ ਦਾ ਯਤਨ ਹੈ ਜਿਸ 'ਚੋਂ ਰੌਸ਼ਨੀ ਲੈ ਕੇ ਸਾਰੇ ਭਾਰਤ ਵਿਚ ਵੱਖੋ ਵੱਖਰੇ ਸਭਿਆਚਾਰਾਂ ਨਾਲ ਸਬੰਧ ਰੱਖਣ ਵਾਲੇ ਲੋਕ ਵੀ ਆਜ਼ਾਦੀ ਦਾ ਨਿੱਘ ਮਾਣ ਸਕਣਗੇ। ਜਦ ਅਜਿਹੀ ਵਿਵਸਥਾ ਹੋਵੇਗੀ ਤਾਂ ਉਸ ਸਮੇਂ ਹੀ ਭਾਰਤ ਅਸਲ ਅਰਥਾਂ ਵਿਚ ਆਜ਼ਾਦ ਦੇਸ਼ ਹੋਵੇਗਾ।



**ਸਵਾਲ**-ਅਕਾਲੀ ਨੇਤਾਵਾਂ ਦੀ ਏਕਤਾ ਬਾਰੇ ਕੀ ਤੁਸੀਂ ਸੰਤੁਸ਼ਟ ਹੋ?

**ਜਵਾਬ**-ਗੱਲ ਮੇਰੀ ਸੰਤੁਸ਼ਟੀ ਦੀ ਨਹੀਂ, ਜਿਨ੍ਹਾਂ ਲੋਕਾਂ ਨੇ ਪਿਛਲੇ ਸੰਕਟ ਦੇ ਸਮੇਂ ਵਿਚ ਸੰਤਾਪ ਹੰਢਾਇਆ ਹੈ ਅਤੇ ਜਿਹੜੇ ਲੋਕ ਅਕਾਲੀ ਨੇਤਾਵਾਂ ਨੂੰ ਵਾਰ-ਵਾਰ ਮਜਬੂਰ ਕਰਦੇ ਰਹੇ ਹਨ, ਸੰਤੁਸ਼ਟੀ ਤਾਂ ਉਨ੍ਹਾਂ ਦੀ ਹੋਣੀ ਚਾਹੀਦੀ ਹੈ। ਇਸ ਸਮੇਂ ਸਿੱਖ ਸੰਗਤਾਂ ਇਕ ਧੜੇ ਦੇ ਅਕਾਲੀ ਨੇਤਾਵਾਂ ਤੋਂ ਨਿਰਾਸ਼ ਹਨ ਕਿ ਉਨ੍ਹਾਂ ਨੇ ਸਿੱਖ ਕੌਮ ਦੀ ਸਾਂਝੀ ਲੜਾਈ ਲੜਨ ਵਾਸਤੇ ਅਕਾਲੀ ਏਕਤਾ ਵਿਚ ਸ਼ਾਮਲ ਹੋਣਾ ਠੀਕ ਨਹੀਂ ਸਮਝਿਆ।

**ਸਵਾਲ**-ਰਾਜਨੀਤਕ ਪਾਰਟੀ ਦੀ ਏਕਤਾ ਲੋਕਾਂ 'ਤੇ ਛੱਡਣੀ ਚਾਹੀਦੀ ਸੀ ਪਰ ਤੁਸੀਂ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਦਖ਼ਲ ਦੇਣ ਦੀ ਬੇਨਤੀ ਕੀਤੀ। ਕੀ ਇਹ ਠੀਕ ਸੀ?

**ਜਵਾਬ**-ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਇਸ ਸੋਚ ਦੇ ਧਾਰਨੀ ਸਨ ਕਿ ਸਿੱਖ ਸੰਗਤਾਂ ਆਪਣੀ ਸ਼ਕਤੀ ਤੋਂ ਜਾਗ੍ਰਿਤ ਹੋਣ ਅਤੇ ਅਕਾਲੀ ਏਕਤਾ ਸੰਭਵ ਕਰਾਉਣ ਪਰ ਜਦੋਂ ਸਾਰੇ ਸਿੱਖ ਨੇਤਾਵਾਂ ਨੇ ਜਥੇਦਾਰ ਜੀ ਨੂੰ ਬੇਨਤੀ ਕੀਤੀ ਤਾਂ ਉਨ੍ਹਾਂ ਨੇ ਕੌਮ ਦੇ ਭਲੇ ਲਈ ਆਪਣੀ ਨੀਤੀ ਤੋਂ ਉਲਟ ਇਹ ਸੇਵਾ ਸਵੀਕਾਰ ਕਰ ਲਈ। ਮੈਨੂੰ ਇਹ ਕਹਿਣ ਵਿਚ ਕੋਈ ਝਿਜਕ ਨਹੀਂ ਕਿ ਸਿੰਘ ਸਾਹਿਬ ਨੇ ਕਿਸੇ ਤਰ੍ਹਾਂ ਵੀ ਸਿੱਧਾ ਦਖ਼ਲ ਨਹੀਂ ਦਿੱਤਾ। ਸਗੋਂ ਆਪਣੀ ਧਾਰਮਿਕ ਤੇ ਸਦਾਚਾਰਕ ਸ਼ਖ਼ਸੀਅਤ ਰਾਹੀਂ ਸਾਰੇ ਅਕਾਲੀ ਨੇਤਾਵਾਂ ਨੂੰ ਇਕੱਠੇ ਹੋ ਕੇ ਬੈਠਣ ਦਾ ਮੌਕਾ ਦਿੱਤਾ ਹੈ। ਏਕਤਾ ਬਾਰੇ ਫੈਸਲੇ ਅਕਾਲੀ ਨੇਤਾਵਾਂ ਨੇ ਆਪ ਹੀ ਕੀਤੇ ਹਨ ਅਤੇ ਹੁਣ ਵੀ ਅੰਤਿਮ ਫੈਸਲਾ ਸਿੱਖ ਸੰਗਤ ਉਤੇ ਹੀ ਛੱਡਿਆ ਗਿਆ ਹੈ। ਅਕਾਲੀ ਦਲਾਂ ਦੀ 7 ਮੈਂਬਰੀ ਤੇ ਐਡਹਾਕ ਕਮੇਟੀ ਵਲੋਂ ਸ਼੍ਰੋਮਣੀ ਅਕਾਲੀ ਦਲ ਦਾ ਪੁਨਰਗਠਨ ਤਾਂ ਸੰਗਤਾਂ ਦੇ ਸਹਿਯੋਗ ਨਾਲ ਹੀ ਕੀਤਾ ਜਾਣਾ ਹੈ। ਪਿਛਲੇ 15 ਸਾਲਾਂ ਤੋਂ ਅਕਾਲੀ ਦਲ ਦੀ ਕੋਈ ਭਰਤੀ ਨਹੀਂ ਹੋਈ ਅਤੇ ਸਾਰੇ ਨੇਤਾ ਬਿਨਾ ਕਿਸੇ ਸੰਗਤ ਦੀ ਪ੍ਰਵਾਨਗੀ ਦੇ ਆਪੇ ਬਣੇ ਨੇਤਾ ਸਨ। ਭਰਤੀ ਤੋਂ ਬਾਅਦ ਡੈਲੀਗੇਟ ਸੈਸ਼ਨ ਸੱਦਿਆ ਜਾਵੇਗਾ।

# ਰਾਜ ਸੱਤਾ, ਗੁਰਬਾਣੀ ਅਤੇ ਅਕਾਲੀਆਂ ਦੀ ਸਿਆਸਤ

**ਐਸ. ਐਸ. ਧਨੋਆ**

ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਅਕਾਲੀ ਰਾਜਨੀਤੀ ਵਿਚ ਇਸ ਦੇ ਮੌਜੂਦਾ ਦਖ਼ਲ ਬਾਰੇ ਕਾਫ਼ੀ ਚਰਚਾ ਹੋਈ ਹੈ। ਤਖ਼ਤ ਦੇ ਜਥੇਦਾਰ ਸਾਹਿਬ ਨੇ ਵੱਖ-ਵੱਖ ਅਕਾਲੀ ਦਲਾਂ ਵਿਚਕਾਰ ਏਕਤਾ ਕਰਨ ਦੇ ਅਸੰਭਵ ਦਿਸਦੇ ਕਾਰਜ ਨੂੰ ਹੱਥ ਪਾਇਆ ਤਾਂ ਕਿ ਸਮੂਹ ਸਿੱਖ ਸੰਗਤ ਦੇ ਮਨਾਂ ਦੀ ਇੱਛਾ ਪੂਰਤੀ ਹੋ ਸਕੇ। ਸਿੱਖ ਵਿਦਵਾਨਾਂ ਨੇ ਸ੍ਰੀ ਅਕਾਲ ਤਖ਼ਤ ਦੇ ਮੌਜੂਦਾ ਯਤਨਾਂ ਦੇ ਹੱਕ ਅਤੇ ਵਿਰੋਧ ਵਿਚ ਲਿਖਦੇ ਹੋਏ ਇਤਿਹਾਸ ਅਤੇ ਰਵਾਇਤਾਂ ਦੀ ਚਰਚਾ ਕੀਤੀ ਹੈ। ਪਰ ਹੈਰਾਨੀ ਇਸ ਗੱਲ ਦੀ ਹੈ ਕਿ ਕਿਸੇ ਨੇ ਇਸ ਗੱਲ ਦੀ ਤਹਿ ਤਕ ਖੋਜ ਨਹੀਂ ਕੀਤੀ, ਜਿਸ ਅਧੀਨ ਸਮਝਿਆ ਜਾਂਦਾ ਹੈ ਕਿ ਅਕਾਲੀ ਏਕਤਾ ਨਾਲ ਭਾਰਤੀ ਰਾਜਨੀਤੀ ਵਿਚ ਸਿੱਖਾਂ ਦੀ ਹਾਲਤ ਬਿਹਤਰ ਹੋ ਜਾਵੇਗੀ ਅਤੇ ਹੋ ਸਕਦਾ ਹੈ ਕਿ ਪੰਜਾਬ ਵਿਚ ਅਕਾਲੀ ਦਲਾਂ ਨੂੰ ਸੱਤਾ ਹਾਸਲ ਹੋ ਜਾਵੇ। ਇਹ ਗੱਲ ਤਸਲੀਮ ਕਰਨੀ ਪਏਗੀ ਕਿ ਸਿੱਖਾਂ ਦੇ ਮਨਾਂ ਵਿਚ ਇਹ ਗੱਲ ਬੈਠ ਗਈ ਹੈ ਕਿ ਸਿੱਖਾਂ ਨੇ ਜਿਸ ਸਿਆਸੀ ਟੋਲੇ ਨੂੰ ਸਿੱਖ ਪੰਥ ਮੰਨਿਆ ਹੈ, ਉਸ ਲਈ ਸਿਆਸੀ ਸੱਤਾ ਹਾਸਲ ਕਰਨਾ ਨਾ ਸਿਰਫ ਧਾਰਮਿਕ ਟੀਚਾ ਹੈ ਸਗੋਂ ਉਨ੍ਹਾਂ ਦੀ ਹੋਂਦ ਲਈ ਜ਼ਰੂਰੀ ਵੀ ਹੈ। ਨੋਟ ਕਰਨ ਵਾਲੀ ਗੱਲ ਇਹ ਵੀ ਹੈ ਕਿ ਧਰਮ ਤੇ ਰਾਜਨੀਤੀ ਦੇ ਇਕ ਹੋਣ ਬਾਰੇ ਬੁਲੰਦ ਬਾਂਗ ਦਾਅਵੇ ਕਰਨ ਵਾਲੇ ਸਿਆਸਤਦਾਨ ਆਮ ਸਿੱਖਾਂ ਦੇ ਮਨਾਂ ਵਿਚ ਇਹ ਗੱਲ ਬਿਠਾਉਣ ਵਿਚ ਸਫਲ ਹੋ ਗਏ ਹਨ ਕਿ ਉਹ (ਸਿੱਖ) ਤਾਂ ਹੀ ਬਚ ਸਕਦੇ ਹਨ, ਜੇ ਉਨ੍ਹਾਂ ਨੂੰ, ਚਾਹੇ ਉਹ ਪੰਜਾਬ ਵਰਗੇ ਛੋਟੇ ਖੇਤਰ ਵਿਚ ਹੀ ਸਹੀ, ਸਿਆਸੀ ਸੱਤਾ ਹਾਸਲ ਹੋ ਸਕੇ, ਹਾਲਾਂਕਿ ਸਿੱਖ ਇਤਿਹਾਸ ਨੂੰ ਵਾਚਿਆਂ ਜਾਂ ਧਰਮ ਪੁਸਤਕਾਂ ਪੜ੍ਹਿਆਂ ਇਸ ਤਰ੍ਹਾਂ ਦੀ ਕੋਈ ਗੱਲ ਨਹੀਂ ਲੱਭਦੀ। ਗੁਰਬਾਣੀ ਸਿਆਸੀ ਸੱਤਾ ਨੂੰ ਇਕ ਛਿਣ ਭੰਗਰ ਵਰਤਾਰਾ ਦੱਸਦੀ ਹੈ ਜਿਸ ਰਾਹੀਂ ਆਦਮੀ ਆਮ ਕਰਕੇ ਪਰਮਾਤਮਾ ਦੀ ਪ੍ਰਾਪਤੀ ਦੇ ਆਪਣੇ ਟੀਚੇ ਤੋਂ ਭਟਕ ਜਾਂਦਾ ਹੈ। ਸਿੱਖ ਧਰਮ ਸੰਸਾਰ ਦੇ ਤਿਆਗ ਦੇ ਹੱਕ ਵਿਚ ਨਹੀਂ ਹੈ ਅਤੇ ਇਸ ਸੰਸਾਰ ਵਿਚ ਮਨੁੱਖ ਧਨ, ਦੌਲਤ, ਪ੍ਰਸਿੱਧੀ, ਸਿਆਸੀ ਸੱਤਾ ਜਾਂ ਹੋਰ ਕੁਝ ਵੀ ਹਾਸਲ ਕਰ ਸਕਦਾ ਹੈ, ਪਰ ਉਸ ਨੂੰ ਇਹ ਗੱਲ ਚੇਤੇ ਰੱਖਣੀ ਪਏਗੀ ਕਿ ਇਹ ਸਾਰਾ ਕੁਝ ਉਸ ਨੂੰ ਪਰਮਾਤਮਾ ਨੇ ਬਖ਼ਸ਼ਿਆ ਹੈ ਅਤੇ ਉਸ ਨੂੰ ਆਪਣੇ ਜੀਵਨ ਦੇ ਮੰਤਵ, ਅਰਥਾਤ ਪਰਮਾਤਮਾ ਨਾਲ ਮਿਲਾਪ ਲਈ ਕੰਮ ਕਰਦੇ ਰਹਿਣਾ ਚਾਹੀਦਾ ਹੈ। ਸੰਸਾਰਕ ਵਸਤੂਆਂ ਅੱਜ ਹਨ, ਕਲ੍ਹ ਨੂੰ ਨਹੀਂ ਵੀ ਹੋ ਸਕਦੀਆਂ। ਦੂਸਰੇ ਸ਼ਬਦਾਂ ਵਿਚ ਕਿਸੇ ਵੀ ਸਿੱਖ ਦੇ ਜੀਵਨ ਦਾ ਨਿਸ਼ਾਨਾ ਸਿਆਸੀ ਸੱਤਾ ਹਾਸਲ ਕਰਨ ਦਾ ਨਹੀਂ ਹੋ ਸਕਦਾ, ਜਿਸ ਬਾਰੇ ਗੁਰੂ ਗ੍ਰੰਥ ਸਾਹਿਬ ਵਿਚ ਲਿਖਿਆ ਹੈ:

ਅਨਕ ਲੀਲਾ ਰਾਜ ਰਸ ਰੂਪੰ ਛਤ੍ਰ
ਚਮਰ ਤਖਤ ਆਸਨੰ
ਰਚੰਤਿ ਮੂੜ੍ਹ ਅਗਿਆਨ ਅੰਧਹ
ਨਾਨਕ ਸੁਪਨ ਮਨੋਰਥ ਮਾਇਆ।

ਸਿੱਖ ਇਤਿਹਾਸ ਦਾ ਸਭ ਤੋਂ ਸ਼ਾਨਦਾਰ ਸਮਾਂ ਗੁਰੂ ਸਮਾਂ ਅਤੇ ਉਸ ਤੋਂ ਬਾਅਦ ਦਾ ਕਰੀਬ ਸੱਠਾਂ ਸਾਲਾਂ ਦਾ ਸਮਾਂ ਹੈ। ਇਸ ਸਮੇਂ ਦੌਰਾਨ ਸਿੱਖਾਂ ਦੀ ਮਹਾਨਤਾ ਸਿਆਸੀ ਸੱਤਾ ਹਾਸਲ ਕਰਨ ਕਾਰਨ ਤਾਂ ਬਿਲਕੁਲ ਨਹੀਂ ਸੀ। ਜਦੋਂ ਸਿੱਖਾਂ ਦੇ ਹੱਥ ਸਿਆਸੀ ਸੱਤਾ ਆਈ, ਉਦੋਂ ਹੀ ਸਿੱਖਾਂ ਦੇ ਚਰਿੱਤਰ ਅਤੇ ਜ਼ਿੰਦਗੀ ਵਿਚ ਨਿਘਾਰ ਆਉਣਾ ਸ਼ੁਰੂ ਹੋਇਆ। ਇਸ ਲਈ ਅੱਜ ਦੇ ਸਿੱਖਾਂ ਦੇ ਮਨਾਂ ਵਿਚ ਸਿਆਸੀ ਸੱਤਾ ਹਾਸਲ ਕਰਨ ਦੀ ਗੱਲ ਕਿਵੇਂ ਘਰ ਕਰ ਗਈ? ਸ਼੍ਰੋਮਣੀ ਅਕਾਲੀ ਦਲ ਦੇ ਇਤਿਹਾਸ ਉਤੇ ਝਾਤ ਮਾਰਨ ਤੋਂ ਸ਼ਾਇਦ ਗੱਲ ਕੁਝ ਸਾਫ ਹੋ ਸਕੇ। ਸ਼੍ਰੋਮਣੀ ਅਕਾਲੀ ਦਲ ਦੀ ਸਥਾਪਨਾ ਗੁਰਦੁਆਰਾ ਸੁਧਾਰ ਲਹਿਰ ਦੇ ਸਿੱਟੇ ਵਜੋਂ ਕੀਤੀ ਗਈ ਸੀ ਤਾਂ ਕਿ ਸਿੱਖਾਂ ਦੇ ਹਿਤਾਂ ਦੀ ਰਾਖੀ ਕੀਤੀ ਜਾ ਸਕੇ ਅਤੇ ਇਨ੍ਹਾਂ ਨੂੰ ਅੱਗੇ ਵਧਾਇਆ ਜਾ ਸਕੇ।

ਬਸਤੀਵਾਦੀ ਹਕੂਮਤ ਨੇ ਅਕਾਲੀਆਂ ਨੂੰ ਅਜਿਹੇ ਹਾਲਾਤ ਮੁਹੱਈਆ ਕੀਤੇ, ਜਿਸ ਵਿਚ ਉਹ ਆਪਣੇ ਟੀਚੇ ਪੂਰੇ ਕਰ ਸਕਦੇ ਸਨ ਹਾਲਾਂਕਿ ਇਹ ਟੀਚੇ ਕਈ ਵਾਰੀ ਸਿੱਖਾਂ ਤੋਂ ਬਿਨਾ ਹੋਰ ਫਿਰਕਿਆਂ ਦੇ ਹਿਤਾਂ ਦੀ ਰਾਖੀ ਕਰਨ ਦਾ ਦਾਅਵਾ ਕਰਨ ਵਾਲੇ ਗਰੁੱਪਾਂ ਦੇ ਮੰਤਵਾਂ ਦੇ ਉਲਟ ਜਾਂਦੇ ਸਨ। ਇਹ ਸੋਚੀ ਸਮਝੀ ਸ਼ਰਾਰਤ ਸੀ ਤਾਂ ਕਿ ਵੱਖ-ਵੱਖ ਫਿਰਕੇ ਇਕ-ਦੂਸਰੇ ਦੇ ਖ਼ੂਨ ਦੇ ਪਿਆਸੇ ਹੋ ਜਾਣ ਅਤੇ ਬਸਤੀਵਾਦੀ ਹਾਕਮਾਂ ਵਿਰੁਧ ਲੜਾਈ ਵਿਚ ਇਕੱਠੇ ਨਾ ਹੋ ਸਕਣ। ਅਕਾਲੀ ਦਲ ਦੀ ਪਹਿਲੀ ਅਤੇ ਸਭ ਤੋਂ ਵੱਡੀ ਪ੍ਰਾਪਤੀ ਮਹੰਤਾਂ ਪਾਸੋਂ ਗੁਰਦੁਆਰੇ ਖਾਲੀ ਕਰਵਾਉਣਾ ਸੀ। ਉਨ੍ਹਾਂ ਦੇ ਜ਼ਬਤ ਅਤੇ ਕਾਜ ਲਈ ਕੁਰਬਾਨੀ ਦੀ ਭਾਵਨਾ ਕਾਰਨ ਦੇਸ਼ ਵਿਚ ਸਭ ਪਾਸੇ ਤੋਂ ਉਨ੍ਹਾਂ ਦੀ ਸਰਾਹਨਾ ਹੋਈ ਅਤੇ ਅਕਾਲੀ ਸੰਘਰਸ਼ ਮਹਾਤਮਾ ਗਾਂਧੀ ਲਈ ਬਰਤਾਨਵੀ ਹਕੂਮਤ ਵਿਰੁਧ ਸਤਿਆਗ੍ਰਹਿ ਦੀ ਸਫਲਤਾ ਦੀ ਪ੍ਰਯੋਗਸ਼ਾਲਾ ਬਣ ਗਿਆ। ਇਹੀ ਕਾਰਨ ਸੀ ਕਿ ਜਦੋਂ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਨੂੰ ਸ੍ਰੀ ਦਰਬਾਰ ਸਾਹਿਬ ਦੇ ਤੋਸ਼ਾਖਾਨਾ ਦੀਆਂ ਕੁੰਜੀਆਂ ਵਾਪਸ ਕਰਨੀਆਂ ਪਈਆਂ ਤਾਂ ਗਾਂਧੀ ਜੀ ਨੇ ਅਕਾਲੀਆਂ ਨੂੰ ਤਾਰ ਭੇਜ ਕੇ ਵਧਾਈ ਦਿੱਤੀ ਸੀ ਕਿ ਭਾਰਤ ਦੀ ਆਜ਼ਾਦੀ ਦੀ ਪਹਿਲੀ ਲੜਾਈ ਜਿੱਤ ਲਈ ਗਈ ਹੈ। ਇਸ ਤੋਂ ਬਾਅਦ ਦੇ ਅਕਾਲੀ ਸੰਘਰਸ਼ਾਂ ਦਾ ਰਿਕਾਰਡ ਰਲਵਾਂ-ਮਿਲਵਾਂ ਹੈ। ਮੇਰਾ ਵਿਚਾਰ ਹੈ ਕਿ ਅਕਾਲੀ ਸੰਘਰਸ਼ਾਂ ਵਿਚ ਸਫਲਤਾਵਾਂ ਘੱਟ ਰਹੀਆਂ ਹਨ ਪਰ ਅਸਫਲਤਾਵਾਂ ਵਧੇਰੇ। ਸਭ ਤੋਂ ਵੱਡੀ ਸੱਟ ਅਕਾਲੀਆਂ ਨੇ ਆਪਣੇ ਆਪ 'ਤੇ ਅਤੇ ਸਿੱਖਾਂ 'ਤੇ ਉਦੋਂ ਮਾਰੀ ਜਦੋਂ ਉਹ ਪੰਜਾਬ ਦੀ ਤਕਸੀਮ ਨਹੀਂ ਰੋਕ ਸਕੇ। ਗੁਰੂਆਂ ਦੀ ਸਿੱਖਿਆ ਨੂੰ ਤਾਕ 'ਤੇ ਰੱਖ ਕੇ ਅਜਿਹੀ ਸਿਆਸੀ ਲਾਈਨ ਅਖ਼ਤਿਆਰ ਕੀਤੀ ਗਈ ਜਿਥੇ ਅਕਾਲੀਆਂ ਨੇ ਉਨ੍ਹਾਂ ਮੁਸਲਮਾਨਾਂ ਦਾ ਵਿਰੋਧ ਕਰਨਾ ਹੀ ਮੁੱਖ ਨਿਸ਼ਾਨਾ ਮਿੱਥ ਲਿਆ ਜਿਹੜੇ ਪੰਜਾਬ ਵਿਚ ਬਹੁਗਿਣਤੀ ਵਿਚ ਸਨ। ਸਿੱਖ ਗੁਰੂ ਸਾਹਿਬਾਨ ਅਤੇ ਸਿੱਖੀ ਮੁਗਲ ਬਾਦਸ਼ਾਹਾਂ ਦੇ ਕਾਰਜਕਾਲ ਦੌਰਾਨ ਹੀ ਵਧੇ ਫੁੱਲੇ ਅਤੇ ਔਰੰਗਜ਼ੇਬ ਵਰਗਾ ਮੁਤੱਸਬੀ ਬਾਦਸ਼ਾਹ ਵੀ ਗੁਰੂ ਗੋਬਿੰਦ ਸਿੰਘ ਦੇ ਖ਼ਤ (ਜ਼ਫਰਨਾਮਾ) ਤੋਂ ਪ੍ਰਭਾਵਤ ਹੋਏ ਬਿਨਾ ਨਹੀਂ ਰਹਿ ਸਕਿਆ। ਪਰ ਆਜ਼ਾਦੀ ਤੋਂ ਪਹਿਲਾਂ ਦੇ ਅਕਾਲੀ ਨੇਤਾ ਉਸ ਸਮੇਂ ਮੁਸਲਮਾਨਾਂ ਨਾਲ ਸਾਂਝ ਦਾ ਕੋਈ ਨੁਕਤਾ ਨਾ ਲੱਭ ਸਕੇ। ਇਹ ਸੱਚ ਹੈ ਕਿ ਸਿੱਖਾਂ ਵਲੋਂ ਅਠ੍ਹਾਰਵੀਂ ਸਦੀ ਵਿਚ ਮੁਸਲਮਾਨ ਹਾਕਮਾਂ ਵਿਰੁਧ ਲੜੇ ਗਏ ਸੰਘਰਸ਼ ਕਾਰਨ ਸਮਕਾਲੀ ਸਿੱਖ ਸਾਹਿਤ ਵਿਚ ਮੁਸਲਮਾਨ ਵਿਰੋਧੀ ਰੁਝਾਨ ਦਿਖਾਈ ਦੇਣ ਲੱਗ ਪਿਆ ਸੀ। ਫਿਰ ਵੀ ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਪੰਜਾਬੀ ਮੁਸਲਮਾਨਾਂ ਨਾਲ ਬਹੁਤ ਚੰਗਾ ਵਰਤਾਅ ਕੀਤਾ ਗਿਆ ਸੀ। ਖਾਲਸਾ ਫੌਜ ਵਿਚ ਸ਼ਾਮਲ ਮੁਸਲਮਾਨ ਉਸ ਵੇਲੇ ਵੀ ਪੱਕੀ ਤਰ੍ਹਾਂ ਵਫਾਦਾਰ ਰਹੇ ਸਨ ਜਦੋਂ ਸਿੱਖਾਂ ਨੂੰ 1845 ਅਤੇ 1849 ਵਿਚ ਅੰਗਰੇਜ਼ਾਂ ਨਾਲ ਲੜਾਈ ਕਰਨੀ ਪਈ ਸੀ। ਸਿੱਖ ਇਤਿਹਾਸ ਦੀ ਗਾਥਾ ਲਿਖਣ ਵਾਲਾ ਸ਼ਾਹ ਮੁਹੰਮਦ ਵੀ ਤਾਂ ਮੁਸਲਮਾਨ ਹੀ ਸੀ। ਕੀ ਸਿੱਖ ਬੁੱਧੀਜੀਵੀ ਇਹ ਸੋਚਣ ਦੇ ਸਮਰੱਥ ਨਹੀਂ ਸਨ ਕਿ ਜਦੋਂ ਅੰਗਰੇਜ਼ ਭਾਰਤ ਛੱਡ ਜਾਣਗੇ, ਸਿੱਖ ਭਾਈਚਾਰੇ, ਉਨ੍ਹਾਂ ਦੀਆਂ ਰਵਾਇਤੀ ਕਦਰਾਂ ਅਤੇ ਇਤਿਹਾਸ ਦੇ ਭਵਿੱਖ ਲਈ ਜ਼ਰੂਰੀ ਸੀ ਕਿ ਮੁਸਲਮਾਨਾਂ ਦੇ ਡਰ ਅਤੇ ਤੌਖਲਿਆਂ ਨੂੰ ਚੰਗੀ ਤਰ੍ਹਾਂ ਸਮਝਦੇ ਅਤੇ ਭਾਰਤ ਦੇ ਦੋ ਵੱਡੇ ਫਿਰਕਿਆਂ ਵਿਚਕਾਰ ਪੁਲ ਦਾ ਕੰਮ ਕਰਦੇ ਤਾਂ ਕਿ ਭਾਰਤ ਅਤੇ ਪੰਜਾਬ ਇਕਮੁੱਠ ਰਹਿ ਸਕਦੇ?

ਸਗੋਂ ਇਸ ਦੇ ਉਲਟ ਵਾਪਰਿਆ, ਜਦੋਂ ਪੰਜਾਬ ਦੇ ਘੱਟ ਗਿਣਤੀ ਫਿਰਕਿਆਂ ਨੇ ਕੁਝ ਯੂਨੀਅਨਿਸਟ ਮੁਸਲਮਾਨਾਂ ਨਾਲ ਮਿਲ ਕੇ 1946 ਵਿਚ ਪੰਜਾਬ ਵਿਚ ਸਰਕਾਰ ਕਾਇਮ ਕਰ ਲਈ ਅਤੇ ਮੁਸਲਿਮ ਬਹੁਗਿਣਤੀ ਵਲੋਂ ਮੁਸਲਿਮ ਲੀਗ ਨੂੰ ਦਿੱਤੀ ਗਈ ਬਹੁਸੰਮਤੀ ਦਾ ਮਜ਼ਾਕ ਉਡਾ ਦਿੱਤਾ। ਮੁਸਲਿਮ ਲੀਗ ਨੇ ਯੂਨੀਅਨਿਸਟ ਸਰਕਾਰ ਦਾ ਕੰਮ ਕਰਨਾ ਮੁਹਾਲ ਕਰ ਦਿੱਤਾ ਤਾਂ ਅਕਾਲੀ ਨੇਤਾ ਸਭ ਤੋਂ ਅੱਗੇ ਹੋ ਕੇ ਯਤਨ ਕਰ ਰਹੇ ਸਨ ਕਿ ਮੁਸਲਿਮ ਲੀਗ ਨੂੰ ਪੰਜਾਬ ਵਿਚ ਸਰਕਾਰ ਕਾਇਮ ਕਰਨ ਦਾ ਮੌਕਾ ਨਾ ਦਿੱਤਾ ਜਾਵੇ। ਤਕਸੀਮ ਤੋਂ ਬਾਅਦ ਦਾ ਅਕਾਲੀ ਰਿਕਾਰਡ ਵੀ ਇਸੇ ਤਰ੍ਹਾਂ ਦਾ ਹੀ ਹੈ। ਅਕਾਲੀ ਸਿਆਸਤ ਦੇ ਸਾਰੇ ਮੋੜਾਂ-ਘੋੜਾਂ ਬਾਰੇ ਚਰਚਾ ਦੀ ਲੋੜ ਨਹੀਂ। ਏਨਾ ਹੀ ਕਹਿਣਾ ਕਾਫੀ ਹੋਵੇਗਾ ਕਿ ਜਿਸ ਦੇਸ਼ ਵਿਚ ਸਿੱਖਾਂ ਨੂੰ ਸਭ ਤੋਂ ਵਧ ਦੇਸ਼ਭਗਤ ਸਮਝਿਆ ਜਾਂਦਾ ਸੀ, ਉਸੇ ਦੇਸ਼ ਵਿਚ ਸਿੱਖਾਂ ਨੂੰ ਅੱਜ ਸਭ ਤੋਂ ਵਧੇਰੇ ਸ਼ੱਕ ਨਾਲ ਦੇਖਿਆ ਜਾਣ ਲੱਗ ਪਿਆ ਹੈ। ਸਿੱਖ ਪੰਥ ਦੀ ਪ੍ਰਤੀਨਿਧਤਾ ਕਰਨ ਵਾਲੇ ਅਕਾਲੀ, ਭਾਰਤ ਵਿਚ ਸਿੱਖਾਂ ਦੇ ਅਕਸ ਵਿਚ ਆਈ ਇਸ ਗਿਰਾਵਟ ਦੀ ਜ਼ਿੰਮੇਵਾਰੀ ਤੋਂ ਨੱਸ ਨਹੀਂ ਸਕਦੇ। ਇਸ ਸਭ ਕਾਸੇ ਲਈ ਹਿੰਦੂਆਂ ਨੂੰ ਜ਼ਿੰਮੇਵਾਰ ਠਹਿਰਾਉਣਾ ਫੈਸ਼ਨੇਬਲ ਹੈ।

ਵਿਦਵਾਨਾਂ ਤੇ ਇਤਿਹਾਸਕਾਰਾਂ ਨੇ ਅਕਾਲੀਆਂ ਦੀਆਂ ਇਨ੍ਹਾਂ ਅਸਫਲਤਾਵਾਂ ਦੀ ਵਿਆਖਿਆ ਕਰਦੇ ਹੋਏ ਅਕਾਲੀ ਨੇਤਾਵਾਂ ਦੀ ਕਮ-ਅਕਲੀ ਨੂੰ ਦੋਸ਼ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਹ ਅਕਾਲੀਆਂ ਵਲੋਂ ਅਪਨਾਈਆਂ ਨੀਤੀਆਂ ਦੇ ਸਿੱਟੇ ਵਜੋਂ ਉਪਜਣ ਵਾਲਾ ਪਹਿਲਾ ਪ੍ਰਭਾਵ ਹੈ। ਅਕਾਲੀ ਦਲ ਦੀ ਮੰਦਹਾਲੀ ਦਾ ਅਸਲੀ ਕਾਰਨ ਇਹ ਹੈ ਕਿ ਬਸਤੀਵਾਦੀ ਕਾਲ ਦੌਰਾਨ ਕਾਇਮ ਕੀਤਾ ਗਿਆ ਅਕਾਲੀ ਦਲ, ਬਹੁ ਪਾਰਟੀ ਜਮਹੂਰੀ ਢਾਂਚੇ ਵਿਚ ਸਿਆਸੀ ਸੱਤਾ ਹਾਸਲ ਕਰਨ ਦੀ ਇੱਛਾ ਰੱਖਣ ਵਾਲੀ, ਸਿਆਸੀ ਜਥੇਬੰਦੀ ਵਿਚ ਤਬਦੀਲ ਹੋਣ ਦੇ ਅਸਮਰੱਥ ਰਿਹਾ ਹੈ। ਅਕਾਲੀ ਸਿੱਖ ਇੱਛਾਵਾਂ ਦਾ ਪ੍ਰਗਟਾਵਾ ਕਰਨ ਦਾ ਦਾਅਵਾ ਕਰਦੇ ਹਨ ਪਰ ਨਾ ਤਾਂ ਸਿੱਖਾਂ ਦੀ ਬਾਣੀ ਤੇ ਰਵਾਇਤਾਂ ਦੇ ਆਧਾਰ 'ਤੇ ਨੀਤੀ ਘੜ ਸਕਦੇ ਹਨ ਅਤੇ ਨਾ ਹੀ ਸਿੱਖ ਭਾਈਚਾਰੇ ਵਿਚ ਭਾਰੂ ਗਰੁੱਪ ਦੇ ਵਿਸ਼ੇਸ਼ ਹਿਤਾਂ ਦੀ ਜਕੜ ਵਿਚੋਂ ਨਿਕਲ ਸਕਦੇ ਹਨ। ਧਰਮ ਨਾਲ ਜੁੜੇ ਰਹਿਣ ਕਾਰਨ ਉਨ੍ਹਾਂ ਵਿਚ ਉਹ ਲਚਕ ਨਹੀਂ ਰਹਿੰਦੀ, ਜਿਸ ਰਾਹੀਂ ਉਹ ਸਿਆਸੀ ਸੱਤਾ ਹਾਸਲ ਕਰਨ ਲਈ ਹੋਰ ਗਰੁੱਪਾਂ ਨਾਲ ਆਸਾਨੀ ਨਾਲ ਗਠਜੋੜ ਕਰ ਸਕਦੇ ਸਨ। ਅਕਾਲੀ ਉਨਾ ਚਿਰ ਸਿੱਖਾਂ ਦਾ ਭਲਾ ਨਹੀਂ ਕਰ ਸਕਦੇ ਜਦੋਂ ਤੱਕ ਉਹ ਰਾਗ ਆਸਾ ਵਿਚ ਦਰਜ ਇਸ ਤੁਕ ਮੁਤਾਬਕ ਸਿਆਸੀ ਲਾਈਨ ਅਖਤਿਆਰ ਕਰਨ ਲਈ ਤਿਆਰ ਨਹੀਂ ਹੋ ਜਾਂਦੇ:

ਜਨ ਨਾਨਕ ਕਾ ਹਰ ਧੜਾ ਧਰਮੁ
ਸਭ ਸ੍ਰਿਸ਼ਟਿ ਲਿਖਿ ਆਵੈ।

# ਨਵੇਂ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ ਤੇ ਦਿੱਲੀ ਦਾ ਪ੍ਰਤੀਕਰਮ

**ਸਤਨਾਮ ਸਿੰਘ ਮਾਣਕ**

ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ ਦੇ ਸਿਆਸੀ ਐਲਾਨਨਾਮੇ ਵਿਰੁੱਧ ਦੇਸ਼ ਭਰ ਵਿਚ ਬਹੁਤ ਸਖ਼ਤ ਪ੍ਰਤੀਕਰਮ ਹੋਇਆ ਹੈ। ਰਾਜ ਸਭਾ ਵਿਚ ਇਹ ਮਸਲਾ ਕਾਂਗਰਸ (ਆਈ) ਦੇ ਮੈਂਬਰ ਸ੍ਰੀ ਆਹਲੂਵਾਲੀਆ ਨੇ ਉਠਾਇਆ ਅਤੇ ਵੱਖ-ਵੱਖ ਰਾਜਨੀਤਕ ਪਾਰਟੀਆਂ ਨੇ ਇਸ ਨੂੰ ਦੇਸ਼ ਨੂੰ ਤੋੜਨ ਵਾਲਾ ਕਰਾਰ ਦਿੱਤਾ। ਗ੍ਰਹਿ ਮੰਤਰੀ ਸ੍ਰੀ. ਐਸ. ਬੀ. ਚਵਾਨ ਨੇ ਇਸ 'ਤੇ ਚਿੰਤਾ ਪ੍ਰਗਟ ਕਰਦਿਆਂ ਆਖਿਆ ਕਿ ਕੋਈ ਵੀ ਵੱਖਵਾਦੀ ਕਾਰਵਾਈ ਸਹਿਣ ਨਹੀਂ ਕੀਤੀ ਜਾਵੇਗੀ। ਇਕੋ ਇਕ ਡੀ. ਐਮ. ਕੇ. ਦੇ ਮੈਂਬਰ ਮਰਾਸੋਲੀ ਨੇ ਇਸ ਦੀ ਹਮਾਇਤ ਕਰਦਿਆਂ ਕਿਹਾ ਕਿ ਇਸ ਵਿਚ ਦੇਸ਼ ਵਿਰੋਧੀ ਕੋਈ ਗੱਲ ਨਹੀਂ ਹੈ। ਸਾਬਕਾ ਪ੍ਰਧਾਨ ਮੰਤਰੀ ਸ੍ਰੀ ਚੰਦਰ ਸ਼ੇਖਰ ਨੇ ਵੀ ਇਸ ਦੀ ਆਲੋਚਨਾ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਇਸਨੂੰ ਪਾਸ ਕਰਨ ਵਾਲੇ ਨੇਤਾ ਇਸ 'ਤੇ ਮੁੜ ਵਿਚਾਰ ਕਰਨ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਵੀ ਇਹ ਆਖਿਆ ਹੈ ਕਿ ਭਾਵੇਂ ਪੰਜਾਬ ਵਿਚ ਸ਼ਾਂਤੀ ਕਾਇਮ ਹੋ ਗਈ ਹੈ ਪਰ ਉਹ ਇਹ ਮਤ ਸਮਝੇ ਕਿ ਪੰਜਾਬ ਸਮੱਸਿਆ ਨੂੰ ਹੱਲ ਕਰ ਲਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਨਵੇਂ ਅਕਾਲੀ ਦਲ ਵੱਲੋਂ ਪਾਸ ਕੀਤਾ ਗਿਆ ਮਤਾ ਇਸ ਗੱਲ ਦਾ ਸੰਕੇਤ ਹੈ ਕਿ ਅਜੇ ਪੰਜਾਬ ਸਮੱਸਿਆ ਹੱਲ ਨਹੀਂ ਹੋਈ।

**ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ ਦੇ ਸਿਆਸੀ ਐਲਾਨਨਾਮੇ ਵਿਰੁੱਧ ਦੇਸ਼ ਭਰ ਵਿਚ ਬਹੁਤ ਸਖ਼ਤ ਪ੍ਰਤੀਕਰਮ ਹੋਇਆ ਹੈ। ਰਾਜ ਸਭਾ ਵਿਚ ਇਹ ਮਸਲਾ ਕਾਂਗਰਸ (ਆਈ) ਦੇ ਮੈਂਬਰ ਸ੍ਰੀ ਆਹਲੂਵਾਲੀਆ ਨੇ ਉਠਾਇਆ ਅਤੇ ਵੱਖ-ਵੱਖ ਰਾਜਨੀਤਕ ਪਾਰਟੀਆਂ ਨੇ ਇਸਨੂੰ ਦੇਸ਼ ਨੂੰ ਤੋੜਨ ਵਾਲਾ ਕਰਾਰ ਦਿੱਤਾ। ਗ੍ਰਹਿ ਮੰਤਰੀ ਸ੍ਰੀ. ਐਸ. ਬੀ. ਚਵਾਨ ਨੇ ਇਸ 'ਤੇ ਚਿੰਤਾ ਪ੍ਰਗਟ ਕਰਦਿਆਂ ਆਖਿਆ ਕਿ ਕੋਈ ਵੀ ਵੱਖਵਾਦੀ ਕਾਰਵਾਈ ਸਹਿਣ ਨਹੀਂ ਕੀਤੀ ਜਾਵੇਗੀ। ਇਕੋ ਇਕ ਡੀ.ਐਮ.ਕੇ. ਦੇ ਮੈਂਬਰ ਮਰਾਸੋਲੀ ਨੇ ਇਸ ਦੀ ਹਮਾਇਤ ਕਰਦਿਆਂ ਕਿਹਾ ਕਿ ਇਸ ਵਿਚ ਦੇਸ਼ ਵਿਰੋਧੀ ਕੋਈ ਗੱਲ ਨਹੀਂ ਹੈ। ਸਾਬਕਾ ਪ੍ਰਧਾਨ ਮੰਤਰੀ ਸ੍ਰੀ ਚੰਦਰ ਸ਼ੇਖਰ ਨੇ ਵੀ ਇਸਦੀ ਆਲੋਚਨਾ ਕੀਤੀ ਹੈ ਅਤੇ ਮੰਗ ਕੀਤੀ ਹੈ ਕਿ ਇਸਨੂੰ ਪਾਸ ਕਰਨ ਵਾਲੇ ਨੇਤਾ ਇਸ 'ਤੇ ਮੁੜ ਵਿਚਾਰ ਕਰਨ।**

ਹੋਰ ਵੱਖ-ਵੱਖ ਰਾਜਨੀਤਕ ਪਾਰਟੀਆਂ ਅਤੇ ਬੁਧੀਜੀਵੀਆਂ ਵੱਲੋਂ ਆਉਣ ਵਾਲੇ ਦਿਨਾਂ ਵਿਚ ਇਸ ਸਬੰਧੀ ਹੋਰ ਪ੍ਰਤੀਕਰਮ ਪ੍ਰਗਟ ਕੀਤੇ ਜਾਣ ਦੀ ਸੰਭਾਵਨਾ ਹੈ ਅਤੇ ਇਸ ਦੇ ਆਧਾਰ 'ਤੇ ਅਕਾਲੀ ਰਾਜਨੀਤੀ ਦੇ ਅੰਦਰ ਅਤੇ ਦੇਸ਼ ਤੇ ਰਾਜ ਵਿਚ ਵਿਚਰ ਰਹੀਆਂ ਹੋਰ ਰਾਜਨੀਤਕ ਪਾਰਟੀਆਂ ਵਿਚ ਨਵੀਂ ਕਤਾਰਬੰਦੀ ਹੋਣ ਦੀ ਸੰਭਾਵਨਾ ਨੂੰ ਵੀ ਰੱਦ ਨਹੀਂ ਕੀਤਾ ਜਾ ਸਕਦਾ।

ਇਸ ਤੋਂ ਪਹਿਲਾਂ ਕਿ ਅਸੀਂ ਦਿੱਲੀ ਦਰਬਾਰ ਅਤੇ ਵੱਖ-ਵੱਖ ਹੋਰ ਰਾਜਨੀਤਕ ਪਾਰਟੀਆਂ ਵੱਲੋਂ ਨਵੇਂ ਅਕਾਲੀ ਦਲ ਦੇ ਰਾਜਸੀ ਨਿਸ਼ਾਨੇ ਸਬੰਧੀ ਪ੍ਰਗਟ ਕੀਤੇ ਗਏ ਪ੍ਰਤੀਕਰਮਾਂ ਦਾ ਵਿਸ਼ਲੇਸ਼ਣ ਕਰੀਏ ਇਸ ਅਕਾਲੀ ਦਲ ਦੇ ਸਿਆਸੀ ਨਿਸ਼ਾਨੇ ਦਾ ਅਧਿਐਨ ਕਰਨਾ ਅਤੀ ਜ਼ਰੂਰੀ ਹੋਵੇਗਾ। ਇਸ ਦਾ ਮੂਲਪਾਠ ਇਸ ਪ੍ਰਕਾਰ ਹੈ-

''ਸ਼੍ਰੋਮਣੀ ਅਕਾਲੀ ਦਲ ਜਮਹੂਰੀਅਤ ਦੇ ਦਾਇਰਿਆਂ ਵਿਚ ਰਹਿ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਉਤੇ ਆਧਾਰਤ ਪੰਜਾਬੀ ਕੌਮੀ ਸਭਿਆਚਾਰ ਦੇ ਮੋਹਰੀ ਹੋਣ ਵਜੋਂ ਸਿੱਖ ਕੌਮ ਲਈ ਇਕ ਅਜਿਹੇ ਵੱਖਰੇ ਖਿੱਤੇ ਵਾਸਤੇ ਜਦੋਜਹਿਦ ਕਰਨ ਦੇ ਆਪਣੇ ਵਚਨ ਨੂੰ ਦੁਹਰਾਉਂਦਾ ਹੈ, ਜਿਥੇ ਉਹ ਆਜ਼ਾਦੀ ਦਾ ਨਿੱਘ ਮਾਣ ਸਕਣ। ਵੰਡ ਤੋਂ ਪਹਿਲਾਂ ਕਾਂਗਰਸ ਨੇ ਇਕ ਅਜਿਹਾ ਖਿੱਤਾ ਬਣਾਉਣ ਦਾ ਦਾਅਵਾ ਕੀਤਾ ਸੀ ਪਰ ਅਜੇ ਤੱਕ ਇਹ ਹੋਂਦ ਵਿਚ ਨਹੀਂ ਆਇਆ। ਕੇਵਲ ਅਜਿਹੇ ਖਿੱਤੇ ਦੇ ਹੋਂਦ ਵਿਚ ਆਉਣ ਨਾਲ ਹੀ ਸਿੱਖ ਕੌਮ ਅਤੇ ਪੰਜਾਬੀਆਂ ਦੀਆਂ ਰੀਝਾਂ ਪੂਰੀਆਂ ਹੋ ਸਕਦੀਆਂ ਹਨ। ਅਜਿਹਾ ਖਿੱਤਾ ਘੱਟ ਗਿਣਤੀਆਂ ਦੀਆਂ ਸੰਭਾਵਨਾਵਾਂ ਨੂੰ ਮੂਰਤੀਮਾਨ ਕਰਨ ਵਿਚ ਸਹਾਈ ਹੋਵੇਗਾ। ਇਤਿਹਾਸ ਦੇ ਇਸ ਮੋੜ 'ਤੇ ਇਕ ਪਾਸੇ ਦੱਖਣ ਪੂਰਬੀ ਏਸ਼ੀਆ ਬੇਚੈਨ ਹੈ ਤਾਂ ਦੂਜੇ ਪਾਸੇ ਪੱਛਮੀ ਕੌਮਾਂ ਵੀ ਆਪਣੀ ਤਕਦੀਰ ਘੜਨ ਲਈ ਕਦਰਾਂ ਕੀਮਤਾਂ ਦੇ ਨਵੇਂ ਮਾਡਲ ਦੀ ਤਲਾਸ਼ ਵਿਚ ਹਨ। ਇਹ ਕੌਮਾਂ ਆਪਣੇ ਵਿਲੱਖਣ ਸਭਿਆਚਾਰਾਂ ਨੂੰ ਨਵੇਂ ਸਿਰਿਓਂ ਵਿਉਂਤਣ ਲਈ ਵੀ ਯਤਨ ਕਰ ਰਹੀਆਂ ਹਨ। ਅਜਿਹੀ ਹਾਲਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅੰਦਰ ਮੌਜੂਦ ਬ੍ਰਹਿਮੰਡੀ ਏਕਤਾ ਅਤੇ ਇਕਸੁਰਤਾ, ਸੰਵਾਦ, ਸ਼ਾਇਰਾਨਾ, ਤਰਜ਼-ਜ਼ਿੰਦਗੀ, ਲੁੱਟ-ਖਸੁੱਟ ਰਹਿਤ ਰਾਜਨੀਤੀ ਅਤੇ ਦੂਜਿਆਂ ਨੂੰ ਅਧੀਨ ਕਰਨ ਵਾਲੀ ਮਾੜੀ ਬਿਰਤੀ ਤੋਂ ਮੁਕਤ ਖਿੱਤਾ, ਹੋਰਨਾਂ ਸਭਿਆਚਾਰਾਂ ਲਈ ਵੀ ਚਾਨਣ ਮੁਨਾਰਾ ਹੋਵੇਗਾ। ਇਸ ਖਿੱਤੇ ਵਿਚ ਸਿੱਖੀ ਦੀ ਜੀਵਨ ਜਾਚ ਉਤੇ ਉਸਰੀਆਂ ਵਿਲੱਖਣ ਧਾਰਮਿਕ, ਆਰਥਿਕ, ਰਾਜਸੀ ਅਤੇ ਸਮਾਜਿਕ ਸੰਸਥਾਵਾਂ ਇੱਕ ਪਾਸੇ ਮੌਲਿਕ ਚੇਤਨਤਾ ਨੂੰ ਸਾਕਾਰ ਕਰਨਗੀਆਂ ਅਤੇ ਦੂਜੇ ਪਾਸੇ ਉਨ੍ਹਾਂ ਨੂੰ ਇਤਿਹਾਸ ਵਿਚ ਇਕ ਅਜਿਹਾ ਮੌਕਾ ਪ੍ਰਦਾਨ ਕਰਨਗੀਆਂ ਜੋ ਪਿਛਲੇ ਸਮੇਂ ਵਿਚ ਨਹੀਂ ਮਿਲਿਆ। ਅਜਿਹੀ ਪ੍ਰਾਪਤੀ ਨਾਲ ਸਿੱਖ ਅਤੇ ਪੰਜਾਬੀਅਤ, ਸੰਸਾਰ ਸਭਿਆਚਾਰ ਨੂੰ ਆਪਣੇ ਅਤਿਅੰਤ ਸੁੰਦਰ ਪ੍ਰਗਟਾਵੇ ਰਾਹੀਂ ਗੌਰਵਸ਼ੀਲ ਯੋਗਦਾਨ ਦੇ ਸਕੇਗੀ।

ਅਕਾਲੀ ਦਲ ਦਾ ਇਹ ਮਤ ਹੈ ਕਿ ਹਿੰਦੁਸਤਾਨ ਵੱਖ-ਵੱਖ ਕੌਮੀ ਸਭਿਆਚਾਰਾਂ ਦਾ ਇਕ ਉਪ ਮਹਾਂਦੀਪ ਹੈ, ਜਿਸ ਵਿਚ ਹਰ ਸਭਿਆਚਾਰ ਦੀ ਆਪਣੀ ਨਿਵੇਕਲੀ ਮੁੱਖ ਧਾਰਾ ਹੈ। ਇਸ ਉਪ ਮਹਾਂਦੀਪ ਨੂੰ ਇਕ ਕਨਫੈਡਰਲ ਵਿਧਾਨ ਰਾਹੀਂ ਨਵੇਂ ਸਿਰਿਓਂ ਸੰਗਠਤ ਕਰਨ ਦੀ ਲੋੜ ਹੈ ਤਾਂ ਜੋ ਹਰ ਸਭਿਆਚਾਰ ਆਪਣੀ ਪ੍ਰਤਿਭਾ ਅਤੇ ਆਭਾ ਅਨੁਸਾਰ ਪ੍ਰਫੁਲਿਤ ਹੋਵੇ ਅਤੇ ਆਪਣੀ ਵਿਸ਼ੇਸ਼ ਖੁਸ਼ਬੂ ਵਿਸ਼ਵ ਸਭਿਆਚਾਰਾਂ ਦੇ ਬਾਗ ਨੂੰ ਦੇ ਸਕੇ। ਜੇ ਇਸ ਤਰ੍ਹਾਂ ਦਾ ਕਨਫੈਡਰਲ ਨਵ-ਸੰਗਠਨ, ਹਿੰਦੁਸਤਾਨੀ ਹੁਕਮਰਾਨਾਂ ਵੱਲੋਂ ਪ੍ਰਵਾਨ ਨਹੀਂ ਕੀਤਾ ਜਾਂਦਾ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਇਕ ਪ੍ਰਭੂਸਤਾਸੰਪੰਨ ਰਾਜ ਦੀ ਮੰਗ ਕਰਨ ਅਤੇ ਇਸ ਲਈ ਜਦੋਜਹਿਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਰਹਿ ਜਾਵੇਗਾ।''

ਪੰਜਾਬੀ ਕੌਮ ਦਾ ਹਰਿਆਵਲ ਦਸਤਾ ਸਿੱਖ ਦੇਸ਼ ਦੀ ਇਕ ਬਹੁਤ ਹੀ ਛੋਟੀ ਘੱਟ ਗਿਣਤੀ ਹਨ ਪਰ ਆਪਣੇ ਸਵੈ-ਵਿਸ਼ਵਾਸ, ਬਹਾਦਰੀ ਭਰੇ ਇਤਿਹਾਸ ਤੇ ਗੁਰੂ ਗ੍ਰੰਥ ਸਾਹਿਬ ਤੇ ਆਧਾਰਤ ਜੀਵਨ ਫਿਲਾਸਫੀ ਕਾਰਨ ਇਨ੍ਹਾਂ ਨੇ ਦੇਸ਼ ਦੇ ਅੰਦਰ ਆਪਣੀ ਵਿਸ਼ੇਸ਼ ਪਹਿਚਾਣ ਬਣਾ ਲਈ ਹੈ। ਇਨ੍ਹਾਂ ਦੀ ਇਸ ਵਿਲੱਖਣ ਪਹਿਚਾਣ ਕਾਰਨ ਹੀ ਦੇਸ਼ ਦੇ ਹੁਕਮਰਾਨ ਇਨ੍ਹਾਂ ਤੋਂ ਭੈਭੀਤ ਹਨ। ਉਹ ਇਨ੍ਹਾਂ ਦੀ ਵਧ ਰਹੀ ਰਾਜਨੀਤਕ ਤੇ ਆਰਥਿਕ ਸ਼ਕਤੀ ਤੋਂ ਤ੍ਰਹਿੰਦੇ ਹਨ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਲਗਾਤਾਰ ਸਿੱਧੇ-ਅਸਿੱਧੇ ਢੰਗ ਨਾਲ ਉਨ੍ਹਾਂ ਨੇ ਅਜਿਹੇ ਯਤਨ ਕੀਤੇ ਹਨ ਜਿਨ੍ਹਾਂ ਨਾਲ ਪੰਜਾਬ ਦੀ ਅਗਵਾਈ ਕਰਨ ਵਾਲਾ ਇਹ ਲੜਾਕੂ ਦਸਤਾ ਵਧ ਤੋਂ ਵਧ ਕਮਜ਼ੋਰ ਹੋ ਜਾਏ ਅਤੇ ਇਸ ਦੀ ਵੱਖਰੀ ਪਹਿਚਾਣ ਮਿਟ ਜਾਏ। ਪਰ ਸਿੱਖ ਲੀਡਰਸ਼ਿਪ ਨੇ ਆਪਣੀਆਂ ਬਹੁਤ ਸਾਰੀਆਂ ਕਮੀਆਂ ਕਮਜ਼ੋਰੀਆਂ ਦੇ ਬਾਵਜੂਦ ਲਗਾਤਾਰ ਇਹ ਯਤਨ ਕੀਤੇ ਹਨ ਕਿ ਆਪਣੀ ਆਰਥਿਕ ਤੇ ਰਾਜਨੀਤਕ ਸ਼ਕਤੀ ਵਧਾਈ ਜਾਵੇ। ਪਹਿਲਾਂ ਪੰਜਾਬੀ ਸੂਬੇ ਲਈ ਸੰਘਰਸ਼ 'ਤੇ ਹੁਣ ਪੰਜਾਬ ਦੀਆਂ ਇਲਾਕਾਈ ਤੇ ਦਰਿਆਈ ਪਾਣੀਆਂ ਦੀਆਂ ਮੰਗਾਂ ਅਤੇ ਆਨੰਦਪੁਰ ਸਾਹਿਬ ਦੇ ਮਤੇ ਨੂੰ ਇਸ ਸੰਦਰਭ ਵਿਚ ਹੀ ਦੇਖਿਆ ਜਾਣਾ ਚਾਹੀਦਾ ਹੈ।

ਸਿੱਖ ਲੀਡਰਸ਼ਿਪ ਨੇ ਇਨ੍ਹਾਂ ਮੰਗਾਂ ਦੀ ਪੂਰਤੀ ਲਈ ਦੇਸ਼ ਦੀ ਆਜ਼ਾਦੀ ਤੋਂ ਬਾਅਦ ਲੰਮੇ ਤੇ ਕਠਿਨ ਸੰਘਰਸ਼ ਵੀ ਕੀਤੇ ਹਨ। ਪਰ ਕੇਂਦਰੀ ਹੁਕਮਰਾਨਾਂ ਦੇ ਨਾਂਹ-ਪੱਖੀ ਵਤੀਰੇ ਕਾਰਨ ਇਨ੍ਹਾਂ ਮੰਗਾਂ ਦੀ ਪੂਰਤੀ ਨਹੀਂ ਹੋ ਸਕੀ। 1981 ਵਿਚ ਆਰੰਭ ਹੋਇਆ ਧਰਮ ਯੁਧ ਮੋਰਚਾ ਸ਼ਾਂਤਮਈ ਸੰਘਰਸ਼ ਦੀ ਸਿਖਰ ਸੀ ਪਰ ਜਦੋਂ ਬਹੁਤ ਸਾਰੀਆਂ ਤਿੰਨ ਧਿਰੀ ਤੇ ਦੋ ਧਿਰੀ ਵਾਰਤਾਵਾਂ ਦੇ ਬਾਵਜੂਦ ਸ੍ਰੀਮਤੀ ਇੰਦਰਾ ਗਾਂਧੀ ਨੇ ਕੋਈ ਮੰਗ ਨਾ ਮੰਨੀ ਤਾਂ ਮੋਰਚੇ ਦੀ ਅਗਵਾਈ ਗਰਮਦਲੀ ਨੌਜਵਾਨਾਂ ਦੇ ਹੱਥ ਚਲੇ ਗਈ। ਹੌਲੀ ਹੌਲੀ ਨੌਜਵਾਨਾਂ ਦੇ ਅਨਾੜੀਪਨ ਕਰਕੇ ਅਤੇ ਇਸ ਅੰਦੋਲਨ ਵਿਚ ਭਾਰਤੀ ਅਤੇ ਵਿਦੇਸ਼ੀ ਏਜੰਸੀਆਂ ਦੀ ਘੁਸਪੈਠ ਹੋਣ ਕਰਕੇ ਇਹ ਸੰਘਰਸ਼ ਦਿਸ਼ਾਹੀਣ ਹੋ ਕੇ ਅੰਨ੍ਹੀ ਹਿੰਸਾ ਵਿਚ ਗ੍ਰਸ ਗਿਆ। ਇਸ ਨਾਲ ਜੋ ਨੁਕਸਾਨ ਹੋਇਆ ਉਹ ਹੁਣ ਇਤਿਹਾਸ ਦਾ ਹਿੱਸਾ ਹੈ।

ਪੰਜਾਬ ਦੀ ਗੈਰ ਸਿੱਖ ਆਬਾਦੀ ਦੀ ਆਰੰਭ ਤੋਂ ਲੈ ਕੇ ਹੁਣ ਤਕ ਪੰਜਾਬ ਦੇ ਹੱਕਾਂ ਹਿਤਾਂ ਲਈ ਚਲੇ ਸੰਘਰਸ਼ਾਂ ਪ੍ਰਤੀ ਉਦਾਸੀਨਤਾ ਨੇ ਵੀ ਇਸਨੂੰ ਫਿਰਕੂ ਤੇ ਵੱਖਵਾਦੀ ਰੂਪ ਧਾਰਨ ਦਾ ਆਧਾਰ ਦਿੱਤਾ। ਪਰ ਇਸ ਸਭ ਕੁਝ ਦੇ ਬਾਵਜੂਦ ਸੰਘਰਸ਼ ਚਲਾਉਣ ਵਾਲੀਆਂ ਧਿਰਾਂ ਦੀ ਇਹ ਜ਼ਿੰਮੇਵਾਰੀ ਬਣ ਜਾਂਦੀ ਹੈ ਕਿ ਉਹ ਆਪਣੇ ਸੰਘਰਸ਼ ਨੂੰ ਅਜਿਹੀ ਰੂਪ ਰੇਖਾ ਦੇਣ ਕਿ ਉਸਨੂੰ ਵਧ ਤੋਂ ਵਧ ਲੋਕਾਂ ਦਾ ਸਮਰਥਨ ਮਿਲੇ ਅਤੇ ਉਨ੍ਹਾਂ ਦੇ ਅਮਲ ਇੰਨੇ ਬਦਲੀਲ ਤੇ ਸੁਚੱਜੇ ਹੋਣ ਕਿ ਵਿਰੋਧੀ ਵੀ ਆਸਾਨੀ ਨਾਲ ਉਨ੍ਹਾਂ ਸਬੰਧੀ ਗਲਤਫਹਿਮੀਆਂ ਪੈਦਾ ਕਰਕੇ ਦੇਸ਼ ਦੀ ਲੋਕ ਰਾਇ ਨੂੰ ਉਨ੍ਹਾਂ ਦੇ ਖਿਲਾਫ ਨਾ ਕਰ ਸਕਣ। ਸੰਘਰਸ਼ਸ਼ੀਲ ਧਿਰਾਂ ਨੂੰ ਸਭ ਤੋਂ ਪਹਿਲਾਂ ਉਨ੍ਹਾਂ ਲੋਕਾਂ ਦੀ ਹਮਾਇਤ ਦੀ ਲੋੜ ਹੁੰਦੀ ਹੈ ਜਿਨ੍ਹਾਂ ਲਈ ਉਹ ਸੰਘਰਸ਼ ਕਰਦੇ ਹਨ, ਦੂਜੇ ਨੰਬਰ 'ਤੇ ਉਨ੍ਹਾਂ ਨੂੰ ਦੇਸ਼ ਭਰ ਦੀਆਂ ਉਨ੍ਹਾਂ ਰਾਜਸੀ ਪਾਰਟੀਆਂ ਦੀ ਹਮਾਇਤ ਦੀ ਲੋੜ ਹੁੰਦੀ ਹੈ ਜਿਹੜੀਆਂ ਉਨ੍ਹਾਂ ਵਾਂਗ ਸੋਚਦੀਆਂ ਹਨ ਜਾਂ ਉਨ੍ਹਾਂ ਦੀ ਸੋਚ ਦੇ ਨੇੜੇ ਤੇੜੇ ਵਿਚਾਰ ਰੱਖਦੀਆਂ ਹਨ। ਇਸੇ ਤਰ੍ਹਾਂ ਆਪਣੇ ਸੂਬੇ ਦੇ ਅਤੇ ਦੇਸ਼ ਭਰ ਦੇ ਬੁਧੀਜੀਵੀ ਵਰਗ ਨੂੰ ਕਾਇਲ ਕਰਨਾ ਵੀ ਸਿਆਸੀ ਧਿਰਾਂ ਦੀ ਵਿਸ਼ੇਸ਼ ਜ਼ਿੰਮੇਵਾਰੀ ਹੁੰਦੀ ਹੈ। ਖਾਸ ਕਰਕੇ ਜਦੋਂ ਸੰਘਰਸ਼ ਚਲਾਉਣ ਵਾਲੀਆਂ ਧਿਰਾਂ ਕਿਸੇ ਬਹੁਤ ਹੀ ਛੋਟੀ ਜਿਹੀ ਗਿਣਤੀ ਨਾਲ ਸਬੰਧਤ ਹੋਣ ਤਾਂ ਉਨ੍ਹਾਂ ਨੂੰ ਹੋਰ ਵੀ ਸਾਵਧਾਨੀ ਵਰਤਣੀ ਪੈਂਦੀ ਹੈ ਕਿ ਉਨ੍ਹਾਂ ਦੇ ਅਮਲਾਂ ਸਬੰਧੀ ਸਵਾਰਥੀ ਅਨਸਰ ਗਲਤਫਹਿਮੀਆਂ ਨਾ ਫੈਲਾ ਸਕਣ।

ਇਸ ਸੰਦਰਭ ਵਿਚ ਜੇਕਰ ਅਸੀਂ ਅਕਾਲੀ ਦਲਾਂ ਅਤੇ ਖਾੜਕੂ ਜਥੇਬੰਦੀਆਂ ਦੇ ਅਮਲਾਂ ਦਾ ਜਾਇਜ਼ਾ ਲਈਏ ਤਾਂ ਇਹ ਜਾਣ ਕੇ ਦੁੱਖ ਹੁੰਦਾ ਹੈ ਕਿ ਇਨ੍ਹਾਂ ਨੇ ਸੰਘਰਸ਼ ਲਈ ਯੁਧਨੀਤੀ ਬਣਾਉਣ ਤੇ ਸੰਘਰਸ਼ ਚਲਾਉਣ ਸਮੇਂ ਬਹੁਤੀ ਵਾਰ ਦੂਰਅੰਦੇਸ਼ੀ ਤੋਂ ਕੰਮ ਨਹੀਂ ਲਿਆ। ਸੂਬੇ ਦੇ ਸਾਰੇ ਵਰਗਾਂ ਦੇ ਲੋਕਾਂ ਅਤੇ ਦੇਸ਼ ਦੀਆਂ ਹਮਖਿਆਲ ਪਾਰਟੀਆਂ ਅਤੇ ਬੁਧੀਜੀਵੀਆਂ ਨੂੰ ਆਪਣੇ ਨਾਲ ਲੈਣ ਜਾਂ ਆਪਣੇ ਵਿਚਾਰਾਂ ਨਾਲ ਸਹਿਮਤ ਕਰਨ ਲਈ ਉਨ੍ਹਾਂ ਨੇ ਲਗਾਤਾਰ ਉਚੇਚੇ ਯਤਨ ਨਹੀਂ ਕੀਤੇ ਅਤੇ ਨਾ ਹੀ ਆਪਣੇ ਅਮਲਾਂ ਨੂੰ ਇੰਨੇ ਨਿਯਮਤ ਤੇ ਸੁਚੱਜੇ ਬਣਾਇਆ ਹੈ ਕਿ ਵਿਰੋਧੀ ਸ਼ਕਤੀਆਂ ਉਨ੍ਹਾਂ ਨੂੰ ਗਲਤ ਢੰਗ ਵਿਚ ਨਾ ਪੇਸ਼ ਕਰ ਸਕਣ।

ਇਹ ਗੱਲ ਪੰਜਾਬੀ ਸੂਬੇ ਦੇ ਸੰਘਰਸ਼ ਦੌਰਾਨ ਹੀ ਸਪੱਸ਼ਟ ਹੋ ਗਈ ਸੀ ਕਿ ਅਕਾਲੀ ਲੀਡਰਸ਼ਿਪ ਜਦੋਂ ਤੱਕ ਸਮੁੱਚੇ ਪੰਜਾਬੀਆਂ ਦੀ ਅਗਵਾਈ ਨਹੀਂ ਕਰਦੀ, ਜੋ ਕੁਝ ਵੀ ਉਹ ਪ੍ਰਾਪਤ ਕਰਨਾ ਚਾਹੁੰਦੀ ਹੈ, ਉਹ ਸਮੁੱਚੇ ਪੰਜਾਬੀਆਂ ਲਈ ਪ੍ਰਾਪਤ ਕਰਨ ਦਾ ਸਪੱਸ਼ਟ ਐਲਾਨ ਨਹੀਂ ਕਰਦੀ, ਉਦੋਂ ਤੱਕ ਉਸਨੂੰ ਨਾ ਤਾਂ ਆਪਣੇ ਸੂਬੇ ਦੇ ਬਹੁ ਗਿਣਤੀ ਲੋਕਾਂ ਦਾ ਸਮਰਥਨ ਮਿਲ ਸਕਦਾ ਹੈ ਅਤੇ ਨਾ ਹੀ ਦੇਸ਼ ਦੀਆਂ ਹੋਰ ਧਿਰਾਂ ਦਾ। ਪੰਜਾਬੀ ਸੂਬੇ ਦੀ ਪ੍ਰਾਪਤੀ ਉਦੋਂ ਹੋਈ ਜਦੋਂ ਸੰਤ ਫਤਿਹ ਸਿੰਘ ਦੀ ਅਗਵਾਈ ਵਿਚ ਅਕਾਲੀ ਦਲ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਅਸੀਂ ਪੰਜਾਬੀ ਬੋਲੀ ਦੇ ਆਧਾਰ 'ਤੇ ਸਾਰੇ ਪੰਜਾਬੀਆਂ ਲਈ ਸੂਬੇ ਦੀ ਮੰਗ ਕਰਦੇ ਹਾਂ। ਫਿਰ ਕੇਂਦਰ ਸਰਕਾਰ ਕੋਲ ਇਸ ਮੰਗ ਨੂੰ ਟਾਲਣ ਦਾ ਕੋਈ ਬਹਾਨਾ ਨਾ ਰਿਹਾ। ਕਈ ਗੈਰ ਅਕਾਲੀ ਪਾਰਟੀਆਂ ਵੀ ਇਸ ਮੰਗ ਦੀ ਹਮਾਇਤ ਤੇ ਆ ਗਈਆਂ। ਭਾਵੇਂ ਕੇਂਦਰੀ ਹਾਕਮਾਂ ਨੇ ਪੰਜਾਬ ਨੂੰ ਛੋਟਾ ਤੇ ਕਮਜ਼ੋਰ ਰੱਖਣ ਦੀ ਫਿਰਕੂ ਜ਼ਹਿਨੀਅਤ ਕਾਰਨ ਫਿਰ ਵੀ ਪੰਜਾਬੀ ਬੋਲਦੇ ਬਹੁਤੇ ਸਾਰੇ ਇਲਾਕੇ ਪੰਜਾਬ ਵਿਚ ਸ਼ਾਮਲ ਨਾ ਕੀਤੇ ਪਰ ਪੰਜਾਬੀ ਸੂਬੇ ਦੀ ਮੰਗ ਜ਼ਰੂਰ ਮੰਨੀ ਗਈ।

ਅਕਾਲੀ ਅੱਜ ਤੱਕ ਇਹ ਕਹਿੰਦੇ ਰਹੇ ਹਨ ਕਿ ਅਸੀਂ ਸਿੱਖ ਆਬਾਦੀ ਵਾਲਾ ਕੋਈ ਵੱਖਰਾ ਸੂਬਾ ਨਹੀਂ ਸੀ ਮੰਗਿਆ ਸਗੋਂ ਪੰਜਾਬੀ ਬੋਲਣ ਵਾਲੇ ਇਲਾਕਿਆਂ 'ਤੇ ਆਧਾਰਤ ਪੰਜਾਬੀਆਂ ਲਈ ਸੂਬਾ ਮੰਗਿਆ ਸੀ। ਇਸੇ ਸਿਧਾਂਤ ਦੇ ਆਧਾਰ 'ਤੇ ਅਕਾਲੀ ਪੰਜਾਬ ਤੋਂ ਬਾਹਰ ਰਹਿ ਗਏ ਪੰਜਾਬੀ ਬੋਲਦੇ ਇਲਾਕੇ ਪੰਜਾਬ 'ਚ ਸ਼ਾਮਲ ਕਰਨ ਦੀ ਮੰਗ ਕਰਦੇ ਹਨ ਅਤੇ ਪੰਜਾਬ ਦੇ ਗਵਾਂਢੀ ਰਾਜਾਂ ਵਿਚ ਰਹਿੰਦੇ ਪੰਜਾਬੀਆਂ ਲਈ ਪੰਜਾਬੀ ਨੂੰ ਦੂਜੀ ਭਾਸ਼ਾ ਦਾ ਦਰਜਾ ਦੇਣ ਦੀ ਵੀ ਮੰਗ ਕਰਦੇ ਹਨ।

ਪਰ ਵਿਚ ਵਿਚ ਅਕਾਲੀ ਲੀਡਰਸ਼ਿਪ ਆਪਣੇ ਰਾਹ ਤੋਂ ਭਟਕ ਵੀ ਜਾਂਦੀ ਰਹੀ ਹੈ ਜਿਸ ਨਾਲ ਕੇਂਦਰੀ ਹਾਕਮਾਂ ਤੇ ਵਿਰੋਧੀਆਂ ਨੂੰ ਨਾ ਸਿਰਫ ਮੰਗਾਂ ਲਟਕਾਉਣ ਦਾ ਮੌਕਾ ਮਿਲਦਾ ਹੈ ਸਗੋਂ ਅਕਾਲੀਆਂ ਨੂੰ ਬਦਨਾਮ ਕਰਨ ਅਤੇ ਦੇਸ਼ ਵਿਰੋਧੀ ਕਰਾਰ ਦੇਣ ਦਾ ਬਹਾਨਾ ਵੀ ਮਿਲ ਜਾਂਦਾ ਹੈ। 1973 ਵਿਚ ਪਾਸ ਕੀਤੇ ਗਏ ਅਨੰਦਪੁਰ ਸਾਹਿਬ ਦੇ ਮਤੇ ਨੇ ਵੀ ਕਾਂਗਰਸੀ ਹਾਕਮਾਂ ਅਤੇ ਅਕਾਲੀ ਵਿਰੋਧੀ ਹੋਰ ਸ਼ਕਤੀਆਂ ਨੂੰ ਖੂਬ ਮੌਕਾ ਮੁਹੱਈਆ ਕੀਤਾ। ਇਸ ਮਤੇ ਵਿਚ ਮੁੱਖ ਤੌਰ 'ਤੇ ਭਾਵੇਂ ਰਾਜਾਂ ਨੂੰ ਵਧੇਰੇ ਅਧਿਕਾਰ ਦੇ ਕੇ ਦੇਸ਼ ਦੇ ਰਾਜਨੀਤਕ ਢਾਂਚੇ ਨੂੰ ਸਹੀ ਅਰਥਾਂ ਵਿਚ ਫੈਡਰਲ ਬਣਾਉਣ ਦੀ ਲੋੜ ਤੇ ਜ਼ੋਰ ਦਿੱਤਾ ਗਿਆ ਸੀ ਪਰ ਫਿਰ ਵੀ ਮਤੇ ਦੇ ਕੁਝ ਭਾਗ ਅਜਿਹੇ ਸਨ ਜਿਨ੍ਹਾਂ ਦੀ ਇਸ ਤਰ੍ਹਾਂ ਵਿਆਖਿਆ ਕੀਤੀ ਜਾ ਸਕਦੀ ਸੀ ਕਿ ਸਿੱਖ ਆਪਣੇ ਲਈ ਵੱਖਰਾ ਖੁਦਮੁਖਤਾਰ ਖਿੱਤਾ ਚਾਹੁੰਦੇ ਹਨ।

1978 ਵਿਚ ਮਤੇ ਨੂੰ ਸੋਧ ਕੇ ਬਦਲੀਲ ਤੇ ਵਧੇਰੇ ਪ੍ਰਵਾਨਤ ਬਣਾਉਣ ਦਾ ਯਤਨ ਕੀਤਾ ਗਿਆ। ਫਿਰ ਵੀ ਉਸ ਵਿਚ ਇਹ ਗੱਲ ਰਹਿ ਗਈ ਕਿ ਅਕਾਲੀ ਦਲ ਦਾ ਰਾਜਸੀ ਨਿਸ਼ਾਨਾ ਅਜਿਹਾ ਦੇਸ਼ ਕਾਲ ਘੜਨਾ ਹੈ ਜਿਥੇ ਖਾਲਸੇ ਦਾ ਬੋਲਬਾਲਾ ਹੋਵੇ। ਇਨ੍ਹਾਂ ਸਤਰਾਂ ਕਾਰਨ ਇਸ ਮਤੇ ਦੀ ਵਿਆਖਿਆ ਦੇਸ਼ ਨੂੰ ਤੋੜਨ ਵਾਲੇ ਦਸਤਾਵੇਜ਼ ਵਜੋਂ ਕੀਤੀ ਜਾਂਦੀ ਰਹੀ ਅਤੇ ਰਾਜੀਵ ਗਾਂਧੀ ਨੇ ਅਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ ਦੇਸ਼ ਭਰ ਵਿਚ ਰੱਜ ਕੇ ਇਸਨੂੰ ਵਰਤਿਆ ਅਤੇ ਲੋਕ ਸਭਾ ਵਿਚ 415 ਦੇ ਲਗਪਗ ਸੀਟਾਂ ਜਿੱਤ ਕੇ ਸਰਕਾਰ ਬਣਾ ਲਈ ਅਤੇ ਅਕਾਲੀਆਂ, ਇਕ ਤਰ੍ਹਾਂ ਨਾਲ ਸਮੁੱਚੇ ਸਿੱਖਾਂ ਨੂੰ ਦੇਸ਼ ਨਾਲੋਂ ਅਲੱਗ-ਥਲੱਗ ਕਰ ਦਿੱਤਾ ਪਰ ਵਿਰੋਧੀਆਂ ਦੀ ਇਸ ਯੁਧਨੀਤੀ ਨੂੰ ਅਸਫਲ ਬਣਾਉਣ ਲਈ ਅਕਾਲੀ ਦਲਾਂ ਵੱਲੋਂ ਕੋਈ ਸਾਰਥਕ ਯਤਨ ਨਹੀਂ ਕੀਤੇ ਗਏ। ਚੁਪ ਕਰਕੇ ਕੁਟ ਖਾਈ ਜਾਣ ਦੀ ਨੀਤੀ ਧਾਰਨ ਕੀਤੀ ਗਈ। ਅਕਾਲੀ ਸਮਰਥਕ ਅਖਬਾਰਾਂ ਤੇ ਹੋਰ ਬੁਧੀਜੀਵੀਆਂ ਨੇ ਜ਼ਰੂਰ ਆਪਣੇ ਤੌਰ 'ਤੇ ਇਹ ਕਹਿਣਾ ਜਾਰੀ ਰਖਿਆ ਕਿ ਇਹ ਮਤਾ ਵੱਖਵਾਦੀ ਨਹੀਂ, ਇਹ ਸਿਰਫ ਰਾਜਾਂ ਨੂੰ ਵਧੇਰੇ ਅਧਿਕਾਰ ਦੇਣ ਦੀ ਮੰਗ ਕਰਦਾ ਹੈ। ਆਖਰ ਹੌਲੀ ਹੌਲੀ ਇਸਨੂੰ ਬਹੁਤ ਸਾਰੀਆਂ ਗੈਰ ਅਕਾਲੀ ਧਿਰਾਂ ਵੱਲੋਂ ਵੀ ਰਾਜਾਂ ਨੂੰ ਵਧੇਰੇ ਅਧਿਕਾਰਾਂ ਦੀ ਮੰਗ ਕਰਨ ਵਾਲੇ ਦਸਤਾਵੇਜ਼ ਵਜੋਂ ਪ੍ਰਵਾਨਿਆ ਜਾਣ ਲੱਗਾ। ਅਪ੍ਰੇਸ਼ਨ ਬਲਿਊ ਸਟਾਰ ਤੋਂ ਬਾਅਦ ਸਿੱਖਾਂ ਦੇ ਜਜ਼ਬਾਤ ਬਹੁਤ ਜ਼ਿਆਦਾ ਭੜਕ ਗਏ। ਪੰਥਕ ਕਮੇਟੀਆਂ ਨੇ ਖਾਲਿਸਤਾਨ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ ਤੇ ਹਾਕਮਾਂ ਨੂੰ ਸਾਰੇ ਸਿੱਖਾਂ ਨੂੰ ਕੁਚਲਣ ਦਾ ਖੁੱਲ੍ਹਾ ਮੌਕਾ ਮਿਲ ਗਿਆ। ਖਾੜਕੂ ਨੌਜਵਾਨਾਂ ਨੇ ਬਦਲੇ ਵਾਲੀ ਭਾਵਨਾ ਨਾਲ ਹਿੰਸਾ ਦਾ ਅਜਿਹਾ ਸਿਲਸਿਲਾ ਅਰੰਭ ਕੀਤਾ ਕਿ ਸਰਕਾਰ ਦੀ ਹਰ ਜ਼ਿਆਦਤੀ ਦੇਸ਼ ਦੀ ਲੋਕ ਰਾਇ ਦੀਆਂ ਨਜ਼ਰਾਂ ਵਿਚ ਜਾਇਜ਼ ਬਣ ਗਈ। ਪੰਜਾਬ ਨੇ ਬੁਰੀ ਤਰ੍ਹਾਂ ਹਾਰ ਖਾਧੀ।

ਹੁਣ ਇਸ ਪੜਾਅ 'ਤੇ ਪਿਛਲਾ ਤਜਰਬਾ ਇਹ ਕਹਿੰਦਾ ਸੀ ਕਿ ਅਕਾਲੀਆਂ ਨੇ ਜੋ ਵੀ ਮੰਗਣਾ ਹੈ ਉਹ ਪੂਰੇ ਪੰਜਾਬੀਆਂ ਲਈ ਮੰਗਣ ਤਾਂ ਜੋ ਰਾਜ ਦੇ ਲੋਕਾਂ 'ਚ ਗਲਤਫਹਿਮੀਆਂ ਤੇ ਡਰ ਪੈਦਾ ਨਾ ਹੋਵੇ ਅਤੇ ਦੇਸ਼ ਦੀ ਲੋਕ ਰਾਇ ਉਨ੍ਹਾਂ ਦੇ ਖਿਲਾਫ ਨਾ ਹੋਵੇ। ਪਰ ਸ਼੍ਰੋਮਣੀ ਅਕਾਲੀ ਦਲ ਸ੍ਰੀ ਅੰਮ੍ਰਿਤਸਰ ਨੇ ਆਪਣਾ ਸਿਆਸੀ ਨਿਸ਼ਾਨਾ ਐਲਾਨ ਕੇ ਫਿਰ ਪਹਿਲਾਂ ਵਾਲੀ ਗਲਤੀ ਦੁਹਰਾ ਦਿੱਤੀ ਹੈ ਅਤੇ ਕਾਂਗਰਸੀ ਹਾਕਮਾਂ ਅਤੇ ਹੋਰ ਸਿੱਖ ਵਿਰੋਧੀ ਸ਼ਕਤੀਆਂ ਨੂੰ ਭੰਡੀ ਪ੍ਰਚਾਰ ਕਰਨ ਦਾ ਚੰਗਾ ਮੌਕਾ ਮੁਹੱਈਆ ਕਰ ਦਿੱਤਾ ਹੈ।

ਜੇਕਰ ਨਵਾਂ ਅਕਾਲੀ ਦਲ ਸਿੱਖਾਂ ਲਈ ਵੱਖਰਾ ਖਿੱਤਾ ਮੰਗਣ ਦੀ ਥਾਂ ਸਮੂਹ ਪੰਜਾਬੀ ਕੌਮ ਲਈ ਖੁਦਮੁਖਤਾਰੀ ਵਾਲੇ ਖਿੱਤੇ ਦੀ ਮੰਗ ਕਰਦਾ ਅਤੇ ਭਾਰਤ ਦੇ ਰਾਜਨੀਤਕ ਢਾਂਚੇ ਨੂੰ ਕਨਫੈਡਰਲ ਬਣਾਉਣ ਦੀ ਥਾਂ ਹਕੀਕੀ ਤੌਰ 'ਤੇ ਫੈਡਰਲ ਬਣਾਉਣ ਦੀ ਮੰਗ ਕਰਦਾ ਤਾਂ ਵਿਰੋਧੀ ਸ਼ਕਤੀਆਂ ਨੂੰ ਚੀਕ ਚਿਹਾੜਾ ਮਚਾਉਣ ਲਈ ਇਨਾ ਮੌਕਾ ਨਹੀਂ ਸੀ ਮਿਲਣਾ। ਮਤੇ ਦੇ ਅਖੀਰ ਵਿਚ ਜਿਥੇ ਇਹ ਕਿਹਾ ਗਿਆ ਹੈ ਕਿ ਜੇਕਰ ਹਿੰਦੁਸਤਾਨੀ ਹਾਕਮਾਂ ਨੇ ਦੇਸ਼ ਲਈ ਕਨਫੈਡਰਲ ਨਵ-ਸੰਗਠਨ ਨੂੰ ਪ੍ਰਵਾਨ ਨਾ ਕੀਤਾ ਤਾਂ ਸ਼੍ਰੋਮਣੀ ਅਕਾਲੀ ਦਲ ਕੋਲ ਵੱਖਰੇ ਪ੍ਰਭੂਸੱਤਾ ਸੰਪੰਨ ਰਾਜ ਲਈ ਸੰਘਰਸ਼ ਕਰਨ ਤੋਂ ਬਿਨਾ ਕੋਈ ਚਾਰਾ ਨਹੀਂ ਰਹਿ ਜਾਵੇਗਾ। ਉਥੇ ਇਹ ਆਖਿਆ ਜਾ ਸਕਦਾ ਸੀ ਕਿ ਜੇਕਰ ਦੇਸ਼ ਦੀਆਂ ਵੱਖ-ਵੱਖ ਸਭਿਆਚਾਰਕ ਇਕਾਈਆਂ ਨੂੰ ਫੈਡਰਲ ਢਾਂਚੇ ਅੰਦਰ ਖੁਦਮੁਖਤਾਰ ਰਾਜ ਨਾ ਦਿੱਤੇ ਗਏ ਤਾਂ ਦੇਸ਼ ਦੀ ਵਰਤਮਾਨ ਕੇਂਦਰੀਕ੍ਰਿਤ ਰਾਜਨੀਤਕ ਵਿਵਸਥਾ ਕਾਇਮ ਨਹੀਂ ਰਹਿ ਸਕੇਗੀ, ਵੱਖ-ਵੱਖ ਸਭਿਆਚਾਰਕ ਇਕਾਈਆਂ ਆਪਣੀ ਸੁਤੰਤਰ ਸਿਆਸੀ ਹੋਂਦ ਲਈ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ।

ਇੰਨੀਆਂ ਕੁ ਤਬਦੀਲੀਆਂ ਨਾਲ ਇਹ ਮਤਾ ਦੇਸ਼ ਦੀਆਂ ਬਾਕੀ ਸਾਰੀਆਂ ਖੇਤਰੀ ਅਤੇ ਕੌਮੀ ਪਾਰਟੀਆਂ ਨੂੰ ਪ੍ਰਵਾਨ ਹੋ ਸਕਦਾ ਸੀ। ਇਸ ਨਿਸ਼ਾਨੇ ਦੀ ਪ੍ਰਾਪਤੀ ਲਈ ਵਧੇਰੇ ਧਿਰਾਂ ਨੂੰ ਨਾਲ ਲਿਆ ਜਾ ਸਕਦਾ ਸੀ। ਰਾਜ ਦੀਆਂ ਘਟਗਿਣਤੀਆਂ ਵਿਚ ਵੀ ਡਰ ਦੀ ਭਾਵਨਾ ਨਹੀਂ ਸੀ ਫੈਲਣੀ। ਹਰ ਪ੍ਰਾਪਤੀ ਪੜਾਅਵਾਰ ਹੁੰਦੀ ਹੈ। ਸਮਾਜ ਵਿਚ ਕੋਈ ਵੀ ਸੰਘਰਸ਼ ਅਤੇ ਕੋਈ ਵੀ ਅੰਦੋਲਨ ਅੰਤਿਮ ਨਹੀਂ ਹੁੰਦਾ ਸਮੇਂ ਦੀਆਂ ਲੋੜਾਂ ਅਨੁਸਾਰ ਨਵੇਂ ਨਿਸ਼ਾਨੇ ਤੈਅ ਹੁੰਦੇ ਰਹਿੰਦੇ ਹਨ। ਨਵੇਂ ਸੰਘਰਸ਼ ਵੀ ਅਰੰਭ ਹੁੰਦੇ ਰਹਿੰਦੇ ਹਨ। ਇਸ ਲਈ ਸਖਤ ਤੇ ਜ਼ਿੱਦੀ ਰੁਖ ਅਖਤਿਆਰ ਕਰਨਾ ਅਜਿਹੇ ਨਿਸ਼ਾਨੇ ਨਿਰਧਾਰਿਤ ਕਰਨੇ ਜਿਸ ਨਾਲ ਸੰਘਰਸ਼ ਕਰਨ ਵਾਲੀਆਂ ਧਿਰਾਂ ਆਪਣੇ ਅਤੇ ਆਪਣੇ ਲੋਕਾਂ ਨਾਲੋਂ ਹੀ ਅਲੱਗ ਥਲੱਗ ਹੋ ਜਾਣ, ਕਿਸੇ ਤਰ੍ਹਾਂ ਵੀ ਸਿਆਣੀ ਗੱਲ ਨਹੀਂ ਆਖੀ ਜਾ ਸਕਦੀ। ਹਾਲ ਹੀ ਵਿਚ ਰੋਸ਼ਨੀ ਵਿਚ ਆਏ ਨਵੇਂ ਅਕਾਲੀ ਦਲ ਨੂੰ ਆਪਣੇ ਰਾਜਸੀ ਨਿਸ਼ਾਨੇ ਸਬੰਧੀ ਮੁੜ ਤੋਂ ਵਿਚਾਰ ਕਰਨੀ ਚਾਹੀਦੀ ਹੈ। ਇਸਨੂੰ ਅਜਿਹੀ ਦਸਤਾਵੇਜ਼ ਨਹੀਂ ਬਣਾਉਣਾ ਚਾਹੀਦਾ ਜਿਸ ਵਿਚ ਕਿ ਕੋਈ ਤਬਦੀਲੀ ਨਾ ਹੋ ਸਕਦੀ ਹੋਵੇ। ਨਵੇਂ ਅਕਾਲੀ ਦਲ ਵਲੋਂ ਆਉਂਦੇ ਸਮੇਂ ਵਿਚ ਬੁਲਾਏ ਜਾਣ ਵਾਲੇ ਡੈਲੀਗੇਟ ਇਜਲਾਸ ਵਿਚ ਇਸਨੂੰ ਪੇਸ਼ ਕਰਕੇ ਇਸ ਵਿਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸਾਡਾ ਇਹ ਮਸ਼ਵਰਾ ਹੈ, ਬਾਕੀ ਕਰਨਾ ਨਾ ਕਰਨਾ ਅਕਾਲੀ ਦਲ ਦੀ ਲੀਡਰਸ਼ਿਪ ਦੀ ਆਪਣੀ ਸਿਆਣਪ ਉੱਪਰ ਨਿਰਭਰ ਹੈ।

ਜਿੱਥੋਂ ਤੱਕ ਦਿੱਲੀ ਦਰਬਾਰ ਅਤੇ ਇਸਦੇ ਪ੍ਰਤੀਕਰਮ ਦਾ ਸਵਾਲ ਹੈ ਉਸਦੀ ਨੀਤੀ ਬਿਲਕੁਲ ਸਪਸ਼ਟ ਹੈ। ਜਦੋਂ ਵੀ ਪੰਜਾਬ ਵਿਚ ਕੋਈ ਅਣਸੁਖਾਵੀਂ ਘਟਨਾ ਵਾਪਰ ਜਾਵੇ ਜਾਂ ਕੋਈ ਧਿਰ ਕੋਈ ਗਰਮ ਗਰਮ ਮਤਾਂ ਪਾਸ ਕਰ ਦੇਵੇ ਤਾਂ ਦਿੱਲੀ ਦਰਬਾਰ ਹੋ ਹੱਲਾ ਮਚਾ ਦਿੰਦਾ ਹੈ। ਕਈ ਦੂਜੀਆਂ ਕੌਮੀ ਪਾਰਟੀਆਂ ਵੀ ਇਸ ਚੀਕ ਚਿਹਾੜੇ ਵਿਚ ਸ਼ਾਮਿਲ ਹੋ ਜਾਂਦੀਆਂ ਹਨ ਪਰ ਦਿੱਲੀ ਦਰਬਾਰ ਅਤੇ ਇਸ ਦੀਆਂ ਹਮਾਇਤੀ ਹੋਰ ਕੌਮੀ ਪਾਰਟੀਆਂ ਵੀ ਇਹ ਸੰਜੀਦਾ ਯਤਨ ਨਹੀਂ ਕਰਦੀਆਂ ਕਿ ਇਸ ਤਰ੍ਹਾਂ ਦੇ ਗੁੰਝਲਦਾਰ ਸਿਆਸੀ ਮਸਲੇ ਨੂੰ ਸਥਾਈ ਰੂਪ ਵਿਚ ਅਤੇ ਲੋਕਾਂ ਦੀਆਂ ਭਾਵਨਾਵਾਂ ਅਨੁਸਾਰ ਸਮਝਾਉਣ ਲਈ ਕੋਈ ਠੋਸ ਪਹਿਲਕਦਮੀ ਕੀਤੀ ਜਾਵੇ। ਦਿੱਲੀ ਦਰਬਾਰ ਅਤੇ ਇਨ੍ਹਾਂ ਕੌਮੀ ਪਾਰਟੀਆਂ ਦਾ ਭੜਕਾਊ ਅਤੇ ਯਰਕਾਊ ਯਤਨ ਹੀ ਹੁੰਦਾ ਹੈ। ਇਸ ਦੇ ਬਾਵਜੂਦ ਅਸੀਂ ਪੰਜਾਬ ਦੇ ਹੱਕਾਂ ਹਿੱਤਾਂ ਦੀ ਗੱਲ ਕਰਨ ਵਾਲੀਆਂ ਸਾਰੀਆਂ ਧਿਰਾਂ ਨੂੰ ਫਿਰ ਅਪੀਲ ਕਰਨੀ ਚਾਹਾਂਗੇ ਕਿ ਉਹ ਵਿਰੋਧੀ ਸ਼ਕਤੀਆਂ ਨੂੰ ਅਜਿਹੇ ਬਹਾਨੇ ਮੁਹੱਈਆ ਨਾ ਕਰਨ ਜਿਨ੍ਹਾਂ ਨਾਲ ਸਿਆਸੀ ਤੌਰ 'ਤੇ ਉਨ੍ਹਾਂ ਨੂੰ ਅਤੇ ਪੰਜਾਬ ਨੂੰ ਨੁਕਸਾਨ ਹੁੰਦਾ ਹੋਵੇ ਅਤੇ ਵਿਰੋਧੀਆਂ ਦੇ ਹੱਥ ਮਜਬੂਤ ਹੁੰਦੇ ਹੋਣ। ਸਿੱਖ ਪੰਜਾਬੀ ਕੌਮ ਦਾ ਹਰਿਆਵਲ ਦਸਤਾ ਹਨ। ਪੰਜਾਬ ਉਨ੍ਹਾਂ ਦਾ ਹੋਮਲੈਂਡ ਹੈ ਅਤੇ ਉਨ੍ਹਾਂ ਨੇ ਜੋ ਵੀ ਮੰਗਣਾ ਹੈ ਸਮੁੱਚੇ ਪੰਜਾਬ ਲਈ ਮੰਗਣਾ ਹੈ। ਪੰਜਾਬੀਆਂ ਤੇ ਦੇਸ਼ ਦੀਆਂ ਹੋਰ ਹਮਖਿਆਲ ਸ਼ਕਤੀਆਂ ਨੂੰ ਇਸ ਸੰਘਰਸ਼ ਵਿਚ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਪੰਜਾਬ ਵਿਚ ਸਿੱਖਾਂ ਦਾ ਇਤਿਹਾਸਕ ਰਾਜਸੀ ਤੇ ਧਾਰਮਿਕ ਰੋਲ ਰਿਹਾ ਹੈ। ਉਨ੍ਹਾਂ ਦਾ ਇਥੇ ਬੋਲਬਾਲਾ ਰਿਹਾ ਹੈ ਤੇ ਅੱਗੇ ਵੀ ਰਹੇਗਾ। ਇਹ ਬੋਲਬਾਲਾ ਉਦੋਂ ਵੀ ਸੀ ਜਦੋਂ ਸਿੱਖਾਂ ਦੀ ਆਬਾਦੀ ਸਾਂਝੇ ਪੰਜਾਬ ਵਿਚ 11% ਸੀ। ਇਹ ਬੋਲਬਾਲਾ ਅੱਜ ਵੀ ਹੈ ਜਦੋਂ ਇਸ ਰਾਜ ਵਿਚ ਉਨ੍ਹਾਂ ਦੀ ਆਬਾਦੀ 62% ਹੈ। ਸਿੱਖਾਂ ਨੂੰ ਸਵੈ-ਵਿਸ਼ਵਾਸ ਨਾਲ ਸਮੁੱਚੇ ਪੰਜਾਬ, ਅਨੰਦਪੁਰ ਸਾਹਿਬ ਦੇ ਮਤੇ ਅਤੇ ਆਪਾਨਿਰਣੈ ਤੇ ਦੇਸ਼ ਲਈ ਹਕੀਕੀ ਫੈਡਰਲ ਢਾਂਚੇ ਦੀ ਮੰਗ ਕਰਨੀ ਚਾਹੀਦੀ ਹੈ। ਮੌਜੂਦਾ ਸਥਿਤੀ ਵਿਚ ਇਹੀ ਰਸਤਾ ਠੀਕ ਜਾਪਦਾ ਹੈ। ਪਾਸ ਕੀਤੇ ਜਾਣ ਵਾਲੇ ਗਰਮ ਗਰਮ ਮਤੇ ਤਾਂ ਪੰਜਾਬ ਤੇ ਸਿੱਖਾਂ ਦਾ ਵਧੇਰੇ ਨੁਕਸਾਨ ਹੀ ਕਰਾਉਣਗੇ।



# ਆਓ ਜ਼ਰਾ ਬੇਗਮ ਅਖ਼ਤਰ ਨੂੰ ਵੀ ਯਾਦ ਕਰੀਏ

-ਅੰਮ੍ਰਿਤਾ ਪ੍ਰੀਤਮ

1968 ਦੇ ਫ਼ਰਵਰੀ ਮਹੀਨੇ ਦੀ ਇਕ ਬਹੁਤ ਠੰਢੀ ਰਾਤ ਸੀ, ਜਦੋਂ ਰਾਤ ਦੇ ਯਾਰਾਂ ਵਜੇ ਦਿੱਲੀ ਦੇ ਪਟੌਦੀ ਹਾਊਸ ਦੇ ਇਕ ਕਮਰੇ ਦੇ ਬੂਹੇ ਤੇ ਦਸਤਕ ਹੋਈ, ਤੇ ਪਸ਼ਮੀਨੇ ਦੀ ਚਾਦਰ ਮੋਢਿਆਂ 'ਤੇ ਵਲ੍ਹੇਟ ਕੇ ਜਦੋਂ ਮਲਕਾ ਏ ਠੁਮਰੀ ਸਿਧੇਸ਼ਵਰੀ ਦੇਵੀ ਨੇ ਬੂਹਾ ਖੋਲ੍ਹਿਆ ਤੇ ਬੂਹੇ ਅੱਗੇ ਖਲੋਤੀ ਬੇਗ਼ਮ ਅਖ਼ਤਰ ਨੂੰ ਵੇਖਿਆ, ਤਾਂ ਉਹਦੇ ਮੂੰਹੋਂ ਨਿਕਲਿਆ-ਸੁਬ੍ਹਾਨ ਅੱਲਾ!

ਇਕ ਜ਼ਮਾਨੇ ਤੋਂ ਬਾਅਦ ਇਹ ਮੁਲਾਕਾਤ ਹੋਈ ਸੀ, ਕਰੀਬ ਤੀਹਾਂ ਵਰ੍ਹਿਆਂ ਦੇ ਵਕਫ਼ੇ ਤੋਂ ਬਾਅਦ, ਇਸ ਲਈ ਇਕ ਹੈਰਾਨੀ ਵਿਚ ਲਿਪਟੀ ਸਿਧੇਸ਼ਵਰੀ ਨੇ ਕਿਹਾ-ਓ ਅਖ਼ਤਰੀ! ਕਾ ਹੋ, ਇਤੇ ਦਿਨ ਬਾਦ ਤੁਮ ਹਮਾਰੇ ਘਰ ਆਏ ਹੋ...

ਬੇਗਮ ਅਖ਼ਤਰ ਨੇ ਕੋਈ ਤਮਹੀਦ ਨਹੀਂ ਬੰਨ੍ਹੀ, ਆਖਿਆ-ਹਮ ਤੁਮ ਸੇ ਕੋਈ ਚੀਜ਼ ਮਾਂਗਨੇ ਆਏ ਹੈਂ...

ਸਿਧੇਸ਼ਵਰੀ ਕਮਰੇ ਦੇ ਗਲੀਚੇ ਉੱਤੇ ਪਏ ਹੋਏ ਰੇਸ਼ਮ ਦੇ ਇਕ ਤਕੀਏ ਉੱਤੇ ਬੇਗਮ ਅਖ਼ਤਰ ਨੂੰ ਬਿਠਾਂਦਿਆਂ ਇਕ ਖ਼ਾਮੋਸ਼ ਖ਼ੁਸ਼ਆਮਦੀਦ ਆਖ, ਪਰ ਹੋਠਾਂ ਵਿਚ ਸ਼ਿਕਵਾ ਭਰ ਕੇ ਬੋਲੀ-ਜ਼ਿੰਦਗੀ ਭਰ ਮਾਂਗਤ ਹੋ, ਸਭ ਮਿਲਾਲ ਹੋ, ਔਂ ਕਾ ਚਾਹੀ? ਤੂੰ ਬੇਗਮ ਹੋ ਨਾ ਅਬਤੋ...

ਜੱਗ ਜਾਣਦਾ ਸੀ ਕਿ ਫ਼ੈਜ਼ਾਬਾਦ ਦੀ ਅਖ਼ਤਰੀ ਬਾਈ ਕਾਕੋਲੀ ਦੇ ਨਵਾਬ ਇਸ਼ਤਿਆਕ ਅਹਿਮਦ ਅੱਬਾਸੀ ਨਾਲ ਨਿਕਾਹ ਕਰਕੇ ਹੁਣ ਬੇਗਮ ਅਖ਼ਤਰ ਹੋ ਚੁੱਕੀ ਸੀ। ਤੇ ਸਿਧੇਸ਼ਵਰੀ ਦੇਵੀ ਦੀ ਮੁਬਾਰਕ ਇਸੇ ਹਲਕੀ ਜਹੀ ਤਨਜ਼ ਦੀ ਸੂਰਤ ਵਿਚ ਸੀ।

ਇਹ ਮਲਕਾ-ਏ-ਠੁਮਰੀ ਦੀ ਇਕ ਤਰ੍ਹਾਂ ਮਲਕਾ-ਏ-ਗ਼ਜ਼ਲ ਨਾਲ ਇਕ ਦੋਸਤਾਨਾ ਗੁਫ਼ਤਗੂ ਸੀ।

ਬੇਗਮ ਅਖ਼ਤਰ ਦੇ ਨਾਲ ਉਸ ਰਾਤ ਇਕ ਵੀਹਾਂ ਵਰ੍ਹਿਆਂ ਦੀ ਬੜੀ ਹੁਸੀਨ ਲੜਕੀ ਸੀ-ਰੀਤਾ ਗਾਂਗੋਲੀ। ਉਹਦੇ ਵਲ ਇਸ਼ਾਰਾ ਕਰਕੇ ਉਹ ਸਿਧੇਸ਼ਵਰੀ ਨੂੰ ਕਹਿਣ ਲੱਗੀ-ਯਹ ਬੱਚੀ ਮੁਝੇ ਦੇ ਦੋ! ਮਾਂਗਨੇ ਆਈ ਹੂੰ!

ਇਸ ਰੀਤਾ ਗਾਂਗੋਲੀ ਨੇ ਨਾਚ ਤੇ ਸੰਗੀਤ ਦੀ ਤਾਲੀਮ ਸ਼ਾਂਤੀ ਨਿਕੇਤਨ ਤੋਂ ਪਾਈ ਹੋਈ ਸੀ, ਤੇ ਖ਼ਿਆਲ ਠੁਮਰੀ ਤੇ ਟੱਪੇ ਦੀ ਅਗਲੀ ਤਾਲੀਮ ਉਹਨੇ ਪੂਰੇ ਦੋ ਵਰ੍ਹੇ ਸਿਧੇਸ਼ਵਰੀ ਤੋਂ ਪਾਈ ਸੀ, ਇਸ ਲਈ ਬੇਗਮ ਅਖ਼ਤਰ ਹੁਣ ਰੀਤਾ ਨੂੰ ਆਪਣੇ ਸਾਏ ਵਿਚ ਰੱਖਣ ਲਈ ਉਹਦੀ ਪਹਿਲੀ ਉਸਤਾਦ ਤੋਂ ਉਹਨੂੰ ਮੰਗਣ ਆਈ ਸੀ।

ਸਿਧੇਸ਼ਵਰੀ ਦਾ ਮੂੰਹ ਉਹਦੀ ਉਂਗਲ ਵਿਚ ਪਏ ਹੋਏ ਮੋਤੀ ਵਾਂਗ ਚਮਕ ਪਿਆ, ਤੇ ਉਹ ਕਹਿਣ ਲੱਗੀ-ਤਨੀ ਬੈਠਾ, ਚਾਏ ਵਾਏ ਪੀਆ, ਬਤਿਆਵਾ ਹਮਰੇ ਲਗੇ।

ਬੇਗਮ ਅਖ਼ਤਰ ਨੇ ਦਲੀਲ ਨਾਲ ਆਖਿਆ-ਤੁਮ ਜੋ ਆਜਕਲ ਨਹੀਂ ਸਿਖਾ ਰਹੀ ਹੋ, ਮੈਂ ਇਸੇ ਸਿਖਾਊਂਗੀ।

ਫੇਰ ਸਿਧੇਸ਼ਵਰੀ ਨੂੰ ਸ਼ਾਇਦ ਮੋਤੀ ਜਹੀ ਸ਼ਾਗਿਰਦ ਦੇ ਗੁਆਚ ਜਾਣ ਦਾ ਅਹਿਸਾਸ ਹੋਇਆ, ਕਹਿਣ ਲੱਗੀ-ਪਛਤਾਵੇ ਕੇ ਹੋ! ਈਕਰ ਲੇ ਕੇ ਕਾ ਕਰੀ ਹੋ?

ਪਰ ਜਿਹਨੇ ਬੂਹੇ 'ਤੇ ਆ ਕੇ ਜੋ ਕੁਝ ਮੰਗਿਆ ਸੀ, ਉਹਨੂੰ ਇਨਕਾਰ ਨਹੀਂ ਸੀ ਕੀਤਾ ਜਾ ਸਕਦਾ, ਸੋ ਗੰਢਾਂ ਬੰਨ੍ਹਣ ਦੀ ਬਾਕਾਇਦਾ ਰਸਮ ਹੋਈ। ਸਿਧੇਸ਼ਵਰੀ ਦੇਵੀ ਨੇ ਮੌਲੀ ਦੀ ਇਕ ਤੰਦ ਬੇਗਮ ਅਖ਼ਤਰ ਨੂੰ ਫੜਾਂਦਿਆਂ, ਨਾਲ ਛੋਲੇ ਤੇ ਗੁੜ ਸਾਹਮਣੇ ਰੱਖ ਦਿੱਤੇ। ਤੇ ਬੇਗਮ ਅਖ਼ਤਰ ਨੇ ਗੁੜ-ਛੋਲੇ ਰੀਤਾ ਦੇ ਮੂੰਹ ਲੁਆ ਕੇ, ਉਹਦੀ ਬਾਂਹ 'ਤੇ ਮੌਲੀ ਦੀ ਤੰਦ ਬੰਨ੍ਹ ਦਿੱਤੀ। ਇਹ ਇਕ ਅਜਿਹੀ ਰਾਤ ਸੀ, ਜੋ ਅੱਜ ਵੀ ਰੀਤਾ ਗਾਂਗੋਲੀ ਦੇ ਜ਼ਿਹਨ ਵਿਚ ਉਸੇ ਤਰ੍ਹਾਂ ਖਲੋਤੀ ਹੋਈ ਹੈ, ਜਿਵੇਂ ਹਵਾ ਵਿਚ ਸਿਧੇਸ਼ਵਰੀ ਦੇ ਲਫ਼ਜ਼ ਖਲੋਤੇ ਹੋਏ ਹਨ-ਸੁਬ੍ਹਾਨ ਅੱਲਾ!

ਇਹ ਲਫ਼ਜ਼ ਸਿਰਫ਼ ਸਿਧੇਸ਼ਵਰੀ ਦੇਵੀ ਦੇ ਨਹੀਂ-ਇਕ ਜ਼ਮਾਨੇ ਦੇ ਲਫ਼ਜ਼ ਹਨ-ਜੋ ਬੇਗਮ ਅਖ਼ਤਰ ਦਾ ਜ਼ਮਾਨਾ ਸੀ।

1914 ਵਿਚ ਫ਼ੈਜ਼ਾਬਾਦ ਦੀ ਇਕ ਹੁਸੀਨਾ ਮੁਸ਼ਤਰ ਬੇਗਮ ਦੇ ਘਰ ਦੋ ਜੌੜੀਆਂ ਬੱਚੀਆਂ ਨੇ ਜਨਮ ਲਿਆ ਸੀ, ਕਿਸੇ ਸੱਯਦ ਬਾਪ ਤੋਂ। ਪਰ ਉਨ੍ਹਾਂ ਬੱਚੀਆਂ ਨੂੰ ਬਾਪ ਦਾ ਨਾਂ ਨਸੀਬ ਨਹੀਂ ਸੀ ਹੋਇਆ।

ਤੇ ਉਹ ਬੱਚੀਆਂ ਜਦੋਂ ਢਾਈ ਵਰ੍ਹੇ ਦੀ ਉਮਰ ਦੀਆਂ ਸਨ, ਪਤਾ ਨਹੀਂ ਕਿਹਨੇ ਕਿਹੜਾ ਇੰਤਕਾਮ ਲਿਆ ਸੀ ਕਿ ਇਕ ਬੱਚੀ ਗੈਰ ਕੁਦਰਤੀ ਮੌਤ ਮਰ ਗਈ ਸੀ, ਤੇ ਦੂਜੀ ਦੀ ਜਾਨ 'ਤੇ ਖ਼ਤਰਾ ਮੰਡਰਾਣ ਲੱਗ ਪਿਆ ਸੀ।

ਇਹੋ ਦੂਜੀ ਬੱਚੀ ਅਖ਼ਤਰੀ ਸੀ, ਜੋ ਮੌਤ ਦੇ ਸਾਏ ਹੇਠਾਂ ਖੇਡਦੀ, ਜਦੋਂ ਸਕੂਲ ਪੜ੍ਹਨ ਲੱਗ ਪਈ ਤਾਂ ਕਿਸੇ ਨੇ ਮਾਂ ਬੇਟੀ ਦਾ ਘਰ ਜਲਾ ਦਿੱਤਾ ਸੀ, ਤੇ ਉਹ ਵੇਲਾ ਸੀ, ਜਦੋਂ ਅਖ਼ਤਰੀ ਦੀ ਮਾਂ ਨੇ ਫ਼ੈਜ਼ਾਬਾਦ ਨੂੰ ਅਲਵਿਦਾ ਆਖ ਕੇ ਗਯਾ ਵਿਚ ਆਪਣਾ ਕਿਆਮ ਕਰ ਲਿਆ ਸੀ।

ਅਖ਼ਤਰੀ ਦੀ ਵਾਲਦਾ ਹੈਰਾਨ ਸੀ ਕਿ ਮੌਸਿਕੀ ਉਹਦੀਆਂ ਰਗਾਂ ਵਿਚ ਨਹੀਂ ਸੀ, ਪਰ ਉਹਦੀ ਕੁੱਖ ਵਿਚੋਂ ਸੱਤਾਂ ਸੁਰਾਂ ਵਿਚ ਲਿਪਟੀ ਇਸ ਬੱਚੀ ਨੇ ਜਨਮ ਕਿਵੇਂ ਲੈ ਲਿਆ ਸੀ।

ਅਖ਼ਤਰੀ ਅਜੇ ਬੱਚੀ ਸੀ, ਜਦੋਂ ਆਸ਼ਕ ਅਲੀ ਸਾਹਬ ਤੋਂ ਗਾਣਾ ਸਿੱਖਦੀ ਆਪਣੇ ਰਿਆਜ਼ ਵਿਚ ਇਸ ਤਰ੍ਹਾਂ ਮਗਨ ਹੋ ਜਾਣ ਲੱਗ ਪਈ ਸੀ ਕਿ ਉਸਤਾਦਾਂ ਦੇ ਮੂੰਹੋਂ ਨਿਕਲ ਜਾਂਦਾ ਸੀ-ਸੁਬ੍ਹਾਨ ਅੱਲਾ!

ਫੇਰ ਅਤਾ ਮੁਹੰਮਦ ਖਾਨ ਸਾਹਿਬ ਉਹਦੇ ਗੰਢ ਬੰਨ੍ਹ ਉਸਤਾਦ ਹੋਏ। ਤੇ ਉਹਦੀ ਆਵਾਜ਼ ਸ਼ਾਹੀ ਮਹਿਫ਼ਲਾਂ ਵਿਚ ਵੀ ਪਹੁੰਚੀ, ਤੇ ਉਹਦੀ ਸੂਰਤ ਫ਼ਿਲਮਾਂ ਵਿਚ ਵੀ।

''ਅਖ਼ਤਰੀ ਬਾਈ ਫ਼ੈਜ਼ਾਬਾਦੀ'' ਸਿਰਫ਼ ਇਕ ਔਰਤ ਦਾ ਨਾਂ ਨਹੀਂ ਸੀ, ਇਕ ਬਹੁਤ ਲੰਬੇ ਰਸਤੇ ਦਾ ਨਾਂ ਸੀ। ਤੇ ਬੇਗਮ ਅਖ਼ਤਰ ਤੱਕ ਪਹੁੰਚਣ ਵਾਲਾ ਇਹ ਰਾਹ ਹਜ਼ਾਰ ਤੋਹਮਤਾਂ, ਹਸਦ ਤੇ ਇੰਤਕਾਮ ਜਹੇ ਹਜ਼ਾਰ ਖ਼ਤਰਿਆਂ ਨਾਲ ਭਰਿਆ ਹੋਇਆ ਸੀ-ਹੀਰਿਆਂ ਦੀਆਂ ਮੁੰਦਰੀਆਂ ਨਾਲ ਭਰੀਆਂ ਹੋਈਆਂ ਉਂਗਲਾਂ ਜਦੋਂ ਰਾਹ ਦੇ ਕੰਡੇ ਪੈਰਾਂ ਵਿਚੋਂ ਕਢਦੀਆਂ ਸਨ-ਤਾਂ ਪਤਾ ਨਹੀਂ ਵਕਤ ਦੇ ਮੂੰਹੋਂ ਕਿੰਨੀ ਵਾਰ ਨਿਕਲਦਾ ਸੀ-ਸੁਬ੍ਹਾਨ ਅੱਲਾ!

## ਸਫ਼ਰ ਜ਼ਿੰਦਗੀ ਦਾ

ਬੇਗਮ ਅਖ਼ਤਰ ਨੇ ਆਪਣੀ ਸ਼ਖ਼ਸੀਅਤ ਦਾ ਰਾਜ਼ ਇਕ ਵਾਰੀ ਆਪਣੀ ਸ਼ਾਗਿਰਦ ਨੂੰ ਦੱਸਿਆ ਸੀ-ਬੇਟੀ! ਔਰਤ ਕੇ ਪਾਸ ਦੋ ਚੀਜ਼ੇਂ ਚਾਹੀਏਂ-ਤਨ ਕੀ ਨਜ਼ਾਕਤ ਔਰ ਮਨ ਕੀ ਤਾਕਤ।

ਤੇ ਅੱਜ ਰੀਤਾ ਆਪਣੀ ਉਸ ''ਅੰਮੀ'' ਦੀ ਗੱਲ ਕਰਦਿਆਂ ਅੱਖਾਂ ਭਰ ਲੈਂਦੀ ਹੈ ''ਮੇਰੇ ਕੋਲੋਂ ਨਹਾਇਤ ਗੁਸਤਾਖੀ ਹੋ ਗਈ ਸੀ-ਜਿਸ ਬੇਗਮ ਅਖ਼ਤਰ ਦੇ ਨਾਂ ਦੀ ਮੈਂ ਦੀਵਾਨੀ ਸਾਂ, ਉਹਨੇ ਜਦੋਂ ਗਾਲਬ ਸ਼ਤਾਬਦੀ ਦੇ ਜਸ਼ਨ ਵਿਚ ਮੈਨੂੰ ਆਪਣੇ ਨਾਲ ਦੇ ਮੰਚ ਉੱਤੇ ਬਿਠਾ ਲਿਆ, ਮੈਂ ਤਾਨਪੂਰਾ ਵਜਾਂਦੀ ਰਹੀ, ਤਾਂ ਅਚਾਨਕ ਅੰਮੀ ਨੇ ਹਾਰਮੋਨੀਅਮ ਉੱਤੋਂ ਹੱਥ ਚੁੱਕ ਕੇ, ਸਾਹਮਣੇ ਮਹਿਫ਼ਲ ਵਿਚ ਬੈਠੇ ਜ਼ਾਕਿਰ ਹੁਸੈਨ ਸਾਹਬ ਨੂੰ ਕਿਹਾ- ''ਮੈਨੇ ਏਕ ਬੱਚੀ ਤਈਆਰ ਕੀ ਹੈ, ਸੁਨੀਏ। ਕੈਸਾ ਕੋਇਲ ਜੈਸਾ ਕੂਕਤੀ ਹੈ।'' ਤੇ ਪਾਸੇ ਵਲ ਵੇਖ ਕੇ ਮੈਨੂੰ ਕਿਹਾ-''ਗਾਓ!''

''ਮੈਂ ਖ਼ਿਆਲ ਗੌਂਦੀ ਸਾਂ, ਠੁਮਰੀ ਗੌਂਦੀ ਸਾਂ, ਤੇ ਸਿਧੇਸ਼ਵਰੀ ਦੇਵੀ ਤੋਂ ਤਾਲੀਮ ਪਾਈ ਸੀ, ਪਰ ਕਦੇ ਗ਼ਜ਼ਲ ਨਹੀਂ ਸੀ ਗਾਈ, ਤੇ ਅੰਮੀ ਆਪਣੀ ਗ਼ਜ਼ਲ ਵਿਚ ਮੈਨੂੰ ਸਾਥ ਦੇਣ ਲਈ ਆਖ ਰਹੀ ਸੀ।''

''ਮੈਂ ਚੁੱਪ ਰਹੀ, ਤਾਂ ਅੰਮੀ ਨੇ ਪਿਛਾਂਹ ਵਲ ਮੂੰਹ ਕਰਕੇ ਮੈਨੂੰ ਆਖਿਆ-ਕੈਸੇ ਗਾਏਗੀ, ਜੈਸੀ ਕੂੜ ਤੇਰੀ ਉਸਤਾਦ ਬੀ-ਵੈਸੀ ਤੂੰ!''

''ਤੇ ਉਸ ਵੇਲੇ ਮੇਰੀਆਂ ਰਗਾਂ ਬਲਣ ਲੱਗ ਪਈਆਂ। ਇਹ ਮੇਰੀ ਉਸਤਾਦ ਦਾ ਅਪਮਾਨ ਸੀ। ਅੰਮੀ ਗ਼ਜ਼ਲ ਗਾ ਰਹੀ ਸੀ 'ਜ਼ਿਕਰ ਉਸ ਕਾ ਪਰੀ ਵਸ਼ ਕਾ ਔਰ ਫਿਰ ਬਯਾਂ ਅਪਨਾ, ਬਨ ਗਯਾ ਰਕੀਬ, ਥਾ ਜੋ ਰਾਜ਼ਦਾਂ ਅਪਨਾ'-ਪਰ ਮੈਂ ਇਸ ਗ਼ਜ਼ਲ ਤੋਂ ਵਾਕਫ਼ ਨਹੀਂ ਸਾਂ। ਨਾ ਹੀ ਮੈਨੂੰ ਕੋਈ ਲਫ਼ਜ਼ ਸੁਣਾਈ ਦੇ ਰਿਹਾ ਸੀ, ਕਿਉਂਕਿ ਮੈਂ ਮਾਈਕ ਤੋਂ ਪਿਛਲੇ ਪਾਸੇ ਸਾਂ। ਸਿਰਫ਼ 'ਬਯਾਂ ਅਪਨਾ' ਸਮਝ ਆਇਆ, ਤੇ ਮੈਂ ਗੁੱਸੇ ਵਿਚ ਭਰੀ ਪੀਤੀ ਨੇ ਉਹੀ ਲਫ਼ਜ਼, ਖ਼ਿਆਲ ਦੇ ਅੰਦਾਜ਼ ਵਿਚ ਗਾ ਦਿੱਤੇ। ਗ਼ਜ਼ਲ ਵਿਚ ਖ਼ਿਆਲ ਦਾ ਅੰਦਾਜ਼ ਨਹੀਂ ਚਲਦਾ। ਮੈਂ ਆਪਣੀ ਜਾਚੇ ਅੰਮੀ ਦੀ ਗ਼ਜ਼ਲ ਵਿਗਾੜ ਦਿੱਤੀ ਸੀ-ਪਰ ਨਹੀਂ ਸਾਂ ਜਾਣਦੀ ਕਿ ਸੱਤੇ ਸੁਰਾਂ ਉਹਦੀ ਤਾਬਿਆ ਵਿਚ ਸਨ-ਉਹਨੇ ਖ਼ਿਆਲ ਦਾ ਅੰਦਾਜ਼ ਵੀ ਸੰਭਾਲ ਲਿਆ, ਤੇ ਗ਼ਜ਼ਲ ਦਾ ਅੰਦਾਜ਼ ਵੀ ਕਾਇਮ ਰੱਖ ਲਿਆ।''

''ਮਹਿਫ਼ਿਲ ਖ਼ਤਮ ਹੋਈ, ਤਾਂ ਮੈਂ ਅੰਮੀ ਨਾਲ ਲੜ ਪਈ ਕਿ ਅੱਜ ਤੋਂ ਬਾਅਦ ਮੈਂ ਕਦੇ ਅੰਮੀ ਦੀ ਸੂਰਤ ਨਹੀਂ ਵੇਖਾਂਗੀ, ਨਾ ਕਦੇ ਅੰਮੀ ਦਾ ਗਾਣਾ ਸੁਣਾਂਗੀ। ਤੇ ਗਾਲ੍ਹਾਂ ਵਰਗੇ ਅੰਦਾਜ਼ ਵਿਚ ਮੈਂ ਆਖਿਆ-ਤੁਹਾਨੂੰ ਮੇਰੀ ਉਸਤਾਦ ਸਿਧੇਸ਼ਵਰੀ ਦੀ ਹੱਤਕ ਕਰਨ ਦਾ ਕੀ ਹੱਕ ਸੀ?

''ਅੰਮੀ ਮੁਸਕਰਾਂਦੀ ਰਹੀ। ਤੇ ਫੇਰ ਮੈਨੂੰ ਗਲ ਨਾਲ ਲਾ ਕੇ ਆਖਣ ਲੱਗੀ, ਬਸ ਮੁਝੇ ਤੇਰੇ ਜੈਸੀ ਸ਼ਾਗਿਰਦ ਚਾਹੀਏ ਥੀ-ਜੋ ਅਪਨੇ ਉਸਤਾਦ ਕੇ ਖ਼ਿਲਾਫ਼ ਏਕ ਭੀ ਹਰਫ਼ ਬਰਦਾਸ਼ਤ ਨਾ ਕਰ ਸਕੇ।''

''ਤੇ ਉਹੀ ਰਾਤ ਸੀ, ਜਦੋਂ ਸਿਰ ਤੇ ਦੁਸ਼ਾਲਾ ਲੈ ਕੇ, ਅੰਮੀ ਨੇ ਟੈਕਸੀ ਮੰਗਵਾਈ, ਬੰਗਾਲੀ ਮਾਰਕਿਟ ਜਾ ਕੇ ਇਕ ਹਲਵਾਈ ਦੀ ਦੁਕਾਨ ਖੁਲ੍ਹਵਾਈ, ਮਠਿਆਈ ਖ਼ਰੀਦੀ ਤੇ ਰਾਤ ਨੂੰ ਯਾਰਾਂ ਵਜੇ ਪਟੌਦੀ ਹਾਊਸ ਜਾ ਕੇ ਸਿਧੇਸ਼ਵਰੀ ਦੇਵੀ ਤੋਂ ਮੈਨੂੰ ਕਾਇਦੇ ਨਾਲ ਮੰਗ ਲਿਆ-ਉਸ ਰਾਤ ਅੰਮੀ ਦੇ ਦਿਲ ਦਾ ਹੁਸਨ ਜੋ ਮੈਂ ਵੇਖਿਆ ਸੀ, ਉਹ ਮੈਂ ਹੀ ਜਾਣਦੀ ਹਾਂ...''

ਬੇਗਮ ਅਖ਼ਤਰ ਦੀ ਅਸੂਲਦਾਰੀ ਦੀ ਗੱਲ ਕਰਦਿਆਂ, ਰੀਤਾ ਮੈਨੂੰ ਦੱਸਣ ਲੱਗੀ ''ਇਕ ਵਾਰ ਇਕ ਸਾਜ਼ ਦੇ ਮਾਹਿਰ ਨੂੰ ਅੰਮੀ ਨੇ ਸੁਣਿਆ, ਤੇ ਉਹਦੇ ਹੁਨਰ ਉੱਤੇ ਅੰਮੀ ਇਸ ਤਰ੍ਹਾਂ ਫ਼ਿਦਾ ਹੋ ਗਈ ਕਿ ਗੰਢ ਬੰਨ੍ਹ ਸ਼ਾਗਿਰਦ ਹੋਣ ਲਈ ਤਿਆਰ ਹੋ ਗਈ। ਅੰਮੀ ਉਸ ਸਾਜ਼ ਦੀ ਮੁਹਾਰਤ ਹਾਸਿਲ ਕਰਨਾ ਚਾਹੁੰਦੀ ਸੀ। ਪੈਗ਼ਾਮ ਭੇਜਿਆ ਗਿਆ ਤਾਂ ਜਵਾਬ ਆਇਆ ਕਿ ਜੇ ਉਹ ਕੰਨਾਂ ਦੇ ਹੀਰੇ ਤੋਹਫ਼ਾ ਦੇਵੇ ਤਾਂ ਇਹ ਫ਼ਰਮਾਇਸ਼ ਕਬੂਲ ਕੀਤੀ ਜਾ ਸਕਦੀ ਹੈ। ਉਸ ਵੇਲੇ ਅੰਮੀ ਦਾ ਤਮਤਮਾਇਆ ਹੋਇਆ ਚਿਹਰਾ ਵੇਖਣ ਵਾਲਾ ਸੀ। ਕਹਿਣ ਲੱਗੀ-ਅਜੀ ਲਾਹਨਤ ਭੇਜੋ ਉਸਕੀ ਜ਼ਾਤ ਪਰ, ਜੋ ਤਾਰੀਫ਼ ਕਾ ਸੌਦਾ ਕਰਤਾ ਹੈ।''

ਬੇਗਮ ਅਖ਼ਤਰ ਦਾ ਇੰਤਕਾਲ 1974 ਵਿਚ ਹੋਇਆ ਸੀ, ਅਕਤੂਬਰ ਦੀ 30 ਤਾਰੀਖ਼। ਤੇ ਉਸੇ ਤਾਰੀਖ਼ ਦੀ ਪ੍ਰਭਾਤ ਸੀ, ਕਰੀਬ 3 ਵਜੇ ਦਾ ਵੇਲਾ, ਜਦੋਂ ਅਹਿਮਦਾਬਾਦ ਦੀ ਫ਼ਲਾਈਟ ਫੜ੍ਹਨ ਤੋਂ ਪਹਿਲਾਂ ਉਹਨੇ ਆਪਣੀ ਰੀਤਾ ਨੂੰ ਫ਼ੋਨ ਕੀਤਾ ਸੀ-''ਜਾਨਤੀ ਹੋ-ਇਸ ਬਾਰ ਮੈਂ ਕਲਕੱਤਾ ਮੇਂ ਕਯਾ ਗਾ ਕਰ ਆਈ ਹੂੰ?-ਤਮਾਮ ਮੌਤ ਕੇ ਗੀਤ ਗਾਏ। ਔਰ ਮੌਤ ਕਾ ਫ਼ਰਿਸ਼ਤਾ ਇਤਨਾ ਖ਼ੁਸ਼ ਹੋ ਗਯਾ ਕਿ ਟਲ ਗਯਾ...ਤੁਮ ਮੇਰਾ ਫ਼ਿਕਰ ਕਰਤੀ ਹੋ ਨਾ ਕਿ ਮੈਂ ਕਮ ਪੀਊਂ, ਅਬ ਚਾਹੇ ਕਿਤਨਾ ਪੀ ਲੂੰ ਮਰਨੇ ਵਾਲੀ ਨਹੀਂ ਹੂੰ...।''

ਰੀਤਾ ਨੇ ਘਬਰਾ ਕੇ ਆਖਿਆ- ''ਅੰਮੀ ਮੌਤ ਕੀ ਬਾਤ ਮਤ ਕਰੋ, ਤੂੰ ਨਹੀਂ ਜਾਨਤੀ ਕਿ ਤੇਰੀ ਇਸ ਦੀਵਾਨੀ ਬੇਟੀ ਪਰ ਕਯਾ ਗੁਜ਼ਰਤੀ ਹੈ...।''

ਬੇਗਮ ਅਖ਼ਤਰ ਦੀ ਆਵਾਜ਼ ਵਿਚ ਸੱਤੇ ਸੁਰਾਂ ਹੱਸ ਪਈਆਂ। ਉਹ ਕਹਿਣ ਲੱਗੀ- ''ਪਿਆਰੀ ਲੜਕੀ ਮੇਰੀ ਜਗ੍ਹਾ ਕੋ ਤੂੰ ਭਰ ਦੇਗੀ...ਪਤਵਾਰ ਸੰਭਾਲਨਾ ਸੀਖ। ਔਰ ਮੇਰੀ ਸੰਗਤ ਮੇਂ ਨਹੀਂ ਅਬ ਅਕੇਲੇ ਗਾਨੇ ਕੀ ਹਿੰਮਤ ਕਰ!''

ਰੀਤਾ ਨੇ ਮੌਤ ਦੇ ਜ਼ਿਕਰ ਨੂੰ ਟਾਲਣ ਲਈ ਪੁਛਿਆ- ''ਅੱਛਾ ਯਹ ਬਤਾਓ ਅੰਮੀ! ਨਾਕ ਮੇਂ ਵਹੀ ਬੇਸ਼ਕੀਮਤ ਤੀਲੀ ਪਹਿਨੀ ਹੁਈ ਹੈ ਨਾ, ਔਰ ਉਂਗਲੀ ਮੇਂ ਵਹੀ ਪੁਖਰਾਜ ਕੀ ਅੰਗੂਠੀ?-ਲੇਕਿਨ ਯਹ ਬਤਾਓ ਕਲ੍ਹ ਮਹਿਫ਼ਲ ਮੇਂ ਸਾੜ੍ਹੀ ਕੌਨ ਸੀ ਪਹਿਨੋਗੀ? ਮੈਂ ਯਹਾਂ ਦੂਰ ਬੈਠੀ ਤਸੱਵੁਰ ਕਰਤੀ ਰਹੂੰਗੀ...। ਅੱਗੋਂ ਅੰਮੀ ਦੀ ਆਵਾਜ਼ ਜਿਵੇਂ ਖਰਜ ਵਿਚ ਉਤਰ ਗਈ। ਬੋਲੀ, ਤੁਮ ਬਤਾਓ! ਕੌਨ ਸੀ ਪਹਿਨੂੰ?

ਰੀਤਾ ਅੰਮੀ ਦੀ ਪਸੰਦ ਜਾਣਦੀ ਸੀ, ਬੋਲੀ ''ਵਹੀ ਲਾਲ ਸ਼ਿਫ਼ਾਨ ਕੀ ਸਾੜ੍ਹੀ...ਉਸ ਮੇਂ ਤੁਮ ਬੇਹੱਦ ਖ਼ੂਬਸੂਰਤ ਲਗਤੀ ਹੋ...।''

ਪਰ ਫ਼ੋਨ ਵਿਚੋਂ ਆਉਂਦੀ ਬੇਗਮ ਅਖ਼ਤਰ ਦੀ ਅਗਲੀ ਆਵਾਜ਼ ਜਦੋਂ ਰੀਤਾ ਦੇ ਕੰਨਾਂ ਵਿਚ ਪਈ ਤਾਂ ਕੰਨਾਂ ਵਿਚ ਖਲੋਤੀ ਰਹਿ ਗਈ। ਬੇਗਮ ਅਖ਼ਤਰ ਕਹਿ ਰਹੀ ਸੀ, ''ਅੱਛਾ ਅੱਛਾ ਦੀਵਾਨੀ ਲੜਕੀ! ਲੇਕਿਨ ਸੁਨ ਤੋ ਜਬ ਮੈਨੇ ਕਲਕੱਤਾ ਮੇਂ ਯਹ ਗ਼ਜ਼ਲ ਗਾਈ 'ਜ਼ਿੰਦਗੀ ਕੁਝ ਭੀ ਨਹੀਂ, ਫਿਰ ਭੀ ਜੀਏ ਜਾਤੇ ਹੈਂ, ਤੁਝ ਪੇ ਐ ਵਕਤ ਅਹਿਸਾਨ ਕੀਏ ਜਾਤੇ ਹੈਂ'-ਤੋ ਮੈਂ ਅਪਨੇ ਪੇ ਝੂਮ ਗਈ...।''

ਰੀਤਾ ਨੇ ਛੇਤੀ ਨਾਲ ਕਹਿਣਾ ਚਾਹਿਆ- ''ਅੰਮੀ! ਜ਼ਿੰਦਾ ਰਹਿ ਕਰ ਯਹ ਅਹਿਸਾਨ ਵਕਤ ਪਰ ਭੀ ਕਰਤੀ ਰਹਿਨਾ ਔਰ ਹਮ ਸਭ ਪਰ ਭੀ...।''-ਪਰ ਏਨੇ ਵਿਚ ਟੈਲੀਫ਼ੋਨ ਦਾ ਕੁਨੈਕਸ਼ਨ ਕੱਟਿਆ ਗਿਆ ਸੀ।

ਤੇ ਕੁਝ ਘੰਟਿਆਂ ਬਾਅਦ, 30 ਅਕਤੂਬਰ ਦੀ ਤਰਕਾਲ ਸੀ। ਅਹਿਮਦਾਬਾਦ ਵਿਚ, ਮਹਿਫ਼ਲ ਜੰਮੀ ਹੋਈ ਸੀ, ਜਿਸ ਵੇਲੇ ਮੰਚ ਉੱਤੇ ਮਲਕਾ-ਏ-ਗ਼ਜ਼ਲ ਦੀ ਆਵਾਜ਼ ਉਹਦੇ ਹੋਠਾਂ ਵਿਚੋਂ ਨਿਕਲੀ, ਤੇ ਫੇਰ ਹਵਾ ਨਾਲ ਟਕਰਾ ਕੇ ਹੋਠਾਂ ਉੱਤੇ ਹੀ ਡਿੱਗ ਪਈ...ਉਹਦੇ ਦਿਲ ਨੇ ਹਰਕਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ।

ਉਸ ਦਿਨ ਮੌਸੀਕੀ ਦੇ ਹਜ਼ਾਰਾਂ ਆਸ਼ਕਾਂ ਵਾਂਗ ਵਕਤ ਨੇ ਵੀ ਜ਼ਰੂਰ ਆਖਿਆ ਹੋਵੇਗਾ-ਬੀਬੀ! ਖ਼ਾਮੋਸ਼ ਨਾ ਹੋ ਜਾਓ! ਬੋਲੋ! ਮੁਝ ਪਰ ਅਹਿਸਾਨ ਕਰੋ...ਪਰ ਜਵਾਬ ਉਦੋਂ ਵੀ ਕਿਤੇ ਨਹੀਂ ਸੀ, ਹੁਣ ਵੀ ਕਿਤੇ ਨਹੀਂ...। ਸਿਰਫ਼ ਇਕ ਹਲਕੀ ਜਿਹੀ ਆਵਾਜ਼ ਖ਼ਲਾਅ ਵਿਚ ਖਲੋਤੀ ਹੋਈ ਹੈ, ਮੌਤ ਦੇ ਫ਼ਰਿਸ਼ਤੇ ਦੀ, ਜੋ ਬੇਗਮ ਅਖ਼ਤਰ ਦੀ ਆਵਾਜ਼ ਉੱਤੇ ਝੂਮ ਗਿਆ ਸੀ, ਤੇ ਉਹਦੇ ਮੂੰਹੋਂ ਨਿਕਲਿਆ ਸੀ-ਸੁਬ੍ਹਾਨ ਅੱਲਾ!

---

# ਦਰਦ ਅਤੇ ਖ਼ੁਸ਼ੀਆਂ

ਤਲਵਿੰਦਰ ਸਿੰਘ

ਲਾਹੌਰ ਦਾ ਮਿਊਜ਼ੀਅਮ ਦੇਖ ਕੇ ਨਿਕਲੇ, ਤਾਂ ਮੇਰੇ ਸ਼ਾਇਰ ਦੋਸਤ ਯੂਨਸ ਰਜ਼ਾ ਦਾ ਮੋਬਾਈਲ ਵਜਿਆ। ਇਹ ਫੋਨ ਉਨ੍ਹਾਂ ਦੇ ਕੈਨੇਡਾ ਦੇ ਟੋਰਾਂਟੋ ਸ਼ਹਿਰ ਵਿਚ ਰਹਿਣ ਵਾਲੇ ਦੋਸਤ ਆਬਿਦ ਦਾ ਸੀ। ਆਬਿਦ ਨੇ ਉਨ੍ਹਾਂ ਨੂੰ ਫੋਨ ਤੇ ਪਾਕਿਸਤਾਨ ਮਨੀ ਐਕਸਚੇਂਜ ਦਾ ਕੋਈ ਕੋਰਡ ਲਿਖਵਾਇਆ। ਘਰ ਅਤੇ ਬਾਹਰ ਦਾ ਹਾਲਚਾਲ ਪੁਛਿਆ। ਰਜ਼ਾ ਨੇ ਦਸਿਆ ਕਿ ਹਿੰਦੁਸਤਾਨ ਦੇ ਸ਼ਹਿਰ ਅੰਮ੍ਰਿਤਸਰ ਤੋਂ ਉਨ੍ਹਾਂ ਦਾ ਇਕ ਦੋਸਤ ਆਇਆ ਹੋਇਆ ਹੈ। ਆਬਿਦ ਨੇ ਬਹੁਤ ਪਿਆਰ ਨਾਲ ਮੇਰੇ ਨਾਲ ਗੱਲ ਕੀਤੀ। ਉਨ੍ਹਾਂ ਨੇ ਮੈਨੂੰ ਕਿਹਾ ਕਿ ਮੁਲਤਾਨ ਰੋਡ ਤੇ ਰਹਿਣ ਵਾਲੀ ਉਨ੍ਹਾਂ ਦੀ ਦਾਦੀ ਨੂੰ ਮੈਂ ਅਤੇ ਰਜ਼ਾ ਜ਼ਰੂਰ ਜਾ ਕੇ ਮਿਲ ਆਈਏ। ਉਨ੍ਹਾਂ ਨੇ ਦਸਿਆ ਕਿ ਉਹ ਪਿਛਲੇ ਸਾਲ ਤੋਂ ਪਰਿਵਾਰ ਸਮੇਤ ਟੋਰਾਂਟੋ ਵਿਚ ਆ ਵਸੇ ਹਨ। ਲਾਹੌਰ ਵਾਲੇ ਘਰ ਵਿਚ ਦਾਦੀ ਅੰਮਾ ਇਕਲੀ ਰਹਿੰਦੀ ਸੀ। ਉਹ ਲੋਕ ਕਦੇ ਕਦਾਈਂ ਹੀ ਫੇਰਾ ਲਗਾਉਂਦੇ ਹਨ। ਮੋਬਾਈਲ ਤੇ ਗੱਲ ਖ਼ਤਮ ਹੋਈ, ਤਾਂ ਰਜ਼ਾ ਨੇ ਦਸਿਆ ਕਿ ਆਬਿਦ ਹਰ ਮਹੀਨੇ ਨਿਯਮਿਤ ਰੂਪ ਨਾਲ ਮੇਰੇ ਰਾਹੀਂ ਦਾਦੀ ਦਾ ਖਰਚ ਭੇਜਦਾ ਹੈ। ਆਬਿਦ ਉਨ੍ਹਾਂ ਦਾ ਬਚਪਨ ਦਾ ਦੋਸਤ ਹੈ ਅਤੇ ਇੰਜੀਨੀਅਰਿੰਗ ਦੀ ਬੈਚਲਰ ਡਿਗਰੀ ਕਰਕੇ ਤਿੰਨ ਸਾਲ ਧੱਕੇ ਖਾਣ ਦੇ ਬਾਅਦ ਕੈਨੇਡਾ ਚਲਾ ਗਿਆ ਸੀ। ਉਹ ਆਬਿਦ ਨੂੰ ਆਪਣੀ ਦੋਸਤੀ ਦੀਆਂ ਗੱਲਾਂ ਦੱਸਦੇ ਹੋਏ ਪਾਕਿਸਤਾਨ ਮਨੀ ਐਕਸਚੇਂਜ ਦੇ ਇਕ ਕਾਊਂਟਰ ਤੋਂ ਪੰਜਾਹ ਹਜ਼ਾਰ ਰੁਪਏ ਲੈ ਆਏ। ਅਸੀਂ ਅਗਲੇ ਪ੍ਰੋਗਰਾਮ ਵਿਚ ਫੇਰ-ਬਦਲ ਕਰਕੇ ਕਾਰ ਮੁਲਤਾਨ ਵਲ ਮੋੜ ਲਈ। ਗੱਲਾਂ ਕਰਦੇ ਹੋਏ ਉਹ ਆਪਣੇ ਮੁਲਕ ਦੀ ਬਦਇੰਤਜ਼ਾਮੀ ਤੇ ਟਿੱਪਣੀ ਕਰਦੇ ਰਹੇ। ਉਨ੍ਹਾਂ ਨੇ ਦੱਸਿਆ ਕਿ ਅਗਰ ਅਮਰੀਕਾ, ਕੈਨੇਡਾ ਇਕ ਹਫਤੇ ਦੇ ਲਈ ਇਮੀਗ੍ਰੇਸ਼ਨ ਖੋਲ ਦਈਏ ਤਾਂ ਪੂਰਾ ਪੰਜਾਬ ਖਾਲੀ ਹੋ ਜਾਵੇ। ਮੈਂ ਉਨ੍ਹਾਂ ਨੂੰ ਕਿਹਾ ਕਿ ਇਹੀ ਹਾਲ ਸਾਡੇ ਭਾਰਤੀ ਪੰਜਾਬ ਦਾ ਵੀ ਹੈ। ਮੋਟੀਆਂ-ਮੋਟੀਆਂ ਫੀਸਾਂ ਦੇਣ ਤੋਂ ਬਾਅਦ, ਵਿਦਿਆ ਹਾਸਿਲ ਕਰਨ ਤੋਂ ਬਾਅਦ ਨੌਜਵਾਨ ਰੋਜ਼ਗਾਰ ਦੇ ਲਈ ਬਾਹਰ ਝਾਕਣ ਲਗਦੇ ਹਨ। ਦੋਆਬੇ ਅਤੇ ਮਾਲਵੇ ਦੇ ਤਾਂ ਪਿੰਡਾਂ ਦੇ ਪਿੰਡ ਹੀ ਦੂਜੇ ਦੇਸ਼ਾਂ ਵਿਚ ਜਾ ਵਸੇ ਹਨ। ਇਨ੍ਹਾਂ ਇਲਾਕਿਆਂ ਵਿਚ ਵੱਡੀਆਂ-ਵੱਡੀਆਂ ਕੋਠੀਆਂ ਵੀਰਾਨ ਪਈਆਂ ਹਨ। ਇਨ੍ਹਾਂ ਕੋਠੀਆਂ ਵਿਚ ਯੂ.ਪੀ., ਬਿਹਾਰ ਤੋਂ ਆਏ ਲੋਕ ਰਹਿੰਦੇ ਹਨ। ਅਸੀਂ ਪੰਜਾਬੀ ਧਰਾਤਲ ਤੇ ਪਰਦੇਸ ਜਾ ਕੇ ਵੱਸਣ ਦੀ ਪ੍ਰਵਿਰਤੀ ਦੇ ਬਾਰੇ ਵਿਚ ਗੱਲਾਂ ਕਰਦੇ ਹਾਂ। ਖਾਣ-ਕਮਾਉਣ ਦੇ ਲਈ ਪਰਦੇਸ ਜਾ ਵੱਸੇ 'ਮਾਹੀ' ਨੂੰ ਕਿਵੇਂ ਪੰਜਾਬੀ ਮੁਟਿਆਰ ਗੀਤਾਂ ਦੇ ਜ਼ਰੀਏ ਯਾਦ ਕਰਦੀ ਹੈ।

'ਬਾਰੀ ਬਰਸੀ ਖਟਣ ਗਿਆ ਸੀ' ਜਿਹੀਆਂ ਬੋਲੀਆਂ ਪੰਜਾਬੀ ਮਰਦ ਦੇ ਪਰਵਾਸ ਦੇ ਕਾਰਨ ਹੀ ਇਨਾ ਮਸ਼ਹੂਰ ਹੋਈਆਂ ਹਨ। ਅਸੀਂ ਇਸ ਰੁਚੀ ਦੇ ਪਿਛੇ ਦਾ ਕਾਰਨ ਢੂੰਡਣ ਦੀ ਕੋਸ਼ਿਸ਼ ਕਰਦੇ ਰਹੇ। ਰਜ਼ਾ ਕਹਿ ਰਹੇ ਸੀ ਕਿ ਪੰਜਾਬ ਦੀ ਮਿੱਟੀ ਨੂੰ ਕੋਈ ਸਰਾਪ ਹੈ ਕਿ ਇਹ ਆਪਣੇ ਪੁੱਤਰਾਂ ਨੂੰ ਬੰਨ੍ਹ ਕੇ ਨਹੀਂ ਰਖ ਪਾਉਂਦੀ। ਮੈਂ ਦੱਸਿਆ ਕਿ ਇਸਦੇ ਪਿੱਛੇ ਪੰਜਾਬੀਆਂ ਦਾ ਮਹਿਮਾਨ ਸੁਭਾਓ ਕੰਮ ਕਰਦਾ ਹੈ। ਇਹ ਲੋਕ ਤਰੱਕੀਪਸੰਦ ਹਨ ਅਤੇ ਪ੍ਰਾਪਤ ਸਾਧਨਾਂ ਤੋਂ ਜ਼ਿਆਦਾ ਹਾਸਿਲ ਕਰਨ ਦੀ ਤਾਕ ਵਿਚ ਰਹਿੰਦੇ ਹਨ। ਡੇਢ ਕਨਾਲ ਵਿਚ ਫੈਲੀ ਦੋ ਮੰਜ਼ਿਲਾ ਕੋਠੀ ਵਿਚ ਬਜ਼ੁਰਗ ਕਮਜ਼ੋਰ ਦਾਦੀ ਅਮਾ ਮੈਨੂੰ ਕੋਈ ਪੈਗੰਬਰੀ ਸੂਰਤ ਨਜ਼ਰ ਆਈ। ਖੁੱਲੇ ਲਾਨ ਵਿਚ ਬੈਠੀ ਉਹ ਗੁਆਂਢ ਦੇ ਬੱਚਿਆਂ ਦੇ ਨਾਲ ਖੇਡ ਰਹੀ ਸੀ। ਉਨ੍ਹਾਂ ਦੇ ਕੋਲ ਹੀ ਟਾਫੀਆਂ ਨਾਲ ਭਰਿਆ ਇਕ ਮਰਤਬਾਨ ਪਿਆ ਸੀ। ਬੱਚੇ ਬਿਨਾ ਰੋਕ ਟੋਕ ਦੇ ਆਪਣੀ ਮਰਜ਼ੀ ਨਾਲ ਟਾਫੀਆ ਲੈ ਰਹੇ ਸਨ। ਸਾਡੇ ਜਾਣ ਤੇ ਘਰ ਵਿਚ ਕੰਮ ਕਰਨ ਵਾਲੀ ਇਕ ਔਰਤ ਨੇ ਸਾਨੂੰ ਚਾਹ ਦਿੱਤੀ। ਅੰਮਾ ਬਟਵਾਰੇ ਤੋਂ ਪਹਿਲਾਂ ਪਠਾਨਕੋਟ ਵਿਚ ਰਹਿਣ ਵਾਲੇ ਆਪਣੇ ਰਿਸ਼ਤੇਦਾਰਾਂ ਬਾਰੇ ਵਿਚ ਗੱਲਾਂ ਕਰਦੀ ਰਹੀ। ਮੇਰੇ ਹਿਸਾਬ ਨਾਲ ਉਹ ਘੱਟ ਤੋਂ ਘੱਟ ਨੱਬੇ ਸਾਲ ਦੀ ਹੋਵੇਗੀ, ਪਰ ਬੇਹਦ ਸੁਚੇਤ ਅਤੇ ਸਮਝਦਾਰ। ਉਨ੍ਹਾਂ ਨੇ ਆਪਣੀ ਜ਼ਰੂਰਤ ਜਿੰਨੇ ਪੈਸੇ ਕਮੀਜ਼ ਦੀ ਜੇਬ ਵਿਚ ਰੱਖ ਲਏ ਤੇ ਬਾਕੀ ਰਜ਼ਾ ਨੂੰ ਫੜਾ ਕੇ ਕਿਹਾ ਕਿ ਇਨ੍ਹਾਂ ਨੂੰ ਅਕਾਊਂਟ ਵਿਚ ਜਮ੍ਹਾ ਕਰਵਾ ਆਵੇ। ਆਪਣੇ ਕੋਲ ਰੱਖੇ ਮੋਬਾਈਲ ਵਿਚ ਉਨ੍ਹਾਂ ਨੇ ਆਪਣੇ ਪੋਤੇ ਆਬਿਦ ਨੂੰ ਪੈਸੇ ਮਿਲਣ ਦੀ ਸੂਚਨਾ ਅਤੇ ਦੁਆਵਾਂ ਦਿੱਤੀਆਂ। ਉਨ੍ਹਾਂ ਨੇ ਕਿਹਾ ਕਿ ਇਥੇ ਸਭ ਠੀਕ ਹੈ ਅਤੇ ਕਿਸੇ ਕਿਸਮ ਦੀ ਚਿੰਤਾ ਕਰਨ ਦੀ ਕੋਈ ਜ਼ਰੂਰਤ ਨਹੀਂ। ਫਿਰ ਉਨ੍ਹਾਂ ਨੇ ਚਾਦਰ ਦੇ ਪੱਲੇ ਨਾਲ ਆਪਣੀਆਂ ਅੱਖਾਂ ਪੂੰਝੀਆਂ ਅਤੇ ਸਾਡੇ ਵਲ ਵੇਖ ਕੇ ਕਹਿਣ ਲੱਗੀ, 'ਮੇਰੇ ਜੰਨਤੀ ਪੁੱਤ ਦੀ ਇਕੱਲੀ ਨਿਸ਼ਾਨੀ ਹੈ ਮੇਰਾ ਆਬਿਦ।' ਮੈਂ ਉਨ੍ਹਾਂ ਦੇ ਵੱਡੇ ਅਤੇ ਵਿਸ਼ਾਲ ਕਲੇਜੇ ਨੂੰ ਦੇਖ ਕੇ ਖ਼ੁਸ਼ ਵੀ ਹੋ ਰਿਹਾ ਸੀ ਅਤੇ ਹੈਰਾਨ ਵੀ। ਉਨ੍ਹਾਂ ਦੇ ਚਿਹਰੇ ਤੇ ਮੈਨੂੰ ਪੰਜਾਬੀ ਮਾਵਾਂ ਦੇ ਦੀਦਾਰ ਹੋ ਰਹੇ ਸਨ। ਪੰਜਾਬ ਦੀ ਮਿੱਟੀ ਦੀ ਖ਼ੁਸ਼ਬੂ ਆ ਰਹੀ ਸੀ।

# ਬਿਆਨ

## ਹਿੰਦੀ ਕਹਾਣੀ

**ਕਮਲੇਸ਼ਵਰ**

ਇਸ ਤੋਂ ਵਧ ਮੈਂ ਕੀ ਦਸ ਸਕਦੀ ਹਾਂ? ਇਕ ਆਦਮੀ ਔਰਤ ਦੇ ਵਿਚ ਜੋ ਕੁਝ ਹੁੰਦਾ ਹੈ, ਹੁੰਦਾ ਹੈ। ਉਸਦੇ ਸਬੰਧਾਂ ਦੀ ਬੁਨਿਆਦ ਸਿਰਫ਼ ਉਨ੍ਹਾਂ ਵਿਚ ਹੀ ਨਹੀਂ ਹੁੰਦੀ...।

ਜੀ ਮੈਂ ਬਹਿਕ ਨਹੀਂ ਰਹੀ ਹਾਂ। ਸੁਣਨੀ ਹੈ ਤਾਂ ਪੂਰੀ ਗੱਲ ਸੁਣੋ। ਟੁਕੜੇ-ਟੁਕੜੇ ਗੱਲਾਂ ਨਾਲ ਮੇਰਾ ਜੀ ਘਬਰਾਉਂਦਾ ਹੈ। ਜੇਕਰ ਤੁਸੀਂ ਸਿਰਫ਼ ਮੇਰੇ ਵਿਆਹ ਦੇ ਕੁਝ ਪਹਿਲਾਂ ਦੀਆਂ, ਕੁਝ ਵਿਚਕਾਰ ਦੀਆਂ ਤੇ ਕੁਝ ਅਖੀਰਲੀਆਂ ਗੱਲਾਂ ਹੀ ਜਾਨਣਾ ਚਾਹੁੰਦੇ ਹੋ ਤਾਂ ਮੈਂ ਮਸ਼ੀਨ ਦੀ ਤਰ੍ਹਾਂ ਦੱਸਦੀ ਜਾਵਾਂਗੀ, ਕਿਉਂਕਿ ਮੈਨੂੰ ਦੱਸਣੀਆਂ ਪੈਣਗੀਆਂ। ਖਾਮੋਸ਼ ਰਹਿ ਕੇ ਨਾ ਹੀ ਮੈਂ ਤੁਹਾਡੇ ਕਾਨੂੰਨ ਤੋਂ ਬਚ ਸਕਦੀ ਹਾਂ, ਨਾ ਹੀ ਲੋਕਾਂ ਦੀ ਹਿਕਾਰਤ ਤੋਂ ਅਤੇ ਨਾ ਹੀ ਆਪਣੀ ਬੱਚੀ ਦੇ ਸਵਾਲਾਂ ਤੋਂ...।

ਸਿਵਾਏ ਮੇਰੀ ਜ਼ਿੰਦਗੀ ਦੇ...ਕੋਈ ਹੋਰ ਜਵਾਬ ਮੇਰੇ ਕੋਲ ਨਹੀਂ ਹੈ, ਜੋ ਕੁਝ ਹੈ ਉਹ ਮੇਰੀ ਜ਼ਿੰਦਗੀ ਵਿਚ ਹੀ ਬਿਖਰਿਆ ਹੋਇਆ ਹੈ। ਉਹ ਪਲ ਜਿਨ੍ਹਾਂ ਨੂੰ ਮੈਂ ਕਦੀ ਬਿਖਰਨ ਨਹੀਂ ਦਿੰਦੀ, ਉਹ ਵੀ ਹੁਣ ਯਾਦਾਂ ਤੋਂ ਛਿਟਕ ਗਏ ਨੇ, ਜਾਂ ਛਿਟਕ ਰਹੇ ਹਨ। ਹੁਣ ਮੈਂ ਲੁਕੋਣਾ ਕੀ ਹੈ? ਕਿਸ ਦੇ ਲਈ ਅਤੇ ਕਿਉਂ?

ਜੀ...ਹਾਂ ਇਹ ਸੱਚ ਹੈ! ਵਿਆਹ ਤੋਂ ਪਹਿਲਾਂ ਮੈਂ ਬਿਸ਼ਨ ਨੂੰ ਚਾਹੁੰਦੀ ਸੀ। ਲੇਕਿਨ ਇਹਦਾ ਇਸ ਮਾਮਲੇ ਨਾਲ ਕੀ ਲੈਣਾ-ਦੇਣਾ ਹੈ। ਝੂਠ ਅਤੇ ਸੱਚ ਦੇ ਰਲੇਵੇਂ ਨਾ ਮਿਲਾਓ। ਮੈਂ ਰੱਬ ਦਾ ਵਾਸਤਾ ਦੇ ਕੇ ਕਹਿੰਦੀ ਹਾਂ...ਇਸ ਦਾ ਕੋਈ ਸਬੰਧ ਇਸ ਹਾਦਸੇ ਨਾਲ ਨਹੀਂ ਹੈ। ਰੱਬ ਦੇ ਵਾਸਤੇ ਮੈਨੂੰ ਜਲੀਲ ਨਾ ਕਰੋ...।

ਮੈਨੂੰ ਪਤਾ ਨਹੀਂ ਬਿਸ਼ਨ ਹੁਣ ਕਿਥੇ ਹੈ। ਇਹ ਤਾਂ ਬਾਈ ਸਾਲ ਪਹਿਲਾਂ ਦੀ ਗੱਲ ਹੈ। ਬਲਕਿ ਉਸਤੋਂ ਵੀ ਇਕ ਅੱਧਾ ਸਾਲ ਪਹਿਲਾਂ ਦੀ। ਨਹੀਂ, ਨਹੀਂ, ਉਹ ਮੇਰੇ ਵਿਆਹ ਵੇਲੇ ਮੌਜੂਦ ਨਹੀਂ ਸੀ। ਉਸਨੇ ਕੋਈ ਧਮਕੀ ਨਹੀਂ ਦਿੱਤੀ ਸੀ। ਬਿਸ਼ਨ ਇਸ ਤਰ੍ਹਾਂ ਦਾ ਮੁੰਡਾ ਨਹੀਂ ਸੀ। ਉਹ ਬਹੁਤ ਸਮਝਦਾਰ, ਗੰਭੀਰ ਅਤੇ ਜ਼ਹੀਨ ਸੀ।

ਜੀ, ਗਲਤ ਮਤਲਬ ਕਿਉਂ ਕੱਢਦੇ ਓ? ਇਨ੍ਹਾਂ ਸ਼ਬਦਾਂ ਦੇ ਪ੍ਰਯੋਗ ਤੋਂ ਤੁਹਾਨੂੰ ਲਗਦਾ ਹੈ ਕਿ ਮੈਂ ਅੱਜ ਵੀ ਉਸਨੂੰ ਚਾਹੁੰਦੀ ਹਾਂ। ਤੁਸੀਂ ਜੋ ਚਾਹੋ ਕਹਿ ਲਵੋ। ਮੈਂ ਕੀ ਕਹਿ ਸਕਦੀ ਹਾਂ। ਲੇਕਿਨ ਕੀ ਮੈਨੂੰ ਇਹ ਹੱਕ ਨਹੀਂ ਹੈ ਕਿ ਮੈਂ ਚੰਗੇ ਨੂੰ ਚੰਗਾ ਤੇ ਬੁਰੇ ਨੂੰ ਬੁਰਾ ਕਹਿ ਸਕਾਂ?

ਨਹੀਂ ਮੇਰਾ ਬਿਸ਼ਨ ਨਾਲ ਬੱਸ ਉਨਾ ਈ ਪਿਆਰ ਸੀ ਜਿੰਨਾ ਕਿ ਬਾਈ ਚੌਵੀ ਸਾਲ ਪਹਿਲਾਂ ਕੋਈ ਵੀ ਕੁੜੀ ਮੁੰਡੇ ਨੂੰ ਕਰ ਸਕਦੀ ਸੀ। ਮੈਂ ਕਦੋਂ ਇਨਕਾਰ ਕਰਦੀ ਹਾਂ ਕਿ ਉਹ ਮੈਨੂੰ ਨਹੀਂ ਮਿਲਿਆ। ਪਰ ਮੇਰਾ ਯਕੀਨ ਕਰੋ...ਵਿਆਹ ਤੋਂ ਬਾਅਦ ਮੈਨੂੰ ਇਹ ਵੀ ਪਤਾ ਨਹੀਂ ਕਿ ਉਹ ਕਿਥੇ ਗਿਆ...ਸੱਚ।

ਦੇਖੋ ਫਿਰ ਗਲਤ ਗੱਲ ਕਹੀ ਜਾ ਰਹੀ ਹੈ। ਮੈਂ ਆਤਮਾ ਦੀਆਂ ਗਹਿਰਾਈਆਂ ਤੋਂ ਕਹਿੰਦੀ ਹਾਂ ਕਿ ਮੇਰੇ ਪਤੀ ਨੇ ਮੈਨੂੰ ਬੇਇੰਤਹਾ ਪਿਆਰ ਕੀਤਾ। ਉਨ੍ਹਾਂ ਨੇ ਮੈਨੂੰ ਕਦੀ ਤੰਗ ਨਹੀਂ ਕੀਤਾ। ਮੈਂ? ਇਸਦੀ ਗਵਾਹੀ ਤਾਂ ਸਿਰਫ ਉਹ ਦੇ ਸਕਦੇ ਸੀ, ਜੇਕਰ ਉਹ ਹੁੰਦੇ।

ਇਹ ਸਰਾਸਰ ਗਲਤ ਹੈ...ਤੁਸੀਂ ਲੋਕ ਗਲਤ ਅਤੇ ਬੇਕਾਰ ਸਵਾਲਾਂ ਤੋਂ ਸਹੀ ਨਤੀਜੇ ਤੇ ਕਿਵੇਂ ਪਹੁੰਚ ਸਕੋਗੇ? ਇਨ੍ਹਾਂ ਸਭ ਫਜ਼ੂਲ ਦੀਆਂ ਗੱਲਾਂ ਤੋਂ ਤੁਸੀਂ ਉਨ੍ਹਾਂ ਦੀ ਮੌਤ ਦੀ ਵਜ੍ਹਾ ਨਹੀਂ ਲੱਭ ਸਕਦੇ। ਵਿਆਹ ਤੋਂ ਪਹਿਲਾਂ ਦਾ ਪਿਆਰ ਬੱਦਲ ਦੇ ਟੁਕੜੇ ਦੀ ਤਰ੍ਹਾਂ ਤੈਰ ਕੇ ਗੁਜਰਿਆ ਹੋਇਆ ਇਸ਼ਕ...ਉਸ ਪ੍ਰੇਮ ਦੇ ਕਾਲੇ ਪਰਛਾਵੇਂ...ਪਤੀ-ਪਤਨੀ ਦਾ ਕਲੇਸ਼, ਛੋਟੇ ਮੋਟੇ ਝਗੜੇ, ਘਰਦਿਆਂ ਨਾਲ ਤਣਾਓ ਜਾਂ ਗੁਆਂਢੀਆਂ ਨਾਲ ਗੁੱਸਾ ਗਿਲਾ...ਇਹ ਸਭ ਬਹੁਤ ਮਾਮੂਲੀ ਗੱਲਾਂ ਹਨ। ਇਨ੍ਹਾਂ ਤੋਂ ਕੁਝ ਵੀ ਹਾਸਲ ਨਹੀਂ ਹੋਵੇਗਾ।

ਉਨ੍ਹਾਂ ਦੇ ਨਾਲ ਮੇਰੀ ਅਖੀਰਲੀ ਰਾਤ ਕਹੋ, ਜਾਂ ਕੁਝ ਅਜਿਹਾ ਦੱਸ ਦਿਆਂ ਤਾਂ ਕਿ ਤੁਹਾਡਾ ਅੰਨ੍ਹਾ ਤੇ ਬੋਲਾ ਕਾਨੂੰਨ ਕਿਸੇ ਨਤੀਜੇ 'ਤੇ ਪਹੁੰਚ ਜਾਵੇ। ਪਰ ਉਸ ਅਖੀਰੀ ਰਾਤ ਵਿਚ ਅਜਿਹਾ ਕੁਝ ਨਹੀਂ ਹੋਇਆ ਸੀ। ਹਮੇਸ਼ਾ ਦੀ ਤਰ੍ਹਾਂ ਸਾਡੀ ਉਹ ਰਾਤ ਵੀ ਮਾਮੂਲੀ ਸੀ। ਇਕ ਅਜਿਹੀ ਰਾਤ ਜੋ ਔਰਤ ਆਦਮੀ ਦੀ ਰਾਤ ਹੋ ਸਕਦੀ ਹੈ।

ਮੈਂ! ਮੈਂ ਕੋਈ ਤਾਨ੍ਹਾ ਨਹੀਂ ਦਿੱਤਾ ਸੀ। ਉਹ ਗੁੱਸੇ ਵਿਚ ਬਿਲਕੁਲ ਨਹੀਂ ਸੀ। ਅਸੀਂ ਦੋਵੇਂ ਹੀ ਇਕ ਦੂਜੇ ਨੂੰ ਸਮਝ ਲੈਂਦੇ ਸੀ। ਪਿਛਲੇ ਕਈ ਸਾਲਾਂ ਤੋਂ ਸਾਡੀਆ ਰਾਤਾਂ ਇੰਜ ਹੀ ਬੀਤਦੀਆਂ ਸਨ। ਸਾਡੇ ਕੋਲ ਹੋਰ ਸੀ ਹੀ ਕੀ? ਸਿਵਾਏ ਇਕ ਦੂਜੇ ਤੋਂ...ਸਿਵਾਏ ਪ੍ਰੇਸ਼ਾਨੀਆਂ ਤੋਂ।

ਬੱਚੀ! ਉਹ ਸਾਡੇ ਕੋਲ ਇਕ ਛੋਟੀ ਮੰਜੀ 'ਤੇ ਸੌਂਦੀ ਸੀ। ਜੀ, ਸਿਰਫ ਦੋ ਕਮਰੇ ਹਨ। ਇਕ ਕਮਰਾ ਬੈਠਕ ਦਾ ਕੰਮ ਦਿੰਦਾ ਹੈ। ਸ਼ਾਮ ਨੂੰ ਉਹ ਘੁੰਮਣ ਗਏ ਸੀ। ਕਦੀ-ਕਦੀ ਦੇਰ ਨਾਲ ਵੀ ਵਾਪਸ ਆਉਂਦੇ ਸਨ। ਪਰ ਉਹ ਸਮੇਂ ਸਿਰ ਵਾਪਸ ਆਏ ਸੀ। ਬੱਚੀ ਦੇ ਲਈ ਚਾਰ ਟਾਫੀਆਂ ਵੀ ਲਿਆਏ ਸੀ। ਦੋ ਉਨ੍ਹਾਂ ਨੇ ਉਸਨੂੰ ਦਿੱਤੀਆਂ ਸੀ, ਦੋ ਦੂਜੇ ਦਿਨ ਲਈ ਕਾਗਜ਼ ਦੇ ਥੱਲੇ ਰੱਖ ਦਿੱਤੀਆਂ ਸੀ।

ਜੀ ਇਸ ਤੋਂ ਪਹਿਲਾਂ ਉਹ ਇਕ ਸਰਕਾਰੀ ਪੱਤ੍ਰਿਕਾ ਵਿਚ ਸੀ।

ਹਾਂ! ਜੀ ਹਾਂ! ਫੋਟੋਗਰਾਫਰ ਹੀ ਸੀ। ਉਨ੍ਹਾਂ ਨੇ ਆਪਣਾ ਧੰਦਾ ਕਦੀ ਨਹੀਂ ਸੀ ਬਦਲਿਆ। ਉਨ੍ਹਾਂ ਨੂੰ ਭਰੋਸਾ ਸੀ ਕਿ ਇਕ ਦਿਨ ਉਹ ਬਹੁਤ ਵੱਡੇ ਫੋਟੋਗਰਾਫਰ ਬਣਨਗੇ। ਉਨ੍ਹਾਂ ਦੀ ਜ਼ਿੰਦਗੀ ਦਾ ਇਹੋ ਮਕਸਦ ਸੀ।

ਕਦੀ ਨਹੀਂ...ਉਨ੍ਹਾਂ ਨੇ ਕਦੀ ਮਾਡਲ ਫੋਟੋਗਰਾਫੀ ਨਹੀਂ ਸੀ ਕੀਤੀ। ਜੇਕਰ ਉਹ ਕਰਦੇ ਫਿਰ ਵੀ ਸਾਡੇ ਵਿਚ ਕੋਈ ਵਾਲ ਨਾ ਆਉਂਦਾ। ਉਹ ਕੋਈ ਦੁਨੀਆਂ ਵਿਚ ਸਭ ਤੋਂ ਸੁੰਦਰ ਔਰਤ, ਪਤਨੀ, ਲੜਕੀ ਜੋ ਕੁਝ ਸੀ ਮੈਂ ਹੀ ਸੀ।

ਤੁਸੀਂ ਹੱਸ ਲਵੋ...ਤੁਹਾਨੂੰ ਮੈਂ ਮਾਮੂਲੀ ਹੀ ਲੱਗਾਂਗੀ, ਪਰ ਤੁਸੀਂ ਮੈਨੂੰ ਮੇਰੇ ਪਤੀ ਦੀਆਂ ਨਜ਼ਰਾਂ ਨਾਲ ਵੇਖਣ ਦੀ ਕੋਸ਼ਿਸ਼ ਕਰੋ...ਫਿਰ ਹੀ ਤੁਸੀਂ ਮੇਰੀ ਗੱਲ ਨੂੰ ਸਮਝ ਸਕਦੇ ਓ। ਕੈਮਰਾ ਅਤੇ ਮੈਂ ਬੱਸ, ਉਨ੍ਹਾਂ ਲਈ ਇਹੋ ਦੋ ਚੀਜ਼ਾਂ ਸੀ...ਜਾਂ ਫਿਰ ਸਾਡੀ ਬੱਚੀ।

ਕਦੀ ਕਦੀ ਮੈਂ ਉਨ੍ਹਾਂ ਦੇ ਸੀਨੇ 'ਤੇ ਸਿਰ ਰੱਖ ਲੈਂਦੀ ਸੀ ਤਾਂ ਉਨ੍ਹਾਂ ਦੀਆਂ ਉਂਗਲੀਆਂ ਮੇਰੀ ਕਨਪਟੀ ਤੇ ਉਸੇ ਤਰ੍ਹਾਂ ਥਰਥਰਾਉਂਦੀਆਂ ਸਨ ਜਿਵੇਂ ਕਿਸੇ ਲੁਕ ਜਾਣ ਵਾਲੇ ਪਲ ਨੂੰ ਫੜਨ ਲਈ ਕੈਮਰੇ ਤੇ ਕੰਬਦੀਆਂ ਸਨ। ਮੇਰੀਆਂ ਉਂਗਲੀਆਂ ਦੇ ਪੋਟੇ ਉਹ ਇੰਜ ਦੱਬਦੇ ਸਨ ਜਿਵੇਂ ਸ਼ਟਰ ਦਬਾ ਰਹੇ ਹੋਣ...ਸਾਡੇ ਪਿਆਰ ਦੇ ਸਭ ਤੋਂ ਖੂਬਸੂਰਤ ਪਲ ਇਹੋ ਹੁੰਦੇ ਸਨ।

ਠੀਕ ਕਹਿੰਦੇ ਹੋ ਤੁਸੀਂ। ਨਿੱਜੀ ਗੱਲਾਂ ਤੋਂ ਕੀ ਲੈਣਾ ਦੇਣਾ। ਪਰ ਮੈਂ ਸਮਝ ਨਹੀਂ ਸਕਦੀ ਕਿ ਤਾਂ ਫਿਰ ਤੁਸੀਂ ਕਾਰਨਾਂ ਨੂੰ ਕਿਥੋਂ ਲੱਭੋਗੇ? ਮੇਰੀ ਜ਼ਿੰਦਗੀ ਦੀ ਮਟਮੈਲੀ ਰੌਸ਼ਨੀ ਤੋਂ ਹੀ ਕਾਰਨ ਲੱਭ ਲੈਣ ਵਿਚ ਸੌਖਾ ਰਹੇਗਾ। ਜੇਕਰ ਇਹ ਪਲ ਨਾ ਹੁੰਦੇ ਤਾਂ ਮੇਰੀ ਜ਼ਿੰਦਗੀ ਵਿਚ ਹੋਰ ਸੀ ਹੀ ਕੀ? ਬਾਈ ਵਰ੍ਹਿਆਂ ਦਾ ਇਕ ਵੀਰਾਨ ਸਫਰ। ਬੇਕਾਰ ਰਹਿ ਜਾਣਾ ਅਤੇ ਹਰ ਕਿਨਾਰੇ ਤੇ ਸਿਰ ਪਟਕਦੇ ਜਾਣਾ, ਖੈਰ ਮੈਂ ਚੁੱਪ ਹੋ ਜਾਂਦੀ ਹਾਂ।

ਪਰ ਤੁਸੀਂ ਹੀ ਤਾਂ ਕਹਿੰਦੇ ਹੋ ਕਿ ਇਨ੍ਹਾਂ ਗੱਲਾਂ ਨੂੰ ਰਹਿਣ ਦਿਓ। ਇਨ੍ਹਾਂ ਤੋਂ ਸਿਵਾਏ ਮੇਰੇ ਕੋਲ ਕੁਝ ਨਹੀਂ ਹੈ। ਮੈਨੂੰ ਬੋਲਣ ਨੂੰ ਕਹੋਗੇ ਤਾਂ ਇਸੇ ਤਰ੍ਹਾਂ ਹੀ ਬੋਲਾਂਗੀ। ਤੁਸੀਂ ਚਾਹੋ ਤਾਂ ਟੁਕੜੇ ਟੁਕੜੇ ਸਵਾਲ ਪੁੱਛ ਲਵੋ।

ਜੀ ਹਾਂ, ਸਰਕਾਰੀ ਪੱਤ੍ਰਿਕਾ 'ਚ ਫੋਟੋਗ੍ਰਾਫਰ



ਦੇ ਰੂਪ 'ਚ ਜੁੜੇ ਹੋਣ ਕਾਰਨ ਪਹਿਲਾਂ ਉਹ ਸਰਕਾਰ ਦੇ ਹੀ ਪ੍ਰੈਸ ਇਨਫਰਮੇਸ਼ਨ ਬਿਊਰੋ ਵਿਚ ਸਨ। ਫੋਟੋਗ੍ਰਾਫਰ ਹੀ ਸਨ। ਮੈਂ ਕਿਹਾ ਨਾ, ਉਨ੍ਹਾਂ ਨੇ ਆਪਣਾ ਧੰਦਾ ਕਦੀ ਨਾ ਬਦਲਿਆ। ਸ਼ੁਰੂ ਸ਼ੁਰੂ ਵਿਚ ਜਦੋਂ ਉਹ ਮੈਨੂੰ ਥੋੜ੍ਹੀ ਜਿਹੀ ਅੱਖ ਦੱਬ ਕੇ ਵੇਖਦੇ ਸੀ ਤਾਂ ਮੈਨੂੰ ਬੜੀ ਗੁਦਗੁਦੀ ਹੁੰਦੀ ਸੀ। ਇਹ ਵਿਆਹ ਤੋਂ ਬਾਅਦ ਸ਼ੁਰੂ ਦੇ ਦਿਨਾਂ ਦੀ ਗੱਲ ਹੈ ਮੈਨੂੰ ਗੁਦਗੁਦੀ ਇਸ ਲਈ ਹੁੰਦੀ ਸੀ ਕਿ ਇਕ ਅੱਖ ਦੱਬ ਕੇ ਵੇਖਣਾ...ਤੁਸੀਂ ਤਾਂ ਜਾਣਦੇ ਹੋ ਕਿ ਮੈਨੂੰ ਵੀ ਹੁਣ ਗੁੱਸਾ ਆਉਂਦਾ ਹੈ। ਪਰ ਇਹ ਇਨ੍ਹਾਂ ਦੀ ਆਦਤ ਬਣ ਗਈ ਸੀ। ਜੀ ਹਾਂ ਬੜੀ ਬਚਕਾਨੀ ਲਗਦੀ ਹੈ ਇਹ ਹਰਕਤ...। ਪਰ ਕੈਮਰੇ ਦੀ ਵਜ੍ਹਾ ਤੋਂ ਉਹ ਵੀ ਮਜਬੂਰ ਸੀ। ਬਾਅਦ ਵਿਚ ਮੈਨੂੰ ਪਤਾ ਲੱਗਿਆ ਕਿ ਜਦ ਵੀ ਉਹ ਇਕ ਅੱਖ ਦੱਬ ਕੇ ਮੈਨੂੰ ਦੇਖਦੇ ਸੀ, ਤਾਂ ਸਿਰਫ ਮੈਨੂੰ ਹੀ ਦੇਖ ਰਹੇ ਹੁੰਦੇ ਸਨ।

ਮੈਂ ਮੁਆਫੀ ਚਾਹੁੰਦੀ ਹਾਂ, ਕੀ ਕਰਾਂ ਮੁੜ ਮੁੜ ਉਨ੍ਹਾਂ ਪਲਾਂ 'ਤੇ ਪਹੁੰਚ ਜਾਂਦੀ ਹਾਂ। ਦੁੱਖ ਤਾਂ ਹੁਣ ਭੋਗਣਾ ਹੀ ਹੈ। ਜੋ ਹੋ ਸਕਿਆ, ਦੋਨਾਂ ਨੇ ਮਿਲ ਕੇ ਭੋਗਿਆ...ਪਰ ਹੁਣ ਤਾਂ ਸਾਡੇ ਦੋਹਾਂ ਦੇ ਉਹੀ ਪਲ ਬਾਕੀ ਨੇ ਜੋ ਭੁੱਲੇ ਭੱਟਕੇ ਕਦੀ ਮੁੜ ਯਾਦ ਆ ਜਾਂਦੇ ਹਨ...ਹਾਸੇ ਖੁਸ਼ੀ ਦਾ ਇਕ ਅੱਧਾ ਪਲ।

ਪ੍ਰੈਸ ਇਨਫਰਮੇਸ਼ਨ ਬਿਊਰੋ ਵਿਚ ਉਹ ਕਰੀਬ ਪੰਜ ਸਾਲ ਤੱਕ ਸਨ।

ਕਰੀਬ ਛੇ ਸਾਲ ਇਕ ਵਿਗਿਆਪਨ ਕੰਪਨੀ 'ਚ।

ਜੀ ਹਾਂ ਉਨ੍ਹਾਂ ਨੇ ਹਾਰ ਕੇ ਨੌਕਰੀ ਛੱਡ ਦਿੱਤੀ ਸੀ ਜਾਂ ਕਹੋ ਕਿ ਛੁਡਵਾ ਦਿੱਤੀ ਸੀ। ਉਨ੍ਹਾਂ ਨੇ ਕੋਈ ਗੈਰਵਾਜਿਬ ਕੰਮ ਨਹੀਂ ਕੀਤਾ ਸੀ।

ਹਾਂ ਇਹ ਸਭ ਜਾਣਕਾਰੀ ਤਾਂ ਤੁਹਾਡੇ ਕੋਲ ਹੋਵੇਗੀ। ਠੀਕ ਹੈ। ਉਨ੍ਹਾਂ ਦੀ ਦਫ਼ਤਰੀ ਜ਼ਿੰਦਗੀ ਬਾਰੇ ਮੈਨੂੰ ਜ਼ਿਆਦਾ ਪਤਾ ਵੀ ਨਹੀਂ। ਸਿਵਾਏ ਇਸਦੇ ਕਿ ਵਿਆਹ ਤੋਂ ਬਾਅਦ ਸ਼ੁਰੂ ਸ਼ੁਰੂ ਦੇ ਸਾਲਾਂ 'ਚ ਉਹ ਬੜੇ ਉਤਸ਼ਾਹਿਤ ਰਹਿੰਦੇ ਸਨ।

ਜੀ, ਤਸਵੀਰਾਂ ਨੂੰ ਲੈ ਕੇ।

ਤਸਵੀਰਾਂ ਹੋਰ ਕਿਹੋ ਜਿਹੀਆਂ? ਉਹ ਸਰਕਾਰੀ ਫੋਟੋਗਰਾਫਰ ਸਨ। ਪੰਦਰਾਂ ਅਗਸਤ, ਸ਼ਾਨਦਾਰ ਦਾਅਵਤਾਂ, ਆਉਣ ਵਾਲੇ ਵਿਦੇਸ਼ੀ ਮਹਿਮਾਨ, ਲਾਲ ਕਿਲੇ ਵਿਚ ਸਭ ਦੀਆਂ ਤਸਵੀਰਾਂ ਹੁੰਦੀਆਂ ਸਨ।

ਫਿਰ ਜਿਸ ਸਾਲ 26 ਜਨਵਰੀ ਦਾ ਜਸ਼ਨ ਸ਼ੁਰੂ ਹੋਇਆ-ਉਦੋਂ ਤੋਂ ਜ਼ਰੂਰ ਕੁਝ ਕੁੜੀਆਂ ਦੀਆਂ ਤਸਵੀਰਾਂ ਵੀ ਲੈਣ ਲੱਗ ਪਏ ਸੀ। ਲੋਕ ਨਾਚਾਂ ਦੀਆਂ ਝਾਕੀਆਂ ਦੀਆਂ, ਨੇਵੀ ਦੇ ਬੈਂਡ ਦੀਆਂ, ਰਾਸ਼ਟਰਪਤੀ ਦੀ ਸਵਾਰੀ ਅਤੇ ਸਲਾਮੀ ਦੀਆਂ, ਤਰ੍ਹਾਂ ਤਰ੍ਹਾਂ ਦੀਆਂ ਤਸਵੀਰਾਂ ਹੁੰਦੀਆਂ ਸਨ।

ਇਕ ਗੱਲ ਗੌਰ ਕਰਨ ਦੀ ਹੈ। ਜਦ ਉਹ ਸਰਕਾਰੀ ਪੱਤ੍ਰਿਕਾ ਨਾਲ ਖਾਸ ਤੌਰ ਨਾਲ ਜੋੜ ਦਿੱਤੇ ਗਏ, ਤਾਂ ਲਹਿਲਹਾਉਂਦੇ ਖੇਤ, ਬੰਨ੍ਹ, ਬਿਜਲੀ ਘਰ, ਫੈਕਟਰੀਆਂ, ਮਿੱਲਾਂ, ਵਣ-ਮਹਾਉਤਸਵ, ਨਵੀਆਂ ਰੇਲਵੇ ਲਾਈਨਾਂ, ਪੁਲਾਂ ਦੇ ਉਦਘਾਟਨ, ਸਕੂਲਾਂ ਵਗੈਰਾ ਦੀਆਂ ਤਸਵੀਰਾਂ ਉਤਾਰਦੇ ਸਨ। ਪਰ ਕਈ ਸਾਲਾਂ ਬਾਅਦ ਉਨ੍ਹਾਂ ਦਾ ਇਹ ਉਤਸ਼ਾਹ ਪਤਾ ਨਹੀਂ ਕਿਥੇ ਗੁਆਚ ਗਿਆ ਸੀ। ਉਨ੍ਹਾਂ ਦੇ ਦਿਲ ਵਿਚ ਕੁਝ ਉਬਲਦਾ ਰਹਿੰਦਾ ਸੀ।

ਇਕ ਵਾਰੀ ਕਹਿੰਦੇ ਸੀ-ਇਨ੍ਹਾਂ ਤਸਵੀਰਾਂ ਤੋਂ ਕੁਝ ਹਾਸਲ ਨਹੀਂ ਹੁੰਦਾ। ਮੈਂ ਆਪ ਕਿਤੇ ਅੰਦਰੋਂ ਝੂਠਾ ਪੈਂਦਾ ਜਾ ਰਿਹਾ ਹਾਂ। ਸ਼ਾਇਦ ਕੁਝ ਦਿਨਾਂ ਬਾਅਦਕਿਸੇ ਨੂੰ ਇਹ ਵੀ ਨਹੀਂ ਕਹਿ ਸਕਦਾ ਕਿ ਤਸਵੀਰਾਂ ਸੱਚੀਆਂ ਹੁੰਦੀਆਂ ਹਨ।

ਜੀ ਹਾਂ, ਉਸ ਦਿਨ ਪਹਿਲੀ ਵਾਰ ਮੈਂ ਉਨ੍ਹਾਂ ਦੀਆਂ ਅੱਖਾਂ ਬੇਹੱਦ ਲਾਲ ਦੇਖੀਆਂ ਸਨ। ਲੱਗਦਾ ਸੀ ਜਿਵੇਂ ਉਨ੍ਹਾਂ ਦੀਆਂ ਅੱਖਾਂ ਵਿਚ ਖੂਨ ਉਤਰ ਆਇਆ ਹੋਵੇ। ਮੈਂ ਤਿਰਫਲੇ ਦਾ ਪਾਣੀ ਬਣਾਉਣਾ ਸ਼ੁਰੂ ਕਰ ਦਿੱਤਾ ਸੀ। ਪਰ ਉਨ੍ਹਾਂ ਦੀਆਂ ਅੱਖਾਂ ਦੀ ਲਾਲੀ ਨਾ ਗਈ।

ਉਨ੍ਹੀਂ ਦਿਨੀਂ ਇਕ ਘਟਨਾ ਹੋ ਗਈ ਸੀ। ਥਾਰ ਦੇ ਰੇਗਿਸਤਾਨ ਨੂੰ ਰੋਕਣ ਦੇ ਸਬੰਧ ਵਿਚ ਕਿਸੇ ਮੰਤਰੀ ਜੀ ਨੇ ਕੋਈ ਬਿਆਨ ਦਿੱਤਾ ਸੀ। ਸ਼ਾਇਦ ਇਹ ਕਿਹਾ ਗਿਆ ਸੀ ਮੀਲਾਂ ਤੱਕ ਜੰਗਲ ਬੀਜ ਕੇ ਰੇਗਿਸਤਾਨ ਦੀਆਂ ਜੋ ਤਸਵੀਰਾਂ ਲੈ ਕੇ ਆਏ ਉਨ੍ਹਾਂ ਵਿਚ ਜੰਗਲ ਕਿਤੇ ਨਹੀਂ ਸੀ। ਰੇਗਿਸਤਾਨ ਹੀ ਰੇਗਿਸਤਾਨ ਸੀ। ਰੁੱਖ ਜ਼ਰੂਰ ਲਗਾਏ ਗਏ ਸਨ ਪਰ ਉਹ ਸਭ ਸੁੱਕ ਗਏ ਸਨ। ਗਲਤੀ ਨਾਲ ਉਹ ਤਸਵੀਰਾਂ ਛਪ ਗਈਆਂ ਸਨ। ਵਿਰੋਧੀ ਦਲ ਦੇ ਕਿਸੇ ਮੈਂਬਰ ਨੇ ਉਨ੍ਹਾਂ ਤਸਵੀਰਾਂ ਦਾ ਹਵਾਲਾ ਦੇ ਕੇ ਮੁਸੀਬਤ ਖੜ੍ਹੀ ਕਰ ਦਿੱਤੀ ਸੀ। ਇਹ ਸਭ ਸ਼ਾਇਦ ਲੋਕ ਸਭਾ ਵਿਚ ਹੀ ਹੋਇਆ ਸੀ। ਮੰਤਰੀ ਜੀ ਦਾ ਬਿਆਨ ਇਨ੍ਹਾਂ ਤਸਵੀਰਾਂ ਨਾਲ ਮੇਲ ਨਹੀਂ ਸੀ ਖਾਂਦਾ। ਆਦਮੀ ਤੋਂ ਗਲਤੀ ਹੋ ਹੀ ਜਾਂਦੀ ਹੈ। ਇਨ੍ਹਾਂ ਤੋਂ ਵੀ ਹੋ ਗਈ ਸੀ ਪਰ ਇਸ ਗਲਤੀ 'ਤੇ ਇਨ੍ਹਾਂ ਨੂੰ ਬਹੁਤ ਡਾਂਟਿਆ-ਫਟਕਾਰਿਆ ਗਿਆ ਸੀ। ਮੰਤਰੀ ਜੀ ਨੇ ਇਨ੍ਹਾਂ ਨੂੰ ਹਟਾ ਦੇਣ ਦਾ ਆਰਡਰ ਵੀ ਕਰ ਦਿੱਤਾ ਸੀ। ਉਨ੍ਹੀਂ ਦਿਨੀਂ ਇਹ ਬਹੁਤ ਪ੍ਰੇਸ਼ਾਨ ਰਹਿੰਦੇ ਸੀ। ਬੱਸ ਇਸ ਤੋਂ ਬਾਅਦ ਇਨ੍ਹਾਂ ਦਾ ਉਥੇ ਰਹਿਣਾ ਮੁਸ਼ਕਿਲ ਹੋ ਗਿਆ ਸੀ।

ਉਦੋਂ ਮੈਂ ਇਨ੍ਹਾਂ ਦੀਆਂ ਲਾਲ ਲਾਲ ਅੱਖਾਂ 'ਚੋਂ ਖੂਨ ਦਾ ਪਹਿਲਾ ਕਤਰਾ ਗਿਰਦੇ ਹੋਏ ਵੇਖਿਆ ਸੀ। ਸਵੇਰੇ ਉਠੇ ਸੀ ਤਾਂ ਇਨ੍ਹਾਂ ਦਾ ਸਿਰਹਾਣਾ ਖੂਨ ਦੀਆਂ ਛਿੱਟਾਂ ਨਾਲ ਰੰਗਿਆ ਹੋਇਆ ਸੀ।

ਜੀ ਹਾਂ, ਖੂਨ! ਮੈਂ ਵੀ ਪਹਿਲਾਂ ਕਦੇ ਨਹੀਂ ਵੇਖਿਆ ਸੀ, ਨਾ ਸੁਣਿਆ ਸੀ, ਪਰ ਇਹ ਹੋਇਆ ਸੀ।

ਸਾਡੇ ਘਰ ਦੀ ਹਾਲਤ ਖਸਤਾ ਹੋ ਗਈ ਸੀ। ਜੀ ਹਾਂ, ਇਸ ਤੋਂ ਬਾਅਦ ਇਨ੍ਹਾਂ ਨੇ ਨੌਕਰੀ ਛੱਡ ਦਿੱਤੀ ਸੀ। ਇਕ ਤਰ੍ਹਾਂ ਨਾਲ ਮਜਬੂਰਨ ਇਨ੍ਹਾਂ ਨੂੰ ਹਟਣਾ ਪਿਆ ਸੀ। ਉਦੋਂ ਇਨ੍ਹਾਂ ਨੇ ਇਕ ਵਿਗਿਆਪਨ ਕੰਪਨੀ 'ਚ ਕੰਮ ਕਰ ਲਿਆ ਸੀ। ਦੋ ਤਿੰਨ ਘੰਟਿਆਂ ਲਈ ਜਾਂਦੇ ਸੀ। ਕੰਮ ਕੀ, ਇਕ ਬਹਾਨਾ ਸੀ। ਬਹੁਤ ਔਖਿਆਈ ਨਾਲ ਗ੍ਰਹਿਸਥੀ ਚਲਦੀ ਸੀ। ਉਦੋਂ ਹੀ ਬੱਚੀ ਪੈਦਾ ਹੋ ਗਈ।

ਨਹੀਂ ਸ਼ਰਾਬ ਇਨ੍ਹਾਂ ਨੇ ਕਦੀ ਨਹੀਂ ਪੀਤੀ। ਵਿਗਿਆਪਨ ਕੰਪਨੀ ਵਿਚ ਵੀ ਨਹੀਂ। ਮਾਡਲ-ਮੁਡਲ ਵੀ ਲੈ ਕੇ ਕਦੀ ਘਰ ਨਹੀਂ ਆਏ। ਜੀ ਨਹੀਂ, ਕਦੀ, ਘਰ ਤੋਂ ਬਾਹਰ ਨਹੀਂ ਰਹੇ। ਹਰ ਰਾਤ ਘਰ ਹੀ ਗੁਜ਼ਾਰੀ। ਜੀ ਹਾਂ ਕਿਸਮਤ ਨੂੰ ਕਦੇ ਦੋਸ਼ੀ ਨਹੀਂ ਠਹਿਰਾਇਆ। ਬਹੁਤ ਚੰਗੀ ਤਰ੍ਹਾਂ ਪੇਸ਼ ਆਉਂਦੇ ਸੀ।

ਤਸਵੀਰਾਂ ਕੋਈ ਚਾਰ-ਛੇ ਹਜ਼ਾਰ ਹੋਣਗੀਆਂ। ਪਰ ਸਭ ਸਰਕਾਰੀ ਤਸਵੀਰਾਂ ਸਨ।

ਹਾਂ ਉਹ ਬਹੁਤ ਤਕਲੀਫ ਦੇ ਦਿਨ ਸਨ। ਦੋ ਸੌ ਰੁਪਿਆ ਮਿਲਦਾ ਸੀ।

ਜੀ ਬਿਲਕੁਲ ਉਨ੍ਹੀਂ ਦਿਨੀਂ ਮੈਨੂੰ ਨੌਕਰੀ ਕਰਨੀ ਪਈ। ਸਕੂਲ ਵਿਚ।

ਮੈਨੇਜਰ ਕਦੇ ਕਦੇ ਆਉਂਦੇ ਸਨ।

ਇਨ੍ਹਾਂ ਨੇ ਕਦੀ ਮਨ੍ਹਾਂ ਤਾਂ ਨਹੀਂ ਸੀ ਕੀਤਾ।

ਜੀ ਹਾਂ ਕਦੀ-ਕਦੀ ਇਹ ਛੱਡਣ ਜਾਂਦੇ ਸੀ।

ਬੱਚੀ ਇਨ੍ਹਾਂ ਕੋਲ ਹੀ ਰਹਿੰਦੀ ਸੀ। ਇਹ ਬਹੁਤ ਸਮਾਂ ਘਰ ਹੀ ਰਹਿੰਦੇ ਸਨ। ਜੀ ਨਹੀਂ, ਵਿਗਿਆਪਨ ਕੰਪਨੀ ਦੀ ਨੌਕਰੀ ਛੁੱਟ ਜਾਣ ਤੋਂ ਬਾਅਦ ਜੀ ਫੇਰ ਇਨ੍ਹਾਂ ਨੇ ਆਪਣਾ ਕੰਮ ਸ਼ੁਰੂ ਕਰ ਦਿੱਤਾ ਸੀ।

ਜੀ ਨਹੀਂ, ਇਧਰ-ਉਧਰ ਅਖ਼ਬਾਰਾਂ ਵਿਚ ਤਸਵੀਰਾਂ ਭੇਜਦੇ ਸਨ। ਘਰ ਦੇ ਬਾਥਰੂਮ ਵਿਚ ਡਾਰਕ ਰੂਮ ਬਣਾ ਲਿਆ ਸੀ। ਘਰ ਦਾ ਖਰਚਾ ਮੇਰੀ ਨੌਕਰੀ ਤੋਂ ਹੀ ਨਿਕਲਦਾ ਸੀ।

ਰੱਬ ਦੇ ਵਾਸਤੇ ਮੈਨੂੰ ਜਲੀਲ ਨਾ ਕਰੋ। ਮੈਂ ਮੈਨੇਜਰ ਦੇ ਘਰ ਜਾਂਦੀ ਸੀ, ਪਰ ਇਹਦਾ ਇਹ ਮਤਲਬ ਤਾਂ ਨਹੀਂ ਸੀ ਕਿ...ਮੈਂ ਇਥੇ ਵੀ ਤਾਂ ਹਾਜ਼ਰ ਹੁੰਦੀ ਹਾਂ।

ਤੁਸੀਂ ਕਹਿੰਦੇ ਓ ਤਾਂ ਆਪਣੇ ਇਸ ਫਿਕਰੇ ਲਈ ਮੁਆਫੀ ਮੰਗ ਲੈਂਦੀ ਹਾਂ। ਕੀ ਕਰਾਂ ਦਿਲ ਦੁਖੀ ਹੁੰਦਾ ਹੈ ਤਾਂ ਇਹੀ ਸਭ ਮੂੰਹੋਂ ਨਿਕਲਦਾ ਹੈ। ਜੀ! ਮੈਨੂੰ ਜੀ ਮੁਆਫ ਜੀ ਕੀਤਾ ਜਾਵੇ...ਜੀ...ਫਿਕਰਾ ਵਾਪਸ ਲੈਂਦੀ ਹਾਂ।

ਮੇਰੀ ਉਮਰ ਉਸ ਵੇਲੇ...ਹੁਣ ਅਠੱਤੀ ਹੈ, ਉਸ ਵੇਲੇ ਬੱਤੀ ਹੋਣੀ ਹੈ।

ਮੈਨੇਜਰ ਸਾਹਿਬ, ਉਹ ਸੱਠ ਦੇ ਕਰੀਬ ਸੀ। ਹਾਂ ਕਿਹਾ ਸੀ। ਇਕ ਵਾਰ। ਮੈਂ ਇਨ੍ਹਾਂ ਨੂੰ ਵੀ ਦੱਸ ਦਿੱਤਾ ਸੀ ਕਿ ਮੈਨੇਜਰ ਸਾਹਿਬ ਤੁਹਾਡਾ ਸਵੇਰੇ ਸ਼ਾਮ ਸਕੂਲ 'ਚ ਆਉਣਾ ਪਸੰਦ ਨਹੀਂ ਕਰਦੇ। ਕੁੜੀਆਂ ਦਾ ਸਕੂਲ ਹੈ ਇਸ ਲਈ। ਸ਼ਾਇਦ ਇਨ੍ਹਾਂ ਨੂੰ ਕੁਝ ਬੁਰਾ ਲੱਗਿਆ ਹੋਵੇ। ਹੋ ਸਕਦਾ ਹੈ।

ਪਰ ਮੈਂ ਫਿਰ ਵੀ ਕਹਿੰਦੀ ਹਾਂ-ਇਨ੍ਹਾਂ ਕਾਰਨਾਂ 'ਤੇ ਨਾ ਜਾਉ। ਇਹ ਕਾਰਨ ਬਿਲਕੁਲ ਨਹੀਂ ਹਨ। ਕਿੱਸੇ ਕਹਾਣੀਆਂ ਦੀਆਂ ਗੱਲਾਂ ਹੋਰ ਹੁੰਦੀਆਂ ਹਨ। ਇਹ ਮੇਰੀ ਜ਼ਿੰਦਗੀ ਦੀਆਂ ਹਕੀਕਤਾਂ ਹਨ। ਇਸ ਤਰ੍ਹਾਂ ਮਖੌਲ ਨਾ ਉਡਾਓ। ਮੇਰੇ ਚੰਗੇ ਦਿਨਾਂ ਨੂੰ ਗੰਦਾ ਨਾ ਕਰੋ। ਤਕਲੀਫ਼ਾਂ ਦੇ ਦਿਨ ਹੀ ਸਹੀ, ਪਰ ਅਸੀਂ ਆਦੀ ਹੋ ਗਏ ਸੀ। ਸਾਡੇ ਲਈ ਉਹੀ ਦਿਨ ਚੰਗੇ ਦਿਨ ਸੀ। ਮੇਰਾ ਪ੍ਰੇਮੀ...ਜਾਂ ਮੈਨੇਜਰ ਜਾਂ ਉਹ ਸੰਪਾਦਕ ਜੋ ਬਾਅਦ ਵਿਚ ਇਨ੍ਹਾਂ ਦੇ ਨਾਲ ਮੇਰੇ ਘਰ ਆਉਣ ਲੱਗ ਪਿਆ ਸੀ...ਉਹ ਸਭ ਇਸ ਕੰਮਕਾਰ ਦੀ ਜ਼ਿੰਦਗੀ 'ਚ ਇਕ ਦੂਜੇ ਨਾਲ ਟਕਰਾਉਂਦੇ ਸਨ। ਕਿਤੇ ਉਹ ਵਕੀਲ, ਦੋਸਤ ਅਤੇ ਅਫਸਰ ਹੋ ਸਕਦੇ ਹਨ, ਕਿਤੇ ਡਾਕਟਰ ਅਤੇ ਇੰਜੀਨੀਅਰ ਹੋ ਸਕਦੇ ਹਨ...ਲੋਕ ਤਾਂ ਇਹੋ ਜਿਹੇ ਹੀ ਹੁੰਦੇ ਹਨ। ਕੋਈ ਵੀ ਤਿੰਨ ਜਾਂ ਚਾਰ ਜਾਂ ਦਸ ਹੋ ਸਕਦੇ ਹਨ। ਪਰ ਇਸ ਤੋਂ ਤੁਸੀਂ ਕੀ ਮਤਲਬ ਕੱਢਣਾ ਚਾਹੁੰਦੇ ਹੋ? ਜ਼ਿੰਦਗੀ ਤੇ ਮੌਤ ਦਾ ਨਿਪਟਾਰਾ ਇਨ੍ਹਾਂ ਮਾਮੂਲੀ ਕਾਰਨਾਂ ਤੋਂ ਕਿਵੇਂ ਕੱਢੋਗੇ? ਖਾਹਮਖਾਹ ਦੇ ਦਾਗ ਲਗਵਾਉਗੇ।

ਉਹ, ਮੈਂ ਮੁਆਫੀ ਚਾਹੁੰਦੀ ਹਾਂ।

ਸੰਪਾਦਕ, ਉਹ ਇਕ ਐਵੇਂ ਹੀ ਮਾਮੂਲੀ ਅਖ਼ਬਾਰ ਦਾ ਸੀ। ਆਪਣੇ ਕੰਮਕਾਰ ਦੇ ਸਿਲਸਿਲੇ 'ਚ ਹੀ ਇਨ੍ਹਾਂ ਦੀ ਜਾਣ-ਪਛਾਣ ਹੋਈ ਸੀ। ਜੀ, ਗਰਮੀਆਂ ਦੀਆਂ ਛੁੱਟੀਆਂ ਦੀ ਤਨਖਾਹ ਸਕੂਲ ਤੋਂ ਨਹੀਂ ਮਿਲਦੀ ਸੀ, ਛੁੱਟੀਆਂ ਵਿਚ ਸਾਨੂੰ ਨੌਕਰੀ ਤੋਂ ਹਟਾ ਦਿੱਤਾ ਜਾਂਦਾ ਸੀ। ਸੈਸ਼ਨ ਸ਼ੁਰੂ ਹੋਣ ਤੋਂ ਫੇਰ ਰੱਖ ਲਿਆ ਜਾਂਦਾ ਸੀ। ਛੁੱਟੀ ਦੇ ਉਨ੍ਹਾਂ ਦੋ ਮਹੀਨਿਆਂ 'ਚ ਸਾਡੀ ਹਾਲਤ ਬਹੁਤ ਖਰਾਬ ਹੋ ਜਾਂਦੀ ਸੀ। ਬੱਚੀ ਵੀ ਸਾਹਮਣੇ ਸੀ।

ਇਹ ਕਹਿਣਾ ਸਰਾਸਰ ਗਲਤ ਹੈ ਕਿ ਉਸ ਸੰਪਾਦਕ ਦੀ ਵਜ੍ਹਾ ਕਰਕੇ ਮੈਂ ਨੌਕਰੀ ਛੱਡੀ। ਉਸ ਸੰਪਾਦਕ ਦਾ ਕੋਈ ਝਗੜਾ ਮੈਨੇਜਰ ਸਾਹਿਬ ਨਾਲ ਨਹੀਂ ਹੋਇਆ ਸੀ। ਮੇਰੀ ਵਜ੍ਹਾ ਨਾਲ ਬਿਲਕੁਲ ਨਹੀਂ। ਮੈਂ ਕਿਉਂ ਵਜ੍ਹਾ ਬਣਦੀ ਉਨ੍ਹਾਂ ਦੇ ਝਗੜੇ ਦੀ। ਉਹ ਸੰਪਾਦਕ ਹੀ ਇਹੋ ਜਿਹਾ ਸੀ। ਉਸਦੇ ਅਖ਼ਬਾਰ ਤੋਂ ਸਾਰੇ ਘਬਰਾਉਂਦੇ ਸਨ। ਝਗੜੇ ਦਾ ਉਹ ਅਖ਼ਬਾਰ ਸੀ।

ਨਹੀਂ...ਨਹੀਂ ਮੇਰੇ ਨਿਰਦੋਸ਼ ਪਤੀ 'ਤੇ ਇਲਜ਼ਾਮ ਨਾ ਲਗਾਉ। ਮੈਂ ਜਾਣਦੀ ਹਾਂ, ਅਖੀਰ 'ਚ ਇਹੋ ਇਲਜ਼ਾਮ ਘੁੰਮ

ਫਿਰ ਕੇ ਮੁੜ ਮੇਰੇ ਤੇ ਹੀ ਆਵੇਗਾ। ਮੇਰੀ ਪੂਰੀ ਜ਼ਿੰਦਗੀ ਦਾ ਬਖੀਆ ਉਧੇੜ ਦੇਵੇਗਾ। ਮੈਂ ਚੰਗੀ ਤਰ੍ਹਾਂ ਜਾਣਦੀ ਹਾਂ ਤੁਸੀਂ ਲੋਕ ਮੈਨੂੰ ਕਿਥੇ ਧੱਕ ਰਹੇ ਹੋ। ਕੀ ਕਾਨੂੰਨ ਦਾ ਕੰਮ ਸਿਰਫ ਸਬੂਤ ਇਕੱਠੇ ਕਰਕੇ ਕਿਸੇ ਨੂੰ ਜ਼ਲੀਲ ਕਰਨਾ ਹੈ? ਮੈਂ ਆਪਣੇ ਪਤੀ ਦੀ ਮੌਤ ਲਈ ਜ਼ਿੰਮੇਵਾਰ ਕਿਵੇਂ ਹੋ ਸਕਦੀ ਹਾਂ?

ਤੁਸੀਂ ਮੈਨੂੰ ਕੰਡਿਆਂ 'ਤੇ ਕਿਉਂ ਘਸੀਟ ਰਹੇ ਹੋ? ਜੀ ਹਾਂ? ਉਸ ਸੰਪਾਦਕ ਨਾਲ ਮੇਰੇ ਪਤੀ ਦੀ ਖਾਸੀ ਦੋਸਤੀ ਹੋ ਗਈ ਸੀ। ਠੀਕ ਹੈ, ਤੁਸੀਂ 'ਖਾਸੀ' ਸ਼ਬਦ ਨੂੰ ਨੋਟ ਕਰ ਲੈਣਾ ਚਾਹੁੰਦੇ ਹੋ। ਜ਼ਰੂਰ ਕਰ ਲਵੋ, ਪਰ ਸ਼ਬਦਾਂ ਤੋਂ ਤੁਸੀਂ ਸੱਚ ਤੱਕ ਨਹੀਂ ਪਹੁੰਚ ਸਕਦੇ। ਸੱਚ ਹਮੇਸ਼ਾ ਕਈ ਤਰ੍ਹਾਂ ਦੀਆਂ ਗੱਲਾਂ 'ਤੇ ਨਿਰਭਰ ਕਰਦਾ ਹੈ। ਆਦਮੀ ਦੇ ਇਤਿਹਾਸ, ਹਾਲਾਤ, ਮਾਹੌਲ, ਕਿਸੇ ਖਾਸ ਘਟਨਾ ਦੇ ਯਥਾਰਥ ਅਤੇ ਸਭ ਤੋਂ ਜ਼ਿਆਦਾ ਉਸਦੀ ਆਪਣੀ ਅੰਦਰੂਨੀ ਤਕਲੀਫਾਂ ਦੀ ਟੀਸ 'ਤੇ, ਪਤੀ ਦੇ ਦੁੱਖਾਂ ਜਾਂ ਉਸਦੇ ਸੁੱਖਾਂ ਦਾ ਕਾਰਨ ਸਿਰਫ ਪਤਨੀ ਨਹੀਂ ਹੁੰਦੀ। ਇਹ ਧਾਰਨਾ ਬਿਲਕੁਲ ਗਲਤ ਹੈ। ਦੋਵੇਂ ਇਕ ਦੂਜੇ ਨੂੰ ਬਿਹਤਰ ਚਾਹੁੰਦੇ ਹੋਏ ਵੀ ਇਕ ਦੂਜੇ ਤੋਂ ਮੁਕਤ ਵੀ ਹੁੰਦੇ ਹਨ। ਜੁੜੇ ਹੋਏ ਵੀ ਵੱਖ ਹੁੰਦੇ ਹਨ। ਪਾਣੀ ਦੀਆਂ ਲਹਿਰਾਂ ਦੀ ਤਰ੍ਹਾਂ।

ਜੀ ਨਹੀਂ, ਮੈਂ ਦਰਸ਼ਨ ਸ਼ਾਸਤਰ ਨਹੀਂ ਪੜ੍ਹਾਉਂਦੀ। ਕੁਝ ਸ਼ਬਦ ਸਮਝ ਵਿਚ ਨਹੀਂ ਆਏ, ਇਤਿਹਾਸ, ਹਾਲਾਤ, ਯਾਤਰਾ, ਮੁਕਤ। ਇਨ੍ਹਾਂ ਦੇ ਅਰਥ ਮੈਂ ਨਹੀਂ ਕਰ ਸਕਦੀ। ਤੁਸੀਂ ਕਿਰਪਾ ਕਰਕੇ ਹਿੰਦੀ-ਅੰਗਰੇਜ਼ੀ ਡਿਕਸ਼ਨਰੀ ਵਿਚ ਦੇਖ ਲਵੋ। ਹੋ ਸਕਦਾ ਹੈ ਲਿਖੇ ਹੋਏ ਅਰਥ ਮੇਰੇ ਸ਼ਬਦਾਂ ਦੀਆਂ ਡੂੰਘਿਆਈਆਂ ਤੱਕ ਨਾ ਪਹੁੰਚ ਸਕਣ। ਸਿਰਫ ਘਟਨਾਵਾਂ ਬਿਆਨ ਕਰਦੀ ਜਾਵਾਂਗੀ।

ਖਾਸੀ ਦੋਸਤੀ। ਇਹ ਦੋਸਤੀ, ਜ਼ਰੂਰਤ 'ਤੇ ਵੀ ਟਿਕੀ ਹੋਈ ਸੀ। ਹਾਂ ਉਹ ਸੰਪਾਦਕ ਘਰ ਖਾਣਾ ਖਾਣ ਵੀ ਆਉਂਦਾ ਸੀ। ਮੇਰੇ ਪਤੀ ਹੀ ਬੁਲਾਉਂਦੇ ਸਨ। ਮੈਂ ਉਸਦੇ ਨਾਲ ਕਿਤੇ ਨਹੀਂ ਜਾਂਦੀ ਸੀ। ਉਸ ਦੀਆਂ ਨਜ਼ਰਾਂ 'ਚ ਵੀ ਕੋਈ ਖਾਸ ਗੰਦਗੀ ਕਹਿਣਾ ਚਾਹੋਗੇ, ਉਹ ਸਭ ਦੀਆਂ ਨਜ਼ਰਾਂ 'ਚ ਹੁੰਦੀ ਹੈ। ਉਸਨੂੰ ਤੁਸੀਂ ਆਦਮੀ ਔਰਤ ਦੇ ਵਿਚਕਾਰਲੀ ਮਾਮੂਲੀ ਖਿੱਚ ਕਹਿ ਸਕਦੇ ਹੋ ਅਤੇ ਉਸ ਖਿੱਚ ਨੂੰ ਜੇਕਰ ਗੰਦਾ, ਔਛਾ ਜਾਂ ਬੁਰਾ ਨਾ ਮੰਨਿਆ ਜਾਵੇ, ਤਾਂ ਉਹ ਬਹੁਤ ਮਾਮੂਲੀ ਜਿਹੀ ਗੱਲ ਹੈ। ਆਪਣੇ ਆਪ ਨੂੰ ਸ਼ੀਸ਼ੇ ਵਿਚ ਦੇਖਦੇ ਰਹਿਣ ਦੀ ਤਰ੍ਹਾਂ, ਹਰ ਆਦਮੀ ਹਰ ਔਰਤ ਦੇ ਆਇਨੇ 'ਚ ਆਪਣੇ ਆਪ ਨੂੰ ਦੇਖਦਾ ਹੈ। ਜ਼ਰੂਰੀ ਨਹੀਂ ਕਿ ਇਸ ਵਿਚ ਉਮਰ ਜਾਂ ਰਿਸ਼ਤਿਆਂ ਦਾ ਹੱਥ ਹੋਵੇ।

ਇਹ ਖ਼ਬਰ ਤੁਹਾਨੂੰ ਗਲਤ ਦਿੱਤੀ ਗਈ ਹੈ। ਛੁੱਟੀਆਂ ਖਤਮ ਹੋਣ ਤੋਂ ਬਾਅਦ ਮੈਨੂੰ ਸਕੂਲ ਵਿਚ ਫੇਰ ਰੱਖ ਲਿਆ ਗਿਆ ਸੀ। ਜੀ ਨਹੀਂ, ਮੈਂ ਸੰਪਾਦਕ ਅਤੇ ਮੈਨੇਜਰ ਦੇ ਝਗੜੇ ਕਾਰਨ ਨੌਕਰੀ ਨਹੀਂ ਛੱਡੀ। ਇਹ ਸਰਾਸਰ ਗਲਤ ਹੈ।

ਜੀ, ਉਸਦੇ ਅਖ਼ਬਾਰ ਵਿਚ ਭਾਂਡਾਫੋੜ ਕਿਸਮ ਦੀਆਂ ਰਿਪੋਰਟਾਂ ਛਪਦੀਆਂ ਹਨ। ਸੰਪਾਦਕ ਨੇ ਮੈਨੇਜਰ ਦੇ ਕਾਰਨਾਮਿਆਂ ਨੂੰ ਲੈ ਕੇ ਕੋਈ ਰਿਪੋਰਟ ਨਾ ਤਾਂ ਲਿਖੀ ਸੀ, ਨਾ ਛਾਪੀ ਸੀ। ਉਸਨੇ ਬਲੈਕਮੇਲ ਨਹੀਂ ਕੀਤਾ ਸੀ। ਤੁਸੀਂ ਇਸਨੂੰ ਮੇਰਾ ਝੁਕਾਅ ਕਿਵੇਂ ਕਹਿ ਸਕਦੇ ਹੋ? ਸੰਪਾਦਕ ਨੂੰ ਬਚਾਉਣਾ ਜਾਂ ਉਸਦੀ ਨੀਅਤ ਨੂੰ ਸਾਫ ਦੱਸਣਾ ਕੇਵਲ ਇਕ ਸੱਚਾਈ ਹੈ। ਇਸਨੂੰ ਤੁਸੀਂ ਮੇਰੇ ਦਿਲ ਦੀ ਕਮਜ਼ੋਰੀ ਕਿਵੇਂ ਕਹਿ ਸਕਦੇ ਹੋ? ਉਂਜ ਔਰਤ ਦਾ ਦਿਲ ਹਰ ਕਮਜ਼ੋਰੀ ਦੇ ਪ੍ਰਤੀ ਕਮਜ਼ੋਰ ਹੁੰਦਾ ਹੈ।

ਇਹ ਕਹਿਣਾ ਸਰਾਸਰ ਗਲਤ ਹੈ ਕਿ ਮੇਰੇ ਪਤੀ ਨੇ ਕਿਸੇ ਤਰ੍ਹਾਂ ਦਾ ਸਮਝੌਤਾ ਕਰ ਲਿਆ ਸੀ। ਤੁਸੀਂ ਉਨ੍ਹਾਂ ਦੀ ਮੌਤ ਦੇ ਅਸਲੀ ਕਾਰਨਾਂ ਨੂੰ ਇਨੀਆਂ ਨਿੱਕੀਆਂ ਅਤੇ ਬੇਹੂਦਾ ਗੱਲਾਂ ਨਾਲ ਕਿਉਂ ਜੋੜ ਰਹੇ ਹੋ ਜੇਕਰ ਤੁਸੀਂ ਸਮਝ ਸਕੋ ਤਾਂ ਮੈਂ ਕੁਝ ਉਨ੍ਹਾਂ ਬਾਰੇ ਬਿਆਨ ਕਰਾਂ...।

ਮੈਂ ਤੁਹਾਨੂੰ ਦੱਸਿਆ ਸੀ ਕਿ ਉਨ੍ਹਾਂ ਦੀਆਂ ਅੱਖਾਂ ਲਾਲ ਰਹਿਣ ਲੱਗੀਆਂ ਸੀ। ਗਲਤ ਤਸਵੀਰਾਂ ਛਪਣ ਤੋਂ ਬਾਅਦ ਉਨ੍ਹਾਂ ਨਾਲ ਜੋ ਕੁਝ ਹੋਇਆ ਸੀ, ਉਸਨੂੰ ਉਹ ਬਰਦਾਸ਼ਤ ਨਹੀਂ ਕਰ ਸਕੇ ਸਨ। ਉਨ੍ਹਾਂ ਦਾ ਵਿਸ਼ਵਾਸ ਆਪਣੇ ਕੰਮ ਤੋਂ ਉਠ ਗਿਆ ਸੀ। ਤੁਸੀਂ ਸੋਚ ਸਕਦੇ ਹੋ ਕਿ ਜਦੋਂ ਆਦਮੀ ਦਾ ਯਕੀਨ ਆਪਣੇ ਕੰਮ ਤੋਂ ਉਠ ਜਾਵੇ ਤਾਂ ਉਸ ਦੀ ਕੀ ਹਾਲਤ ਹੁੰਦੀ ਹੈ। ਇਹ ਤਸਵੀਰਾਂ ਜੋ ਉਨ੍ਹਾਂ ਨੂੰ ਵਿਸ਼ਵਾਸ ਦਿੰਦੀਆਂ ਸਨ, ਇਕਲਖਤ ਉਨ੍ਹਾਂ ਦੇ ਵਿਸ਼ਵਾਸ ਨੂੰ ਤੋੜ ਗਈਆਂ ਸਨ ਕਿਉਂਕਿ ਉਨ੍ਹਾਂ ਨੂੰ ਸੱਚਾਈ ਨਾਲੋਂ ਕੱਟ ਦਿੱਤਾ ਗਿਆ ਸੀ।

ਉਹ ਉਹੀ ਕਹਿ ਸਕਦੇ ਸਨ, ਜੋ ਦੂਸਰੇ ਚਾਹੁੰਦੇ ਸਨ। ਇਸ ਨਤੀਜੇ 'ਤੇ ਪਹੁੰਚਣ ਤੋਂ ਬਾਅਦ ਉਨ੍ਹਾਂ ਦੀਆਂ ਅੱਖਾਂ 'ਚੋਂ ਖੂਨ ਦੇ ਕਤਰੇ ਪਹਿਲੀ ਵਾਰੀ ਕਿਰੇ ਸਨ।

ਤੁਸੀਂ ਚਾਹੁੰਦੇ ਹੋ ਤਾਂ ਹੰਝੂ ਕਹਿ ਲਵੋ। ਪਰ ਇਹ ਠੀਕ ਨਹੀਂ ਹੈ। ਮੈਂ ਬਿਲਕੁਲ ਵਧਾ ਚੜ੍ਹਾ ਕੇ ਨਹੀਂ ਕਹਿ ਰਹੀ। ਸੱਚਮੁੱਚ ਉਹ ਖੂਨ ਦੇ ਕਤਰੇ ਸਨ, ਜੀ ਹਾਂ ਕਦੀ ਕਦੀ ਕੁਝ ਗੱਲਾਂ ਅਜਿਹੀਆਂ ਵੀ ਹੁੰਦੀਆਂ ਹਨ, ਜੋ ਨਾ ਪਹਿਲਾਂ ਦੇਖੀਆਂ ਹੋਈਆਂ ਹੁੰਦੀਆਂ ਹਨ, ਨਾ ਸੁਣੀਆਂ ਹੋਈਆਂ। ਉਹ ਬੱਸ ਅਜੀਬ ਹੁੰਦੀਆਂ ਹਨ। ਖੈਰ, ਉਨ੍ਹੀਂ ਦਿਨੀਂ ਮੈਂ ਕੰਮ 'ਤੇ ਜਾਣ ਲੱਗ ਪਈ ਸੀ। ਉਹ ਘਰ ਵਿਚ ਬੱਚੀ ਦੇ ਨਾਲ ਸਮਾਂ ਗੁਜ਼ਾਰਦੇ ਸਨ। ਉਸ ਦਿਨ ਐਤਵਾਰ ਸੀ। ਉਨ੍ਹਾਂ ਨੇ ਬੱਚੀ ਨੂੰ ਗੁਆਂਢ ਵਿਚ ਖੇਲਣ ਭੇਜ ਦਿੱਤਾ ਸੀ। ਨਹੀਂ, ਝਗੜੇ ਦੀ ਕੋਈ ਗੱਲ ਨਹੀਂ ਸੀ। ਉਲਟਾ ਉਸ ਦਿਨ ਉਹ ਪਿਆਰ ਨਾਲ ਭਰੇ ਹੋਏ ਸਨ। ਬਹੁਤ ਦਿਨਾਂ ਬਾਅਦ ਉਨ੍ਹਾਂ ਨੇ ਮੇਰਾ ਹੱਥ ਆਪਣੇ ਹੱਥ 'ਚ ਲੈ ਕੇ ਮੇਰੀਆਂ ਉਂਗਲੀਆਂ ਨੂੰ ਸੁਟਰ ਦੀ ਤਰ੍ਹਾਂ ਦੱਬਿਆ ਸੀ।

ਉਨ੍ਹਾਂ ਨੇ ਮੈਨੂੰ ਬ੍ਰੇਜ਼ੀਅਰ ਉਤਾਰਨ ਲਈ ਕਿਹਾ ਸੀ। ਮੈਂ ਥੋੜ੍ਹਾ ਝਿਜਕੀ ਸੀ। ਦਿਨ ਦਾ ਸਮਾਂ ਸੀ। ਉਹ ਕੈਮਰਾ ਲਈ ਬੈਠੇ ਸੀ। ਫੇਰ ਉਨ੍ਹਾਂ ਮੈਨੂੰ ਵੋਲ ਦੀ ਪਤਲੀ ਸਾੜ੍ਹੀ ਪਾਉਣ ਨੂੰ ਕਿਹਾ ਸੀ। ਮੈਨੂੰ ਤਰ੍ਹਾਂ-ਤਰ੍ਹਾਂ ਨਾਲ ਬਿਠਾਇਆ ਅਤੇ ਲਿਟਾਇਆ ਸੀ ਅਤੇ ਤਸਵੀਰਾਂ ਲਈਆਂ ਸਨ। ਉਸ ਵਕਤ ਉਨ੍ਹਾਂ ਦੀ ਅੱਖ ਪਹਿਲਾਂ ਦੀ ਤਰ੍ਹਾਂ ਕੰਬ ਰਹੀ ਸੀ ਮੈਂ ਸਮਝ ਗਈ ਸੀ ਕਿ ਉਹ ਸਿਰਫ਼ ਮੈਨੂੰ ਦੇਖ ਰਹੇ ਸਨ। ਉਸ ਵੇਲੇ ਜਦੋਂ ਉਹ ਇਕਾਗਰ ਸਨ, ਜੀ ਯਾਨਿ ਆਪਣੇ 'ਚ ਡੁੱਬੇ ਹੋਏ ਸਨ, ਉਦੋਂ ਵੀ ਅੱਠ ਦਸ ਵਾਰ ਉਨ੍ਹਾਂ ਦੀਆਂ ਅੱਖਾਂ ਵਿਚੋਂ ਖੂਨ ਦੇ ਕਤਰੇ ਡਿੱਗੇ ਸੀ। ਉਨ੍ਹਾਂ ਨੇ ਮੈਨੂੰ ਬੁਰੀ ਤਰ੍ਹਾਂ ਥਕਾ ਦਿੱਤਾ ਸੀ। ਆਪ ਵੀ ਬੁਰੀ ਤਰ੍ਹਾਂ ਥੱਕ ਗਏ ਸਨ। ਉਸਤੋਂ ਬਾਅਦ ਉਹ ਬਿਸਤਰ ਤੇ ਲੇਟ ਗਏ ਸੀ ਅਤੇ ਛੱਤ ਵਲ ਇੱਕਟੱਕ ਦੇਖਦੇ ਰਹੇ ਸਨ। ਮੈਂ ਕੱਪੜੇ ਪਾ ਕੇ ਉਨ੍ਹਾਂ ਨੂੰ ਚਾਹ ਦੇਣ ਲਈ ਆਈ ਸੀ ਤਾਂ ਉਨ੍ਹਾਂ ਦੀਆਂ ਅੱਖਾਂ ਵਿਚ ਖੂਨ ਛਲਕ ਰਿਹਾ ਸੀ। ਉਸ ਵੇਲੇ ਮੈਨੂੰ ਡਰ ਵੀ ਲੱਗਿਆ ਸੀ ਕਿ ਕਿਤੇ ਜੇਕਰ ਉਨ੍ਹਾਂ ਨੇ ਪਿਆਰ ਨਾਲ ਵੇਖਣ ਦੇ ਲਈ ਪਲਕ ਝਪਕੀ ਤਾਂ ਛਲਕਦਾ ਹੋਇਆ ਖੂਨ ਵਹਿ ਪਵੇਗਾ। ਚਾਹ ਮੈਂ ਸਿਰਹਾਣੇ ਤਿਪਾਈ 'ਤੇ ਰੱਖ ਦਿੱਤੀ ਸੀ। ਉਹ ਉਥੇ ਪਈ ਪਈ ਹੀ ਠੰਡੀ ਹੋ ਗਈ ਸੀ।

ਖਾਣਾ ਖਾਂਦੇ ਸਮੇਂ ਉਹ ਕਹਿ ਰਹੇ ਸੀ ਕਿ ਜੇ ਕੁਝ ਕਮਾਈ ਹੋ ਜਾਵੇ, ਤਾਂ ਉਹ ਇਕ ਟੈਲੀਲੈਂਜ਼ ਖਰੀਦਣਾ ਚਾਹੁੰਦੇ ਹਨ, ਤਾਂ ਕਿ ਬਾਜ਼ਾਰ ਦੇ ਲਾਇਕ ਕੰਮ ਕਰ ਸਕਣ। ਉਸ ਦੇ ਵਾਸਤੇ ਹੀ ਉਨ੍ਹਾਂ ਨੂੰ ਕੁਝ ਰੁਪਇਆਂ ਦੀ ਲੋੜ ਸੀ। ਉਂਜ ਘਰ ਮੇਰੀ ਤਨਖਾਹ ਨਾਲ ਘਿਸਰ ਰਿਹਾ ਸੀ। ਜ਼ਰੂਰਤ ਤਾਂ ਉਦੋਂ ਵੀ ਪੈਂਦੀ ਸੀ। ਖਾਣਾ ਖਾਂਦੇ ਹੋਏ ਇਹ ਕਾਰਸ਼, ਸਟੀਗਲਿਟਜ਼, ਸਟਾਈਸ਼ਨ, ਸਟ੍ਰੈਂਡ, ਵੈਸਟਨ, ਸਮਿੱਥ, ਅਵੇਦੋਨ ਪਾਲ, ਕਾਸ਼ੀਨਾਥ ਪਾਰਿਖ ਵਗੈਰਾ ਦੇ ਨਾਮ ਲਗਾਤਾਰ ਲੈ ਰਹੇ ਸੀ।

ਨਹੀਂ-ਨਹੀਂ ਗਲਤ ਨਾ ਸਮਝੋ। ਇਹ ਮੇਰੇ ਰਿਸ਼ਤੇ ਜਾਂ ਚਾਹੁਣ ਵਾਲਿਆਂ ਦੇ ਨਾਮ ਨਹੀਂ ਹਨ। ਤੁਸੀਂ ਲੋਕ ਹਮੇਸ਼ਾ ਗਲਤ ਰਿਸ਼ਤੇ ਜੋੜਦੇ ਹੋ...ਹਮੇਸ਼ਾ ਆਦਮੀ ਦੀ ਹੋਂਦ ਤੇ ਸ਼ੱਕ ਕਰਦੇ ਹੋ...ਹੋਂਦ।...ਜੀ, ਵਜੂਦ ਸਮਝ ਲਵੋ। ਇਹ ਆਦਮੀ ਦੀ ਆਪਣੀ ਜ਼ਿੰਦਗੀ ਦੇ ਕਾਨੂੰਨ ਦਾ ਸ਼ਬਦ ਹੈ। ਇਹ ਤੁਹਾਨੂੰ ਕਿਤਾਬਾਂ 'ਚ ਨਹੀਂ ਲੱਭੇਗਾ।

ਖੈਰ, ਸ਼ਾਮ ਨੂੰ ਹੀ ਉਨ੍ਹਾਂ ਨੇ ਫਿਲਮ ਡਿਵੈਲਪ ਕਰਕੇ ਪ੍ਰਿੰਟ ਬਣਾ ਲਏ ਸੀ। ਪ੍ਰਿੰਟ ਦੇਖਦੇ ਹੋਏ ਉਹ ਬਹੁਤ ਸੰਜੀਦਾ ਸੀ। ਮੈਨੂੰ ਨਹੀਂ ਪਤਾ, ਉਨ੍ਹਾਂ ਨੂੰ ਕੀ ਹੋਇਆ ਸੀ। ਮੇਰੀਆਂ ਉਹ ਤਸਵੀਰਾਂ ਲੈ ਕੇ ਉਹ ਸ਼ੀਸ਼ੇ ਸਾਹਮਣੇ ਖੜ੍ਹੇ ਸੀ। ਤਸਵੀਰਾਂ ਦੇਖਦੇ ਸੀ ਅਤੇ ਆਪਣਾ ਮੂੰਹ ਸ਼ੀਸ਼ੇ ਵਿਚ ਦੇਖਦੇ ਜਾਂਦੇ ਸੀ।

ਬੱਸ ਉਸੇ ਵੇਲੇ ਉਨ੍ਹਾਂ ਦੀਆਂ ਅੱਖਾਂ ਤੋਂ ਖੂਨ ਦੀ ਧਾਰ ਰਿਸਣ ਲੱਗੀ ਸੀ। ਉਸ ਸ਼ਾਮ ਅੱਖਾਂ 'ਚੋਂ ਜੋ ਖੂਨ ਚੋਣਾ ਸ਼ੁਰੂ ਹੋਇਆ, ਫੇਰ ਨਹੀਂ ਰੁਕਿਆ, ਜਦੋਂ ਤੱਕ ਉਹ ਜ਼ਿੰਦਾ ਰਹੇ, ਲਗਾਤਾਰ ਖੂਨ ਵਗਦਾ ਰਿਹਾ।

ਸੰਪਾਦਕ ਨੇ ਮੇਰੀਆਂ ਦੋ ਤਸਵੀਰਾਂ ਅਗਲੇ ਦਿਨ ਛਾਪੀਆਂ ਸਨ। ਬੱਸ ਇਥੋਂ ਹੀ ਹੰਗਾਮਾ ਸ਼ੁਰੂ ਹੋ ਗਿਆ ਸੀ। ਮੇਰੀਆਂ ਉਹ ਅੱਧਨੰਗੀਆਂ ਤਸਵੀਰਾਂ ਸਕੂਲ ਦੇ ਮੈਨੇਜਰ ਤੱਕ ਵੀ ਪਹੁੰਚੀਆਂ ਸਨ। ਉਨ੍ਹਾਂ ਨੇ ਫੌਰਨ ਤੈਅ ਕੀਤਾ ਸੀ ਕਿ ਇਸ ਤਰ੍ਹਾਂ ਦੀ ਔਰਤ ਦਾ ਸਕੂਲ ਵਿਚ ਰਹਿਣਾ ਇਕ ਪਲ ਲਈ ਵੀ ਮੁਮਕਿਨ ਨਹੀਂ ਹੈ। ਮੈਨੂੰ ਉਸੇ ਵੇਲੇ ਕਲਾਸ ਵਿਚੋਂ ਬੁਲਾਇਆ ਗਿਆ ਸੀ ਅਤੇ ਖੜ੍ਹੇ ਖੜ੍ਹੇ ਹਿਸਾਬ ਕਰ ਦਿੱਤਾ ਗਿਆ ਸੀ।

ਹੁਣ ਤੁਸੀਂ ਸਮਝ ਸਕਦੇ ਹੋ ਕਿ ਸਕੂਲ ਤੋਂ ਕੱਢੇ ਜਾਣ ਦੀ ਵਜ੍ਹਾ ਕੀ ਸੀ? ਸੰਪਾਦਕ ਅਤੇ ਮੈਨੇਜਰ ਦਾ ਕੋਈ ਝਗੜਾ ਨਹੀਂ ਸੀ। ਮੈਨੂੰ ਲੈ ਕੇ ਕੋਈ ਦੁਸ਼ਮਣੀ ਨਹੀਂ ਸੀ। ਮੇਰੇ ਅਤੇ ਸੰਪਾਦਕ ਦੇ ਸਬੰਧਾਂ ਨੂੰ ਲੈ ਕੇ ਵੀ ਕੁਝ ਸੋਚਣਾ ਜਾਂ ਸਮਝਣਾ ਬਿਲਕੁਲ ਗੈਰ ਜ਼ਰੂਰੀ ਹੈ। ਉਨ੍ਹਾਂ ਦੀ ਮੌਤ ਦਾ ਕਾਰਨ ਇਨ੍ਹਾਂ ਸਤਹੀ ਕਾਰਨਾਂ 'ਚ ਨਾ ਲੱਭੋ।

ਜੀ! ਖੂਨ ਦੀ ਧਾਰ ਦੀ ਵਜ੍ਹਾ ਮੈਂ ਕੀ ਦੱਸ ਸਕਦੀ ਹਾਂ। ਜਿਹੜੀਆਂ ਗੱਲਾਂ ਮੇਰੇ ਵੱਸ 'ਚ ਨਹੀਂ ਹਨ, ਉਨ੍ਹਾਂ ਦੇ ਨਤੀਜਿਆਂ ਨੂੰ ਮੈਂ ਸਿਰਫ ਦੇਖ ਸਕਦੀ ਹਾਂ...ਪਰ ਕੀ ਕਰ ਸਕਦੀ ਹਾਂ। ਜੇਕਰ ਬਹੁਤ ਮਾਮੂਲੀ ਤਰ੍ਹਾਂ ਨਾਲ ਸੋਚੋ, ਤਾਂ ਵਜ੍ਹਾ ਮੈਂ ਵੀ ਹੋ ਸਕਦੀ ਹਾਂ, ਉਹ ਖੁਦ ਹੋ ਸਕਦੇ ਨੇ, ਉਹ ਤਸਵੀਰਾਂ ਵੀ ਹੋ ਸਕਦੀਆਂ ਹਨ ਅਤੇ ਉਹ ਸ਼ੀਸ਼ਾ ਵੀ ਹੋ ਸਕਦਾ ਹੈ ਜਿਸ ਵਿਚ ਵਾਰ ਵਾਰ ਉਹ ਆਪਣੀ ਸ਼ਕਲ ਦੇਖ ਰਹੇ ਸਨ। ਨਤੀਜਿਆਂ ਅਤੇ ਉਨ੍ਹਾਂ ਦੇ ਕਾਰਨਾਂ ਤੱਕ ਪਹੁੰਚਣ ਦਾ ਇਹੋ ਸਭ ਤੋਂ ਆਸਾਨ ਤਰੀਕਾ ਹੋ ਸਕਦਾ ਹੈ ਕਿ ਸਾਰੀ ਜ਼ਿੰਮੇਵਾਰੀ ਇਨ੍ਹਾਂ ਚਾਰ ਚੀਜ਼ਾਂ 'ਤੇ ਥੋਪ ਦਿੱਤੀ ਜਾਵੇ-ਮੈਂ, ਉਹ ਤਸਵੀਰਾਂ ਅਤੇ ਸ਼ੀਸ਼ੇ। ਇਸ ਨੂੰ ਸਹੀ ਸਾਬਤ ਕਰਨ ਲਈ ਜ਼ਰੂਰਤ ਪਵੇ ਤਾਂ ਸੋਚੋ ਅਚੌਤੀ ਪ੍ਰੇਮੀ ਬਿਸ਼ਨ, ਮੈਨੇਜਰ ਸਾਹਿਬ ਜਾਂ ਸੰਪਾਦਕ ਨੂੰ ਜ਼ਰੂਰਤ ਦੇ ਮੁਤਾਬਿਕ ਜੋੜ ਲਿਆ ਜਾਵੇ। ਮੈਂ ਹੋਰ ਕੀ ਕਹਿ ਸਕਦੀ ਹਾਂ? ਮੈਨੂੰ ਦੋਸ਼ੀ ਕਰਾਰ ਦੇ ਦਿਉ।

ਜੀ, ਮੈਂ ਉਸ ਵੇਲੇ ਘਰ 'ਚ ਨਹੀਂ ਸੀ।

ਬੱਚੀ, ਬੱਚੀ ਉਨ੍ਹਾਂ ਨੂੰ ਬਹੁਤ ਪਿਆਰ ਕਰਦੀ ਸੀ। ਜੀ ਹਾਂ, ਬੱਚੀ ਨੇ ਵੀ ਉਨ੍ਹਾਂ ਦੀਆਂ ਅੱਖਾਂ ਵਿਚੋਂ ਲਗਾਤਾਰ ਖੂਨ ਦੀ ਧਾਰ ਚੋਂਦੀ ਦੇਖੀ ਸੀ। ਉਹ ਬਹੁਤ ਡਰ ਗਈ ਸੀ। ਉਸ ਨੇ ਮੇਰੇ ਤੋਂ ਪੁੱਛਿਆ ਸੀ, ''ਮੰਮੀ ਪਾਪਾ ਦੀਆਂ ਅੱਖਾਂ ਵਿਚੋਂ ਖੂਨ ਕਿਉਂ ਚੋਂਦਾ ਹੈ'' ਮੈਂ ਉਸਨੂੰ ਪਿਆਰ ਨਾਲ ਸਮਝਾ ਦਿੱਤਾ ਸੀ-ਬੇਟੇ ਤੇਰੇ ਪਾਪਾ ਦੀ ਤਬੀਅਤ ਠੀਕ ਨਹੀਂ ਰਹਿੰਦੀ। ਉਨ੍ਹਾਂ ਨੂੰ ਕੁਝ ਬੀਮਾਰੀ ਹੋ ਗਈ ਹੈ।

ਬੱਚੀ ਮੇਰੀ ਗੱਲ ਤੋਂ ਸੰਤੁਸ਼ਟ ਨਹੀਂ ਹੋਈ ਸੀ। ਉਸਨੇ ਉਨ੍ਹਾਂ ਤੋਂ ਪੁੱਛਿਆ ਸੀ। ਉਨ੍ਹਾਂ ਨੇ ਵੀ ਇਹੀ ਕਿਹਾ ਸੀ- ''ਮੇਰੀ ਤਬੀਅਤ ਠੀਕ ਨਹੀਂ ਹੈ।'' ਉਸ ਦਿਨ ਤੋਂ ਬੱਚੀ ਦਾ ਡਰ ਹਟ ਗਿਆ ਸੀ। ਖੂਨ ਦੀ ਧਾਰ ਵਗਦੀ ਰਹਿੰਦੀ ਸੀ ਅਤੇ ਉਹ ਉਨ੍ਹਾਂ ਦੀ ਗੋਦ ਵਿਚ ਜਾਂ ਗਲੇ ਨਾਲ ਲਿਪਟ ਕੇ ਪਿਆਰ ਕਰਦੀ ਸੀ। ਕਦੀ ਆਪਣੇ ਛੋਟੇ ਛੋਟੇ ਹੱਥਾਂ ਨਾਲ ਵਹਿ ਕੇ ਆਏ ਖੂਨ ਨੂੰ ਪੂੰਝ ਦਿੰਦੀ ਸੀ।

ਮੈਂ ਦੱਸਿਆ ਨਾ, ਮੈਂ ਇਕ ਜਗ੍ਹਾ ਕੰਮ ਲੱਭਣ ਦੇ ਸਿਲਸਿਲੇ ਵਿਚ ਗਿਆਰਾਂ ਵਜੇ ਤੋਂ ਗਈ ਹੋਈ ਸੀ। ਬੱਚੀ ਸਕੂਲ ਪੜ੍ਹਨ ਗਈ ਹੋਈ ਸੀ। ਉਹ ਘਰ ਵਿਚ ਇਕੱਲੇ ਹੀ ਸਨ। ਜਦੋਂ ਮੈਂ ਗਈ ਸੀ ਤਾਂ ਖੂਨ ਕੁਝ ਜ਼ਿਆਦਾ ਹੀ ਚੋ ਰਿਹਾ ਸੀ।

ਜੀ ਹਾਂ, ਨੌਕਰੀ ਛੁੱਟਣ ਤੋਂ ਦੂਜੇ ਦਿਨ ਦੀ ਗੱਲ ਹੈ। ਮੈਨੂੰ ਇਸ ਹਾਦਸੇ ਦਾ ਕੋਈ ਅਹਿਸਾਸ ਨਹੀਂ ਸੀ। ਜਦੋਂ ਮੈਂ ਗਈ ਸੀ, ਉਦੋਂ ਖੂਨ ਕੁਝ ਜ਼ਿਆਦਾ ਹੀ ਚੋ ਰਿਹਾ ਸੀ ਪਰ ਇਹ ਤਾਂ ਮਾਮੂਲੀ ਅਤੇ ਰੋਜ਼ਾਨਾ ਦੀ ਗੱਲ ਸੀ।

ਜੀ, ਉਨ੍ਹਾਂ ਨੇ ਛੱਤ ਦੇ ਕੜੇ ਨਾਲ ਲਟਕ ਕੇ ਫਾਂਸੀ ਲਗਾਈ ਸੀ। ਰੱਸੀ, ਰੱਸੀ ਕਿਥੇ ਸੀ? ਚਾਦਰ ਸੀ।

ਮੈਨੂੰ ਕੋਈ ਖ਼ਬਰ ਨਹੀਂ ਮਿਲੀ। ਮੈਨੂੰ ਕੋਈ ਕਿਵੇਂ ਖਬਰ ਦਿੰਦਾ? ਮੈਂ ਚਾਰ ਵਜੇ ਦੇ ਕਰੀਬ ਵਾਪਸ ਆਈ। ਉਦੋਂ ਤੱਕ ਸਭ ਹੋ ਚੁੱਕਿਆ ਸੀ। ਪੁਲਿਸ ਆ ਚੁੱਕੀ ਸੀ। ਉਨ੍ਹਾਂ ਦੀ ਲਾਸ਼ ਨੂੰ ਉਤਾਰ ਕੇ ਪਲੰਘ 'ਤੇ ਲਿਟਾ ਦਿੱਤਾ ਗਿਆ ਸੀ। ਜੀ ਨਹੀਂ, ਜਿਸ ਚਾਦਰ ਨਾਲ ਉਨ੍ਹਾਂ ਨੇ ਫਾਂਸੀ ਲਗਾਈ ਸੀ, ਉਹ ਉਥੇ ਹੀ ਲਟਕੀ ਹੋਈ ਸੀ। ਉਨ੍ਹਾਂ ਤੇ ਦੂਜੀ ਚਾਦਰ ਪਾ ਦਿੱਤੀ ਸੀ। ਆਸ ਪੜੋਸ ਦੇ ਲੋਕ ਜਾ ਚੁੱਕੇ ਸਨ। ਸਿਰਫ ਇਕ ਆਦਮੀ ਪਹਿਰੇ 'ਤੇ ਬੈਠਾ ਹੋਇਆ ਸੀ। ਉਸਨੂੰ ਦੇਖ ਕੇ ਵੀ ਮੈਂ ਕੁਝ ਨਹੀਂ ਸਮਝ ਸਕੀ ਸੀ। ਮੈਂ ਇਹ ਸੋਚਿਆ ਵੀ ਨਹੀਂ ਸੀ ਕਿ ਕਦੀ ਇਹ ਵੀ ਹੋ ਸਕਦਾ ਹੈ।

ਸਭ ਤੋਂ ਪਹਿਲਾਂ ਕਿਸ ਨੇ ਦੱਸਿਆ? ਮੇਰੀ ਬੱਚੀ ਨੇ। ਜੀ ਹਾਂ, ਉਹ ਸਕੂਲ ਤੋਂ ਦੋ ਵਜੇ ਆ ਜਾਂਦੀ ਹੈ। ਉਹ ਮੇਰੇ ਤੋਂ ਪਹਿਲਾਂ ਆ ਗਈ ਸੀ। ਉਹ ਬਾਹਰ ਖੜ੍ਹੀ ਸੀ। ਹਮੇਸ਼ਾ ਦੀ ਤਰ੍ਹਾਂ। ਮੈਨੂੰ ਦੇਖਦਿਆਂ ਹੀ ਉਹ ਦੌੜ ਕੇ ਆਈ ਸੀ। ਆ ਕੇ ਮੇਰੀਆਂ ਲੱਤਾਂ ਨਾਲ ਲਿਪਟ ਗਈ ਸੀ। ਮੈਂ ਉਸਨੂੰ ਪਿਆਰ ਕੀਤਾ ਸੀ। ਪਰ ਉਹ ਕੁਝ ਕਹਿਣ ਲਈ ਉਤਾਵਲੀ ਸੀ। ਉਹ ਇਕਦਮ ਚਹਿਕ ਕੇ ਬੋਲੀ ਸੀ- ''ਮੰਮੀ-ਮੰਮੀ! ਪਾਪਾ ਦੀ ਤਬੀਅਤ ਠੀਕ ਹੋ ਗਈ। ਉਹ ਆਰਾਮ ਨਾਲ ਲੇਟੇ ਹੋਏ ਨੇ...।

ਜੀ, ਬੱਚੀ ਨੇ ਹੀ ਸਭ ਤੋਂ ਪਹਿਲਾਂ ਦੱਸਿਆ ਸੀ। ਮੈਂ ਕਮਰੇ 'ਚ ਪਹੁੰਚੀ ਤਾਂ ਸਮਝ 'ਚ ਆ ਗਿਆ ਸੀ। ਮੈਂ ਕੰਧ ਨਾਲ ਸਿਰ ਮਾਰਨ ਤੋਂ ਸਿਵਾ ਕੀ ਕਰ ਸਕਦੀ ਸੀ। ਉਹ ਲੇਟੇ ਹੋਏ ਸਨ। ਨਹੁੰ ਤੇ ਬੁੱਲ ਨੀਲੇ ਪੈ ਗਏ ਸਨ। ਸਰੀਰ ਪੀਲੀਏ ਦੇ ਰੋਗੀ ਦੀ ਤਰ੍ਹਾਂ ਪੀਲਾ ਪੀਲਾ ਸੀ। ਹਾਂ, ਅੱਖਾਂ ਬੰਦ ਅਤੇ ਬਿਲਕੁਲ ਸੁੱਕੀਆਂ ਹੋਈਆਂ। ਉਨ੍ਹਾਂ ਵਿਚ ਖੂਨ ਤਾਂ ਕੀ ਨਮੀ ਤੱਕ ਨਹੀਂ ਸੀ। ਰੇਤ 'ਚ ਪਈ ਸਿੱਪੀ ਵਾਂਗੂੰ...।


ਇਸ ਤੋਂ ਬਾਅਦ ਜੋ ਕੁਝ ਹੋਇਆ...ਉਸਦੀ ਤਫਸੀਲ ਤੁਹਾਡੇ ਕੋਲ ਹੈ ਹੀ। ਆਤਮਹੱਤਿਆ ਤੋਂ ਪਹਿਲਾਂ ਦੀਆਂ ਜੋ ਗੱਲਾਂ ਸਨ, ਉਹ ਮੈਂ ਸਾਹਮਣੇ ਰੱਖ ਦਿੱਤੀਆਂ।

ਫੈਸਲਾ ਕੁਝ ਤਾਂ ਹੋਵੇਗਾ ਹੀ ਅਤੇ ਉਹ ਵਿਅਕਤੀ ਦੇ ਖਿਲਾਫ ਹੀ ਹੋ ਸਕਦਾ ਹੈ, ਜੀ ਵਿਅਕਤੀ ਮਤਲਬ ਇਕੱਲਾ ਆਦਮੀ, ਜਿਵੇਂ ਇਕੱਲੀ ਮੈਂ...ਜਾਂ ਤੁਸੀਂ...।

**ਅਨੁਵਾਦ:ਮਧੂ ਸ਼ਰਮਾ**

# ਚਲ ਮਨਾ ਜਲੰਧਰ ਮਰੀਏ

**ਪ੍ਰੇਮ ਪ੍ਰਕਾਸ਼**



ਜਦ ਮੈਂ ਪੰਜਾਹ ਸਾਲਾਂ ਦਾ ਹੋਇਆ, ਤਾਂ ਮੈਨੂੰ ਡਰ ਦੀ ਬਿਮਾਰੀ ਬਹੁਤ ਵਧ ਗਈ ਸੀ। ਇਸ ਡਰ ਨੂੰ ਸੁਣ ਕੇ ਮੇਰਾ ਡਾਕਟਰ ਦਰਸ਼ਨ ਸਿੰਘ ਹਸਦਾ ਹੋਇਆ ਕਹਿੰਦਾ, 'ਕਿਉਂ ਡਰ ਲਗਦਾ ਹੈ ਮੌਤ ਤੋਂ?' ਮੈਂ ਇਦਾਂ ਹੀ ਕਹਿ ਦਿੰਦਾ, ਨਹੀਂ ਇੰਨਾ ਤਾਂ ਨਹੀਂ।' ਅਸਲ ਗੱਲ ਉਹਨੂੰ ਦਸਣ ਲਈ ਮੈਂ ਕਹਿੰਦਾ, 'ਅਸਲ ਵਿਚ ਮੈਂ ਚੰਡੀਗੜ੍ਹ ਜਾਣਾ ਹੈ। ਬਸ ਤੁਸੀਂ ਮੇਰੀ ਬਾਂਹ ਫੜ ਕੇ ਸਹਿਲਾ ਦੇਵੋ। ਬੱਸ ਵਿਚ ਚੜ੍ਹਦੇ ਸਮੇਂ ਤਾਂ ਮੈਂ ਗੋਲੀ ਖਾ ਹੀ ਲਵਾਂਗਾ।' ਖ਼ੈਰ, ਕਦੇ ਮੈਂ ਉਹਨੂੰ ਸੱਚੀ ਗੱਲ ਦਸ ਦੇਂਦਾ ਕਿ ਜਦੋਂ ਮੈਂ ਬੱਸ 'ਚ ਇਕੱਲਾ ਹੁੰਦਾ ਹਾਂ, ਤਾਂ ਮੈਨੂੰ ਡਰ ਲਗਣ ਲਗਦਾ ਹੈ ਕਿ ਮੈਨੂੰ ਰਸਤੇ ਵਿਚ ਕੋਈ ਬਿਮਾਰੀ ਨਾ ਹੋ ਜਾਵੇ। ਅਗਰ ਹੋ ਗਈ, ਫਿਰ ਮੈਨੂੰ ਸੰਭਾਲੇਗਾ ਕੌਣ? ਲੇਕਿਨ ਅਗਰ ਮੇਰੇ ਨਾਲ ਕੋਈ ਹੋਵੇ, ਚਾਹੇ ਉਹ ਬੱਚਾ ਹੀ ਹੋਵੇ, ਤਾਂ ਮੇਰਾ ਧਿਆਨ ਆਪਣੇ ਡਰ ਵਲ ਨਹੀਂ ਜਾਂਦਾ। ਉਸਨੂੰ ਸੰਭਾਲਣ ਵਿਚ ਲੱਗਿਆ ਰਹਿੰਦਾ ਹਾਂ। ਮੌਤ ਦਾ ਜ਼ਿਕਰ ਕਰਨਾ ਅਤੇ ਪੜ੍ਹਨਾ ਜਾਂ ਸੁਣਨਾ ਭਿਆਨਕ ਵਿਸ਼ੇ ਲਗਦਾ ਸੀ, ਪਰ ਹੁਣ ਨਹੀਂ ਲਗਦਾ। ਇਹ ਗੱਲ ਸੱਤਰ ਤੋਂ ਗੁਜ਼ਰੇ ਆਦਮੀ ਦੇ ਲਈ ਇਦਾਂ ਦੀ ਨਹੀਂ ਰਹਿੰਦੀ। ਫਿਰ ਜਿਵੇਂ ਜਿਵੇਂ ਉਮਰ ਵਧਦੀ ਜਾਂਦੀ ਹੈ, ਆਦਮੀ ਇਸ ਵਿਸ਼ੇ 'ਤੇ ਜ਼ਿਆਦਾ ਗੰਭੀਰਤਾ ਨਾਲ ਸੋਚਣ, ਸਮਝਣ ਅਤੇ ਪਰਖਣ ਲਗਦਾ ਹੈ। ਮੈਨੂੰ ਇਹ ਵਿਸ਼ਾ ਅੱਜ ਕਲ੍ਹ ਕਾਫੀ ਦਿਲਚਸਪ ਲਗਦਾ ਹੈ। ਕਦੇ ਇਸ ਵਿਚ ਕੋਈ ਦੁੱਖ ਵਾਲੀ ਗੱਲ ਹੀ ਨਹੀਂ ਲਗਦੀ। ਕਦੇ-ਕਦੇ ਤਾਂ ਇਹ ਮੌਤ ਸੁਖ ਅਤੇ ਰਾਹਤਾਂ ਦਾ ਵਰਦਾਨ ਦੇਣ ਵਾਲੀ ਲਗਦੀ ਹੈ। ਫਿਰ ਮੈਂ ਸੋਚਣ ਲਗਦਾ ਹਾਂ ਕਿ ਕਿਉਂ ਬਈ ਮਨਾ, ਦੱਸ ਕਿੱਥੇ ਮਰਨਾ ਹੈ? ਉਹ ਉਤਰ ਦਿੰਦਾ ਹੈ ਕਿ ਇਹ ਕੋਈ ਤੁਹਾਡੇ ਵੱਸ ਵਿਚ ਨਹੀਂ ਹੈ। ਨਾ ਥਾਂ, ਨਾ ਵਕਤ, ਨਾ ਤਰੀਕ, ਤੇਰੇ ਕੁਝ ਵੀ ਵੱਸ 'ਚ ਨਹੀਂ। ਫਿਰ ਉਹ ਮੈਨੂੰ ਟਿੱਚਰ ਕਰਦਾ ਹੋਇਆ ਕਹਿੰਦਾ ਹੈ, 'ਬੁੱਢਾ ਹੋ ਕੇ ਆਦਮੀ ਖੁਦ ਸਾਮਾਨ ਬਣ ਜਾਂਦਾ ਹੈ। ਉਸਦਾ ਪੁੱਤਰ ਜਾਂ ਪੋਤਾ ਜਿਥੇ ਵੀ ਜਾਂਦੇ ਹਨ, ਉਹ ਬੁੱਢੇ ਨੂੰ ਉਸੇ ਟਰੱਕ ਦੀ ਅਗਲੀ ਸੀਟ ਤੇ ਫਿਟ ਕਰ ਦੇਂਦੇ ਹਨ, ਜਿਸ 'ਤੇ ਸਾਮਾਨ ਜਾ ਰਿਹਾ ਹੁੰਦਾ ਹੈ।' ਤੈਨੂੰ ਪਤਾ ਹੈ ਕਿ ਪਟਿਆਲੇ ਵਾਲਾ ਸੁਕਰਾਤ ਲਾਲੀ ਕਿੱਥੇ ਹੈ? ਉਹ ਸਾਰੀ ਉਮਰ ਪਟਿਆਲੇ ਦੇ ਗੰਦੇ ਨਾਲੇ 'ਤੇ ਬਣਾਏ ਆਪਣੇ ਮਕਾਨ ਵਿਚ ਸ਼ਾਹੀ ਠਾਠ ਨਾਲ ਰਹਿੰਦਾ ਰਿਹਾ। ਨਾ ਜ਼ਮੀਨ ਦਾ ਫ਼ਿਕਰ ਅਤੇ ਨਾ ਹੀ ਜੋਰੂ ਦਾ। ਨਾ ਬੱਚਿਆਂ ਦੀ ਚਿੰਤਾ। ਸਾਈਕਲ ਚੁੱਕਿਆ ਅਤੇ ਜਾ ਵੜਿਆ ਯੂਨੀਵਰਸਿਟੀ ਦੇ ਕਾਫੀ ਹਾਊਸ ਵਿਚ। ਜੋ ਚੇਲਾ ਆਉਂਦਾ, ਉਹਨੂੰ ਸੁਕਰਾਤ ਦੀ ਤਰ੍ਹਾਂ ਲੈਕਚਰ ਦਿੰਦਾ ਅਤੇ ਨਾਸ਼ਤਾ ਕਾਫੀ ਮਿਲ ਜਾਂਦੀ। ਇਦਾਂ ਦੁਪਹਿਰ ਦਾ ਖਾਣਾ। ਸ਼ਾਮ ਨੂੰ ਫਿਰ ਕਿਸੇ ਕੱਚੇ-ਪੱਕੇ ਸਾਹਿਤਕਾਰ ਦੇ ਘਰ ਸੁਕਰਾਤ ਵਲੋਂ ਕਈ ਸਾਲ ਤੋਂ ਸੁਣਾਏ ਜਾ ਰਹੇ ਲੈਕਚਰ ਸੁਣਾਉਂਦਾ ਅਤੇ ਦਾਰੂ ਚਲਦੀ। ਫਿਰ ਖਾਣਾ ਖਾ ਕੇ ਰਾਤ ਦੇ ਕਿੰਨੇ ਵਜੇ ਵੀ ਘਰ ਚਲਾ ਜਾਂਦਾ।

ਜਦ ਮੁੰਡਾ ਜਵਾਨ ਹੋਇਆ ਤਾਂ ਉਹਨੇ ਘਰ ਦੀ ਕਮਾਨ ਸੰਭਾਲ ਲਈ। ਲਾਲੀ ਨੂੰ ਉਦੋਂ ਸੁਣਨਾ, ਬੋਲਣਾ ਅਤੇ ਚਲਣਾ ਭੁਲ ਗਿਆ। ਲੜਕੇ ਨੇ ਪਟਿਆਲੇ ਵਾਲਾ ਮਕਾਨ ਵੇਚਿਆ ਅਤੇ ਮੋਹਾਲੀ ਵਿਚ ਨਵਾਂ ਖਰੀਦ ਲਿਆ। ਆਬਾਦੀ ਤੋਂ ਹਟ ਕੇ। ਲਾਲੀ ਕਿਤੇ ਜਾਣ ਲਾਇਕ ਨਾ ਰਿਹਾ। ਫਿਰ ਪਤਾ ਨਹੀਂ ਲੜਕਾ ਕਿੱਥੇ ਚਲਾ ਗਿਆ। ਜਿੱਥੇ ਲੜਕਾ ਗਿਆ ਹੋਵੇਗਾ, ਉਥੇ ਲਾਲੀ ਹੋਵੇਗਾ ਸ਼ਾਇਦ। ਇਹੀ ਹਾਲ ਮੇਰਾ ਹੈ। ਮੈਂ ਲੜਕੇ ਨੂੰ ਕਿਹਾ, 'ਚਲੋ ਅਸੀਂ ਚੰਡੀਗੜ੍ਹ ਚਲੇ ਚੱਲੀਏ। ਇਹ ਮਕਾਨ ਵੇਚ ਕੇ ਉਥੇ ਜਾ ਕੇ ਹੋਰ ਲੈ ਲਵਾਂਗੇ।' ਕਹਿਣ ਲੱਗਾ, ਮੈਂ ਤਾਂ ਜਲੰਧਰ ਛੱਡ ਕੇ ਕਿਤੇ ਨਹੀਂ ਜਾਵਾਂਗਾ। ਤੁਸੀਂ ਜਾਣਾ ਚਾਹੁੰਦੇ ਹੋ ਤਾਂ ਜਾਓ। ਮੈਂ ਤਾਂ ਦੁਕਾਨ ਤੇ ਦੋ ਚੋਬਾਰੇ ਬਣਾ ਕੇ ਉਥੇ ਰਹਿਣ ਲੱਗਾਂਗਾ' ਉਸਦੀ ਗੱਲ ਠੀਕ ਹੈ। ਮੇਰੀ ਜਨਮਭੂਮੀ ਖੰਨਾ ਹੈ ਅਤੇ ਉਸਦੀ ਜਲੰਧਰ। ਇਸ ਲਈ ਮੈਂ ਹੁਣ ਦੋਆਬੀਏ ਨੂੰ ਬੁਰਾ ਨਹੀਂ ਕਹਿੰਦਾ। ਮੇਰੇ ਬੱਚੇ ਸਾਰੇ ਦੋਆਬੇ ਦੇ ਹਨ। ਪਰ ਮੇਰਾ ਸੰਕਟ ਸਿਰਫ ਮਾਲਵੇ ਜਾਂ ਦੋਆਬੇ ਦਾ ਨਹੀਂ। ਆਪਣੇ ਘਰ ਦਾ ਮੇਰਾ ਮੋਹ ਕਈ ਥਾਵਾਂ ਤੇ ਵੰਡਿਆ ਹੋਇਆ ਹੈ। ਮੈਨੂੰ ਆਪਣੇ ਜੱਦੀ ਪਿੰਡ ਬਦੀਨਪੁਰ ਵਾਲਾ ਘਰ ਵੀ ਯਾਦ ਆਉਂਦਾ ਹੈ। ਬਜ਼ੁਰਗਾਂ ਵਾਲਾ ਘਰ ਅਤੇ ਖੂਹ ਮੈਨੂੰ ਖਿੱਚਦੇ ਹਨ, ਪਰ ਮੇਰਾ ਉਨ੍ਹਾਂ ਨਾਲ ਕੋਈ ਨਾਤਾ ਨਹੀਂ। ਇਸ ਲਈ ਮੈਂ ਪਿਛਲੇ ਪੱਚੀ ਸਾਲ ਤੋਂ ਉਥੇ ਗਿਆ ਹੀ ਨਹੀਂ। ਮੈਨੂੰ ਉਸ ਥਾਂ ਦੀ ਨਵੀਂ ਤਸਵੀਰ ਤੋਂ ਡਰ ਲਗਦਾ ਹੈ।

ਹਾਂ, ਖੰਨੇ ਵਾਲਾ ਜੱਦੀ ਮਕਾਨ ਸਭ ਤੋਂ ਛੋਟੇ ਭਰਾ ਅਸ਼ੋਕ ਦੇ ਹਿੱਸੇ ਆਇਆ ਸੀ। ਉਸ ਨੇ ਉਹਨੂੰ ਸ਼ਾਨਦਾਰ ਪੱਥਰਾਂ ਦੇ ਫਰਸ਼ ਵਾਲਾ ਬਣਾ ਲਿਆ ਸੀ। ਉਥੇ ਉਸਦੀ ਬਖਤਾਵਰੀ ਵੱਡੀ ਹੋ ਗਈ ਹੈ। ਉਹ ਆਪਣੀ ਬਹੁਤ ਵੱਡੀ ਆਲੀਸ਼ਾਨ ਕੋਠੀ ਵਿਚ ਰਹਿੰਦਾ ਹੈ। ਉਸ ਨੇ ਪੁਰਾਣਾ ਘਰ ਵੇਚਿਆ ਨਹੀਂ ਅਤੇ ਨਾ ਹੀ ਕਿਰਾਏ 'ਤੇ ਦਿੱਤਾ ਹੈ। ਬਸ ਤਾਲਾ ਲਾ ਕੇ ਰੱਖਿਆ ਹੋਇਆ ਹੈ। ਉਸ ਘਰ ਵਿਚ ਸਭ ਕੁਝ ਬਦਲ ਗਿਆ ਹੈ। ਮੈਨੂੰ ਆਕ੍ਰਸ਼ਿਤ ਕਰਨ ਲਈ ਬਸ ਦੋ ਨਿਸ਼ਾਨੀਆਂ ਬਚੀਆਂ ਹਨ-ਇਕ ਸਾਹਮਣੇ ਦਲਾਨ ਵਾਲੀ ਅਲਮਾਰੀ ਅਤੇ ਦੂਜੀ ਵੱਡੇ ਚੁਬਾਰੇ ਵਾਲੀ ਅਲਮਾਰੀ। ਉਨ੍ਹਾਂ ਦੇ ਲੱਕੜੀ ਦੇ ਦਰਵਾਜ਼ੇ ਵੀ ਉਹੀ ਪੁਰਾਣੇ ਹਨ। ਉਹ ਦੋਵੇਂ ਅਲਮਾਰੀਆਂ ਮੇਰੇ ਸਕੂਲ ਵਿਚ ਪੜ੍ਹਨ ਦੇ ਸਮੇਂ ਤੋਂ ਮੇਰੀਆਂ ਹਨ। ਸੱਤਵੀਂ ਤੱਕ ਥੱਲੇ ਵਾਲੀ ਮੇਰੀ ਅਤੇ ਫਿਰ ਦਸਵੀਂ ਤੱਕ ਚੁਬਾਰੇ ਵਾਲੀ ਮੇਰੀ ਹੋ ਗਈ। ਹੁਣ ਵੀ ਮੈਂ ਜਦ ਕਦੇ ਉਸ ਮਕਾਨ ਵਿਚ ਜਾਂਦਾ ਹਾਂ, ਤਾਂ ਅਲਮਾਰੀਆਂ ਵਾਰੀ-ਵਾਰੀ ਨਾਲ ਖੋਲ੍ਹ ਕੇ ਉਨ੍ਹਾਂ ਦੇ ਸਾਹਮਣੇ ਖੜਾ ਰਹਿੰਦਾ ਹਾਂ। ਖੈਰ! ਮੈਂ ਸੋਚਦਾ ਹਾਂ ਕਿ ਇਹ ਕੋਈ ਸੋਚ ਹੋਈ ਕਿ ਕਿਥੇ ਜਾ ਕੇ ਮਰਨਾ ਹੈ? ਕਿਥੇ ਕ੍ਰਿਆ ਦਾ ਜਸ਼ਨ ਹੋਵੇਗਾ ਅਤੇ ਸ਼ਰਧਾਂਜਲੀਆਂ ਦਿੱਤੀਆਂ ਜਾਣਗੀਆਂ? ਮਿੱਟੀ ਹੋਏ ਆਦਮੀ ਨੂੰ ਕੀ ਖ਼ਬਰ ਕਿ ਕੀ ਹੋਇਆ ਤੇ ਕੀ ਨਹੀਂ। ਪਰ ਇਹ ਦਲੀਲ ਮਨ ਕੇ ਤਾਂ ਮੇਰੀ ਸੋਚ ਹੀ ਖਤਮ ਹੋ ਜਾਂਦੀ ਹੈ। ਪਰ ਇਕ ਸੱਚਾਈ ਮੈਂ ਆਪਣੇ ਆਪ ਨੂੰ ਆਪਣੀ ਵੀ ਦੱਸੀ ਜਾਂਦਾ ਹੈ ਕਿ ਉਪਰ ਤੋਂ ਤਾਂ ਮੈਂ ਇਹੀ ਕਹਿੰਦਾ ਹਾਂ ਕਿ ਮੈਨੂੰ ਕਿਸੇ ਸ਼ਹਿਰ, ਥਾਂ, ਘਰ ਜਾਂ ਆਦਮੀ ਨਾਲ ਮੋਹ ਨਹੀਂ, ਪਰ ਹੈ ਕੁਝ ਨਾ ਕੁਝ ਜ਼ਰੂਰ। ਅਗਰ ਨਾ ਹੋਵੇ, ਤਾਂ ਮੈਂ ਗੱਲ ਹੀ ਕਿਉਂ ਕਰਾਂ?

ਜਦ ਮੇਰੇ ਕੱਟੜ ਆਰੀਆ ਸਮਾਜੀ ਬਾਈ ਜੀ ਗੁਜ਼ਰੇ, ਤਾਂ ਉਨ੍ਹਾਂ ਨੂੰ ਕੀ ਪਤਾ ਸੀ ਕਿ ਉਨ੍ਹਾਂ ਦੇ ਮਰਨ ਦੇ ਬਾਅਦ ਉਨ੍ਹਾਂ ਦੇ ਨਾਲ ਕੀ ਬੀਤੇਗੀ? ਲੜਕੇ-ਲੜਕੀਆਂ ਦੀ ਸ਼ਾਦੀ ਇਕ ਆਰੀਆ ਸਮਾਜੀ ਦੀ ਤਰ੍ਹਾਂ ਕੀਤੀ। ਜਦ ਬਾਈ ਜੀ ਗੁਜ਼ਰੇ, ਤਾਂ ਉਹ ਜਿਸ ਲੜਕੇ ਦੇ ਘਰ ਵਿਚ ਗੁਜ਼ਰੇ ਸੀ, ਉਹਦੀ ਪਤਨੀ ਨੇ ਉਦੋਂ ਹੀ ਆਚਾਰੀਆ ਜੀ ਨੂੰ ਬੁਲਾ ਲਿਆ। ਫਿਰ ਜਿਦਾਂ ਉਹ ਕਰਵਾਉਂਦਾ ਰਿਹਾ, ਅਸੀਂ ਕਰਦੇ ਗਏ। ਜਦ ਨਹਾਉਣ ਧੋਣ ਤੋਂ ਬਾਅਦ ਆਚਾਰੀਆ ਨੇ ਲੜਕੇ ਤੋਂ ਅਰਥੀ ਉਠਵਾਈ ਤਾਂ ਜਿਸ ਆਦਮੀ ਨੇ ਸਾਰੀ ਉਮਰ ਮੰਦਿਰ ਵਿਚ ਮੱਥਾ ਨਹੀਂ ਟੇਕਿਆ ਸੀ, ਉਸਦੀ ਅਰਥੀ ਪਹਿਲਾਂ ਦੇਵੀ ਦੁਆਰ ਦੇ ਸਾਮਣੇ ਝੁਕਾ ਕੇ ਹਰੇਕ ਚੁਰਸਤੇ ਵਿਚ ਪਿੰਡ ਛੜਾਈ ਕਰਵਾ ਕੇ ਸ਼ਮਸ਼ਾਨਘਾਟ ਲਿਜਾਈ ਗਈ।

ਪੁਸਤਕ ਚਰਚਾ

# ਇਕ ਪੜ੍ਹਨਯੋਗ ਪੁਸਤਕ-ਕੈਨੇਡਾ ਦੇ ਗਦਰੀ ਯੋਧੇ

ਭਾਰਤ ਦੇ ਕੌਮੀ ਮੁਕਤੀ ਘੋਲ ਅਤੇ ਕਿਰਤੀ ਕਿਸਾਨਾਂ ਦੇ ਇਕ ਸਦੀ ਤੱਕ ਦੇ ਸੰਘਰਸ਼ਾਂ ਤਕ ਫੈਲੀ ਇਸ 423 ਸਫਿਆਂ ਦੀ ਕਿਤਾਬ ਦੀ ਚਰਚਾ ਦੇਸ-ਪਰਦੇਸ ਦੇ ਅਖਬਾਰਾਂ ਵਿਚ ਹੋ ਰਹੀ ਹੈ। ਜਲੰਧਰ ਤੋਂ ਛਪਦੇ ਰੋਜ਼ਾਨਾ ਨਵਾਂ ਜ਼ਮਾਨਾ ਨੇ ਇਸ

**ਲੇਖਕ-ਸੋਹਣ ਸਿੰਘ ਪੂੰਨੀ**
**ਸਰੀ ਬੀ.ਸੀ. ਕੈਨੇਡਾ**
**ਟੈਲੀਫੋਨ ਨੰਬਰ-604-590-1217**
**ਸਫੇ 423,**
**ਪ੍ਰਕਾਸ਼ਕ ਸਿੰਘ ਬਰਦਰਜ਼ ਅੰਮ੍ਰਿਤਸਰ**
**ਮਈ 2009**

ਕਿਤਾਬ ਬਾਰੇ ਜਾਣਕਾਰੀ ਭਰਪੂਰ ਲੇਖ ਲਿਖਿਆ ਸੀ। ਇਸ ਕਿਤਾਬ ਦੀ ਘੁੰਡ ਚੁਕਾਈ ਪਿਛਲੇ ਦਿਨੀਂ ਦੇਸ ਪ੍ਰੇਮੀਆਂ ਪੰਜਾਬੀ ਸਾਹਿਤਕਾਰਾਂ ਤੇ ਗਦਰੀ ਸੂਰਮਿਆਂ ਦੇ ਜੀਵਤ ਪਰਿਵਾਰਾਂ ਨਾਲ ਖਚਾਖਚ ਭਰੇ ਤਾਜ ਵੈਕਟ ਹਾਲ ਸਰੀ, ਕਨੇਡਾ ਵਿਖੇ ਕੀਤੀ ਗਈ ਸੀ।

13 ਅਪ੍ਰੈਲ 1948 ਨੂੰ ਜਨਮੇ ਸੋਹਣ ਸਿੰਘ ਪੂੰਨੀ ਦਾ ਪੰਜਾਬ ਵਿਚ ਪਿਛਲਾ ਪਿੰਡ ਜੀਦੋਵਾਲ (ਨਵਾਂ ਸ਼ਹਿਰ) ਹੈ। ਉਨ੍ਹਾਂ ਚਰਨ ਕੰਵਲ ਬੰਗਾ



*ਸੋਹਣ ਸਿੰਘ ਪੂੰਨੀ*

ਕਾਲਜ ਤੋਂ ਬੀ.ਏ. ਪਾਸ ਕਰਨ ਪਿਛੋਂ ਯੂਨੀਵਰਸਿਟੀ ਕੈਂਪਸ ਚੰਡੀਗੜ੍ਹ ਤੋਂ ਇਤਿਹਾਸ ਦੀ ਐਮ.ਏ. ਕਰਕੇ ਕ੍ਰਿਸਚੀਅਨ ਕਾਲਜ ਬਟਾਲਾ ਵਿਖੇ ਇਤਿਹਾਸ ਦੇ ਅਧਿਆਪਕ ਦੇ ਤੌਰ 'ਤੇ ਸੇਵਾ ਕੀਤੀ। 1972 ਈ. ਤੋਂ ਪਰਵਾਸ ਕਰਕੇ ਕੈਨੇਡਾ ਆ ਟਿਕੇ ਹਨ। ਉਹ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡਿਆ ਨਾਲ ਪੂਰੀ ਤਰ੍ਹਾਂ ਜੁੜੇ ਹੋਏ ਹਨ। ਅਖਬਾਰਾਂ, ਰਸਾਲਿਆਂ ਵਿਚ ਉਨ੍ਹਾ ਦੇ ਲਿਖੇ ਇਤਿਹਾਸ ਤੇ ਕੌਮੀ ਮੁਕਤੀ ਘੋਲ ਬਾਰੇ ਲੇਖ ਪੜ੍ਹੇ ਤੇ ਵਿਚਾਰੇ ਜਾਂਦੇ ਹਨ। ਗਦਰੀ ਬਾਬਿਆਂ ਦੇ ਮੇਲਿਆਂ ਤੇ ਗੋਸ਼ਟੀਆਂ ਵਿਚ ਉਨ੍ਹਾਂ ਦੀ ਹਾਜ਼ਰੀ ਨੂੰ ਸੁਭਾਗਾ ਸਮਝਿਆ ਜਾਂਦਾ ਹੈ।

ਇਸ ਪੁਸਤਕ ਵਿਚ ਕੈਨੇਡਾ ਤੋਂ ਪਰਤੇ ਉਚ ਆਦਰਸ਼ਾਂ ਨੂੰ ਪ੍ਰਣਾਏ ਹੋਏ ਚਾਲੀ ਗਦਰੀ ਸੂਰਮਿਆਂ ਦਾ ਜੀਵਨ ਬ੍ਰਿਤਾਂਤ ਹੈ ਜਿਨ੍ਹਾਂ ਦੇਸ਼ ਦੀ ਆਜ਼ਾਦੀ ਲਈ ਜੂਝਦਿਆਂ ਫਾਂਸੀ ਦੇ ਰੱਸੇ ਗਲ ਪਵਾ ਕੇ ਜਾਨਾਂ ਵਾਰ ਦਿੱਤੀਆਂ। ਕਾਲੇ ਪਾਣੀਆਂ ਦੇ ਕੁੰਭੀ ਨਰਕ ਭੋਗੇ, ਜਾਇਦਾਦਾਂ ਜ਼ਬਤ ਕਰਵਾਈਆਂ, ਸਾਲਾਂਬੱਧੀ ਜੇਲ੍ਹੀਂ ਡੱਕੇ ਰਹੇ ਅਤੇ ਆਪਣੇ ਪਿੰਡ ਦੀਆਂ ਜੂਹਾਂ ਵਿਚ ਬੰਦ ਰਖੇ ਗਏ ਅਤੇ ਉਨ੍ਹਾਂ ਦੇ ਪਰਿਵਾਰ ਨਰਕੀ ਜੀਵਨ ਭੋਗਣ ਲਈ ਬੇ-ਬਸ ਹੋਏ। ਇਨ੍ਹਾਂ ਚਾਲੀਆਂ ਵਿਚ ਕਈ ਮਹਾਨ ਪੁਰਸ਼ਾਂ ਦੇ ਤਾਂ ਮੈਨੂੰ ਦਰਸ਼ਣ ਕਰਨ ਦਾ ਸੁਭਾਗ ਪ੍ਰਾਪਤ ਹੋਇਆ ਹੈ ਜਿਵੇਂ ਹਰੀ ਸਿੰਘ ਸੂੰਢ, ਸ. ਹਰਦਿੱਤ ਸਿੰਘ ਡਲੇਵਾਲ, ਸ. ਚੈਂਚਲ ਸਿੰਘ ਜੰਡਿਆਲਾ, ਬਾਬਾ ਬਚਿੰਤ ਸਿੰਘ ਰੁੜਕਾ, ਬਾਬਾ ਭਾਗ ਸਿੰਘ ਕੈਨੇਡੀਅਨ, ਮੁਨਸ਼ਾ ਸਿੰਘ ਦੁਖੀ ਅਤੇ ਕਾਮਰੇਡ ਦਰਸ਼ਨ ਸਿੰਘ ਕੈਨੇਡੀਅਨ।

ਭਾਰਤੀ ਬਾਰ੍ਹਵੀਂ ਵੀਹਵੀਂ ਸਦੀ ਦੇ ਅਰੰਭਕ ਸਾਲਾਂ ਵਿਚ ਆਰਥਕ ਤੰਗੀਆਂ, ਭੁਖਮਰੀ, ਗਰੀਬੀ ਤੇ ਕਾਲ ਵਰਗੀ ਸਥਿਤੀ ਤੋਂ ਪ੍ਰੇਸ਼ਾਨ ਪੈਸਿਫਿਕ ਕੋਸਟ ਦੇ ਤੱਟੀ ਇਲਾਕਿਆਂ ਖਾਸ ਤੌਰ 'ਤੇ ਵੈਨਕੂਵਰ, ਸਿਆਟਲ, ਸਾਨ ਫਰਾਂਸਿਸਕੋ ਕੰਮ ਦੀ ਭਾਲ ਵਿਚ ਪਰਵਾਸ ਕਰਨ ਲਈ ਮਜਬੂਰ ਹੋਇਆ। ਕੈਨੇਡਾ ਕੇਵਲ ਗੋਰੀ ਨਸਲ ਲਈ, ਨਸਲੀ ਵਿਤਕਰੇ, ਕਾਲੇ ਗੁਲਾਮ ਮਜ਼ਦੂਰ ਦੇ ਤਾਨਿਆਂ ਦਾ ਸ਼ਿਕਾਰ ਮਾਨਸਿਕ ਕਸ਼ਟ ਝੱਲਦਿਆਂ ਪਰਵਾਸੀ ਪੰਜਾਬੀਆਂ ਨੇ ਗੁਲਾਮੀ ਨੂੰ ਸਭ ਰੋਗਾਂ ਦੀ ਮਾਂ ਸਮਝਦਿਆਂ ਦੇਸ਼ ਦੀ ਆਜ਼ਾਦੀ ਲਈ ਸੰਗਠਨਾਤਮਕ ਕੰਮ ਅਰੰਭ ਕਰ ਦਿੱਤਾ। ਪੋਰਟਲੈਂਡ ਤੇ ਅਸਟੋਰੀਆ ਦੀਆਂ ਅਰੰਭਕ ਮੀਟਿੰਗਾਂ ਪਿੱਛੇ ਸੇਂਟ ਜੌਹਨ ਦੀ ਇਨਕਲਾਬੀ ਕਾਨਫਰੰਸ ਵਿਚ ਠੋਸ ਜਮਹੂਰੀ ਆਧਾਰ ਵਾਲੀ ਲੜਾਕੂ ਜਥੇਬੰਦੀ ਹਿੰਦੀ ਐਸੋਸੀਏਸ਼ਨ ਆਫ ਪੈਸੇਫਿਕ ਕੋਸਟ ਦੀ ਸਿਰਜਣਾ ਕੀਤੀ ਜਾ ਸਕੀ। ਖਾਲਸਾ ਦੀਵਾਨ ਸੁਸਾਇਟੀ ਵੈਨਕੂਵਰ ਰੌਸ ਸਟਰੀਟ, ਕੈਨੇਡਾ ਅਤੇ ਖਾਲਸਾ ਦੀਵਾਨ ਸੁਸਾਇਟੀ, ਸਟਾਕਟਨ ਅਮਰੀਕਾ ਦੇ ਗੁਰਦਵਾਰੇ ਪੰਜਾਬੀਆਂ ਦੇ ਇਸ ਸੰਗਠਨ ਦੇ ਮੁਢਲੇ ਕੇਂਦਰ ਬਣੇ।

ਵੈਨਕੂਵਰੋਂ ਸਮੁੰਦਰੋਂ ਪਾਰ ਸਾਥੀ
ਲਪਟਾਂ ਦੇ ਰਿਹਾ ਜਿਹੜਾ ਬਾਗ ਸਾਡਾ
ਉਹਨੂੰ ਸਿੰਜਿਆ ਆਪਣਾ ਖੂਨ ਦੇ ਕੇ
ਜੀਹਨੇ ਸਮਝਿਆ ਦਿਲ ਦਾ ਰਾਗ ਸਾਡਾ

ਗਦਰ ਪਾਰਟੀ ਦੇ ਚੌਦਾਂ ਨੁਕਾਤੀ ਪ੍ਰੋਗਰਾਮ ਵਿਚ ਮੁੱਖ ਤੌਰ 'ਤੇ ਹਥਿਆਰਬੰਦ ਇਨਕਲਾਬ ਰਾਹੀਂ ਭਾਰਤ ਨੂੰ ਅੰਗਰੇਜ਼ੀ ਹਕੂਮਤ ਦੇ ਜੂਲੇ ਹੇਠੋਂ ਕੱਢਣਾ ਤੇ ਬਰਾਬਰੀ ਦੇ ਆਧਾਰ 'ਤੇ ਕੌਮੀ ਜਮਹੂਰੀ ਹਕੂਮਤ ਕਾਇਮ ਕਰਨਾ ਸੀ ਜਿਸਦਾ ਸਰੂਪ ਧਰਮ ਨਿਰਪੱਖ ਹੋਣਾ ਸੀ। ਭਾਰਤੀ ਭਾਸ਼ਾਵਾਂ ਵਿਚ ਗਦਰ ਅਖਬਾਰ ਕੱਢਣ ਦਾ ਫੈਸਲਾ ਹੋਇਆ। ਧਾਰਮਿਕ ਬਹਿਸਾਂ ਲਈ ਪਾਰਟੀ ਵਿਚ ਕੋਈ ਥਾਂ ਨਹੀਂ ਸੀ। ਧਰਮ ਹਰ ਇਕ ਦਾ ਨਿਜੀ ਮਾਮਲਾ ਸੀ। ਚੋਣ ਸਰਬਸੰਮਤੀ ਨਾਲ ਹੋਈ। ਬਾਬਾ ਸੋਹਣ ਸਿੰਘ ਭਕਨਾ ਪ੍ਰਧਾਨ ਤੇ ਲਾਲਾ ਹਰਦਿਆਲ ਜਨਰਲ ਸਕੱਤਰ ਸਨ। ਇਸ ਜੱਥੇਬੰਦੀ ਦਾ ਕੈਨੇਡਾ ਵਸਦੇ ਭਾਰਤੀਆਂ ਨਾਲ ਪੂਰਾ ਸੰਪਰਕ ਸੀ। ਪਹਿਲੀ ਸੰਸਾਰ ਜੰਗ ਦਾ ਫਾਇਦਾ ਉਠਾਉਣ ਲਈ ਆਜ਼ਾਦੀ ਦੀ ਜੰਗ ਦਾ ਐਲਾਨ ਕਰ ਦਿੱਤਾ ਗਿਆ। ਅਮਰੀਕਾ ਤੋਂ ਹੀ ਨਹੀਂ ਕੈਨੇਡਾ ਤੋਂ ਵੀ ਗਦਰੀਆਂ ਨੇ ਵਹੀਰਾਂ ਘੱਤ ਦਿੱਤੀਆਂ। ਕਾਮਾਗਾਟਾਮਾਰੂ

**ਗਿਆਨ ਸਿੰਘ ਬਿਲਗਾ**

ਘਟਨਾ ਨੇ ਵੀ ਪਰਵਾਸੀਆਂ ਦੇ ਰੋਹ ਨੂੰ ਪਰਚੰਡ ਕਰ ਦਿੱਤਾ ਸੀ। ਕਾਮਾਗਾਟਾਮਾਰੂ ਦੇ ਮੁਸਾਫਰਾਂ ਦੀ ਸਹਾਇਤਾ ਲਈ ਬਣੀ ਕਮੇਟੀ ਨੇ ਵੀ ਬੜਾ ਹੀ ਸਲਾਹੁਣਯੋਗ ਕੰਮ ਕੀਤਾ।

ਗਦਰ ਪਾਰਟੀ ਨੂੰ ਤਤਕਾਲੀਨ ਸਫਲਤਾ ਨਾ ਮਿਲ ਸਕੀ। ਗਦਰੀ ਆਪਣੀਆਂ ਸੰਗਠਨਾਤਮਕ ਕਮਜ਼ੋਰੀਆਂ ਤੋਂ ਵੀ ਜਾਣੂ ਸਨ ਜਿਸਦਾ ਇਸ ਕਿਤਾਬ ਵਿਚ ਵਰਣਨ ਕੀਤਾ ਗਿਆ ਹੈ ਪਰ ਇਸ ਲਹਿਰ ਨੂੰ ਦਬਾ ਦਿੱਤੇ ਜਾਣ ਤੋਂ ਬਾਅਦ ਇਸ ਦਾ ਪਰਤੌਅ ਆ ਰਹੀਆਂ ਕੌਮੀ ਮੁਕਤੀ ਘੋਲ ਦੀਆਂ ਲਹਿਰਾਂ ਵਿਚ ਵੇਖਣ ਨੂੰ ਮਿਲਿਆ ਜਿਵੇਂ ਜਿਨ੍ਹਾਂ ਚਾਲੀ ਸੂਰਬੀਰਾਂ ਦਾ ਜ਼ਿਕਰ ਇਸ ਪੁਸਤਕ ਵਿਚ ਕੀਤਾ ਗਿਆ ਹੈ, ਉਹ ਗੁਰਦਵਾਰਾ ਸੁਧਾਰ ਲਹਿਰ, ਅਕਾਲੀ ਲਹਿਰ, ਬੱਬਰ ਅਕਾਲੀ ਲਹਿਰ, ਕਾਂਗਰਸ, ਖਲਾਫਤ ਲਹਿਰ, ਕਿਰਤੀ ਕਿਸਾਨ ਲਹਿਰ ਤੇ ਕਮਿਊਨਿਸਟ ਲਹਿਰ ਵਿਚ ਅੱਗੇ ਹੋ ਕੇ ਕੁਰਬਾਨੀਆਂ ਕਰਦੇ ਰਹੇ। ਉਨ੍ਹਾਂ ਵਿਚੋਂ ਕਈ ਫਾਂਸੀਆਂ ਤੱਕ ਚੜ੍ਹ ਗਏ।

ਆਜ਼ਾਦੀ ਤੋਂ ਬਾਅਦ ਦੇਸ਼ ਦੀ ਵਾਗਡੋਰ ਕਾਂਗਰਸ ਦੇ ਹੱਥ ਆ ਗਈ। ਇਨ੍ਹਾਂ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਨਕਾਰ ਦਿੱਤਾ ਗਿਆ। ਇਤਿਹਾਸ ਦੇ ਸਫਿਆਂ ਤੋਂ ਮੇਟਣ ਦੇ ਯਤਨ ਅਰੰਭ ਕਰ ਦਿੱਤੇ ਜਿਸਦਾ ਪ੍ਰਗਟਾਵਾ ਬਾਬਾ ਸੋਹਣ ਸਿੰਘ ਭਕਨਾ ਨੇ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਨਹਿਰੂ ਵਲੋਂ ਸੱਦੀ ਦੇਸ਼ ਭਗਤਾਂ ਦੀ ਇਕ ਮੀਟਿੰਗ ਵਿਚ ਕਰਦਿਆਂ ਤੇ ਨਹਿਰੂ ਨੂੰ ਸੰਬੋਧਨ ਹੁੰਦਿਆ ਕਿਹਾ ਸੀ, 'ਆਜ਼ਾਦੀ ਕੇਵਲ ਕਾਂਗਰਸ ਦੇ ਅਹਿੰਸਕ ਅੰਦੋਲਨ ਨਾਲ ਹੀ ਪ੍ਰਾਪਤ ਨਹੀਂ ਹੋਈ ਇਸ ਵਿਚ 300 ਗਦਰੀ ਸੂਰਮਿਆਂ ਦੇ ਖੂਨ ਦੀ ਲਾਲੀ ਵੀ ਡਲਕਾਂ ਮਾਰਦੀ ਹੈ। ਇਨ੍ਹਾਂ ਨੂੰ ਭੁਲ ਨਾ ਜਾਇਓ।' ਅੱਗੇ ਹੋਰ ਕਿਹਾ ਸੀ ''ਸਾਡੀ ਮੰਗ ਹੈ ਸਾਰਾ ਦੇਸ਼ ਅਨੰਦ ਭਵਨ ਬਣਾ ਦਿਉ ਜਿਸਦਾ ਨਹਿਰੂ ਕੋਲ ਕੋਈ ਉਤਰ ਨਹੀਂ ਸੀ।

ਇਹ ਤਾਂ ਯੁਵਕ ਕੇਂਦਰ, ਦੇਸ਼ ਭਗਤ ਪਰਿਵਾਰ ਸਹਾਇਕ ਕਮੇਟੀ ਅਤੇ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਨੂੰ ਮਾਣ ਹਾਸਲ ਹੈ ਜਿਨ੍ਹਾਂ ਦੇ ਯਤਨਾਂ ਸਦਕਾ ਇਨ੍ਹਾਂ ਸੂਰਮਿਆਂ ਦੇ ਕਾਰਨਾਮੇ ਆਮ ਲੋਕਾਂ ਤੱਕ ਪਹੁੰਚਾਏ ਜਾਣ ਲੱਗੇ ਹਨ। ਅਮਰੀਕਾ, ਕੈਨੇਡਾ ਵਿਚ ਵੀ ਗਦਰੀ ਬਾਬਿਆਂ ਦੇ ਮੇਲੇ ਲਗਦੇ ਹਨ।

ਸੋਹਣ ਸਿੰਘ ਪੂੰਨੀ ਨੇ ਕੈਨੇਡਾ ਦੇ ਆਰਕਾਈਵ ਤਕ ਰਸਾਈ ਹਾਸਲ ਕਰਕੇ ਅਤੇ ਇਹ ਬੜਾ ਹੀ ਸਲਾਹੁਣਯੋਗ ਖੋਜ ਭਰਪੂਰ ਕਾਰਜ ਕੀਤਾ ਹੈ। ਉਨ੍ਹਾਂ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਦੀ ਲਾਇਬਰੇਰੀ ਦਾ ਸਹਾਰਾ ਲਿਆ ਹੈ। ਪੁਰਾਣੀਆਂ ਲਹਿਰਾਂ ਨਾਲ ਸਬੰਧਤ ਕੋਰਟ ਕੇਸਾਂ ਦੀ ਪੁਣਛਾਣ ਕੀਤੀ ਹੈ ਅਤੇ ਆਪ ਗਦਰੀਆਂ ਦੇ ਪਿੰਡਾਂ ਤਕ ਪਹੁੰਚ ਕਰਕੇ ਉਨ੍ਹਾਂ ਦੇ ਪਰਿਵਾਰਾਂ ਪੁੱਤਰ, ਪੋਤਰਿਆਂ ਤੇ ਹੋਰ ਸਬੰਧੀਆਂ ਨਾਲ ਸੰਪਰਕ ਕਰਕੇ ਜਾਣਕਾਰੀ ਹਾਸਿਲ ਕੀਤੀ। ਇਨ੍ਹਾਂ ਸੂਰਮਿਆਂ ਦੀਆਂ ਕੁਰਬਾਨੀਆਂ ਨੂੰ ਜੱਗ ਜ਼ਾਹਿਰ ਕੀਤਾ ਹੈ। ਸ੍ਰੀ ਪੂੰਨੀ ਦੀ ਸਾਲਾਂਬੱਧੀ ਲਗਨ ਮਿਹਨਤ ਤੇ ਸਿਰੜ ਨਾਲ ਕੀਤੇ ਖੋਜ ਕਾਰਜ ਦੀ ਸ਼ਲਾਘਾ ਕਰਨੀ ਬਣਦੀ ਹੈ।




ਇਸ ਗੱਲ ਤੋਂ ਵੀ ਸ੍ਰੀ ਪੂੰਨੀ ਨੇ ਪਾਸਾ ਨਹੀਂ ਵੱਟਿਆ ਕਿ ਉਨ੍ਹਾਂ ਗਦਰੀਆਂ ਦੇ ਸੁਪਨਿਆਂ ਦੀ ਆਜ਼ਾਦੀ ਹਾਲੇ ਨਹੀਂ ਆਈ, ਜਿਸ ਲਈ ਉਨ੍ਹਾਂ ਜਾਨਾਂ ਵਾਰੀਆਂ, ਅਸਹਿ ਤੇ ਅਕਹਿ ਕਸ਼ਟ ਝੱਲੇ ਸਨ। ਇਸੇ ਲਈ ਬਾਬਾ ਸੋਹਣ ਸਿੰਘ ਭਕਨਾ ਕਿਹਾ ਕਰਦੇ ਸਨ, ''ਗੁਲਾਮੀ ਰਾਜਸੀ ਹੋਵੇ ਜਾਂ ਆਰਥਕ, ਆਪਣਿਆਂ ਵਲੋਂ ਠੋਸੀ ਜਾਂ ਬੇਗਾਨਿਆਂ ਦੀ ਮਾੜੀ ਹੀ ਹੁੰਦੀ ਹੈ। ਇਸ ਵਿਰੁਧ ਸੰਘਰਸ਼ ਕਰਨਾ ਹਰ ਭਾਰਤੀ ਦਾ ਫਰਜ਼ ਬਣਦਾ ਹੈ।'' ਇਸੇ ਲਈ ਗਦਰੀ ਬਾਬੇ ਦੇਸ਼ ਦੀ ਆਜ਼ਾਦੀ ਤੋਂ ਬਾਅਦ ਵੀ ਸੰਘਰਸ਼ਸ਼ੀਲ ਰਹੇ ਜਿਸ ਦਾ ਵਿਸਥਾਰ ਪੁਸਤਕ ਦੇ ਹਰ ਅਧਿਆਇ ਵਿਚ ਆਇਆ ਹੈ।

ਹਰ ਗਦਰੀ ਸੂਰਮੇ ਦਾ ਜੀਵਨ ਬ੍ਰਿਤਾਂਤ ਆਰੰਭ ਕਰਨ ਤੇ ਸਮਾਪਤੀ ਤੇ ਗਦਰ ਅਖ਼ਬਾਰ ਦੀਆਂ ਕਵਿਤਾਵਾਂ ਦੇ ਕਾਵਿ-ਟੋਟੇ ਲਿਖੇ ਹੋਏ ਹਨ ਜੋ ਥਾਂ ਸਿਰ ਤੇ ਬਹੁਤ ਹੀ ਢੁਕਵੇਂ ਹਨ। ਆਪਣੀ ਵਾਰਤਕ ਸ਼ੈਲੀ ਨੂੰ ਹੋਰ ਸ਼ਿੰਗਾਰਨ ਲਈ ਹੋਰ ਕਵੀਆਂ ਦੇ ਕਾਵਿ ਬੰਦ ਵੀ ਲਿਖੇ ਹਨ ਜੋ ਦਿਲ ਨੂੰ ਟੁੰਬਦੇ ਹਨ। ਹਰ ਬਹਾਦਰ ਦੇ ਜੀਵਨ ਬ੍ਰਿਤਾਂਤ ਦੇ ਨਾਲ ਉਸਦੀ ਫੋਟੋ ਵੀ ਦਿੱਤੀ ਗਈ ਹੈ ਜੋ ਬੜੀ ਸਾਫ ਤੇ ਮਿਆਰੀ ਹੈ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਸ੍ਰੀ ਪੂੰਨੀ ਦੇ ਯਤਨ ਪ੍ਰਸ਼ੰਸਾਯੋਗ ਹਨ। ਹੋਰ ਵੀ ਚੰਗਾ ਹੁੰਦਾ ਜੇ ਉਨ੍ਹਾਂ ਇਤਿਹਾਸਕ, ਭੁਗੋਲਿਕ ਥਾਵਾਂ, ਮੁਲਕਾਂ ਜਿਥੇ ਗਦਰੀ ਸਰਗਰਮ ਰਹੇ, ਦਾ ਨਕਸ਼ਾ ਦੇ ਕੇ ਨਿਸ਼ਾਨਦੇਹੀ ਕਰ ਦਿੱਤੀ ਜਾਂਦੀ।

ਕਾਗਜ਼ ਤੇ ਜਿਲਦ ਜਿਸਨੇ ਦੇਰ ਚਿਰ ਇਤਿਹਾਸ ਨੂੰ ਸਾਂਭਣਾ ਹੁੰਦਾ ਹੈ ਮਜ਼ਬੂਤ ਤੇ ਹੰਢਣਸਾਰ ਹੈ। ਸ੍ਰੀ ਪੂੰਨੀ ਇਸ ਮਿਹਨਤ ਭਰਪੂਰ ਖੋਜ ਕਾਰਜ ਲਈ ਜਿਨ੍ਹਾਂ ਸਜਣਾਂ, ਪਰਿਵਾਰਾਂ, ਸੰਸਥਾਵਾਂ ਨੇ ਸਹਿਯੋਗ ਦਿੱਤਾ ਉਨ੍ਹਾਂ ਦਾ ਧੰਨਵਾਦ ਕਰਨ ਤੋਂ ਨਹੀਂ ਖੁੰਝੇ ਅਤੇ ਇਹ ਕਿਤਾਬ ਆਪਣੀ ਦੋਸਤ ਪਤਨੀ ਵਿੰਨੀ ਨੂੰ ਸਮਰਪਤ ਕਰਕੇ ਇਸ ਕਾਰਜ ਵਿਚ ਸ਼ਾਮਿਲ ਰਖਿਆ ਹੈ। ਬਹੁਤ ਸਾਰੀਆਂ ਘਟਨਾਵਾਂ ਦਾ ਕਈ ਵਾਰੀ ਦੁਹਰਾ ਆਇਆ ਹੈ ਜੋ ਲੇਖਕ ਦੀ ਮਜਬੂਰੀ ਸੀ ਕਿਉਂਕਿ ਸਾਰੇ ਹੀ ਗਦਰੀ ਜੋ ਲਿਖਤ ਵਿਚ ਆਏ ਇਨ੍ਹਾਂ ਸਾਰੇ ਐਕਸ਼ਨਾਂ ਵਿਚ ਸ਼ਾਮਿਲ ਸਨ।

ਅਖੀਰ 'ਤੇ ਐਨਾ ਹੀ ਕਿਹਾ ਜਾ ਸਕਦਾ ਹੈ ਕਿ ਇਹ ਇਕ ਪੜ੍ਹਨਯੋਗ ਤੇ ਸੰਭਾਲਣਯੋਗ ਕਿਤਾਬ ਹੈ। ਗਦਰੀ ਬਾਬਿਆਂ ਦੀ ਯਾਦ ਨੂੰ ਸਮਰਪਤ ਵੱਖ-ਵੱਖ ਸੰਗਠਨਾਂ ਦੇ ਆਗੂਆਂ ਕਾਰਜ-ਕਰਤਾਵਾਂ ਖਾਸ ਤੌਰ 'ਤੇ ਇੰਡੋ ਅਮਰੀਕਨ ਕਲਚਰਲ ਆਰਗੇਨਾਈਜ਼ੇਸ਼ਨ ਦੇ ਸਾਥੀਆਂ ਨੂੰ ਇਹ ਕਿਤਾਬ ਪੜ੍ਹਨ ਤੇ ਵਿਚਾਰਨ ਦੀ ਸਲਾਹ ਦਿੰਦਾ ਹਾਂ ਤਾਂ ਜੋ ਵਰਤਮਾਨ ਧੜੇਬੰਦਕ, ਨਿਘਾਰਗ੍ਰਸਤ, ਧਨ-ਬਟੋਰੂ ਰਾਜਨੀਤੀ ਨੂੰ ਲੋਕ ਸੇਵਾ, ਆਪਾ ਵਾਰੂ ਸਮਾਜ ਸੇਵਾ ਵਾਲੇ ਪਾਸੇ ਨੂੰ ਮੋੜਿਆ ਜਾ ਸਕੇ ਅਤੇ ਭਾਰਤ ਦੇ ਕਿਸਾਨ ਮਜ਼ਦੂਰ ਤੇ ਗਰੀਬ ਲੋਕ ਵੀ ਦੇਸ ਦੀ ਆਜ਼ਾਦੀ ਦੀਆਂ ਸਹੂਲਤਾਂ ਨੂੰ ਮਾਣ ਸਕਣ। ਸ਼ਾਇਰ ਗੁਰਭਜਨ ਗਿੱਲ ਦੀਆਂ ਇਨ੍ਹਾਂ ਸਤਰਾਂ ਨਾਲ ਗੱਲ ਖਤਮ ਕਰਦਾ ਹਾਂ:

ਐਸੀ ਕੋਈ ਕਿਤਾਬ
ਬੇ ਅਰਥਾ ਸ਼ਬਦੀ ਜੰਗਲ ਹੈ
ਜਿਸਨੂੰ ਪੜ੍ਹਕੇ ਦਿਲ ਵਿਚ
ਹਾਹਾਕਾਰ ਨਹੀਂ ਹੁੰਦੀ।

ਪਾਠਕਾਂ ਦੀ ਸੱਥ

# ਐ ਗੁਰੂ ਦੇ ਸਿੱਖ ਆਪਣੇ ਅੰਦਰ ਨਜ਼ਰ ਮਾਰ

ਹਮਰੀ ਕਰੋ ਹਾਥ ਦੇ ਰੱਛਾ,
ਪੂਰਨ ਹੋਇ ਚਿਤ ਕੀ ਇੱਛਾ॥
ਤਵ ਚਰਨਨ ਮਨ ਰਹੈ ਹਮਾਰਾ,
ਅਪਨਾ ਜਾਨ ਕਰੋ ਪ੍ਰਤਿਪਾਰਾ॥

ਦਸਮ ਪਾਤਸ਼ਾਹ ਪਰਮਾਤਮਾ ਦੇ ਅਗੇ ਬੇਨਤੀ ਕਰ ਰਹੇ ਹਨ ਕਿ ਸਾਡੀਆਂ ਇੱਛਾਵਾਂ ਪੂਰੀਆਂ ਕਰ ਆਪਣੇ ਜਾਣ ਕੇ। ਇਹ ਸੱਚ ਹੈ ਕਿ ਜੇ ਕੋਈ ਉਸਦਾ ਬਣ ਜਾਏ ਤਾਂ ਉਸ ਦੀਆਂ ਸਭ ਇੱਛਾਵਾਂ ਉਹ ਪੂਰੀਆਂ ਕਰਦਾ ਹੈ। ਸਾਡੀਆਂ ਇੱਛਾਵਾਂ ਕਿਉਂ ਨਹੀਂ ਪੂਰੀਆਂ ਹੁੰਦੀਆਂ? ਕਿਉਂਕਿ ਅਸੀਂ ਗੁਰੂ ਸਾਹਿਬ ਦੀ ਕੋਈ ਗੱਲ ਵੀ ਨਹੀਂ ਮੰਨਦੇ, ਨਾ ਹੀ ਮੰਨਣ ਨੂੰ ਤਿਆਰ ਹਾਂ, ਆਉ ਆਪਣੇ-ਆਪਣੇ ਅੰਦਰ ਨਜ਼ਰ ਮਾਰੀਏ।

ਦਸਮ ਪਾਤਸ਼ਾਹ ਨੇ ਕਿਹਾ ਸੀ ਕਿ ਕੇਸ ਮੋਹਰ ਹਨ ਪਰ ਅਸੀਂ ਇਸ ਮੋਹਰ ਦੀ ਕਿੰਨੀ ਕੁ ਕਦਰ ਕੀਤੀ ਹੈ, ਤੱਕੋ ਭਾਈ ਤਾਰੂ ਸਿੰਘ ਵਲ ਕੇਸ ਨਹੀਂ ਕਟਵਾਏ ਖੋਪਰੀ ਲੁਹਾ ਲਈ, ਪਰ ਮੋਹਰ ਦੀ ਕਦਰ ਰੱਖੀ। ਸੈਂਕੜੇ ਸਿੱਖਾਂ ਨੇ ਬੜੇ ਤਸੀਹੇ ਸਹੇ ਪਰ ਕੇਸ ਕਤਲ ਨਹੀਂ ਕਰਵਾਏ, ਗੁਰੂ ਦਸਵੇਂ ਪਾਤਸ਼ਾਹ ਦੇ ਬੇਟਿਆਂ ਨੇ ਛੋਟੀ ਉਮਰ ਹੁੰਦਿਆਂ ਵੀ ਕਮਾਲ ਕਰ ਵਿਖਾਈ, ਅੱਜ ਤੱਕ ਲੋਕ ਅਸ਼-ਅਸ਼ ਕਰ ਉਠਦੇ ਹਨ। ਅੱਜ ਵੀ ਅਗਰ ਕੋਈ ਬੰਦਾ ਕਿਸੇ ਦੇ ਜ਼ਬਰਦਸਤੀ ਕੇਸ ਕਤਲ ਕਰ ਦੇਵੇ ਤਾਂ ਸਾਰੇ ਸਿੱਖ ਜਗਤ ਵਿਚ ਹੰਗਾਮਾ ਖੜਾ ਹੋ ਜਾਂਦਾ ਹੈ। ਬਲਕਿ ਦੂਸਰੀਆਂ ਕੌਮਾਂ ਵੀ ਸਾਥ ਦਿੰਦੀਆਂ ਹਨ ਕਿ ਜ਼ਬਰਦਸਤੀ ਨਹੀਂ ਹੋਣੀ ਚਾਹੀਦੀ, ਕਿਸੇ ਦੇ ਧਰਮ ਵਿਚ ਦਖਲਅੰਦਾਜ਼ੀ ਕਰਨੀ ਜੁਰਮ ਹੈ ਕਤਲ ਦਾ ਮੁਕਦਮਾ ਚਲਣਾ ਚਾਹੀਦਾ ਹੈ ਕਰੜੀਆਂ ਸਜਾਵਾਂ ਮਿਲਣੀਆਂ ਚਾਹੀਦੀਆਂ ਹਨ। ਸਿੱਖੀ ਨੂੰ ਖਤਮ ਕਰਨ ਦਾ ਇਕੋ ਹੀ ਤਰੀਕਾ ਹੈ ਕਿ ਸਿੱਖ ਦੇ ਕੇਸ ਕਤਲ ਕਰ ਦਿਉ। ਇਹ ਦੁਸ਼ਮਣਾਂ ਦੀ ਚਾਲ ਹੁੰਦੀ ਹੈ। ਜੇ ਬੰਦਾ ਆਪ ਹੀ ਕੇਸ ਕਤਲ ਕਰੀ ਜਾਏ, ਤਾਂ ਕੀ ਮੁਆਫ ਹੈ?

ਭਾਵੇਂ ਬੰਦਾ ਕਿੰਨੀ ਬਾਣੀ ਪੜ੍ਹੀ ਜਾਏ, ਕਿੰਨਾ ਸਿਮਰਨ ਕਰੀ ਜਾਏ ਪਰ ਕੇਸਾਂ ਤੇ ਦਸਤਾਰ ਬਿਨਾ ਕਿਸੇ ਸਿੱਖ ਨਹੀਂ ਆਖਣਾ ਕਿਉਂਕਿ ਬਾਣੀ ਤਾਂ ਦਿਸਣੀ ਨਹੀਂ, ਦਿਸਣੇ ਤਾਂ ਕੇਸ ਤੇ ਦਸਤਾਰ ਹੀ ਹਨ, ਕਿੰਨੇ ਹੀ ਕਾਗਜ਼ ਲੈ ਲਉ, ਪਰ ਜਿਸ ਕਾਗਜ ਉਪਰ ਗੋਰਮਿੰਟ ਦੀ ਮੋਹਰ ਹੋਏਗੀ ਉਹ ਹੀ ਕਾਗਜ਼ ਨੋਟ ਕਹਿਲਾਏਗਾ, ਦੂਜਾ ਨਹੀਂ। ਇਸੇ ਤਰ੍ਹਾਂ ਤੁਸੀਂ ਕਿੰਨੇ ਵੀ ਸੁੱਚੇ ਸੱਚੇ ਹੋਵੋ, ਮੋਹਰ ਬਿਨਾ ਕਿਸੇ ਸਿੱਖ ਨਹੀਂ ਕਹਿਣਾ। ਜੇ ਕੋਈ ਬੰਦੇ ਨੂੰ ਮਾਰਨਾ ਚਾਹੇ ਬੰਦਾ ਸ਼ਾਇਦ ਦੌੜ ਕੇ ਬੱਚ ਹੀ ਜਾਵੇ। ਜੇ ਆਪ ਹੀ ਮਰਨਾ ਚਾਹੇ ਤਾਂ ਕੌਣ ਬਚਾ ਸਕਦਾ ਹੈ? ਹੇ ਦਸਵੇਂ ਪਾਤਸ਼ਾਹ ਤੁਸੀਂ ਆਪ ਹੀ ਰੱਖਿਆ ਕਰੋ, ਸਾਡੀ ਕੇਸਾਂ ਸੁਆਸਾਂ ਨਾਲ ਨਿਭ ਜਾਏ।

ਮੁਸਲਮਾਨਾਂ ਦੇ ਰਾਜ ਵਿਚ ਉਨ੍ਹਾਂ ਸਿੱਖੀ ਖਤਮ ਕਰਨ ਦੀ ਬੜੀ ਕੋਸ਼ਿਸ਼ ਕੀਤੀ ਪਰ ਖਤਮ ਨਾ ਕਰ ਸਕੇ। ਅੱਜ ਅਸੀਂ ਆਪ ਹੀ ਸਿੱਖੀ ਖਤਮ ਕਰਨ ਲੱਗੇ ਹੋਏ ਹਾਂ। ਯਾਦ ਰੱਖਿਉ, ਸਿੱਖ ਦੇ ਘਰ ਪੈਦਾ ਹੋਏ ਹੋ, ਸਿੱਖੀ ਲੈ ਕੇ ਹੀ ਜਾਉਗੇ ਤਾਂ ਉਸ ਦੇ ਦਰ ਪ੍ਰਵਾਨ ਹੋਵੇਗਾ। ਮਹਾਂਪੁਰਸ਼ਾਂ ਕੋਲ ਇਕ ਬੰਦਾ ਗਿਆ ਤੇ ਕਿਹਾ, 'ਮਹਾਰਾਜ ਜੀ ਮੇਰੀ ਸ਼ਕਲ ਵੇਖ ਕੇ ਅੰਦਾਜ਼ਾ ਨਾ ਲਾਉਣਾ, ਕਿ ਮੈਂ ਸਿੱਖ ਨਹੀਂ ਹਾਂ ਮੇਰੇ ਅੰਦਰ ਸਿੱਖੀ ਕੁਟ-ਕੁਟ ਕੇ ਭਰੀ ਹੋਈ ਹੈ। ਮੈਨੂੰ ਨਾਮ ਦੀ ਜੁਗਤੀ ਦੱਸੋ ਕਿ ਨਾਮ ਕਿਸ ਤਰ੍ਹਾਂ ਜਪਣਾ ਚਾਹੀਦਾ ਹੈ।' ਮਹਾਂਪੁਰਸ਼ ਹੱਸ ਕੇ ਕਹਿਣ ਲੱਗੇ, 'ਨਾਮ ਦੀ ਗੱਲ ਆਪਾਂ ਫਿਰ ਕਰਾਂਗੇ, ਪਹਿਲੋਂ ਸਿੱਖੀ ਦੀ ਗੱਲ ਕਰ ਲਈਏ। ਆਪਾਂ ਬਾਜ਼ਾਰ ਤੋਂ ਕੋਈ ਚੀਜ਼ ਖਰੀਦਣੀ ਹੋਵੇ ਤੇ ਦੁਕਾਨਾਂ 'ਤੇ ਕੋਈ ਬੋਰਡ ਨਾ ਲੱਗਿਆ ਹੋਵੇ ਤਾਂ ਕਿਸ ਤਰ੍ਹਾਂ ਨਿਰਣਾ ਕਰਾਂਗੇ ਕਿ ਕਿਹੜੀ ਚੀਜ਼ ਕਿਥੋਂ ਮਿਲੇਗੀ।' ਕਹਿਣ ਲੱਗਾ ਹਰ ਦੁਕਾਨ 'ਤੇ ਵੀ ਬੋਰਡ ਚਾਹੀਦਾ ਹੈ ਤਾਂ ਕਹਿਣ ਲੱਗਾ ਕਿ ਸਮਗਲਿੰਗ ਦੀ ਦੁਕਾਨ ਤੇ ਕੋਈ ਬੋਰਡ ਨਹੀਂ ਹੁੰਦਾ। ਤਾਂ ਮਹਾਂਪੁਰਸ਼ ਹੱਸ ਕੇ ਕਹਿਣ ਲੱਗੇ ਕਿ ਤੇਰੀ ਸਿੱਖੀ ਵੀ ਤਾਂ ਸਮਗਲਿੰਗ ਦੀ ਹੀ ਹੋਈ ਨਾ। ਅੱਜ ਮਹਾਰਾਜ ਜੀ ਤੁਸੀਂ ਮੇਰੀਆਂ ਅੱਖਾਂ ਖੋਲ੍ਹ ਦਿੱਤੀਆਂ ਹਨ, ਅੱਜ ਤੋਂ ਮੈਂ ਪ੍ਰਣ ਕਰਦਾ ਹਾਂ ਕਿ ਕੇਸ ਨਹੀਂ ਕਟਾਵਾਂਗਾ, ਤੇ ਤਿਆਰ ਬਰ ਤਿਆਰ ਸਿੰਘ ਸਜਾਂਗਾ। ਉਪਰਲੀ ਕਹਾਣੀ ਪੜ੍ਹ ਕੇ ਆਪਾਂ ਹੱਸਾਂਗੇ ਜ਼ਰੂਰ ਪਰ ਆਉ ਆਪਾਂ ਵੀ ਆਪਣੇ-ਆਪਣੇ ਅੰਦਰ ਨਜ਼ਰ ਮਾਰੀਏ, ਕੀ ਅਸੀਂ ਪੰਜੇ ਰਹਿਤਾਂ ਰੱਖੀਆਂ ਹਨ, ਅੰਮ੍ਰਿਤ ਛਕ ਲਿਆ ਹੈ, ਪੰਜਾਂ ਕੁਰਿਹਤਾਂ ਤੋਂ ਬਚੇ ਹੋਏ ਹਾਂ, ਜੇ ਦਸ-ਦਸ ਨੰਬਰ ਕੁਰਿਹਤਾਂ ਤੇ ਰਹਿਤਾਂ ਦੇ ਲਾਈਏ ਤਾਂ ਕਿੰਨੇ ਕੁ ਪਾਸ ਹੁੰਦੇ ਹਾਂ, ਹੇ ਦਸਵੇਂ ਪਾਤਸ਼ਾਹ! ਸਾਡੇ ਤੇ ਮਿਹਰ ਕਰ, ਅਸੀਂ ਤੇਰੇ ਪਾਏ ਪੂਰਨਿਆਂ 'ਤੇ ਚੱਲ ਸਕੀਏ।

*-ਅਮਰ ਸਿੰਘ, ਕਲੀਵਲੈਂਡ*

## ਅਸਲੀਅਤ

ਅਸਲੀਅਤ ਸਭਦੀ ਲੋਕਾਂ ਦੇ ਪਾਸ ਸਾਰੀ
ਪਾਸਾ ਵੱਟ ਕੇ ਕਿਉਂ ਨਹੀਂ ਦੂਰ ਰਹਿੰਦੇ।
ਤਬਲੇ, ਢੋਲਕੀ ਜਦੋਂ ਖੜਕਾਉਣ ਛੈਣੇ,
ਉਥੇ ਜਾ ਕੇ ਦੱਸੋ ਕਿਉਂ ਲੋਕ ਬਹਿੰਦੇ।

ਵਾਰਿਸ ਸ਼ਾਹ ਦੇ ਗੂੰਜਦੇ ਬੋਲ ਕੰਨੀਂ
ਅੱਜ ਤੱਕ ਵੀ ਕੰਨਾਂ ਵਿਚ ਵੱਜਦੇ ਨੀ।
ਵਾਰਿਸ ਸ਼ਾਹ ਮੀਆਂ ਏਹ ਜਹਾਨ ਝੂਠਾ
ਏਥੇ ਲੋਕ ਨੇ ਲੱਜ ਬੇਲੱਜ ਦੇ ਨੀ।


ਰੌਲਾ ਵਿਚ ਅਖਬਾਰਾਂ ਦੇ ਬੜਾ ਪੈਂਦਾ
ਪਖੰਡੀ ਸਾਧ ਪਏ ਬੜ੍ਹਕਾਂ ਮਾਰਦੇ ਨੇ।
ਮਗਰ ਉਨ੍ਹਾਂ ਦੇ ਬੋਲਣ ਪਿਛਲਗ ਸਾਰੇ
ਮੁੱਖੋਂ ਘਟ ਨਾ ਉਹ ਵੀ ਉਚਾਰਦੇ ਨੇ।

ਗੀਤ ਗਾਉਣ ਵਾਲੇ ਵੀ ਰਹੇ ਨਹੀਂ ਪਿਛੇ
ਤੀਰ ਗੁੱਝੇ ਉਹ ਉਨ੍ਹਾਂ ਦੇ ਮਾਰਦੇ ਨੇ।
'ਬੇਦੀ' ਸੋਚਦੇ ਪੜ੍ਹ ਏਹ ਚੂੰਜ ਚਰਚਾ
ਦੱਸੋ ਲੋਕ ਕੀ ਇਨ੍ਹਾਂ ਤੋਂ ਭਾਲਦੇ ਨੇ।

*-ਬਲਦੇਵ ਸਿੰਘ ਬੇਦੀ*

# ਫਿਲਮ 'ਪਾ' ਵਿਚ ਬਿਗ ਬੀ ਦੀ ਮਾਂ ਬਣੀ ਵਿਦਿਆ ਬਾਲਨ

ਬਾਲੀਵੁਡ ਦੀ ਹਰ ਅਭਿਨੇਤਰੀ ਦਾ ਸੁਪਨਾ ਅਮਿਤਾਭ ਬੱਚਨ ਨਾਲ ਕੰਮ ਕਰਨਾ ਹੈ ਪਰ ਇਕ ਅਭਿਨੇਤਰੀ ਹੈ, ਜਿਸ ਨੇ ਇਸ ਮੌਕੇ ਨੂੰ ਲਗਭਗ ਗੁਆ ਹੀ ਦਿੱਤਾ ਸੀ। ਇਹ ਕੋਈ ਹੋਰ ਅਭਿਨੇਤਰੀ ਨਹੀਂ ਬਲਕਿ 'ਪਾ' ਫ਼ਿਲਮ ਵਿਚ ਅਮਿਤਾਭ ਬੱਚਨ ਦੀ ਮਾਂ ਦਾ ਕਿਰਦਾਰ ਨਿਭਾਉਣ ਵਾਲੀ ਵਿਦਿਆ ਬਾਲਨ ਹੈ।




ਇਸ ਫ਼ਿਲਮ ਵਿਚ ਅਭਿਸ਼ੇਕ ਬੱਚਨ ਬਿੱਗ ਬੀ ਦੇ ਪਿਤਾ ਦੀ ਭੂਮਿਕਾ ਵਿਚ ਹਨ। ਵਿੱਦਿਆ ਬਾਲਨ ਨੂੰ ਬਾਲੀਵੁੱਡ 'ਚ ਆਪਣਾ ਵੱਖਰਾ ਮੁਕਾਮ ਮਿਲ ਚੁੱਕਾ ਹੈ। ਵਿੱਦਿਆ ਕੋਲ ਇਸ ਵੇਲੇ ਵੀ ਵੱਖ-ਵੱਖ ਟੇਸਟ ਦੀਆਂ ਕਈ ਚੰਗੀਆਂ ਫ਼ਿਲਮਾਂ ਹਨ। ਇਸ ਸੰਬੰਧੀ ਆਪਣੇ ਕੁਝ ਤਜਰਬੇ ਸਾਂਝੇ ਕਰਦੀ ਹੋਈ ਉਹ ਕਹਿੰਦੀ ਹੈ, "ਸੱਚ ਕਹਾਂ, ਜਦੋਂ ਬਾਲਕੀ ਨੇ ਮੈਨੂੰ ਸਕਰਿਪਟ ਸੁਣਾਈ ਤਾਂ ਮੈਂ ਰੋਲ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਹਰ ਅਭਿਨੇਤਰੀ ਦੀ ਤਰ੍ਹਾਂ ਮੇਰਾ ਵੀ ਅਮਿਤਾਭ ਜੀ ਨਾਲ ਕੰਮ ਕਰਨ ਦਾ ਸੁਪਨਾ ਸੀ ਪਰ ਉਨ੍ਹਾਂ ਦੀ ਮਾਂ ਦੇ ਰੂਪ ਵਿਚ ਮੈਨੂੰ ਦਰਸ਼ਕ ਸਵੀਕਾਰ ਕਰਨਗੇ, ਇਹ ਮੈਨੂੰ ਸਮਝ ਨਹੀਂ ਆ ਰਿਹਾ ਸੀ। ਬਾਲਕੀ ਦੇ ਵਾਰ ਵਾਰ ਕਹਿਣ 'ਤੇ ਮੈਂ ਇਸ ਰੋਲ ਲਈ ਹਾਂ ਕਰ ਦਿੱਤੀ ਪਰ ਮਨ ਵਿਚ ਕਈ ਸਵਾਲ ਉਠ ਰਹੇ ਸਨ, ਜਦੋਂ ਮੈਂ ਸ਼ੂਟਿੰਗ 'ਤੇ ਪਹੁੰਚ ਕੇ ਪਹਿਲੀ ਵਾਰ ਅਮਿਤ ਜੀ ਨੂੰ ਓਰੋ ਦੇ ਭੇਸ ਵਿਚ ਦੇਖਿਆ ਤਾਂ ਮੈਂ ਦੰਗ ਰਹਿ ਗਈ। ਬਾਅਦ ਵਿਚ ਮੇਰੇ ਅੰਦਰ ਸੱਚਮੁਚ ਅਮਿਤ ਜੀ ਲਈ ਮਾਂ ਦੀ ਭਾਵਨਾ ਜਾਗ ਪਈ। 'ਪਾ' ਦਾ ਅਨੁਭਵ ਵਿਲੱਖਣ ਸੀ, ਜਿਸ ਨੂੰ ਕਦੇ ਵੀ ਭੁੱਲਿਆ ਨਹੀਂ ਜਾ ਸਕਦਾ। ਮੈਨੂੰ ਖੁਸ਼ੀ ਹੈ ਕਿ ਇਸ ਰੋਲ ਲਈ ਮੈਨੂੰ ਚੁਣਿਆ ਗਿਆ।"

ਆਪਣਾ ਭਾਰ ਘੱਟ ਕਰਨ ਬਾਰੇ ਉਸ ਨੇ ਦੱਸਿਆ ਕਿ ਇਕ ਸਮਾਂ ਸੀ ਜਦੋਂ ਮੇਰਾ ਵਜ਼ਨ ਬਹੁਤ ਵਧ ਗਿਆ ਸੀ। ਉਸ ਸਮੇਂ ਮੈਂ ਇਸ ਕਾਰਨ ਕਾਫੀ ਪ੍ਰੇਸ਼ਾਨ ਰਹਿੰਦੀ ਸੀ। ਇਸ ਪ੍ਰੇਸ਼ਾਨੀ ਤੋਂ ਛੁਟਕਾਰਾ ਪਾਉਣ ਲਈ ਮੈਂ ਵਿਲਾਇਤ ਹੁਸੈਨ ਦੀ ਨਿਗਰਾਨੀ ਵਿਚ ਕਸਰਤ ਸ਼ੁਰੂ ਕੀਤੀ। ਉਨ੍ਹਾਂ ਨੇ ਮੈਨੂੰ ਕੇਲਿਸਥੇਨਿਕਸ ਬਾਰੇ ਦੱਸਿਆ। ਇਸ ਨੇ ਮੇਰੇ ਸਰੀਰ 'ਤੇ ਬਹੁਤ ਅਸਰ ਪਾਇਆ, ਬਾਕੀ 'ਪਾ' ਲਈ ਮੈਨੂੰ ਅਜਿਹਾ ਕੁਝ ਨਹੀਂ ਕਰਨਾ ਪਿਆ।

ਆਪਣੀ ਡਰੈਸ ਸੈਂਸ ਬਾਰੇ ਵਿਦਿਆ ਦਾ ਕਹਿਣਾ ਹੈ ਕਿ ਇਹ ਕਿਸੇ ਦੀ ਸਰੀਰਕ ਸਰੰਚਨਾ 'ਤੇ ਨਿਰਭਰ ਨਹੀਂ ਕਰਦਾ। ਅਹਿਮੀਅਤ ਸਿਰਫ ਇਹ ਹੈ ਕਿ ਤੁਸੀਂ ਕਿਸ ਤਰ੍ਹਾਂ ਦੇ ਕੱਪੜਿਆਂ ਵਿਚ ਸਹਿਜ ਮਹਿਸੂਸ ਕਰਦੇ ਹੋ। ਮੈਂ ਕੁੜਤਾ ਸਲਵਾਰ ਅਤੇ ਜੀਨਸ, ਟੀ-ਸ਼ਰਟ ਵਿਚ ਸਹਿਜ ਮਹਿਸੂਸ ਕਰਦੀ ਹਾਂ।

ਨਵੇਂ ਕਲਾਕਾਰਾਂ ਨਾਲ ਲਗਾਤਾਰ ਆਉਣ ਬਾਰੇ ਵਿੱਦਿਆ ਦਾ ਕਹਿਣਾ ਹੈ ਕਿ ਮੈਂ ਕੋਈ ਵੀ ਫ਼ਿਲਮ ਉਸ ਦਾ ਸੈਟਅਪ ਦੇਖ ਕੇ ਸਾਈਨ ਨਹੀਂ ਕਰਦੀ। ਮੇਰੇ ਲਈ ਸਭ ਤੋਂ ਅਹਿਮ ਫ਼ਿਲਮ ਦੀ ਕਹਾਣੀ ਅਤੇ ਇਸ ਫ਼ਿਲਮ 'ਚ ਮੇਰਾ ਰੋਲ ਹੁੰਦਾ ਹੈ। 'ਚੇਨਾਬ ਗਾਂਧੀ' 'ਚ ਮੇਰਾ ਰੋਲ ਅਹਿਮ ਹੈ, ਇਸ ਲਈ ਰਾਜੀਵ ਨਾਲ ਮੈਨੂੰ ਕੋਈ ਪ੍ਰੇਸ਼ਾਨੀ ਨਹੀਂ ਹੈ।



ਇਹ ਗੱਲ 'ਇਸ਼ਕੀਆ' ਲਈ ਕਹੀ ਜਾ ਸਕਦੀ ਹੈ। ਜਿਸ 'ਚ ਮੇਰੇ ਨਾਲ ਅਰਸ਼ਦ ਵਾਰਸੀ ਹਨ।

ਸਾਡੇ ਇਥੇ ਜ਼ਿਆਦਾਤਰ ਫ਼ਿਲਮਾਂ ਹੀਰੋ ਓਰੀਐਂਟਿਡ ਬਣਦੀਆਂ ਹਨ, ਜਿਸ 'ਚ ਕਰਨ ਲਈ ਕੁਝ ਨਹੀਂ ਹੁੰਦਾ। ਮੈਂ ਅਜਿਹੀਆਂ ਫ਼ਿਲਮਾਂ ਤੋਂ ਦੂਰ ਰਹਿਣਾ ਪਸੰਦ ਕਰਦੀ ਹਾਂ। ਰੋਲ ਛੋਟਾ ਹੋਵੇ, ਤਾਂ ਚਲੇਗਾ ਪਰ ਮਹੱਤਵਹੀਣ ਰੋਲ ਕਿਸੇ ਕੀਮਤ 'ਤੇ ਮਨਜ਼ੂਰ ਨਹੀਂ ਹੈ। ਸਹੀ ਗੱਲ ਇਹ ਹੈ ਕਿ ਜੇਕਰ ਤੁਸੀਂ ਆਪਣੀ ਪਸੰਦ ਨੂੰ ਲੈ ਕੇ ਭਰੋਸੇਮੰਦ ਹੋ ਤਾਂ ਵੱਡੀਆਂ ਫ਼ਿਲਮਾਂ 'ਚ ਛੋਟੇ ਕਿਰਦਾਰ ਦਾ ਲਾਲਚ ਤਾਂ ਤੁਹਾਨੂੰ ਤਿਆਗਣਾ ਹੀ ਪਵੇਗਾ।

ਜਾਨ ਇਬ੍ਰਾਹੀਮ ਨਾਲ 'ਸਲਾਮੇ ਇਸ਼ਕ' ਕਾਫੀ ਪਸੰਦ ਕੀਤੀ ਗਈ ਸੀ, ਪਰ ਉਸਨੇ ਨਵੀਂ ਫ਼ਿਲਮ 'ਚੇਨਾਬ ਗਾਂਧੀ' ਵਿਚ ਉਸ ਨਾਲ ਕੰਮ ਕਰਨ ਤੋਂ ਇਨਕਾਰ ਕਿਉਂ ਕੀਤਾ? ਇਸ ਸੰਬੰਧੀ ਵਿੱਦਿਆ ਬਾਲਨ ਨੇ ਦੱਸਿਆ ਕਿ ਜਿਥੋਂ ਤਕ ਮੈਨੂੰ ਪਤਾ ਹੈ ਕਿ ਜਾਨ ਇਬ੍ਰਾਹਿਮ ਇਸ ਫ਼ਿਲਮ ਨੂੰ ਕਰਨ ਲਈ ਤਿਆਰ ਸਨ ਪਰ ਜੋ ਤਰੀਕਾਂ ਇਸ ਫ਼ਿਲਮ ਲਈ ਚਾਹੀਦੀਆਂ ਸਨ, ਉਹ ਉਨ੍ਹਾਂ ਕੋਲ ਨਹੀਂ ਸਨ, ਇਸ ਕਰਕੇ ਕਈ ਵਾਰ ਮਜਬੂਰੀ 'ਚ ਵੀ ਹੱਥੋਂ ਫ਼ਿਲਮ ਨਿਕਲ ਜਾਂਦੀ ਹੈ। ਇਹ ਵੀ ਕੰਮ ਦਾ ਹੀ ਇਕ ਹਿੱਸਾ ਹੈ, ਇਸ ਲਈ ਉਸ ਨੂੰ ਕੋਈ ਮਾਯੂਸੀ ਨਹੀਂ।

## ਰੀਆ ਸੇਨ-ਸੈਕਸੀ ਵੱਧ, ਸਫਲ ਘੱਟ...

ਮੁਨਮੁਨ ਸੇਨ ਦੀ ਧੀ ਹੋਣ ਕਾਰਨ ਸ਼ੁਰੂ ਤੋਂ ਹੀ ਰੀਆ ਸੇਨ ਦਾ ਰੁਝਾਨ ਗਲੈਮਰਸ ਕਿਰਦਾਰਾਂ ਵਲ ਕੁਝ ਜ਼ਿਆਦਾ ਹੀ ਰਿਹਾ ਹੈ। ਯਕੀਨਨ ਰੀਆ ਜ਼ਬਰਦਸਤ ਖ਼ੂਬਸੂਰਤ ਅਤੇ ਸੈਕਸੀ ਨਜ਼ਰ ਆਉਂਦੀ ਹੈ। ਰੀਆ ਸੇਨ ਦੀ ਸਭ ਤੋਂ ਵੱਡੀ ਖ਼ੂਬੀ ਇਹੀ ਰਹੀ ਹੈ ਕਿ ਜ਼ਬਰਦਸਤ ਸੈਕਸੀ ਹੋਣ ਦੇ ਬਾਵਜੂਦ ਉਸ ਨੂੰ ਕਦੇ ਕਿਸੇ ਨੇ ਹਲਕੇ ਤੌਰ 'ਤੇ ਲੈਣ ਦੀ ਹਿੰਮਤ ਨਹੀਂ ਕੀਤੀ।

ਰੀਆ ਨੇ ਮਾਡਲਿੰਗ ਤੋਂ ਆਪਣੇ ਕੈਰੀਅਰ ਦੀ ਸ਼ੁਰੂਆਤ ਕਰਦਿਆਂ ਫ਼ਿਲਮਾਂ ਵਲ ਰੁਖ ਕੀਤਾ। ਉਹ ਪਿਛਲੇ 15 ਸਾਲਾਂ ਤੋਂ ਮਾਇਆਨਗਰੀ 'ਚ ਹੈ ਪਰ ਇਥੇ ਉਸ ਨੂੰ ਬਹੁਤੀ ਸਫਲਤਾ ਹਾਸਲ ਨਹੀਂ ਹੋ ਸਕੀ। ਰੀਆ ਸੇਨ ਨੇ ਹੁਣ ਤਕ ਇਕ ਮਾਮਲੇ 'ਚ ਸਫਲਤਾ ਜ਼ਰੂਰ ਪ੍ਰਾਪਤ ਕੀਤੀ ਹੈ ਅਤੇ ਉਹ ਹੈ ਉਸ ਦੀ ਪ੍ਰਸਨੈਲਿਟੀ। ਰੀਆ ਸੇਨ ਸ਼ੁਰੂ ਤੋਂ ਹੀ ਆਪਣੀ ਮੰਮੀ ਮੁਨਮੁਨ ਸੇਨ ਵਾਂਗ ਸਟਾਰ ਪ੍ਰਸਨੈਲਿਟੀ ਡਿਵੈਲਪ ਕਰਨ 'ਚ ਜੁਟੀ ਹੋਈ ਹੈ ਅਤੇ ਉਸ ਦੀ ਹੁਣ ਤਕ ਦੀ ਕੋਸ਼ਿਸ਼ ਸਫਲ ਵੀ ਰਹੀ ਹੈ।




ਹੁਣ ਤਕ ਰੀਆ ਸੇਨ ਨੇ ਜ਼ਿਆਦਾਤਰ ਮਲਟੀਸਟਾਰਰ ਫ਼ਿਲਮਾਂ 'ਚ ਹੀ ਕੰਮ ਕੀਤਾ ਹੈ। ਰੀਆ ਸੇਨ ਦੀਆਂ ਆਉਣ ਵਾਲੀਆਂ ਫ਼ਿਲਮਾਂ 'ਚ 'ਤੁਮ ਹੋ ਨਾ', 'ਲਵ ਗੇਮ' ਮੁੱਖ ਹਨ ਪਰ ਇਨ੍ਹਾਂ 'ਚੋਂ ਇਕ ਵੀ ਖਾਸ ਨਹੀਂ ਕਹੀ ਜਾ ਸਕਦੀ।

ਪਤਾ ਨਹੀਂ ਕੀ ਕਾਰਨ ਹੈ ਕਿ ਰੀਆ ਜਿੰਨੀ ਸੈਕਸੀ ਹੈ, ਓਨੀ ਮਾਇਆਨਗਰੀ 'ਚ ਸਫਲ ਨਹੀਂ ਹੋ ਸਕੀ। ਉਸ ਬਾਰੇ ਇਹੋ ਜਿਹਾ ਖਿਆਲ ਹਰ ਕਿਸੇ ਦੇ ਦਿਲ 'ਚ ਉਠਦਾ ਰਹਿੰਦਾ ਹੈ।

## ਸੰਜੀਦਾ ਕਵੀ ਸੀ-ਸਾਹਿਰ ਲੁਧਿਆਣਵੀ

**ਸੁਰਜੀਤ ਮਾਨ**

ਸਾਹਿਰ ਲੁਧਿਆਣਵੀ ਉਦੋਂ ਮਸਾਂ ਅੱਠ ਕੁ ਸਾਲ ਦਾ ਸੀ ਜਦੋਂ ਉਸ ਦੇ ਅੱਯਾਸ਼ ਪਿਤਾ ਫਜ਼ਲ ਮੁਹੰਮਦ ਨੇ ਉਸ ਦੀ ਮਾਂ ਸਰਦਾਰੀ ਬੇਗਮ ਜੋ ਉਸਦੀ ਚੌਥੀ ਬੀਵੀ ਸੀ, ਨੂੰ ਘਰੋਂ ਧੱਕੇ ਮਾਰ ਕੱਢ ਦਿੱਤਾ ਸੀ। ਸਾਹਿਰ ਨੂੰ ਮੋਢੇ ਲਾ ਉਸਨੇ 'ਆਪਣਿਆਂ ਦੇ ਦਰਾਂ 'ਤੇ ਦਸਤਕ ਦਿੱਤੀ ਪਰ ਕਿਸੇ ਨੇ ਬੂਹਾ ਨਾ ਖੋਲ੍ਹਿਆ। ਦਰਦ ਵੰਡਾਉਣ ਦੀ ਤਾਂ ਗੱਲ ਛੱਡੋ, ਕਿਸੇ ਨੇ ਸੁਣਨ ਦੀ ਖੇਚਲ ਵੀ ਨਾ ਕੀਤੀ।



ਸਾਹਿਰ ਜਦੋਂ ਉਨੀ ਸਾਲਾਂ ਦਾ ਸੀ ਤੇ ਸਰਕਾਰੀ ਕਾਲਜ ਲੁਧਿਆਣਾ ਦਾ ਵਿਦਿਆਰਥੀ ਸੀ ਤਾਂ ਉਦੋਂ ਉਸਨੇ ਸਰਦਾਰਾਂ ਦੀ ਇਕ ਕੁੜੀ ਈਸ਼ਰ ਨਾਲ ਇਕਤਰਫਾ ਇਸ਼ਕ 'ਚ ਆਪਣਾ ਨਾਂ ਅਬਦੁਲ ਤੋਂ ਬਦਲ ਕੇ ਸਾਹਿਰ ਰੱਖ ਲਿਆ ਜਿਸਦੇ ਅੰਗਰੇਜ਼ੀ ਵਿਚ ਹਿੱਜੇ ਉਸ ਦੇ ਨਾਂ ਵਾਲੇ ਹੀ ਸਨ। ਇਕ ਉਦਾਸ ਆਸ਼ਕ ਦੀ ਆਪਣੀ ਕਥਿਤ ਮਹਿਬੂਬਾ ਨੂੰ ਆਪਣੀ ਸਿਮਰਿਤੀ 'ਚ ਸਦਾ ਲਈ ਪਰੋਣ ਦੀ ਤਾਂਘ ਸੀ। ਫੇਰ, ਉਥੇ ਹੋਏ ਇਕ ਮੁਸ਼ਾਇਰੇ ਵਿਚ ਉਸਨੇ ਆਪਣੀ ਪ੍ਰਸਿੱਧ ਨਜ਼ਮ ਤਾਜ ਮਹਿਲ ਪੜ੍ਹ ਕੇ ਸਭ ਨੂੰ ਹੈਰਾਨ ਕਰ ਦਿੱਤਾ, ਜਦੋਂ ਮੁਹੱਬਤ ਦੀ ਇਸ ਨਿਸ਼ਾਨੀ ਨੂੰ ਉਸਨੇ ਗਰੀਬ ਗੁਰਬਿਆਂ ਦੇ ਖ਼ੂਨ ਨਾਲ ਸਿੰਜਿਆ ਹੋਇਆ ਦੱਸਿਆ। ਸ਼ਕੀਲ ਬਦਾਯੂੰਨੀ ਨੇ ਤਾਂ 'ਤਾਜ' ਨੂੰ ਸਿਜਦਾ ਕਰਦਿਆਂ ਕਿਹਾ, "ਇਕ ਸ਼ਹਿਨਸ਼ਾਹ ਨੇ ਬਨਵਾ ਕੇ ਹਸੀਂ ਤਾਜ ਮਹਿਲ, ਸਾਰੀ ਦੁਨੀਆਂ ਕੋ ਮੁਹੱਬਤ ਕੀ ਨਿਸ਼ਾਨੀ ਦੀ ਹੈ।" ਅਤੇ ਨਿਦਾ ਫਾਜ਼ਲੀ ਨੇ "ਤਵਾਰੀਖ ਕੇ ਹੋਠੋਂ ਪੇ ਮੁਹੱਬਤ ਕਾ ਚੁੰਮਣ" ਪਰ ਸਾਹਿਰ ਅਨੁਸਾਰ।

"ਇਕ ਸ਼ਹਿਨਸ਼ਾਹ ਨੇ ਬਨਵਾ ਕੇ ਹਸੀਂ ਤਾਜ ਮਹਿਲ,<br>ਹਮ ਗਰੀਬੋਂ ਕੀ ਮੁਹੱਬਤ ਕਾ ਉਡਾਇਆ ਹੈ ਮਜ਼ਾਕ<br>ਮੇਰੀ ਮਹਿਬੂਬ ਕਹੀਂ ਔਰ ਮਿਲਾ ਕਰ ਮੁਝਸੇ...।"

ਈਸ਼ਰ ਅਤੇ ਲੁਧਿਆਣਾ ਛੱਡ ਸਾਹਿਰ 1949 'ਚ ਬੰਬਈ ਫਿਲਮੀ ਦੁਨੀਆਂ 'ਚ ਆ ਗਿਆ। ਸਾਹਿਰ ਨੇ ਜਦੋਂ ਫ਼ਿਲਮ ਨਗਰੀ 'ਚ ਪੈਰ ਰੱਖਿਆ, ਸ਼ਕੀਲ, ਮਜਰੂਰ, ਕੇਦਾਰ ਸ਼ਰਮਾ, ਰਜਿੰਦਰ ਕ੍ਰਿਸ਼ਨ, ਸੈਲੇਂਦਰ ਅਤੇ ਹਸਰਤ ਵਰਗੇ ਨਾਮਵਰ ਸ਼ਾਇਰ ਆਪਣੇ ਪੈਰ ਜਮਾ ਚੁੱਕੇ ਸਨ ਪ੍ਰੰਤੂ ਸਾਹਿਰ ਨੇ ਫਿਲਮਾਂ 'ਚ ਆਪਣੀ ਥਾਂ ਅਤੇ ਨਾਂ ਵੀ ਬਣਾਇਆ ਅਤੇ ਨਾਲ-ਨਾਲ ਸ਼ਾਇਰੀ ਦਾ ਮਿਆਰ ਵੀ ਕਾਇਮ ਰੱਖਿਆ। 'ਫੂਟੂਸ', 'ਸੀ. ਆਈ. ਡੀ.', 'ਜਾਲ', 'ਤਾਜ ਮਹਿਲ', 'ਬਰਸਾਤ ਕੀ ਰਾਤ' 'ਭੀਗੀ ਰਾਤ', 'ਬਹੂ ਬੇਗਮ', 'ਨਯਾ ਦੌਰ', 'ਦਾਸਤਾਂ', 'ਧੂਲ ਕਾ ਫੂਲ', 'ਗੁੰਮਰਾਹ', 'ਹਮਰਾਜ', 'ਧਰਮ ਪੁੱਤਰ' ਅਤੇ 'ਪਿਆਸਾ' ਅਤੇ 'ਕਭੀ-ਕਭੀ' ਵਰਗੀਆਂ ਫਿਲਮਾਂ ਦੀ ਸਫਲਤਾ 'ਚ ਸਾਹਿਰ ਦੇ ਨਜ਼ਮਾਂ ਵਰਗੇ ਗੀਤਾਂ ਦਾ ਅਹਿਮ ਰੋਲ ਰਿਹਾ-ਖਾਸ ਕਰ ਬੀ. ਆਰ. ਚੋਪੜਾ ਦੀਆਂ ਫ਼ਿਲਮਾਂ ਵਿਚ।

'ਪਿਆਸਾ' ਤਾਂ ਲੱਗਦੀ ਹੀ ਸਾਹਿਰ ਦੀ ਜ਼ਿੰਦਗੀ ਉਪਰ ਆਧਾਰਤ ਸੀ ਕਿ ਇਕ ਸੰਜੀਦਾ, ਅੰਤਰਮੁਖੀ, ਗਰੀਬ ਕਵੀ ਇਸ ਬੇਰੂਹ ਅਤੇ ਬੇਦਿਲ ਲੋਕਾਂ ਦੀ ਦੁਨੀਆਂ 'ਚ ਕਿੰਜ ਰੁਲਦਾ ਹੈ। ਨਹਿਰੂ ਦੇ ਕਥਿਤ ਸਮਾਜਵਾਦ ਨੂੰ ਵੀ ਵਿਅੰਗਨੁਮਾ ਢੰਗ ਰਾਹੀਂ ਨੰਗਾ ਕੀਤਾ ਗਿਆ। ਸਾਹਿਰ ਦਾ ਕੈਮਰਾ ਸਮਾਜ ਦੇ ਕੋਹੜਾਂ ਅਤੇ ਜ਼ੁਲਮਾਂ ਉਪਰ ਇੰਜ ਘੁੰਮਿਆ ਕਿ ਸਰਕਾਰੇ-ਦਰਬਾਰੇ ਵੀ ਗੱਲਾਂ ਹੋਣ ਲੱਗੀਆਂ। ਉਸ ਦੀ ਲੰਮੀ ਨਜ਼ਮ 'ਚੋਂ ਕੁਝ ਸਤਰਾਂ ਇੰਜ ਹਨ-

"ਯੇ ਕੂਚੇ, ਯੇ ਨੀਲਾਮਘਰ ਦਿਲਕਸ਼ੀ ਕੇ<br>ਯੂ ਲੂਟਤੇ ਹੂਏ ਕਾਰਵਾਂ ਜ਼ਿੰਦਗੀ ਕੇ<br>ਕਹਾਂ ਹੈ ਕਹਾਂ ਹੈ ਮੁਹਾਫਿਜ਼ ਖ਼ੁਦੀ ਕੇ<br>ਜਿਨ੍ਹੇ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈਂ...।'

ਕਹਿੰਦੇ ਹਨ ਕਿ ਜਿੰਨਾ ਚਿਰ ਇਹ ਸੱਤ ਮਿੰਟ ਦਾ ਗੀਤ ਚੱਲਦਾ ਸੀ, ਦਰਸ਼ਕ ਆਪਣੀਆਂ ਸੀਟਾਂ 'ਚ ਖੜ੍ਹੇ ਰਹਿੰਦੇ।

'ਕਭੀ-ਕਭੀ 'ਚ ਤਾਂ ਇੰਜ ਲੱਗਦਾ ਸੀ ਜਿਵੇਂ ਇਸ ਦਾ ਸ਼ਾਇਰ-ਨਾਇਕ ਸਭ ਕੁਝ ਸਮੇਟ ਕੇ 'ਚੱਲਣ' ਲਈ ਤਿਆਰ ਬੈਠਾ ਹੈ। ਆਪਣਾ 'ਆਸਣ' ਖਾਲੀ ਕਰਨ ਲਈ, ਆਉਣ ਵਾਲਿਆਂ ਲਈ, ਜਿਵੇਂ ਕਿ ਕੁਦਰਤ ਦਾ ਨਿਯਮ ਹੈ-

"ਮੈਂ ਪਲ ਦੋ ਪਲ ਕਾ ਸ਼ਾਇਰ ਹੂੰ,<br>ਪਲ ਦੋ ਪਲ ਮੇਰੀ ਜਵਾਨੀ ਹੈ।<br>ਪਲ ਦੋ ਪਲ ਮੇਰੀ ਹਸਤੀ ਹੈ,<br>ਪਲ ਦੋ ਪਲ ਮੇਰੀ ਕਹਾਨੀ ਹੈ।"

ਸਾਹਿਰ ਦਾ ਕਵਿਤਾ ਦਾ ਸੁਰ ਜ਼ਿਆਦਾ ਦਰਦਮੰਦ ਹੈ, ਕਿਉਂਕਿ ਉਸਨੇ ਜੋ ਵੇਖਿਆ ਹੈ, ਹੰਢਾਇਆ ਹੈ, ਉਸਨੂੰ ਹੀ ਆਪਣੇ ਕਲਾਮ ਵਿਚ ਬਿਆਨ ਕੀਤਾ ਹੈ।

ਸਾਹਿਰ ਮਹਿਜ਼ ਦਰਸ਼ਕ ਬਣ ਕੇ ਨਹੀਂ ਸਗੋਂ ਗਰੀਬੀ ਅਤੇ ਚਿੰਤਾ ਦੇ ਸਰਾਪ ਅਤੇ ਸੰਤਾਪ ਹੇਠਾਂ ਸੁਲਘ ਰਹੇ ਲੋਕਾਂ ਦਾ ਭਾਗੀਦਾਰ ਬਣ ਕੇ ਉਨ੍ਹਾਂ ਦੀ ਬਾਤ ਪਾਉਂਦਾ ਹੈ।

"ਸਾਥੀਓ! ਮੈਨੇ ਬਰਸੋਂ ਤੁਮ੍ਹਾਰੇ ਲੀਏ<br>ਇਨਕਲਾਬ ਔਰ ਬਗਾਵਤ ਕੇ ਨਗਮੇ ਅਲਾਪੇ।"

ਸਾਹਿਰ ਦੀ ਸ਼ਾਇਰੀ ਦਾ ਹੋਰ ਰੰਗ ਉਦੋਂ ਨਿਖਰਿਆ ਜਦੋਂ ਮੁਹੱਬਤ ਲਈ ਮਰ ਮਿਟਣ ਵਾਲਿਆਂ ਦੇ ਤਰਾਨੇ ਲਿਖਣ ਵਾਲੀ ਕਲਮ ਨੇ ਦੇਸ਼ ਲਈ ਮਰ ਮਿਟਣ ਵਾਲਿਆਂ ਨੂੰ ਇੰਜ ਸਲਾਮ ਕੀਤਾ-

"ਦੁਸ਼ਮਨ ਸੇ ਨਫਰਤ ਫਰਜ਼ ਹੈ,<br>ਘਰ ਕੀ ਹਿਫਾਜ਼ਤ ਫਰਜ਼ ਹੈ,<br>ਕਹਿ ਦੋ ਕਿ ਹਮ ਤੱਈਆਰ ਹੈਂ,<br>ਕਹਿ ਦੋ ਕੇ ਹਮ ਬੇਜ਼ਾਰ ਹੈਂ,<br>ਆਵਾਜ਼ ਦੋ, ਹਮ ਏਕ ਹੈ...।'

ਸਾਹਿਰ ਅਤੇ ਅੰਮ੍ਰਿਤਾ ਪ੍ਰੀਤਮ ਦੇ ਇਸ਼ਕ ਬਾਰੇ ਏਨਾ ਕੁਝ ਲਿਖਿਆ ਜਾ ਚੁੱਕਾ ਹੈ ਕਿ ਕੁਝ ਵੀ ਕਹਿਣਾ ਮਹਿਜ਼ ਦੁਹਰਾਓ ਹੀ ਹੋਵੇਗਾ। 'ਰਸੀਦੀ ਟਿਕਟ' 'ਅੰਮ੍ਰਿਤਾ ਦੀ ਸਵੈ ਜੀਵਨੀ) ਵਿਚ ਉਸਨੇ ਆਪਣੇ ਪਿਆਰ ਨੂੰ ਕੁਝ ਵਧਾ ਚੜ੍ਹਾ ਕੇ ਬਿਆਨ ਕੀਤਾ ਹੈ ਪਰ ਹੈਰਾਨੀ ਇਹ ਹੈ ਕਿ ਸਾਹਿਰ ਨੇ ਇਸ ਨੂੰ ਕਦੇ ਵੀ ਜ਼ੁਬਾਨ ਨਾ ਦਿੱਤੀ...ਸ਼ਾਇਦ "ਪਿਆਰ ਕੋ ਪਿਆਰ ਹੀ ਰਹਿਨੇ ਦੋ" ਵਾਂਗ। ਪ੍ਰੰਤੂ ਜੋ ਸ਼ਖਸੀਅਤ ਸਾਹਿਰ ਨਾਲ ਕੁੱਖ ਤੋਂ ਕਬਰ ਤੱਕ ਰਹੀ, ਆਪਣੇ ਮੋਹ ਅਤੇ ਮਮਤਾ ਨਾਲ ਉਸਦੇ ਰਸਤੇ ਸੁਖਾਵੇਂ ਕਰਦੀ ਰਹੀ, ਉਹ ਸਿਰਫ ਅਤੇ ਸਿਰਫ ਉਸ ਦੀ ਮਾਂ ਹੀ ਸੀ। ਸਾਹਿਰ, ਭਾਵੇਂ 'ਸਰਵਣ ਪੁੱਤਰ' ਨਹੀਂ ਸੀ ਪਰ ਫੇਰ ਵੀ ਉਸ ਦੀ 'ਵਹਿੰਗੀ' ਉਸ ਨੇ ਕਦੇ ਮੋਢਿਓਂ ਨਾ ਲਾਹੀ। ਨੇੜਲੇ ਦੱਸਦੇ ਹਨ ਕਿ ਉਹ ਉਸ ਤੋਂ ਜੁਆਕਾਂ ਵਾਂਗ ਡਰਦਾ ਸੀ, ਸ਼ਰਮਾਉਂਦਾ ਸੀ।

ਖੁਸ਼ਵੰਤ ਸਿੰਘ ਲਿਖਦਾ ਹੈ, "ਉਹ ਮੈਨੂੰ ਹਮੇਸ਼ਾ ਅੱਖਾਂ ਭਰ ਕੇ ਇਹੋ ਆਖਦੀ, ਪੁੱਤ ਇਹਨੂੰ ਸਮਝਾਓ ਦਾਰੂ ਘੱਟ ਪੀਆ ਕਰੇ, ਵਿਆਹ ਕਰਵਾ ਲਵੇ। ਮੈਂ ਵੀ ਸੁਖਾਲੀ ਮਰ ਜਾਂ ਮਾੜੀ ਮੋਟੀ।" ਪਰ ਦੋਹਾਂ ਮਾਂ-ਪੁੱਤਾਂ ਨੇ ਸਾਰੀ ਉਮਰ ਇਕੱਲਿਆਂ ਇਕ ਦੂਜੇ ਵਲ ਚੁੱਪਚਾਪ ਝਾਕਦਿਆਂ ਹੀ 'ਕੱਟ' ਦਿੱਤੀ। ਸਾਹਿਰ ਨੇ ਜਦੋਂ ਵੀ ਔਰਤ ਦੇ ਅਮੁੱਲ ਸਦਮਿਆਂ ਦੀ ਬਾਤ ਪਾਈ, ਆਪਣੀ ਮਾਂ ਦੀ ਡੰਗੋਰੀ ਵਲ ਵੇਖ ਕੇ-

"ਔਰਤ ਨੇ ਜਨਮ ਦੀਆਂ ਮਰਦੋਂ ਕੋ,<br>ਮਰਦੋਂ ਨੇ ਉਸੇ ਬਾਜ਼ਾਰ ਦੀਆ।<br>ਜਬ ਜੀਅ ਚਾਹਾ ਮਸਲਾ ਕੁਚਲਾ,<br>ਜਬ ਜੀਅ ਚਾਹਾ ਦਿਤਕਾਰ ਦੀਆ।"

ਆਖਿਰ 25 ਅਕਤੂਬਰ 1980 ਨੂੰ ਤਕਰੀਬਨ 59 ਵਰ੍ਹਿਆਂ ਦੀ ਉਮਰ ਭੋਗ ਕੇ ਇਹ ਅਤਿ ਸੰਜੀਦਾ ਕਵੀ ਸੰਸਾਰ ਤੋਂ ਸਦਾ ਲਈ ਵਿਦਾ ਹੋ ਗਿਆ। ਪਿੱਛੇ ਛੱਡ ਗਿਆ ਅਮਰ ਸ਼ਾਇਰੀ ਅਤੇ ਇਕ ਸੁਪਨਾ ਸੂਹੀ ਸਵੇਰ ਹੋਣ ਦਾ:

ਵੋਹ ਸੁਬਾਹ ਕਭੀ ਤੋਂ ਆਏਗੀ...<br>ਮਾਨਾ ਕਿ ਅਭੀ ਤੇਰੇ ਮੇਰੇ,<br>ਅਰਮਾਨੋਂ ਕੀ ਕੀਮਤ ਕੁਛ ਭੀ ਨਹੀਂ<br>ਮੱਟੀ ਕਾ ਭੀ ਹੈ ਕੁਛ ਮੋਲ ਮਗਰ,<br>ਇਨਸਾਨੋਂ ਕੀ ਕੀਮਤ ਕੁਛ ਭੀ ਨਹੀਂ।

ੴ ਸਤਿਗੁਰ ਪ੍ਰਸਾਦਿ

ਦੇਗ ਤੇਗ ਫਤਿਹ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੇਫੋਰਨੀਆ)

## ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਧ ਸੰਗਤ ਨੂੰ

# ਸਾਲ 2010 ਮੁਬਾਰਕ !

HAPPY 2010



HAPPY 2010

ਗੁਰੂ ਪਿਆਰੀ ਸਿੱਖ ਸੰਗਤ ਜੀਉ
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ

ਜਿਵੇਂ ਕਿ ਆਪ ਜੀ ਜਾਣਦੇ ਹੀ ਹੋ ਕਿ ਗੁਰੂ ਘਰ ਦੀ ਇਮਾਰਤ ਦੇ ਦੂਸਰੇ ਹਿੱਸੇ ਦੀ ਉਸਾਰੀ ਆਪ ਸਰਬੱਤ ਮਾਈ ਭਾਈ ਦੇ ਸਹਿਯੋਗ ਅਤੇ ਵਾਹਿਗੁਰੂ ਦੀ ਮਿਹਰ ਸਦਕਾ ਪੂਰੇ ਜ਼ੋਰ-ਸ਼ੋਰ ਨਾਲ ਚੱਲ ਰਹੀ ਹੈ। ਇਸ ਪ੍ਰਾਜੈਕਟ ਅਧੀਨ ਲੰਗਰ ਹਾਲ, ਲੰਗਰ ਲਈ ਰਸੋਈ, ਲਾਇਬਰੇਰੀ ਅਤੇ ਇਸ ਤੋਂ ਇਲਾਵਾ ਇਥੋਂ ਦੇ ਜੰਮਪਲ ਬੱਚਿਆਂ ਨੂੰ ਪੰਜਾਬੀ ਬੋਲੀ ਅਤੇ ਸਿੱਖ ਧਰਮ, ਸਿੱਖ ਇਤਿਹਾਸ ਦੀ ਸਿਖਿਆ ਦੇਣ ਲਈ ਚਲ ਰਹੇ ਖਾਲਸਾ ਸਕੂਲ ਦੇ ਗਿਆਰਾਂ ਕਮਰੇ, ਗ੍ਰੰਥੀ ਸਿੰਘਾਂ ਅਤੇ ਬਾਹਰੋਂ ਆਏ ਮੁਸਾਫਰਾਂ ਲਈ ਰਿਹਾਇਸ਼ੀ ਕਮਰੇ ਬਣ ਰਹੇ ਹਨ। ਪ੍ਰਬੰਧਕ ਦਾਸਰਿਆਂ ਨੂੰ ਇਹ ਜਾਣਕਾਰੀ ਦਿੰਦਿਆਂ ਪ੍ਰਸੰਨਤਾ ਹੋ ਰਹੀ ਹੈ ਕਿ ਗੁਰੂ ਮਹਾਰਾਜ ਦੀ ਅਪਾਰ ਕਿਰਪਾ ਸਦਕਾ ਇਹ ਉਸਾਰੀ 18 ਅਪਰੈਲ 2010 ਤੱਕ ਪੂਰੀ ਹੋਣ ਦੀ ਆਸ ਹੈ ਅਤੇ ਖਾਲਸੇ ਦਾ ਸਾਜਨਾ ਦਿਵਸ (ਵਿਸਾਖੀ) ਨਵੇਂ ਹਾਲ ਵਿਚ ਮਨਾਉਣ ਦਾ ਟੀਚਾ ਮਿਥਿਆ ਗਿਆ ਹੈ। ਆਪ ਸਮੂਹ ਗੁਰੂ ਨਾਨਕ ਲੇਵਾ ਸਿੱਖ ਸੰਗਤ ਨੂੰ ਸਨਿਮਰ ਬੇਨਤੀ ਹੈ ਆਪ ਆਪਣੀ ਕਿਰਤ ਕਮਾਈ ਵਿਚੋਂ ਉਸਾਰੀ ਲਈ ਵਧ ਚੜ੍ਹ ਕੇ ਹਿੱਸਾ ਪਾ ਕੇ ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**It is heartening to inform the Sikh Sangat that second phase of the construction project is expected to be completed with the grace of Waheguru (Almighty) by April 18, 2010 and we hope to celebrate the birth of Khalsa day (Visakhi) in the new Divan (congregation) hall. Please do donate generously to complete the project on time.**

## ਨਵੇਂ ਸਾਲ ਦੀ ਆਮਦ 'ਤੇ ਧਾਰਮਿਕ ਪ੍ਰੋਗਰਾਮ

ਭਾਈ ਸਰਬਜੀਤ ਸਿੰਘ ਜੀ, ਭਾਈ ਪਰਮਜੀਤ ਸਿੰਘ ਜੀ, ਭਾਈ ਸੁਰਿੰਦਰ ਸਿੰਘ ਜੀ, ਭਾਈ ਨਰਿੰਦਰ ਸਿੰਘ ਜੀ, ਭਾਈ ਕੁਲਵੰਤ ਸਿੰਘ ਜੀ ਦੇ ਜਥਿਆਂ ਵਲੋਂ ਕੀਰਤਨ, ਭਾਈ ਮਹੇਸ਼ ਸਿੰਘ ਤੇ ਗੁਰਮੀਤ ਸਿੰਘ ਜੱਬਲਪੁਰੀ ਵਲੋਂ ਕਥਾ, ਭਾਈ ਕਮਲਜੀਤ ਸਿੰਘ ਬਿਲਗੇ ਵਾਲਿਆਂ ਦਾ ਢਾਡੀ ਜਥਾ ਵਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰੇਗਾ।

ਨੋਟ:ਭਾਈ ਸਰਬਜੀਤ ਸਿੰਘ ਦਾ ਰਾਗੀ ਜਥਾ 20 ਦਸੰਬਰ ਤੋਂ ਲੈ ਕੇ 31 ਦਸੰਬਰ 2009 ਤੱਕ ਰੋਜ਼ਾਨਾ ਕੀਰਤਨ ਕਰੇਗਾ।

ਸ੍ਰੀ ਅਖੰਡ ਪਾਠ ਸਾਹਿਬ ਅਤੇ ਗੁਰੂ ਕੇ ਲੰਗਰਾਂ ਦੀ ਸੇਵਾ ਅਮੋਲਕ ਸਿੰਘ ਗਾਖਲ, ਅਵਤਾਰ ਸਿੰਘ ਬੈਂਸ, ਬਿੰਦਰ ਸਿੰਘ ਸਲੀਨਸ,ਜਗਰਾਜ ਸਿੰਘ ਸਹੋਤਾ, ਮੇਜਰ ਸਿੰਘ ਗਾਖਲ, ਹਰਭਜਨ ਸਿੰਘ, ਸੋਹਣ ਸਿੰਘ, ਗੁਰਮੇਲ ਸਿੰਘ, ਰਘਵੀਰ ਸਿੰਘ (ਕਾਲਾ) ਗਾਖਲ, ਗੁਰਮੀਤ ਸਿੰਘ ਗਾਖਲ, ਹਰਜਿੰਦਰ ਸਿੰਘ, ਦਲਵਿੰਦਰ ਸਿੰਘ ਪੱਡਾ ਅਤੇ ਗਾਖਲ ਪਰਿਵਾਰ, ਸਤਿੰਦਰ ਸਿੰਘ ਮੰਘਰ, ਬਹਾਦਰ ਸਿੰਘ, ਜਸਵਿੰਦਰ ਸਿੰਘ ਅਤੇ ਹੋਲਿਸਟਰ ਦੀ ਸੰਗਤ ਵਲੋਂ ਹੋਵੇਗੀ। ਚਾਹ, ਪਕੌੜੇ, ਮਠਿਆਈ ਅਤੇ ਛੋਲੇ-ਭਠੂਰਿਆਂ ਦੇ ਲੰਗਰਾਂ ਦੀ ਸੇਵਾ ਅਮੋਲਕ ਸਿੰਘ ਗਾਖਲ ਪਰਿਵਾਰ ਵਲੋਂ ਹੋਵੇਗੀ।

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਭੁਪਿੰਦਰ ਸਿੰਘ ਢਿੱਲੋਂ 408-568-0034, ਪ੍ਰੀਤਮ ਸਿੰਘ ਗਰੇਵਾਲ 408-406-0703**

**ਗੁਰੂ ਪੰਥ ਦੇ ਦਾਸ: ਭਾਈ ਹਰਦੇਵ ਸਿੰਘ ਤੱਖਰ (ਪ੍ਰਧਾਨ) ਅਤੇ ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ**

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: sanjosegurdwara.com